ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

17-23 ਸਤੰਬਰ 2025

ਸਾਲ 16ਵਾਂ - ਅੰਕ 38
email : info@sadelok.com

Ph. : 510-706-1300
Fax : 925-373-1300

## ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ


### ਜੈਕਾਰਿਆਂ ਦੀ ਗੂੰਜ 'ਚ ਪਟਨਾ ਸਾਹਿਬ ਤੋਂ 'ਸ਼ਹੀਦੀ ਜਾਗ੍ਰਿਤੀ ਯਾਤਰਾ' ਆਰੰਭ



(ਦੇਖੋ ਸਫ਼ਾ 34 'ਤੇ)

## ਸ਼ਹੀਦ ਦੀ ਵਿਰਾਸਤ, ਕੌਮ ਦੀ ਲੜਾਈ : ਭਾਈ ਖਾਲੜਾ ਦੇ ਮੁੱਦੇ 'ਤੇ ਅਮਰੀਕੀ ਸਰਕਾਰ ਨੂੰ ਜਗਾਉਣਗੇ ਸਿੱਖ

### ਸ਼ਹਾਦਤ ਦੇ 30 ਸਾਲ ਬਾਅਦ: ਕੈਪੀਟਲ ਹਿੱਲ 'ਚ ਗੂੰਜੇਗੀ ਸ਼ਹੀਦ ਭਾਈ ਖਾਲੜਾ ਦੀ ਆਵਾਜ਼




ਸੈਕਰਾਮੈਂਟੋ/ਕੈਲੀਫੋਰਨੀਆਂ (ਸਾਡੇ ਲੋਕ) : ਸਿੱਖਾਂ ਦੇ ਹੱਕਾਂ ਲਈ ਕੰਮ ਕਰਨ ਵਾਲੀ ਪ੍ਰਮੁੱਖ ਸੰਸਥਾ, ਸਿੱਖ ਕੁਲੀਸ਼ਨ, ਮਨੁੱਖੀ ਅਧਿਕਾਰਾਂ ਦੇ ਮਹਾਨ ਰਾਖੇ ਸ਼ਹੀਦ ਭਾਈ ਜਸਵੰਤ ਸਿੰਘ

(ਦੇਖੋ ਸਫ਼ਾ 33 'ਤੇ)

## ਕੇਂਦਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿ ਜਾਣ ਵਾਲੇ ਸਿੱਖ ਸ਼ਰਧਾਲੂਆਂ 'ਤੇ ਲਗਾਈ ਰੋਕ

ਨਵੀਂ ਦਿੱਲੀ : ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੂਰਬ ਮੌਕੇ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਜਾਣ ਵਾਲੇ ਸਿੱਖ ਸ਼ਰਧਾਲੂਆਂ ਦਾ ਜੱਥਾ ਇਸ ਵਾਰ ਪਾਕਿਸਤਾਨ ਨਹੀਂ ਜਾਵੇਗਾ। ਭਾਰਤ ਸਰਕਾਰ ਵਲੋਂ ਸੁਰੱਖਿਆ ਦੇ ਕਾਰਨਾਂ ਦਾ ਹਵਾਲਾ ਦਿੰਦਿਆਂ ਇਸ ਜਥੇ ਨੂੰ ਭੇਜਣ ਉੱਤੇ ਰੋਕ ਲਗਾ ਦਿੱਤੀ ਹੈ। ਕੇਂਦਰ ਸਰਕਾਰ ਦੇ ਗ੍ਰਹਿ ਮੰਤਰਾਲੇ ਨੇ ਪੰਜਾਬ ਸਮੇਤ ਹੋਰ ਸੂਬਿਆਂ ਦੇ ਮੁੱਖ ਸਕੱਤਰਾਂ ਨੂੰ ਪੱਤਰ ਲਿਖ ਕੇ ਇਹ ਜਾਣਕਾਰੀ ਦਿੱਤੀ ਹੈ। ਜਿਸ ਵਿੱਚ ਦੋਵਾਂ ਦੇਸ਼ਾਂ ਦਰਮਿਆਨ ਤਣਾਅ ਅਤੇ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੱਤਾ ਗਿਆ ਹੈ। ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ,

(ਦੇਖੋ ਸਫ਼ਾ 24 'ਤੇ)



## ਕੈਲੀਫੋਰਨੀਆ ਅਸੈਂਬਲੀ 'ਚ ਐਸ.ਬੀ. 509 ਬਿੱਲ ਪਾਸ




ਸੈਕਰਾਮੈਂਟੋ : ਕੈਲੀਫੋਰਨੀਆ ਅਸੈਂਬਲੀ ਨੇ ਐੱਸ.ਬੀ. 509 ਬਿੱਲ ਸਹਿਮਤੀ ਨਾਲ ਪਾਸ ਕਰ ਲਿਆ ਹੈ। ਇਹ ਬਿੱਲ ਸੂਬੇ ਦੀਆਂ ਏਜੰਸੀਆਂ ਅਤੇ ਪੁਲਿਸ ਨੂੰ ਵਿਦੇਸ਼ੀ ਸਰਕਾਰਾਂ ਵੱਲੋਂ ਕੀਤੇ ਜਾਣ ਵਾਲੇ ਡਰਾਉਣ-ਧਮਕਾਉਣ ਅਤੇ ਨਿਗਰਾਨੀ ਹਮਲਿਆਂ ਨੂੰ ਸਮਝਣ ਤੇ ਰੋਕਣ ਲਈ ਟਰੇਨਿੰਗ ਦੇਣ ਦਾ ਪ੍ਰਬੰਧ ਕਰਦਾ ਹੈ। 1 ਜਨਵਰੀ 2027 ਤੱਕ ਕੈਲੀਫੋਰਨੀਆ ਆਫਿਸ ਆਫ ਐਮਰਜੈਂਸੀ ਸਰਵਿਸਜ਼ ਵੱਲੋਂ ਖ਼ਾਸ ਟਰੇਨਿੰਗ ਪ੍ਰੋਗਰਾਮ ਤਿਆਰ ਕੀਤਾ ਜਾਵੇਗਾ। ਹੁਣ ਇਹ ਬਿੱਲ ਗਵਰਨਰ ਗੈਵਿਨ ਨਿਊਸਮ ਦੇ ਦਸਤਖ਼ਤ ਲਈ ਭੇਜਿਆ ਗਿਆ ਹੈ।

ਕੈਲੀਫੋਰਨੀਆ ਅਸੈਂਬਲੀ ਵੱਲੋਂ ਪਾਸ ਕੀਤੇ ਐੱਸ.ਬੀ. 509 ਬਿੱਲ ਦਾ ਮਕਸਦ ਵਿਦੇਸ਼ੀ ਦਖ਼ਲਅੰਦਾਜ਼ੀ ਵਰਗੀ ਗੰਭੀਰ ਸਮੱਸਿਆ ਨਾਲ ਨਜਿੱਠਣਾ ਹੈ। ਇਹ ਬਿੱਲ ਸੂਬੇ ਦੀ ਸੈਨੇਟ ਵਿਚ ਪਹਿਲਾਂ ਹੀ ਪਾਸ ਹੋ ਚੁੱਕਾ ਸੀ ਅਤੇ ਹੁਣ

(ਦੇਖੋ ਸਫ਼ਾ 7 'ਤੇ)

## ਪੰਜਾਬ ਦੀਆਂ ਮੰਡੀਆਂ 'ਚ 'ਚ ਰੁਲਦੀ ਫਸਲ ਕਬੂਤਰਾਂ ਤੇ ਕਾਵਾਂ ਦੀ ਖ਼ੁਰਾਕ ਬਣਨ ਲੱਗੀ



(ਫੋਟੋ : ਧੰਨਵਾਦ ਸਹਿਤ ਸੋਸ਼ਲ ਮੀਡੀਆ)

ਪਟਿਆਲਾ, (ਸਾਡੇ ਲੋਕ) : ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਹੁੰਦਿਆਂ ਹੀ ਮੰਡੀਆਂ ਵਿੱਚ ਪ੍ਰਸ਼ਾਸਨਿਕ ਲਾਪਰਵਾਹੀ ਦੀ ਤਸਵੀਰ ਸਾਹਮਣੇ ਆਉਣੀ ਸ਼ੁਰੂ ਹੋ ਗਈ ਹੈ। ਪਟਿਆਲਾ ਦੀ ਸਰਹਿੰਦ ਰੋਡ ਨੇੜੇ ਸਥਿਤ ਅਨਾਜ ਮੰਡੀ ਵਿੱਚ ਖੁੱਲ੍ਹੇ ਅਸਮਾਨ ਹੇਠ ਪਿਆ ਕਿਸਾਨ ਦਾ ਸੈਂਕੜੇ ਕੁਇੰਟਲ ਝੋਨਾ ਕਬੂਤਰਾਂ ਅਤੇ ਕਾਵਾਂ ਲਈ ਦਾਅਵਤ ਬਣ ਗਿਆ ਹੈ, ਜਿਸ ਨਾਲ ਕਿਸਾਨਾਂ ਦੀ ਮਿਹਨਤ ਨਾਲ ਉਗਾਈ ਫਸਲ ਦੀ ਸ਼ਰੇਆਮ ਬਰਬਾਦੀ ਹੋ ਰਹੀ ਹੈ। ਜਾਣਕਾਰੀ ਅਨੁਸਾਰ, ਮੰਡੀ ਵਿੱਚ ਝੋਨੇ ਦੀਆਂ ਵੱਡੀਆਂ-ਵੱਡੀਆਂ ਢੇਰੀਆਂ ਲੱਗੀਆਂ ਹੋਈਆਂ ਸਨ, ਜਿਨ੍ਹਾਂ ਨੂੰ ਢੱਕਣ ਲਈ ਕੋਈ ਢੁਕਵਾਂ ਪ੍ਰਬੰਧ ਨਹੀਂ ਕੀਤਾ ਗਿਆ ਸੀ।

(ਦੇਖੋ ਸਫ਼ਾ 37 'ਤੇ)

ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਹਨ ਸਾਡੇ ਲੋਕ
SADE LOK
ਸਾਡੇ ਲੋਕ TV
ਸਾਡੇ ਲੋਕ ਟੀਵੀ ਚੈਨਲ ਹੇਠ ਲਿਖੇ ਪਲੇਟਫਾਰਮਾਂ 'ਤੇ ਉਪਲਬਧ ਹੈ
sade lok - 1865 glo | 1836 spice | Gem, ch 283
For any information +1 (510) 706-1300

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਮਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਾਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

BH HS
CJ Singh
License # 24012019
Real Estate Broker
NORTHWEST REAL ESTATE
BERKSHIRE HATHAWAY HOMESERVICES
M. 206-401-4000
Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
cjsingh@bhhsnw.com I cjsingh.bhhsnw.com
11400 SE 8th Street Ste 100
Bellevue. WA. 98004
A member of the franchise system of BHHS Affiliates, LLC.

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https :.//www.sanramonurgentcare.com | Email us at info@sanramonucc.com

ਪੋਲੀਟੀਕਲ ਅਸਾਈਲਮ • Political Asylum
Deportation of Defense • BIA Appeal
9 Circuit Court • Federal Court
ਗਰੀਨਕਾਰਡ • ਸਿਟੀਜਨਸ਼ਿਪ
Green Card • Citizenship
ਡਾਈਵੋਰਸ • ਸਿਵਲ ਐਂਡ ਕਰੀਮੀਨਲ ਕੇਸ
Divorce • Civil and Criminal Cases
Family Petition Immigration
Travel document • Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ESQ, Abogado
369 Pine Street, Suite 420, San Francisco, CA 94104
Enyinwalaw@gmail.com
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ‘ਜਾਓ ਅਤੇ ਦੇਵਤਾ ਨੂੰ ਪੁੱਛੋ...’: ਸੁਪਰੀਮ ਕੋਰਟ ਨੇ ਖਜੁਰਾਹੋ ਮੰਦਰ ’ਚ ਵਿਸ਼ਨੂੰ ਦੀ ਮੂਰਤੀ ਮੁੜ ਸਥਾਪਿਤ ਕਰਨ ਦੀ ਪਟੀਸ਼ਨ ਕੀਤੀ ਖਾਰਜ, ਅਦਾਲਤ ਦਾ ਦਖਲ ਤੋਂ ਇਨਕਾਰ

## ਅਦਾਲਤ ਦੇ ਫੈਸਲੇ ਨਾਲ ਹਿੰਦੂਆਂ ਵਿੱਚ ਭਾਰੀ ਰੋਸ ਸਰਕਾਰ ਨੂੰ ਅਪੀਲ






ਨਵੀਂ ਦਿੱਲੀ: (ਸਾਡੇ ਲੋਕ) ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਇੱਕ ਪਟੀਸ਼ਨ ਨੂੰ ‘ਪ੍ਰਚਾਰ ਹਿੱਤ ਪਟੀਸ਼ਨ’ ਕਰਾਰ ਦਿੰਦਿਆਂ ਖਾਰਜ ਕਰ ਦਿੱਤਾ। ਇਸ ਪਟੀਸ਼ਨ ਵਿੱਚ ਮੱਧ ਪ੍ਰਦੇਸ਼ ਦੇ ਯੂਨੈਸਕੋ ਵਿਸ਼ਵ ਵਿਰਾਸਤ ਸੂਚੀ ਵਿੱਚ ਸ਼ਾਮਲ ਖਜੁਰਾਹੋ ਮੰਦਰ ਕੰਪਲੈਕਸ ਦੇ ਹਿੱਸੇ, ਜਵਾਰੀ ਮੰਦਰ ਵਿੱਚ ਭਗਵਾਨ ਵਿਸ਼ਨੂੰ ਦੀ ਸੱਤ ਫੁੱਟ ਦੀ ਮੂਰਤੀ ਨੂੰ ਮੁੜ ਬਣਾਉਣ ਅਤੇ ਮੁੜ ਸਥਾਪਤ ਕਰਨ ਲਈ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਸੀ। ਚੀਫ਼ ਜਸਟਿਸ ਬੀ ਆਰ ਗਵਈ ਅਤੇ ਜਸਟਿਸ ਕੇ ਵਿਨੋਦ ਚੰਦਰਨ ’ਤੇ ਆਧਾਰਿਤ ਬੈਂਚ ਨੇ ਰਾਕੇਸ਼ ਦਲਾਲ ਨਾਂ ਦੇ ਵਿਅਕਤੀ ਵੱਲੋਂ ਦਾਇਰ ਪਟੀਸ਼ਨ ’ਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ। ਪਟੀਸ਼ਨਰ ਨੇ ਛਤਰਪੁਰ ਜ਼ਿਲ੍ਹੇ ਵਿੱਚ ਸਥਿਤ ਜਵਾਰੀ ਮੰਦਰ ਵਿਖੇ ਖਰਾਬ ਹੋ ਚੁੱਕੀ ਮੂਰਤੀ ਨੂੰ ਬਦਲਣ ਅਤੇ ਉਸਦੀ ਪ੍ਰਾਣ ਪ੍ਰਤਿਸ਼ਠਾ ਕਰਨ ਦੀ ਮੰਗ ਕੀਤੀ ਸੀ।

ਚੀਫ਼ ਜਸਟਿਸ ਨੇ ਟਿੱਪਣੀ ਕਰਦਿਆਂ ਕਿਹਾ, ‘ਇਹ ਪੂਰੀ ਤਰ੍ਹਾਂ ਪ੍ਰਚਾਰ ਹਿੱਤ ਪਟੀਸ਼ਨ ਹੈ... ਜਾਓ ਅਤੇ ਦੇਵਤਾ ਨੂੰ ਖੁਦ ਕੁਝ ਕਰਨ ਲਈ ਕਹੋ। ਜੇ ਤੁਸੀਂ ਕਹਿ ਰਹੇ ਹੋ ਕਿ ਤੁਸੀਂ ਭਗਵਾਨ ਵਿਸ਼ਨੂੰ ਦੇ ਪੱਕੇ ਭਗਤ ਹੋ, ਤਾਂ ਤੁਸੀਂ ਪ੍ਰਾਰਥਨਾ ਕਰੋ ਅਤੇ ਕੁਝ ਧਿਆਨ ਲਗਾਓ।’

ਪਟੀਸ਼ਨਕਰਤਾ ਦੇ ਵਕੀਲ ਨੇ ਦਲੀਲ ਦਿੱਤੀ ਕਿ ਮੂਰਤੀ ਦਾ ਸਿਰ ਖਸਤਾ ਹਾਲਤ ਵਿੱਚ ਹੈ ਅਤੇ ਅਦਾਲਤ ਨੂੰ ਇਸ ਮਾਮਲੇ ਵਿੱਚ ਦਖਲ ਦੇਣ ਅਤੇ ਇਸਦੇ ਮੁੜ ਨਿਰਮਾਣ ਦੀ ਇਜਾਜ਼ਤ ਦੇਣ ਦੀ ਅਪੀਲ ਕੀਤੀ। ਹਾਲਾਂਕਿ, ਬੈਂਚ ਨੇ ਕਿਹਾ ਕਿ ਇਹ ਮਾਮਲਾ ਸਪੱਸ਼ਟ ਤੌਰ ’ਤੇ ਭਾਰਤੀ ਪੁਰਾਤੱਤਵ ਸਰਵੇਖਣ (ASI) ਦੇ ਦਾਇਰੇ ਵਿੱਚ ਆਉਂਦਾ ਹੈ। ਚੀਫ਼ ਜਸਟਿਸ ਨੇ ਕਿਹਾ, ‘ਇਹ ਇੱਕ ਪੁਰਾਤੱਤਵ ਖੋਜ ਹੈ, ਕਿ ਕੀ ਏਐਸਆਈ ਅਜਿਹਾ ਕੁਝ ਕਰਨ ਦੀ ਇਜਾਜ਼ਤ ਦੇਵੇਗਾ ਜਾਂ ਨਹੀਂ... ਇਸ ਵਿੱਚ ਕਈ ਮੁੱਦੇ ਹਨ।’ ਉਨ੍ਹਾਂ ਅੱਗੇ ਕਿਹਾ ‘ਇਸ ਦੌਰਾਨ, ਜੇ ਤੁਹਾਨੂੰ ਸ਼ੈਵ ਧਰਮ ਤੋਂ ਕੋਈ ਪਰਹੇਜ਼ ਨਹੀਂ ਹੈ, ਤਾਂ ਤੁਸੀਂ ਉੱਥੇ ਜਾ ਕੇ ਪੂਜਾ ਕਰ ਸਕਦੇ ਹੋ... ਉੱਥੇ ਸ਼ਿਵ ਦਾ ਇੱਕ ਬਹੁਤ ਵੱਡਾ ਲਿੰਗ ਹੈ, ਜੋ ਖਜੁਰਾਹੋ ਦੇ ਸਭ ਤੋਂ ਵੱਡੇ ਲਿੰਗਾਂ ਵਿੱਚੋਂ ਇੱਕ ਹੈ।’

ਦਲਾਲ ਦੀ ਪਟੀਸ਼ਨ ਵਿੱਚ ਮੂਰਤੀ ਨੂੰ ਬਦਲਣ ਜਾਂ ਮੁੜ ਨਿਰਮਾਣ ਲਈ ਅਦਾਲਤੀ ਨਿਰਦੇਸ਼ਾਂ ਦੀ ਮੰਗ ਕੀਤੀ ਗਈ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਇਸ ਸਬੰਧ ਵਿੱਚ ਕੇਂਦਰੀ ਗ੍ਰਹਿ ਮੰਤਰਾਲੇ ਅਤੇ ਏਐਸਆਈ ਨੂੰ ਪਹਿਲਾਂ ਹੀ ਕਈ ਵਾਰ ਬੇਨਤੀਆਂ ਭੇਜੀਆਂ ਜਾ ਚੁੱਕੀਆਂ ਹਨ।

ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com



Balsani Welders & Builders
We Design, Manufacture & Ship Nationwide
All Kind of Welding & Fabrication Services Available


- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences







ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ ’ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।



ਤੁਸੀਂ ਸਾਡੇ ’ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।





- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ ’ਚ ਬਦਲਾਂਗੇ।

S. Iqbal Singh
844-573-3824 | 510 862 2332
433 W Scotts Ave Stockton, CA 95203
PH: (925) 487-7117

ਸਾਡੇ ਲੋਕ

# ARE YOU IN COMPLIANCE WITH FMCSA REGULATIONS?

Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.





OUR EXPERT COMPLIANCE DRIVING YOUR SUCCESS

## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

# ਅਮਰੀਕਾ 'ਚ ਪੰਜਾਬੀ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ

## ਭੈਣਾਂ ਦਾ ਇਕਲੌਤਾ ਭਰਾ ਡੇਢ ਸਾਲ ਪਹਿਲਾਂ ਹੀ ਗਿਆ ਸੀ ਵਿਦੇਸ਼



ਅਮਰੀਕਾ ਤੋਂ ਦੁਖ਼ਦਾਈ ਖ਼ਬਰ ਸਾਹਮਣੇ ਆਈ ਹੈ। ਇਥੇ ਪੰਜਾਬੀ ਨੌਜਵਾਨ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ। ਮ੍ਰਿਤਕ ਦੀ ਪਛਾਣ 30 ਸਾਲਾ ਗੁਰਜੰਟ ਸਿੰਘ ਵਾਸੀ ਭਿੰਡੀਸੈਦਾਂ (ਅੰਮ੍ਰਿਤਸਰ) ਵਜੋਂ ਹੋਈ ਹੈ। ਮ੍ਰਿਤਕ ਘਰ ਦੀਆਂ ਆਰਥਿਕ ਮੁਸ਼ਕਲਾਂ ਨੂੰ ਦੂਰ ਕਰਨ ਅਤੇ ਸੁਨਿਹਰੇ ਭਵਿੱਖ ਲਈ ਲਗਭਗ ਡੇਢ ਸਾਲ ਪਹਿਲਾਂ ਵਿਦੇਸ਼ ਗਿਆ ਸੀ, ਪਰ ਅਚਾਨਕ ਪਏ ਦਿਲ ਦੇ ਦੌਰੇ ਨੇ ਉਸ ਦੀ ਜ਼ਿੰਦਗੀ ਖ਼ਤਮ ਕਰ ਦਿੱਤੀ।

ਗੁਰਜੰਟ ਸਿੰਘ ਦੋ ਭੈਣਾਂ ਦਾ ਇਕਲੌਤਾ ਭਰਾ ਸੀ। ਉਸ ਦੀ ਮੌਤ ਦੀ ਖ਼ਬਰ ਮਿਲਦਿਆਂ ਹੀ ਘਰ ਵਿੱਚ ਮਾਤਮ ਛਾ ਗਿਆ। ਮਾਪੇ ਅਤੇ ਭੈਣਾਂ ਦਾ ਰੋ-ਰੋ ਕੇ ਬੁਰਾ ਹਾਲ ਹੈ।

ਮ੍ਰਿਤਕ ਦੇ ਪਿਤਾ ਸਰਬਜੀਤ ਸਿੰਘ ਨੇ ਕਿਹਾ ਕਿ ਉਹਨਾਂ ਦਾ ਪੁੱਤਰ ਪਰਿਵਾਰ ਦੀ ਗਰੀਬੀ ਦੂਰ ਕਰਨ ਲਈ ਵਿਦੇ ਗਿਆ ਸੀ ਪਰ ਕਿਸਮਤ ਨੇ ਉਸ ਨੂੰ ਬਹੁਤ ਜਲਦੀ ਸਾਡੇ ਤੋਂ ਖੋਹ ਲਿਆ।

ਪਰਿਵਾਰ ਨੇ ਭਾਰਤ ਸਰਕਾਰ ਅਤੇ ਸਮਾਜ ਸੇਵੀਆਂ ਸੰਸਥਾਵਾਂ ਕੋਲੋਂ ਗੁਰਜੰਟ ਸਿੰਘ ਦੀ ਮ੍ਰਿਤ ਦੇਹ ਜਲਦ ਤੋਂ ਜਲਦ ਪੰਜਾਬ ਲਿਆਉਣ ਵਿਚ ਮਦਦ ਕਰਨ ਦੀ ਅਪੀਲ ਕੀਤੀ ਹੈ ਤਾਂ ਜੋ ਗੁਰਜੰਟ ਸਿੰਘ ਦੇ ਅੰਤਿਮ ਸੰਸਕਾਰ ਦੀਆਂ ਰਸਮਾਂ ਪੂਰੀਆਂ ਕੀਤੀਆਂ ਜਾ ਸਕਣ।

# ਉੱਘੇ ਸਿੱਖ ਵਕੀਲ ਨੇ ਪੰਜਾਬੀ ਟਰੱਕ ਡਰਾਈਵਰਾਂ ਤੇ ਇਮੀਗ੍ਰੇਸ਼ਨ ਸਮੱਸਿਆਵਾਂ ਬਾਰੇ ਟਰੰਪ ਪ੍ਰਸ਼ਾਸ਼ਨ ਕੋਲ ਉਠਾਏ ਗੰਭੀਰ ਮੁੱਦੇ

ਸਾਨ ਫਰਾਂਸਿਸਕੋ : ਅਮਰੀਕਾ ਦੇ ਉੱਘੇ ਸਿੱਖ ਵਕੀਲ ਤੇ ਇਮੀਗ੍ਰੇਸ਼ਨ ਮਾਮਲਿਆਂ ਦੇ ਮਾਹਿਰ ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਨੇ ਹਾਲ ਹੀ 'ਚ ਵਾਸ਼ਿੰਗਟਨ ਡੀ.ਸੀ. 'ਚ ਟਰੰਪ ਪ੍ਰਸ਼ਾਸਨ ਦੇ ਆਲਾ ਅਧਿਕਾਰੀਆਂ ਤੇ ਨੇਤਾਵਾਂ ਨਾਲ ਭਾਰਤੀਆਂ ਖਾਸਕਰ ਪੰਜਾਬੀਆਂ ਦੀਆਂ ਇਮੀਗ੍ਰੇਸ਼ਨ 'ਤੇ ਟਰਕਿੰਗ ਦੇ ਖੇਤਰ 'ਚ ਆ ਰਹੀਆਂ ਸਮੱਸਿਆਵਾਂ ਬਾਰੇ ਵਿਸਥਾਰ 'ਚ ਗੱਲ ਕੀਤੀ। ਅਟਾਰਨੀ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਉਹਨਾਂ ਨੇ ਰਿਪਬਲਿਕਨ ਪਾਰਟੀ ਦੇ ਸਾਬਕਾ ਚੇਅਰਮੈਨ, ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਲਾਹਕਾਰ, ਕਰੀਬੀ ਤੇ ਇਸ ਵੇਲੇ ਨੌਰਥ ਕਰੋਲੀਨਾ ਤੋਂ ਸੈਨੇਟਰ ਦੀ ਲੋੜ ਦੀ ਚੋਣ ਲੜ ਰਹੇ ਮਾਈਕਲ ਵਾਟਲੀ ਨਾਲ ਕਰੀਬ ਇਕ ਘੰਟਾ ਚੱਲੀ ਗੱਲਬਾਤ ਦੌਰਾਨ ਉਹਨਾਂ ਦੇ ਧਿਆਨ 'ਚ ਲਿਆਂਦਾ ਕਿ ਟਰੱਕਿੰਗ ਦੇ ਖੇਤਰ 'ਚ ਸਾਡੇ ਪੰਜਾਬੀ ਡਰਾਈਵਰ ਭਰਾ ਬਹੁਤ ਚਿੰਤਤ ਹਨ ਤੇ ਉਹ ਬਾਹਰ ਸੁਰੱਖਿਤ ਮਹਿਸੂਸ ਨਹੀਂ ਕਰਦੇ, ਖਾਸਕਰ ਨਸਲੀ ਭਿੰਨ ਭੇਦ ਦੇ ਵਰਤਾਰੇ 'ਤੇ ਫਿਕਰਮੰਦੀ ਜ਼ਾਹਿਰ ਕਰਦਿਆਂ ਜਸਪ੍ਰੀਤ ਨੇ ਕਿਹਾ ਕਿ ਅੰਗਰੇਜ਼ੀ ਜਰੂਰੀ ਹੋਣ ਕਰਕੇ ਕਈ ਹੋਰ ਸਮੱਸਿਆਵਾਂ ਵੀ ਆ ਰਹੀਆਂ ਹਨ। ਮਾਈਕਲ ਵਾਟਲੀ ਨੇ ਉਸੇ ਵਕਤ



**ਮਾਈਕਲ ਵਾਟਲੀ ਨਾਲ ਅਟਾਰਨੀ ਜਸਪ੍ਰੀਤ ਸਿੰਘ**

ਟਰਾਂਸਪੋਰਟ ਸਕੱਤਰ ਨਾਲ ਵਿਸਥਾਰ ਸਹਿਤ ਗੱਲ ਕਰਦਿਆਂ ਇਹ ਸਾਰੀਆਂ ਗੱਲਾਂ ਉਹਨਾਂ ਦੇ ਧਿਆਨ 'ਚ ਲਿਆਂਦੀਆਂ ਤੇ ਸਕੱਤਰ ਨੇ ਭਰੋਸਾ ਦਿੱਤਾ ਕਿ ਇਸ ਦੇ ਤੁਰੰਤ ਅਮਲ ਕੀਤਾ ਜਾਵੇਗਾ ਤੇ ਅਜਿਹਾ ਨਾ ਹੋਵੇ, ਇਸ ਲਈ ਸਾਰੇ ਸੰਭਵ ਕਦਮ ਚੁੱਕੇ ਜਾਣਗੇ। ਇਸ ਤੋਂ ਸਿਵਾ ਜਸਪ੍ਰੀਤ ਹੋਰਾਂ ਨੇ ਉਹਨਾਂ ਦੇ ਧਿਆਨ 'ਚ 'ਚ ਲਿਆਂਦਾ ਕਿ ਜਿਹੜੇ 25-30 ਸਾਲ ਤੋਂ ਇੱਥੇ ਰਹਿ ਰਹੇ ਨੇ ਉਹਨਾਂ ਨੂੰ ਵੀ ਫੜਿਆ ਜਾ ਰਿਹਾ ਹੈ ਤੇ ਇਹਨਾਂ 'ਚ ਬਜ਼ੁਰਗਾਂ ਨੂੰ ਵੀ ਬਖਸ਼ਿਆ ਨਹੀਂ ਜਾ ਰਿਹਾ ਇਸ ਵੱਲ ਵੀ ਟਰੰਪ ਪ੍ਰਸ਼ਾਸ਼ਨ ਨੂੰ ਉਚੇਚਾ ਧਿਆਨ ਦੇਣ ਦੀ ਲੋੜ ਹੈ ਉਹਨਾਂ ਨੇ ਵਾਟਲੀ ਦੇ ਧਿਆਨ 'ਚ ਇਹ ਵੀ ਲਿਆਂਦਾ ਕਿ ਬਹੁਤ ਸਾਲਾਂ ਤੋਂ ਇੱਥੇ ਲੋਕ ਰਹਿ ਰਹੇ ਹਨ ਜਿਨ੍ਹਾਂ ਦਾ ਰਿਕਾਰਡ ਜਿਹੜਾ ਬਿਲਕੁਲ ਸਾਫ ਸੁਥਰਾ ਹੈ ਉਹਨਾਂ ਨੇ ਕੋਈ ਅਪਰਾਧ ਨਹੀਂ ਕੀਤਾ, ਉਹਨਾਂ ਨੂੰ ਪੱਕੇ ਕਰਨ ਦੇ ਉਪਰਾਲੇ ਵੀ ਜ਼ਰੂਰ ਕੀਤੇ ਜਾਣੇ ਚਾਹੀਦੇ ਹਨ। ਇਸ ਉਪਰੰਤ ਜਸਪ੍ਰੀਤ ਹੁਰਾਂ ਮੌਜੂਦਾ ਰਿਪਬਲਿਕਨ ਕਮੇਟੀ ਦੇ ਚੇਅਰਮੈਨ ਜੋਏ ਗਰੁਟਰਸ, ਰਿਪਬਲਿਕਨ ਕਮੇਟੀ ਦੇ ਕੋ-ਚੇਅਰਮੈਨ ਕੇ.ਸੀ. ਕਰਾਸਬੀ, ਰਿਪਬਲਿਕਨ ਨੈਸ਼ਨਲ ਕਮੇਟੀ ਦੇ ਸਾਬਕਾ ਚੇਅਰਮੈਨ ਤੇ ਸਾਬਕ ਚੀਫ ਆਫ ਸਟਾਫ ਪ੍ਰੈਜੀਡੈਂਟ ਰੀਐਂਸ ਪਰੀਬਸ, ਸੈਨੇਟਰ ਰੂਬਨ ਗਾਲੀਗੋ ਨਾਲ ਵੀ ਪੰਜਾਬੀਆਂ ਤੇ ਇੰਡੀਅਨ ਟਰੱਕ ਡਰਾਈਵਰਾਂ ਤੇ ਇਮੀਗ੍ਰੇਸ਼ਨ ਦੀਆਂ ਸਮੱਸਿਆਵਾਂ ਤੇ ਵਿਸਥਾਰ ਨਾਲ ਗੱਲਬਾਤ ਕਰਦਿਆਂ ਇਹਨਾਂ ਦੇ ਸਥਾਈ ਹੱਲ ਲਈ ਉਚੇਚੇ ਯਤਨ ਕਰਨ ਦੀ ਲੋੜ ਤੇ ਜ਼ੋਰ ਦਿੱਤਾ। ਇਹਨਾਂ ਸਾਰੇ ਅਧਿਕਾਰੀਆਂ ਤੇ ਰਾਜਨੀਤਿਕ ਲੋਕਾਂ ਨੇ ਜਸਪ੍ਰੀਤ ਹੋਰਾਂ ਨੂੰ ਭਰੋਸਾ ਦਿੱਤਾ ਕਿ ਚਿੰਤਾ ਦੀ ਲੋੜ ਨਹੀਂ ਇਹਨਾਂ ਸਾਰੀਆਂ ਗੱਲਾਂ ਵੱਲ ਟਰੰਪ ਪ੍ਰਸ਼ਾਸਨ ਉਚੇਚਾ ਧਿਆਨ ਦੇਵੇਗਾ।

# ਰੂਸੀ ਤੇਲ ਖਰੀਦਣ ਲਈ ਭਾਰਤ 'ਤੇ ਟੈਰਿਫ ਲਾਉਣਾ ਕੋਈ ਸੌਖਾ ਕੰਮ ਨਹੀਂ : ਟਰੰਪ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਰੂਸੀ ਤੇਲ ਖਰੀਦਣ ਲਈ ਭਾਰਤ 'ਤੇ ਟੈਰਿਫ ਲਾਉਣਾ ਕੋਈ ਸੌਖਾ ਕੰਮ ਨਹੀਂ ਹੈ ਅਤੇ ਇਸ ਨਾਲ ਭਾਰਤ ਨਾਲ ਮੱਤਭੇਦ ਪੈਦਾ ਹੁੰਦੇ ਹਨ। ਜਦੋਂ ਟਰੰਪ ਨੂੰ ਇਕ ਇੰਟਰਵਿਊ ਵਿਚ ਪੁੱਛਿਆ ਗਿਆ ਕਿ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ 'ਤੇ ਸ਼ਿਕੰਜਾ ਕੱਸਣ ਦਾ ਕੀ ਮਤਲਬ ਹੈ ਤਾਂ ਉਨ੍ਹਾਂ ਕਿਹਾ ਕਿ ਦੇਖੋ ਭਾਰਤ ਉਨ੍ਹਾਂ ਦਾ ਸਭ ਤੋਂ ਵੱਡਾ ਗਾਹਕ ਸੀ। ਮੈਂ ਭਾਰਤ 'ਤੇ 50 ਫੀਸਦੀ ਟੈਰਿਫ ਲਾਇਆ ਕਿਉਂਕਿ ਉਹ ਰੂਸ ਤੋਂ ਤੇਲ ਖਰੀਦ ਰਿਹਾ ਹੈ। ਇਹ ਕੋਈ ਆਸਾਨ ਕੰਮ ਨਹੀਂ ਹੈ। ਇਹ ਇਕ ਵੱਡਾ ਸੌਦਾ ਹੈ ਅਤੇ ਇਹ ਭਾਰਤ ਨਾਲ ਮਤਭੇਦ ਪੈਦਾ ਕਰਦਾ ਹੈ ਪਰ ਮੈਂ ਇਹ ਪਹਿਲਾਂ ਹੀ ਕਰ ਚੁੱਕਾ



ਹਾਂ। ਮੈਂ ਬਹੁਤ ਕੁਝ ਕੀਤਾ ਹੈ। ਟਰੰਪ ਨੇ ਕਿਹਾ ਕਿ ਯਾਦ ਰੱਖੋ ਕਿ ਇਹ ਸਾਡੀ ਸਮੱਸਿਆ ਤੋਂ ਕਿਤੇ ਵੱਧ ਯੂਰਪ ਦੀ ਸਮੱਸਿਆ ਹੈ। ਟਰੰਪ ਨੇ ਆਪਣੇ ਦਾਅਵੇ ਨੂੰ ਵੀ ਦੁਹਰਾਇਆ ਕਿ ਉਨ੍ਹਾਂ ਨੇ ਰਾਸ਼ਟਰਪਤੀ ਵਜੋਂ ਆਪਣੇ ਦੂਜੇ ਕਾਰਜਕਾਲ ਵਿਚ ਹੁਣ ਤਕ 7 ਵਿਵਾਦਾਂ ਨੂੰ ਹੱਲ ਕੀਤਾ ਹੈ। ਉਨ੍ਹਾਂ ਕਿਹਾ ਕਿ ਮੈਂ 7 ਯੁੱਧਾਂ ਦਾ ਹੱਲ ਕੀਤਾ। ਮੈਂ ਪਾਕਿਸਤਾਨ ਅਤੇ ਭਾਰਤ ਵਿਚਕਾਰ ਕਈ ਯੁੱਧਾਂ ਦਾ ਹੱਲ ਕੀਤਾ ਪਰ ਵੱਡੇ ਯੁੱਧਾਂ ਦਾ ਵੀ, ਜਿਨ੍ਹਾਂ ਵਿਚੋਂ ਕੁਝ ਅਣਸੁਲਝੇ ਸਨ, ਜਿਵੇਂ ਕਿ ਕਾਂਗੋ ਅਤੇ ਰਵਾਂਡਾ। ਮੈਂ ਉਨ੍ਹਾਂ ਨੂੰ ਹੱਲ ਕੀਤਾ। ਇਹ 31 ਸਾਲਾਂ ਤੋਂ ਚੱਲ ਰਿਹਾ ਸੀ ਤੇ ਲੱਖਾਂ ਲੋਕ ਮਾਰੇ ਗਏ।

# ਕੈਲੀਫੋਰਨੀਆ 'ਚ ਰਹਿਣ ਵਾਲੇ ਪੰਜਾਬੀ ਨੇ ਡਰੱਗ ਤਸਕਰੀ ਦੇ ਦੋਸ਼ ਕੀਤੇ ਕਬੂਲ

ਡੇਵਿਸ (ਕੈਲੀਫੋਰਨੀਆ) (ਗੁਰਿੰਦਰਜੀਤ ਨੀਟਾ ਮਾਛੀਕੇ) : ਡੇਵਿਸ ਸ਼ਹਿਰ ਦੇ ਵਾਸੀ ਪਰਮਪ੍ਰੀਤ ਸਿੰਘ (59) ਨੇ ਕੋਕੀਨ, ਹੈਰੋਇਨ, ਅਫੀਮ ਅਤੇ ਕੈਟਾਮਾਈਨ ਦੀ ਤਸਕਰੀ ਨਾਲ ਸਬੰਧਤ ਦੋਸ਼ ਕਬੂਲ ਲਏ ਹਨ। ਯੂ. ਐੱਸ. ਅਟਾਰਨੀ ਐਰਿਕ ਗ੍ਰਾਂਟ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ, ਪਰਮਪ੍ਰੀਤ ਸਿੰਘ ਆਪਣੇ ਸਾਥੀਆਂ ਰੋਜ਼ਵਿਲ ਦੇ ਅਮਨਦੀਪ ਮੁਲਤਾਨੀ (37) ਅਤੇ ਸੈਕਰਾਮੈਂਟੋ ਦੇ ਰਣਵੀਰ ਸਿੰਘ (42) ਦੇ ਨਾਲ ਮਿਲ ਕੇ ਇਹ ਗੈਰ-ਕਾਨੂੰਨੀ ਕਾਰੋਬਾਰ ਕਰ ਰਿਹਾ ਸੀ। ਅਕਤੂਬਰ 2020 ਤੋਂ ਅਪ੍ਰੈਲ 2021 ਤੱਕ ਦੇ ਸਮੇਂ ਦੌਰਾਨ ਇਨ੍ਹਾਂ ਨੇ ਅਮਰੀਕਨ ਗੁਪਤ ਏਜੰਟਾਂ ਨਾਲ ਕੈਨੇਡਾ ਅਤੇ ਕੈਲੀਫੋਰਨੀਆ ਵਿੱਚ ਡਰੱਗ ਸੌਦੇ ਕੀਤੇ। ਇਸ ਦੌਰਾਨ ਤਕਰੀਬਨ 10 ਕਿਲੋ ਕੋਕੀਨ, 1.5 ਕਿਲੋ ਅਫੀਮ, 2 ਕਿਲੋ ਕੈਟਾਮਾਈਨ ਅਤੇ ਹੈਰੋਇਨ ਦੇ ਕਈ ਨਮੂਨੇ ਵੇਚਣ ਦੇ ਸੌਦੇ ਦਰਜ ਕੀਤੇ ਗਏ। ਦੋਸ਼ ਕਬੂਲਣ ਤੋਂ ਬਾਅਦ ਪਰਮਪ੍ਰੀਤ ਸਿੰਘ ਨੇ ਅਮਰੀਕੀ ਸਰਕਾਰ ਵੱਲੋਂ ਆਪਣੇ 2 ਮਿਲੀਅਨ ਡਾਲਰ ਜ਼ਬਤ ਕਰਨ 'ਤੇ ਵੀ ਸਹਿਮਤੀ ਜ਼ਾਹਰ ਕੀਤੀ ਹੈ।



ਇਹ ਕੇਸ ਡਰੱਗ ਇਨਫੋਰਸਮੈਂਟ ਐਡਮਿਨਿਸਟ੍ਰੇਸ਼ਨ (ਡੀ.ਈ.ਏ.) ਦੀ ਜਾਂਚ ਦਾ ਨਤੀਜਾ ਹੈ, ਜਿਸ ਵਿੱਚ ਹੋਮਲੈਂਡ ਸਿਕਿਊਰਟੀ ਇਨਵੈਸਟੀਗੇਸ਼ਨਜ਼, ਐਫ.ਬੀ.ਆਈ., ਕੈਨੇਡਾ ਦੀ ਯਾਰਕ ਰਿਜਨਲ ਪੁਲਸ, ਰੋਇਲ ਕੈਨੇਡੀਅਨ ਮਾਊਂਟਿਡ ਪੁਲਸ ਅਤੇ ਪਲੇਸਰ ਕਾਊਂਟੀ ਸਪੈਸ਼ਲ ਇਨਵੈਸਟੀਗੇਸ਼ਨਜ਼ ਯੂਨਿਟ ਨੇ ਸਹਿਯੋਗ ਦਿੱਤਾ। ਇਸ ਮਾਮਲੇ ਨਾਲ ਜੁੜੀਆਂ ਕਈ ਗ੍ਰਿਫ਼ਤਾਰੀਆਂ ਕੈਨੇਡਾ ਵਿੱਚ ਵੀ ਹੋ ਚੁੱਕੀਆਂ ਹਨ। ਅਮਨਦੀਪ ਮੁਲਤਾਨੀ ਨੇ ਦਸੰਬਰ 2022 ਵਿੱਚ ਦੋਸ਼ ਕਬੂਲ ਕਰ ਲਿਆ ਸੀ ਅਤੇ ਉਸ ਨੂੰ 18 ਨਵੰਬਰ 2025 ਨੂੰ ਸਜ਼ਾ ਸੁਣਾਈ ਜਾਵੇਗੀ। ਰਣਵੀਰ ਸਿੰਘ ਦਾ ਜਿਊਰੀ ਟ੍ਰਾਇਲ 6 ਅਕਤੂਬਰ 2025 ਤੋਂ ਸ਼ੁਰੂ ਹੋਵੇਗਾ। ਓਦੋਂ ਤੱਕ ਉਸ ਦੇ ਖਿਲਾਫ਼ ਦੋਸ਼ ਸਿਰਫ਼ ਇਲਜ਼ਾਮ ਹੀ ਮੰਨੇ ਜਾਣਗੇ ਅਤੇ ਕਾਨੂੰਨ ਅਨੁਸਾਰ ਉਹ ਬੇਦੋਸ਼ ਮੰਨਿਆ ਜਾਵੇਗਾ। ਪਰਮਪ੍ਰੀਤ ਸਿੰਘ ਨੂੰ 27 ਜਨਵਰੀ 2026 ਨੂੰ ਸੀਨੀਅਰ ਯੂ. ਐੱਸ. ਡਿਸਟ੍ਰਿਕਟ ਜੱਜ ਜਾਨ ਏ. ਮੇਂਡੇਜ਼ ਵੱਲੋਂ ਸਜ਼ਾ ਸੁਣਾਈ ਜਾਵੇਗੀ। ਉਸ ਨੂੰ ਵੱਧ ਤੋਂ ਵੱਧ ਉਮਰ ਕੈਦ ਅਤੇ 10 ਮਿਲੀਅਨ ਡਾਲਰ ਜੁਰਮਾਨਾ ਹੋ ਸਕਦਾ ਹੈ। ਘੱਟੋ-ਘੱਟ ਸਜ਼ਾ ਦਾ ਕੋਈ ਜ਼ਿਕਰ ਨਹੀਂ, ਜਿਸ ਦਾ ਫੈਸਲਾ ਉਸ ਦਿਨ ਜੱਜ ਵੱਲੋਂ ਕੀਤਾ ਜਾਵੇਗਾ।

# ਦੌਲਤ ਦੇ ਮਾਮਲੇ 'ਚ ਮਸਕ ਨੂੰ ਪਛਾੜਨ ਵਾਲੇ ਐਲੀਸਨ ਨੇ 47 ਸਾਲ ਛੋਟੀ ਕੁੜੀ ਨਾਲ ਕਰਵਾਇਆ ਵਿਆਹ

ਵਾਸ਼ਿੰਗਟਨ : ਓਰੇਕਲ ਦੇ ਸਹਿ-ਸੰਸਥਾਪਕ ਲੈਰੀ ਐਲੀਸਨ ਦੁਨੀਆ ਦੇ ਉਨ੍ਹਾਂ ਸਭ ਤੋਂ ਅਮੀਰ ਲੋਕਾਂ ਵਿਚੋਂ ਇਕ ਹਨ, ਜਿਨ੍ਹਾਂ ਦੀ ਦੌਲਤ ਲੱਗਭਗ 393 ਬਿਲੀਅਨ ਡਾਲਰ ਹੋਣ ਦਾ ਅਨੁਮਾਨ ਹੈ। 81 ਸਾਲਾ ਲੈਰੀ ਆਪਣੀ ਨਿੱਜੀ ਜ਼ਿੰਦਗੀ ਲਈ ਵੀ ਲਗਾਤਾਰ ਖ਼ਬਰਾਂ ਵਿਚ ਰਹਿੰਦੇ ਹਨ। ਇਸ ਵਾਰ ਉਨ੍ਹਾਂ ਦਾ 5ਵਾਂ ਵਿਆਹ ਸੁਰਖੀਆਂ ਵਿਚ ਹੈ, ਜਿਸ 'ਚ ਉਨ੍ਹਾਂ ਦੀ ਸਾਥੀ 33 ਸਾਲਾ ਜੋਲਿਨ ਜ਼ੂ ਹੈ। 33 ਸਾਲਾ ਜੋਲਿਨ ਜ਼ੂ ਮਿਸ਼ੀਗਨ ਯੂਨੀਵਰਸਿਟੀ ਤੋਂ ਗ੍ਰੈਜੂਏਟ ਹੈ। ਉਹ ਅੰਗਰੇਜ਼ੀ, ਚੀਨੀ ਅਤੇ ਸਪੈਨਿਸ਼ ਬੋਲਣ ਵਿਚ ਮਾਹਿਰ ਹੈ ਅਤੇ ਗਲੈਮਰ ਦੇ ਨਾਲ-



ਨਾਲ ਤਕਨਾਲੋਜੀ ਦੀ ਦੁਨੀਆ ਵਿਚ ਵੀ ਸਰਗਰਮ ਹੈ। ਦੋਵਾਂ ਦੀ ਮੁਲਾਕਾਤ ਮਿਸ਼ੀਗਨ ਯੂਨੀਵਰਸਿਟੀ ਵਿਚ ਇਕ ਫੁੱਟਬਾਲ ਈਵੈਂਟ ਵਿਚ ਹੋਈ ਸੀ। ਇੱਥੋਂ ਉਨ੍ਹਾਂ ਦੀ ਦੋਸਤੀ ਸ਼ੁਰੂ ਹੋਈ, ਜੋ ਹੌਲੀ-ਹੌਲੀ ਇਕ ਰਿਸ਼ਤੇ 'ਚ ਬਦਲ ਗਈ।

# 73 ਸਾਲਾ ਹਰਜੀਤ ਕੌਰ ਨੂੰ ਅਮਰੀਕਾ 'ਚ ਆਈਸ ਨੇ ਕੀਤਾ ਗ੍ਰਿਫ਼ਤਾਰ

ਫਰਿਜ਼ਨੋ (ਕੈਲੀਫੋਰਨੀਆ) (ਗੁਰਿੰਦਰਜੀਤ ਨੀਟਾ ਮਾਛੀਕੇ) : ਜਦੋਂ ਦਾ ਟਰੰਪ ਪ੍ਰਸ਼ਾਸਨ ਸੱਤਾ ਵਿੱਚ ਆਇਆ ਹੈ, ਲਗਾਤਾਰ ਇੰਮੀਗ੍ਰਾਂਟ ਲੋਕਾਂ 'ਤੇ ਆਈਸ ਦਾ ਸ਼ਿਕੰਜਾ ਕੱਸਿਆ ਜਾ ਰਿਹਾ ਹੈ। ਪਿਛਲੇ ਦਿਨੀਂ ਭਾਰਤੀ ਭਾਈਚਾਰੇ ਨੂੰ ਇਸ ਸ਼ਿਕੰਜੇ ਦਾ ਸੇਕ ਓਦੋਂ ਲੱਗਾ, ਜਦੋਂ ਬੇਏਰੀਆ ਨਿਵਾਸੀ ਪੰਜਾਬੀ ਬਜ਼ੁਰਗ ਔਰਤ ਹਰਜੀਤ ਕੌਰ (73) ਨੂੰ ਸੈਨ ਫਰਾਂਸਿਸਕੋ ਵਿਖੇ ਆਈਸ ਦੀ ਪੇਸ਼ੀ ਦੌਰਾਨ ਹਿਰਾਸਤ ਵਿੱਚ ਲਿਆ ਗਿਆ। ਬਜ਼ੁਰਗ ਔਰਤ ਹਰਜੀਤ ਕੌਰ 1992 ਤੋਂ ਆਪਣੀ ਪਰਿਵਾਰ ਸਮੇਤ ਬੇਏਰੀਏ ਵਿੱਚ ਰਹਿ ਰਹੀ ਹੈ। ਉਹ ਸਾੜ੍ਹੀ ਪੈਲੇਸ ਬਰਕਲੇ ਵਿਖੇ ਵੀ ਕੰਮ ਕਰਦੇ ਹੋਣ ਕਰਕੇ ਭਾਈਚਾਰੇ ਲਈ ਜਾਣੀ-ਪਹਿਚਾਣੀ ਸ਼ਖਸੀਅਤ ਹਨ। ਉਹਨਾਂ ਦਾ ਅਸਾਈਲਮ ਕੇਸ ਲੱਗਿਆ ਹੋਇਆ ਹੈ।

ਜਾਣਕਾਰੀ ਮੁਤਾਬਕ, ਉਹ ਪਿਛਲੇ 13 ਸਾਲਾਂ



ਤੋਂ ICE (ਇਮੀਗ੍ਰੇਸ਼ਨ ਐਂਡ ਕਸਟਮ ਇਨਫੋਰਸਮੈਂਟ) ਅੱਗੇ ਪੇਸ਼ੀਆਂ ਭੁਗਤ ਰਹੇ ਹਨ। ਉਹਨਾਂ ਉੱਪਰ ਡੈਪੂਟੇਸ਼ਨ ਲੱਗੀ ਹੋਈ ਸੀ, ਉਹ ਇੰਡੀਆ ਜਾਣਾ ਚਹੁੰਦੇ ਹਨ, ਪਰ ਭਾਰਤੀ ਅੰਬੈਸੀ ਉਹਨਾਂ ਨੂੰ ਟਰੈਵਲ ਡਾਕੂਮੈਂਟ ਦੇਣ ਤੋਂ ਇਨਕਾਰੀ ਹੈ। ਹੁਣ ਉਹਨਾਂ ਨੂੰ ਬੇਕਰਸਫੀਲਡ ਦੀ ਆਈਸ ਡਟਿਸ਼ਨ ਵਿੱਚ ਭੇਜਿਆ ਗਿਆ ਹੈ। ਬਜ਼ੁਰਗ ਹਰਜੀਤ ਕੌਰ ਕਾਫ਼ੀ ਸਾਰੀਆਂ ਦਵਾਈਆਂ ਵੀ ਲੈਂਦੇ ਹਨ ਅਤੇ ਉਹਨਾਂ ਦੀ ਸਿਹਤ ਵੀ ਓਨੀ ਠੀਕ ਨਹੀਂ ਹੈ। ਪਰਿਵਾਰ ਕਾਂਗਰਸਮੈਨ ਦੇ ਦਫ਼ਤਰ ਵੀ ਜਾ ਚੁੱਕੇ ਹਨ, ਪਰ ਕਿਤੋਂ ਕੋਈ ਮਦਦ ਨਹੀਂ ਮਿਲ ਰਹੀ। 12 ਸਤੰਬਰ ਨੂੰ ਉਹਨਾਂ ਦੀ ਰਿਹਾਈ ਨੂੰ ਲੈ ਕੇ ਇੱਕ ਮੁਜ਼ਾਹਰਾ ਐਲਸਬਰਾਟੇ ਵਿਖੇ ਹੋਇਆ ਸੀ। ਪਰਿਵਾਰ ਲੀਗਲ ਲੜਾਈ ਵੀ ਲੜ ਰਿਹਾ ਹੈ। ਇਸ ਵਕਤ ਪਰਿਵਾਰ ਭਾਈਚਾਰੇ ਤੋਂ ਬਜ਼ੁਰਗ ਹਰਜੀਤ ਕੌਰ ਦੀ ਰਿਹਾਈ ਲਈ ਸਹਿਯੋਗ ਦੀ ਗੁਹਾਰ ਲਗਾ ਰਿਹਾ ਹੈ। ਪਰਿਵਾਰ ਨੇ ਆਈਸ ਨੂੰ ਬੇਨਤੀ ਕੀਤੀ ਹੈ ਕਿ ਸਾਡੀ ਮਾਤਾ ਦੀ ਸਿਹਤ ਅਤੇ ਉਮਰ ਨੂੰ ਵੇਖਦੇ ਉਸ ਨੂੰ ਕਿਸੇ ਹੋਰ ਦੇਸ਼ ਡਿਪੋਰਟ ਕਰਨ ਦੀ ਬਜਾਏ ਤੁਰੰਤ ਇੰਡੀਆ ਭੇਜਿਆ ਜਾਵੇ।

# ਕੋਲੋਰਾਡੋ ਦੇ ਇਕ ਹਾਈ ਸਕੂਲ ਵਿੱਚ 3 ਵਿਦਿਆਰਥੀਆਂ ਨੂੰ ਮਾਰੀਆਂ ਗੋਲੀਆਂ, ਹਾਲਤ ਗੰਭੀਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਕੋਲੋਰਾਡੋ ਦੇ ਇੱਕ ਹਾਈ ਸਕੂਲ ਵਿੱਚ 3 ਵਿਦਿਆਰਥੀਆਂ ਨੂੰ ਗੋਲੀਆਂ ਮਾਰ ਕੇ ਗੰਭੀਰ ਜ਼ਖਮੀ ਕਰ ਦੇਣ ਦੀ ਖਬਰ ਹੈ। ਜੈਫਰਸਨ ਕਾਊਂਟੀ ਸ਼ੈਰਿਫ ਦਫਤਰ ਨੂੰ ਦੁਪਹਿਰ 12.24 ਵਜੇ ਐਵਰਗਰੀਨ ਹਾਈ ਸਕੂਲ ਵਿੱਚ ਗੋਲੀਆਂ ਚੱਲਣ ਦੀ ਸੂਚਨਾ ਮਿਲੀ ਸੀ। ਦਫਤਰ ਦੇ ਬੁਲਾਰੇ ਜੈਕੀ ਕੈਲੀ ਅਨੁਸਾਰ ਇਹ ਸਕੂਲ ਡੈਨਵਰ ਦੇ ਦੱਖਣ-ਪੱਛਮ ਵਿੱਚ ਤਕਰੀਬਨ 30 ਮੀਲ ਦੂਰ ਸਥਿੱਤ ਹੈ। ਮੌਕੇ 'ਤੇ ਕਥਿੱਤ ਸ਼ੂਟਰ ਜੋ ਕਿ ਇਕ ਵਿਦਿਆਰਥੀ ਹੀ ਹੈ, ਵੀ ਜ਼ਖਮੀ ਹਾਲਤ ਵਿੱਚ ਮਿਲਿਆ ਹੈ। ਬੁਲਾਰੇ ਨੇ ਸਪੱਸ਼ਟ ਕੀਤਾ ਕਿ ਮੌਕੇ 'ਤੇ ਪੁੱਜੇ ਪੁਲਿਸ ਅਫਸਰਾਂ ਵੱਲੋਂ ਕੋਈ ਗੋਲੀ ਨਹੀਂ ਚਲਾਈ ਗਈ। ਕਥਿੱਤ ਸ਼ੂਟਰ ਤੇ ਦੋ ਵਿਦਿਆਰਥੀਆਂ ਨੂੰ ਲੇਕਵੁੱਡ ਵਿੱਚ ਸੇਂਟ ਐਂਨਥਨੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ ਜਿਥੇ ਕਿ ਉਨਾਂ ਦੀ ਹਾਲਤ ਗੰਭੀਰ ਬਣੀ ਹੋਈ ਹੈ।

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

**Manteca-Arizona- San Francisco**


239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com

**All Services Under One Roof**




HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਟਰੰਪ ਦੇ ਬਿੱਲ ਕਾਰਨ 10 ਲੱਖ ਤੋਂ ਵੱਧ ਅਮਰੀਕੀ ਡਾਕਟਰੀ ਸਹਾਇਤਾ ਤੋਂ ਵਾਂਝੇ ਹੋ ਜਾਣਗੇ : ਐਮੀ ਬੇਰਾ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ)- ਕੈਲੀਫੋਰਨੀਆ ਦੇ ਡੈਮੋਕਰੈਟਿਕ ਸੰਸਦ ਐਮੀ ਬੇਰਾ ਨੇ ਹੋਰ ਡੈਮੋਕਰੈਟਿਕ ਡਾਕਟਰ ਮਿੱਤਰਾਂ ਨਾਲ ਮਿਲ ਕੇ ਟਰੰਪ ਦੇ ਸਿਹਤ ਖੇਤਰ ਨਾਲ ਜੁੜੇ ਬਿੱਲ ਦੀ ਨਿੰਦਾ ਕਰਦਿਆਂ ਇਸ ਵਿਰੁੱਧ ਜਦੋਜਹਿਦ ਜਾਰੀ ਰੱਖਣ ਦਾ ਐਲਾਨ ਕੀਤਾ ਹੈ। ਉਨ੍ਹਾਂ ਨੇ ਟਰੰਪ ਵਲੋਂ ਦਸਤਖਤ ਕੀਤੇ ਬਿੱਲ ਨੂੰ 'ਬੇਹੱਦ ਖਤਰਨਾਕ ਬਿੱਲ' ਕਰਾਰ ਦਿੰਦਿਆਂ ਕਿਹਾ ਹੈ ਕਿ ਇਸ ਨਾਲ 10 ਲੱਖ ਤੋਂ ਵਧ ਅਮਰੀਕੀ ਸਿਹਤ ਸੇਵਾਵਾਂ ਤੋਂ ਵਾਂਝੇ ਹੋ ਜਾਣਗੇ। ਬਿੱਲ ਜਿਸ ਵਿਚਲੀ ਵਿਵਸਥਾ ਤਹਿਤ ਯੋਜਨਾਬੱਧ ਸਿਹਤ ਸੇਵਾਵਾਂ ਨੂੰ ਖਤਮ ਕੀਤਾ ਜਾ ਰਿਹਾ ਹੈ, ਉਪਰ ਫਿਲਹਾਲ ਅਦਾਲਤਾਂ ਵੱਲੋਂ ਆਰਜੀ ਰੋਕ ਲਾ ਦਿੱਤੀ ਗਈ ਹੈ। ਬਿੱਲ ਦਾ ਵਿਰੋਧ ਕਰ ਰਹੇ ਆਗੂਆਂ ਦਾ ਕਹਿਣਾ ਹੈ ਕਿ ਜੇਕਰ ਇਹ ਕਾਨੂੰਨ ਲਾਗੂ ਹੋ ਜਾਂਦਾ ਹੈ ਤਾਂ 200 ਤੋਂ ਵਧ ਸਿਹਤ ਸੰਭਾਲ ਸੈਂਟਰ ਬੰਦ ਹੋ ਜਾਣਗੇ ਜਿਸ ਕਾਰਨ 11 ਲੱਖ ਮਰੀਜ਼ ਪ੍ਰਭਾਵਿਤ ਹੋਣਗੇ ਤੇ ਉਨਾਂ ਦੀ ਸਿਹਤ ਸੰਭਾਲ ਵਿਵਸਥਾ ਖਤਰੇ 'ਚ ਪੈ ਜਾਵੇਗੀ। ਬੇਰਾ ਨੇ ਕਿਹਾ ਹੈ ਕਿ ਯੋਜਨਾਬੱਧ ਸੇਵਾਵਾਂ ਇਸ ਦੇਸ਼ 'ਚ ਰਹਿੰਦੇ ਬਹੁਤ ਸਾਰੇ ਲੋਕਾਂ ਲਈ ਇਕੋ ਇਕ ਸਹਾਰਾ ਹਨ। 'ਯੋਜਨਾਬੱਧ ਪੇਰੈਂਟਹੁੱਡ' ਸਿਹਤ ਸੈਂਟਰ ਖਾਸ ਕਰਕੇ ਦਿਹਾਤੀ ਤੇ ਥੁੜਾਂ ਮਾਰੇ ਖੇਤਰਾਂ 'ਚ ਔਰਤਾਂ ਤੇ ਮਰਦਾਂ ਲਈ ਮੁੱਢਲੀਆਂ ਸਿਹਤ ਸੰਭਾਲ ਸੇਵਾਵਾਂ ਹਨ। ਇਹ ਸੈਂਟਰ ਕੈਂਸਰ ਸਕਰੀਨਿੰਗ, ਐਸ.ਟੀ.ਆਈ. ਟੈਸਟਿੰਗ ਤੇ ਪੁਰਾਣੀਆਂ ਬਿਮਾਰੀਆਂ ਸਬੰਧੀ ਅਹਿਮ ਹਨ ਤੇ ਲੋਕਾਂ ਲਈ ਜਰੂਰੀ ਸੇਵਾਵਾਂ ਹਨ। ਬੇਰਾ ਨੇ ਵਚਨਬੱਧਤਾ ਦੁਹਰਾਈ ਹੈ ਕਿ ਉਹ ਇਸ ਵਿਰੁੱਧ ਜਦੋਜਹਿਦ ਜਾਰੀ ਰੱਖਣਗੇ ਤੇ ਰਿਪਬਲੀਕਨਾਂ ਨੂੰ ਜਿੰਮੇਵਾਰੀ ਤੋਂ ਭੱਜਣ ਨਹੀਂ ਦੇਣਗੇ।



# ਟੈਕਸਾਸ ਦੇ ਗਵਰਨਰ ਵੱਲੋਂ ਸ਼ਰੀਆ ਕਾਨੂੰਨ 'ਤੇ ਪਾਬੰਦੀ ਲਾਉਣ ਦਾ ਐਲਾਨ




ਹਿਊਸਟਨ : ਟੈਕਸਾਸ ਦੇ ਗਵਰਨਰ ਗ੍ਰੇਗ ਐਬੋਟ ਨੇ ਕਿਹਾ ਹੈ ਕਿ ਉਨ੍ਹਾਂ ਦੇ ਸੂਬੇ ਨੇ ਇਸਲਾਮੀ ਸ਼ਰੀਆ ਕਾਨੂੰਨ ਲਾਗੂ ਕਰਨ 'ਤੇ ਪਾਬੰਦੀ ਲਗਾ ਦਿੱਤੀ ਹੈ ਅਤੇ ਲੋਕਾਂ ਨੂੰ ਕਾਰੋਬਾਰਾਂ ਜਾਂ ਵਿਅਕਤੀਆਂ 'ਤੇ 'ਸ਼ਰੀਆ ਪਾਲਣਾ' ਥੋਪਣ ਦੀ ਕਿਸੇ ਵੀ ਕੋਸ਼ਿਸ਼ ਦੀ ਰਿਪੋਰਟ ਕਰਨ ਦੀ ਅਪੀਲ ਕੀਤੀ ਹੈ।
ਐਬੋਟ ਦੀ ਇਹ ਟਿੱਪਣੀ ਹਿਊਸਟਨ ਤੋਂ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਆਈ ਹੈ, ਜਿਸ ਵਿਚ ਇਕ ਮੌਲਵੀ ਨੂੰ ਲਾਊਡਸਪੀਕਰ ਰਾਹੀਂ ਦੁਕਾਨਦਾਰਾਂ ਨੂੰ ਸ਼ਰਾਬ, ਸੂਰ ਦਾ ਮਾਸ ਜਾਂ ਲਾਟਰੀ ਟਿਕਟਾਂ ਨਾ ਵੇਚਣ ਦੀ ਅਪੀਲ ਕਰਦੇ ਦੇਖਿਆ ਗਿਆ ਸੀ। ਐਬੋਟ ਨੇ 'ਐਕਸ' 'ਤੇ ਇਕ ਪੋਸਟ 'ਚ ਕਿਹਾ, 'ਮੈਂ ਟੈਕਸਾਸ ਵਿਚ ਸ਼ਰੀਆ ਕਾਨੂੰਨ ਅਤੇ ਸ਼ਰੀਆ ਕਾਨੂੰਨੀ ਪ੍ਰਕਿਰਿਆ 'ਤੇ ਪਾਬੰਦੀ ਲਾਉਣ ਵਾਲੇ ਕਾਨੂੰਨ 'ਤੇ ਦਸਤਖਤ ਕੀਤੇ ਹਨ। ਕਿਸੇ ਵੀ ਉਦਯੋਗ ਅਤੇ ਕਿਸੇ ਵੀ ਵਿਅਕਤੀ ਨੂੰ ਅਜਿਹੇ ਮੂਰਖਾਂ ਤੋਂ ਡਰਨਾ ਨਹੀਂ ਚਾਹੀਦਾ।

# ਭਾਰਤੀ-ਗੁਜਰਾਤੀ ਔਰਤ ਬਿਜਲ ਪਟੇਲ ਅਚਾਨਕ ਹੋਈ ਲਾਪਤਾ



ਨਿਊਯਾਰਕ (ਰਾਜ ਗੋਗਨਾ)- ਅਮਰੀਕਾ ਤੋਂ ਇਕ ਸਨਸਨੀਖੇਜ਼ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੋਂ ਦੇ ਸੂਬੇ ਜਾਰਜੀਆ ਵਿੱਚ ਰਹਿਣ ਵਾਲੀ ਇਕ 33 ਸਾਲਾ ਭਾਰਤੀ-ਗੁਜਰਾਤੀ ਔਰਤ ਬਿਜਲ ਪਟੇਲ ਅਚਾਨਕ ਲਾਪਤਾ ਹੋ ਗਈ ਹੈ। ਇਸ ਸਬੰਧੀ ਪੁਲਸ ਕੋਲ ਸ਼ਿਕਾਇਤ ਦਰਜ ਕਰਵਾ ਦਿੱਤੀ ਗਈ ਹੈ।
ਬਿਜਲ ਪਟੇਲ ਨੂੰ ਆਖਰੀ ਵਾਰ ਐਤਵਾਰ 7 ਸਤੰਬਰ ਨੂੰ ਸ਼ਾਮ 7 ਵਜੇ ਦੇਖਿਆ ਗਿਆ ਸੀ। ਪੁਲਸ ਦੇ ਅਨੁਸਾਰ ਕਾਲੀ ਪੈਂਟ ਅਤੇ ਕਾਲੀ ਟੀ-ਸ਼ਰਟ ਪਹਿਨੇ ਹੋਏ ਬਿਜਲ ਪਟੇਲ ਉਸੇ ਸਮੇਂ ਕਾਰਲੇਟਨ ਨੇੜੇ ਮੈਡੋ ਰਨ ਵਿੱਚ ਆਪਣੇ ਘਰ ਤੋਂ ਨਿਕਲੀ ਸੀ। ਜਿਸ ਕਾਰ ਵਿੱਚ ਉਹ ਘਰੋਂ ਨਿਕਲੀ ਸੀ, ਉਸ ਦੇ ਵੇਰਵੇ ਦਿੰਦੇ ਹੋਏ ਪੁਲਸ ਨੇ ਦੱਸਿਆ ਕਿ ਉਹ ਸਿਲਵਰ ਰੰਗ ਦੀ ਹੌਂਡਾ ਅਕਾਰਡ ਸੀ ਅਤੇ ਇਸ 'ਤੇ ਜਾਰਜੀਆ ਲਾਇਸੈਂਸ ਪਲੇਟ ਸੀ।
ਜਾਣਕਾਰੀ ਦਿੰਦੇ ਹੋਏ ਪੁਲਸ ਨੇ ਇਹ ਵੀ ਕਿਹਾ ਹੈ ਕਿ 33 ਸਾਲਾ ਬਿਜਲ ਪਟੇਲ 5 ਫੁੱਟ 3 ਇੰਚ ਲੰਬੀ ਹੈ ਅਤੇ ਉਸ ਦਾ ਭਾਰ 100 ਪੌਂਡ ਹੈ। ਗੁਜਰਾਤੀ ਔਰਤ ਦੇ ਦੋ ਤੋਂ ਤਿੰਨ ਦਿਨਾਂ ਤੱਕ ਲਾਪਤਾ ਰਹਿਣ ਤੋਂ ਬਾਅਦ, ਪੁਲਸ ਨੇ ਸੋਸ਼ਲ ਮੀਡੀਆ 'ਤੇ ਉਸ ਦੀ ਫੋਟੋ ਸਾਂਝੀ ਕੀਤੀ ਹੈ ਅਤੇ ਉਸ ਨੂੰ ਲੱਭਣ ਲਈ ਜਨਤਾ ਤੋਂ ਮਦਦ ਮੰਗੀ ਹੈ। ਪੁਲਸ ਨੇ ਇਹ ਵੀ ਕਿਹਾ ਹੈ ਕਿ ਬਿਜਲ ਪਟੇਲ ਨੂੰ ਲੱਭਣ ਵਿੱਚ ਮਦਦ ਕਰਨ ਵਾਲੀ ਜਾਣਕਾਰੀ ਦੇਣ ਵਾਲੇ ਵਿਅਕਤੀ ਦੀ ਪਛਾਣ ਗੁਪਤ ਰੱਖੀ ਜਾਵੇਗੀ।

# ਕੈਲੀਫੋਰਨੀਆ ਅਸੈਂਬਲੀ 'ਚ ਐਸ.ਬੀ. 509 ਬਿੱਲ ਪਾਸ

## ਇਸ ਬਿੱਲ ਨਾਲ ਲੋਕਾਂ ਦੀ ਬੋਲਣ ਦੀ ਆਜ਼ਾਦੀ ਨੂੰ ਵਿਦੇਸ਼ੀ ਤਾਕਤਾਂ ਵੱਲੋਂ ਦਬਾਉਣ ਦੀਆਂ ਕੋਸ਼ਿਸ਼ਾਂ ਰੋਕੀਆਂ ਜਾ ਸਕਦੀਆਂ ਹਨ : ਸਿੱਖ ਮੈਂਬਰ ਜਸਮੀਤ ਕੌਰ ਬੈਂਸ

ਸੈਕਰਾਮੈਂਟੋ, (ਸਾਡੇ ਲੋਕ) : ਕੈਲੀਫੋਰਨੀਆ ਅਸੈਂਬਲੀ ਨੇ ਐਸ.ਬੀ. 509 ਬਿੱਲ ਸਹਿਮਤੀ ਨਾਲ ਪਾਸ ਕਰ ਲਿਆ ਹੈ। ਇਹ ਬਿੱਲ ਸੂਬੇ ਦੀਆਂ ਏਜੰਸੀਆਂ ਅਤੇ ਪੁਲਿਸ ਨੂੰ ਵਿਦੇਸ਼ੀ ਸਰਕਾਰਾਂ ਵੱਲੋਂ ਕੀਤੇ ਜਾਣ ਵਾਲੇ ਡਰਾਉਣ-ਧਮਕਾਉਣ ਅਤੇ ਨਿਗਰਾਨੀ ਹਮਲਿਆਂ ਨੂੰ ਸਮਝਣ ਤੇ ਰੋਕਣ ਲਈ ਟਰੇਨਿੰਗ ਦੇਣ ਦਾ ਪ੍ਰਬੰਧ ਕਰਦਾ ਹੈ। 1 ਜਨਵਰੀ 2027 ਤੱਕ ਕੈਲੀਫੋਰਨੀਆ ਆਫਿਸ ਆਫ ਐਮਰਜੈਂਸੀ ਸਰਵਿਸਜ਼ ਵੱਲੋਂ ਖ਼ਾਸ ਟਰੇਨਿੰਗ ਪ੍ਰੋਗਰਾਮ ਤਿਆਰ ਕੀਤਾ ਜਾਵੇਗਾ। ਹੁਣ ਇਹ ਬਿੱਲ ਗਵਰਨਰ ਗੈਵਿਨ ਨਿਊਸਮ ਦੇ ਦਸਤਖ਼ਤ ਲਈ ਭੇਜਿਆ ਗਿਆ ਹੈ। ਕੈਲੀਫੋਰਨੀਆ ਅਸੈਂਬਲੀ ਵੱਲੋਂ ਪਾਸ ਕੀਤੇ ਐਸ.ਬੀ. 509 ਬਿੱਲ ਦਾ ਮਕਸਦ ਵਿਦੇਸ਼ੀ ਦਖ਼ਲਅੰਦਾਜ਼ੀ ਵਰਗੀ ਗੰਭੀਰ ਸਮੱਸਿਆ ਨਾਲ ਨਜਿੱਠਣਾ ਹੈ। ਇਹ ਬਿੱਲ ਸੂਬੇ ਦੀ ਸੈਨੇਟ ਵਿਚ ਪਹਿਲਾਂ ਹੀ ਪਾਸ ਹੋ ਚੁੱਕਾ ਸੀ ਅਤੇ ਹੁਣ ਅਸੈਂਬਲੀ ਤੋਂ ਵੀ ਇਸ ਨੂੰ ਹਰੀ ਝੰਡੀ ਮਿਲ ਗਈ ਹੈ। ਇਹ ਬਿੱਲ ਸੂਬਾ ਸੈਨੇਟਰ ਐਨਾ ਕੈਬਾਯੇਰੋ ਵੱਲੋਂ ਤਿਆਰ ਕੀਤਾ ਗਿਆ ਸੀ। ਕੈਲੀਫੋਰਨੀਆ ਅਸੈਂਬਲੀ ਦੀ ਪਹਿਲੀ ਸਿੱਖ ਮੈਂਬਰ ਜਸਮੀਤ ਕੌਰ ਬੈਂਸ ਨੇ ਬਿੱਲ ਪਾਸ ਹੋਣ ਮਗਰੋਂ ਕਿਹਾ ਕਿ ਇਸ




ਤਰ੍ਹਾਂ ਦਾ ਕਾਨੂੰਨ ਸਿਰਫ ਕੈਲੀਫੋਰਨੀਆ ਹੀ ਨਹੀਂ, ਸਗੋਂ ਅਮਰੀਕਾ ਦੀ ਕਾਂਗਰਸ ਵਿਚ ਵੀ ਪਾਸ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਇਸ ਨਾਲ ਲੋਕਾਂ ਦੀ ਬੋਲਣ ਦੀ ਆਜ਼ਾਦੀ ਨੂੰ ਵਿਦੇਸ਼ੀ ਤਾਕਤਾਂ ਵੱਲੋਂ ਦਬਾਉਣ ਦੀਆਂ ਕੋਸ਼ਿਸ਼ਾਂ ਰੋਕੀਆਂ ਜਾ ਸਕਦੀਆਂ ਹਨ। ਸੈਨੇਟਰ ਕੈਬਾਯੇਰੋ ਨੇ ਇਸ ਮਾਮਲੇ ਵੱਲ ਕਈ ਵਾਰ ਧਿਆਨ ਦਿਵਾਇਆ ਕਿ ਜ਼ੁਲਮ ਤੋਂ ਬਚ ਕੇ ਅਮਰੀਕਾ ਆਏ ਪ੍ਰਵਾਸੀਆਂ 'ਤੇ ਕੁਝ ਵਿਦੇਸ਼ੀ ਤਾਕਤਾਂ ਵੱਲੋਂ ਹਿੰਸਾ ਦੀ ਵਰਤੋਂ ਕੀਤੀ ਜਾਂਦੀ ਹੈ। ਪਰ ਪ੍ਰਭਾਵਸ਼ਾਲੀ ਕਾਨੂੰਨ ਨਾ ਹੋਣ ਕਰਕੇ ਇਸ ਸਮੱਸਿਆ ਨਾਲ ਨਜਿੱਠਣ ਵਿਚ ਮੁਸ਼ਕਲਾਂ ਆ ਰਹੀਆਂ ਸਨ। ਉਨ੍ਹਾਂ ਮੁਤਾਬਕ, ਇਹ ਖਤਰੇ ਮਨੁੱਖੀ ਹੱਕਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੇ ਹਨ।
ਹੁਣ ਬਿੱਲ ਪਾਸ ਹੋਣ ਤੋਂ ਬਾਅਦ ਕੈਲੀਫੋਰਨੀਆ ਦੇ ਪੁਲਿਸ ਵਿਭਾਗ ਨੂੰ ਅਧਿਕਾਰ ਮਿਲ ਗਏ ਹਨ ਕਿ ਉਹ ਇਸ ਤਰ੍ਹਾਂ ਦੇ ਖਤਰਿਆਂ ਬਾਰੇ ਜਾਣਕਾਰੀ ਇਕੱਤਰ ਕਰਕੇ ਫੈਡਰਲ ਏਜੰਸੀਆਂ ਨਾਲ ਸਾਂਝੀ ਕਰ ਸਕਣ। ਸਿੱਖ ਅਮਰੀਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰਡ ਸਮੇਤ ਕਈ ਸੰਗਠਨਾਂ ਵੱਲੋਂ ਇਸ ਬਿੱਲ ਦੀ ਖੁੱਲ੍ਹ ਕੇ ਹਮਾਇਤ ਕੀਤੀ ਗਈ ਹੈ।

# ਬਿੱਲ : ਕਾਨੂੰਨ ਬਣਨ ਲਈ ਗਵਰਨਰ ਦੇ ਦਸਤਖਤਾਂ ਦੀ ਉਡੀਕ

ਸੈਕਰਾਮੈਂਟੋ, (ਸਾਡੇ ਲੋਕ)- ਕੈਲੀਫੋਰਨੀਆ ਵਿੱਚ ਵੱਸਦੇ ਪਰਵਾਸੀ ਭਾਈਚਾਰਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਪੇਸ਼ ਕੀਤਾ ਗਿਆ ਸੈਨੇਟ ਬਿੱਲ 509 (SB 509) ਸੂਬੇ ਦੀ ਸੈਨੇਟ ਅਤੇ ਅਸੈਂਬਲੀ ਵਿੱਚੋਂ ਸਰਬਸੰਮਤੀ ਨਾਲ ਪਾਸ ਹੋ ਗਿਆ ਹੈ। ਇਹ ਬਿੱਲ, ਜੋ ਵਿਦੇਸ਼ੀ ਸਰਕਾਰਾਂ ਵੱਲੋਂ ਅਮਰੀਕਾ ਵਿੱਚ ਰਹਿੰਦੇ ਆਪਣੇ ਨਾਗਰਿਕਾਂ ਅਤੇ ਹੋਰਨਾਂ ਨੂੰ ਡਰਾਉਣ-ਧਮਕਾਉਣ, ਤੰਗ-ਪ੍ਰੇਸ਼ਾਨ ਕਰਨ ਜਾਂ ਨਿਸ਼ਾਨਾ ਬਣਾਉਣ (ਜਿਸ ਨੂੰ "Transnational Repression" ਕਿਹਾ ਜਾਂਦਾ ਹੈ) ਦੇ ਖਿਲਾਫ਼ ਸਖ਼ਤ ਕਦਮ ਚੁੱਕਣ ਦੀ ਵਿਵਸਥਾ ਕਰਦਾ ਹੈ, ਹੁਣ ਕਾਨੂੰਨ ਬਣਨ ਲਈ ਗਵਰਨਰ ਗੈਵਿਨ ਨਿਊਸਮ ਦੇ ਦਸਤਖਤਾਂ ਦੀ ਉਡੀਕ ਕਰ ਰਿਹਾ ਹੈ।
ਇਸ ਬਿੱਲ ਨੂੰ 3 ਜੂਨ, 2025 ਨੂੰ ਸੈਨੇਟ ਵਿੱਚ 38-0 ਦੇ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਸੀ। ਇਸ ਤੋਂ ਬਾਅਦ, ਅਸੈਂਬਲੀ ਵਿੱਚ ਵੀ ਇਸ ਨੂੰ ਭਾਰੀ ਹਮਾਇਤ ਮਿਲੀ। ਅਸੈਂਬਲੀ ਵੱਲੋਂ ਕੀਤੀਆਂ ਕੁਝ ਸੋਧਾਂ 'ਤੇ ਸਹਿਮਤੀ ਲਈ ਬਿੱਲ ਨੂੰ ਵਾਪਸ ਸੈਨੇਟ ਭੇਜਿਆ ਗਿਆ ਸੀ, ਜਿੱਥੇ ਇਸਨੂੰ ਮਨਜ਼ੂਰੀ ਮਿਲ ਗਈ ਹੈ।

**ਕੀ ਹੈ ਸੈਨੇਟ ਬਿੱਲ 509 ?**

ਸੈਨੇਟ ਬਿੱਲ 509, ਜਿਸ ਨੂੰ ਸੈਨੇਟਰ ਐਨਾ ਕੈਬਾਲੇਰੋ ਵੱਲੋਂ ਪੇਸ਼ ਕੀਤਾ ਗਿਆ ਸੀ, ਦਾ ਮੁੱਖ ਮਕਸਦ ਕੈਲੀਫੋਰਨੀਆ ਦੇ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੂੰ ਵਿਦੇਸ਼ੀ ਸਰਕਾਰਾਂ ਦੁਆਰਾ ਕੀਤੀ ਜਾਂਦੀ "Transnational Repression" ਦੀਆਂ ਘਟਨਾਵਾਂ ਨੂੰ ਪਛਾਣਨ ਅਤੇ ਉਹਨਾਂ ਨਾਲ ਨਜਿੱਠਣ ਲਈ ਸਿਖਲਾਈ ਦੇਣਾ ਹੈ। ਇਸ ਬਿੱਲ ਦੇ ਮੁੱਖ ਨੁਕਤੇ ਹੇਠ ਲਿਖੇ ਅਨੁਸਾਰ ਹਨ:

- **ਪਰਿਭਾਸ਼ਾ ਅਤੇ ਪਛਾਣ**: ਇਹ ਬਿੱਲ "Transnational Repression" ਨੂੰ ਕਾਨੂੰਨੀ ਤੌਰ 'ਤੇ ਪਰਿਭਾਸ਼ਿਤ ਕਰਦਾ ਹੈ। ਇਸ ਵਿੱਚ ਵਿਦੇਸ਼ੀ ਸਰਕਾਰਾਂ ਜਾਂ ਉਹਨਾਂ ਦੇ ਏਜੰਟਾਂ ਦੁਆਰਾ ਡਿਜੀਟਲ ਜਾਂ ਸਰੀਰਕ ਤੌਰ 'ਤੇ ਨਿਗਰਾਨੀ, ਧਮਕੀਆਂ, ਪ੍ਰੇਸ਼ਾਨੀ ਅਤੇ ਹਿੰਸਾ ਵਰਗੀਆਂ ਕਾਰਵਾਈਆਂ ਸ਼ਾਮਲ ਹਨ।
- **ਪੁਲਿਸ ਲਈ ਸਿਖਲਾਈ**: ਬਿੱਲ ਦੇ ਤਹਿਤ, ਕੈਲੀਫੋਰਨੀਆ ਦੇ "Office of Emergency Services" (CalOES) ਨੂੰ ਪੁਲਿਸ ਅਧਿਕਾਰੀਆਂ ਲਈ ਵਿਸ਼ੇਸ਼ ਸਿਖਲਾਈ ਪ੍ਰੋਗਰਾਮ ਤਿਆਰ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਇਸ ਸਿਖਲਾਈ ਦਾ ਮਕਸਦ ਅਧਿਕਾਰੀਆਂ ਨੂੰ ਅਜਿਹੀਆਂ ਘਟਨਾਵਾਂ ਦੀ ਪਛਾਣ ਕਰਨ ਅਤੇ ਪੀੜਤਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਯੋਗ ਬਣਾਉਣਾ ਹੈ।
- **ਭਾਈਚਾਰਿਆਂ ਦੀ ਸੁਰੱਖਿਆ**: ਇਸ ਦਾ ਉਦੇਸ਼ ਉਹਨਾਂ ਕਾਰਕੁਨਾਂ, ਪੱਤਰਕਾਰਾਂ ਅਤੇ ਘੱਟ-ਗਿਣਤੀ ਭਾਈਚਾਰਿਆਂ ਦੇ ਮੈਂਬਰਾਂ ਦੀ ਰੱਖਿਆ ਕਰਨਾ ਹੈ ਜੋ ਵਿਦੇਸ਼ਾਂ ਵਿੱਚ ਬੈਠ ਕੇ ਆਪਣੇ ਮੂਲ ਦੇਸ਼ਾਂ ਦੀਆਂ ਸਰਕਾਰਾਂ ਦੀਆਂ ਨੀਤੀਆਂ ਦੇ ਖਿਲਾਫ਼ ਆਵਾਜ਼ ਉਠਾਉਂਦੇ ਹਨ।

**ਸਿੱਖ ਭਾਈਚਾਰੇ ਅਤੇ ਹੋਰ ਸੰਗਠਨਾਂ ਵੱਲੋਂ ਭਰਵਾਂ ਸਵਾਗਤ** : ਇਸ ਬਿੱਲ ਨੂੰ ਕੈਲੀਫੋਰਨੀਆ ਦੇ ਸਿੱਖ ਭਾਈਚਾਰੇ ਸਮੇਤ ਕਈ ਮਨੁੱਖੀ ਅਧਿਕਾਰ ਸੰਗਠਨਾਂ ਵੱਲੋਂ ਵੱਡੀ ਜਿੱਤ ਵਜੋਂ ਦੇਖਿਆ ਜਾ ਰਿਹਾ ਹੈ। ਸਿੱਖ ਕੋਲੀਸ਼ਨ, ਸਿੱਖ ਅਮੇਰੀਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰਡ (SALDEF) ਅਤੇ ਜਕਾਰਾ ਮੂਵਮੈਂਟ ਵਰਗੀਆਂ ਸੰਸਥਾਵਾਂ ਨੇ ਇਸ ਬਿੱਲ ਦੀ ਜ਼ੋਰਦਾਰ ਹਮਾਇਤ ਕੀਤੀ ਹੈ।
ਇਹਨਾਂ ਸੰਗਠਨਾਂ ਦਾ ਕਹਿਣਾ ਹੈ ਕਿ ਭਾਰਤ ਸਰਕਾਰ ਸਮੇਤ ਕਈ ਹੋਰ ਦੇਸ਼ਾਂ ਦੀਆਂ ਸਰਕਾਰਾਂ ਵੱਲੋਂ ਅਮਰੀਕਾ ਵਿੱਚ ਵੱਸਦੇ ਸਿੱਖਾਂ ਅਤੇ ਹੋਰ ਘੱਟ-ਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਰਹੀਆਂ ਹਨ। ਉਹਨਾਂ ਦਾ ਮੰਨਣਾ ਹੈ ਕਿ ਇਹ ਕਾਨੂੰਨ ਅਜਿਹੀਆਂ ਗਤੀਵਿਧੀਆਂ 'ਤੇ ਰੋਕ ਲਗਾਉਣ ਅਤੇ ਪੀੜਤਾਂ ਨੂੰ ਸੁਰੱਖਿਆ ਪ੍ਰਦਾਨ ਕਰਨ ਵਿੱਚ ਮਦਦਗਾਰ ਸਾਬਤ ਹੋਵੇਗਾ।

**ਕੁਝ ਹਿੰਦੂ ਅਮਰੀਕੀ ਸੰਗਠਨਾਂ ਵੱਲੋਂ ਵਿਰੋਧ** : ਹਾਲਾਂਕਿ ਇਸ ਬਿੱਲ ਨੂੰ ਵੱਡੇ ਪੱਧਰ 'ਤੇ ਹਮਾਇਤ ਮਿਲੀ ਹੈ, ਪਰ ਕੁਝ ਹਿੰਦੂ ਅਮਰੀਕੀ ਸੰਗਠਨਾਂ ਨੇ ਇਸ 'ਤੇ ਚਿੰਤਾ ਪ੍ਰਗਟਾਈ ਹੈ। ਉਹਨਾਂ ਦਾ ਤਰਕ ਹੈ ਕਿ ਇਸ ਕਾਨੂੰਨ ਦੀ ਦੁਰਵਰਤੋਂ ਹਿੰਦੂ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਲਈ ਕੀਤੀ ਜਾ ਸਕਦੀ ਹੈ ਅਤੇ ਇਸ ਨਾਲ ਭਾਈਚਾਰਕ ਸਾਂਝ ਨੂੰ ਨੁਕਸਾਨ ਪਹੁੰਚ ਸਕਦਾ ਹੈ। ਉਹਨਾਂ ਨੇ ਬਿੱਲ ਦੀ ਭਾਸ਼ਾ ਵਿੱਚ ਸਪੱਸ਼ਟਤਾ ਦੀ ਘਾਟ ਹੋਣ ਦਾ ਦੋਸ਼ ਲਾਇਆ ਹੈ। ਇਸ ਦੇ ਬਾਵਜੂਦ, ਬਿੱਲ ਦੇ ਸਮਰਥਕਾਂ ਦਾ ਕਹਿਣਾ ਹੈ ਕਿ ਇਹ ਕਾਨੂੰਨ ਕਿਸੇ ਖਾਸ ਭਾਈਚਾਰੇ ਦੇ ਖਿਲਾਫ਼ ਨਹੀਂ ਹੈ, ਬਲਕਿ ਇਹ ਸਾਰੇ ਕੈਲੀਫੋਰਨੀਆ ਵਾਸੀਆਂ ਨੂੰ ਵਿਦੇਸ਼ੀ ਸਰਕਾਰਾਂ ਦੇ ਗੈਰ-ਕਾਨੂੰਨੀ ਦਬਾਅ ਤੋਂ ਬਚਾਉਣ ਲਈ ਬਣਾਇਆ ਗਿਆ ਹੈ।
ਹੁਣ ਸਭ ਦੀਆਂ ਨਜ਼ਰਾਂ ਗਵਰਨਰ ਗੈਵਿਨ ਨਿਊਸਮ 'ਤੇ ਟਿਕੀਆਂ ਹਨ, ਜਿਨ੍ਹਾਂ ਦੇ ਦਸਤਖਤਾਂ ਤੋਂ ਬਾਅਦ ਇਹ ਬਿੱਲ ਕਾਨੂੰਨ ਦਾ ਰੂਪ ਲੈ ਲਵੇਗਾ ਅਤੇ ਕੈਲੀਫੋਰਨੀਆ ਅਜਿਹਾ ਕਾਨੂੰਨ ਬਣਾਉਣ ਵਾਲਾ ਦੇਸ਼ ਦਾ ਪਹਿਲਾ ਸੂਬਾ ਬਣ ਸਕਦਾ ਹੈ।

# ਨਿਊਯਾਰਕ ਦੀ ਗਵਰਨਰ ਨੇ ਮੇਅਰ ਦੇ ਅਹੁਦੇ ਲਈ 'ਜ਼ੋਹਰਾਨ ਮਮਦਾਨੀ' ਦਾ ਕੀਤਾ ਸਮਰਥਨ

ਨਿਊਯਾਰਕ : ਨਿਊਯਾਰਕ ਦੀ ਗਵਰਨਰ ਕੈਥੀ ਹੋਚੁਲ ਨੇ ਐਤਵਾਰ ਨੂੰ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਜ਼ੋਹਰਾਨ ਮਮਦਾਨੀ ਨੂੰ ਨਿਊਯਾਰਕ ਸ਼ਹਿਰ ਦਾ ਮੇਅਰ ਚੁਣਨ। ਇਸ ਨੂੰ ਅਮਰੀਕਾ ਦੇ ਸਭ ਤੋਂ ਵੱਡੇ ਸ਼ਹਿਰ ਦੇ ਇਸ ਮਹੱਤਵਪੂਰਨ ਅਹੁਦੇ ਦੀ ਦੌੜ ਵਿਚ ਸ਼ਾਮਲ ਮਮਦਾਨੀ ਲਈ ਇਕ ਮਹੱਤਵਪੂਰਨ ਸਮਰਥਨ ਮੰਨਿਆ ਜਾ ਰਿਹਾ ਹੈ।
'ਨਿਊਯਾਰਕ ਟਾਈਮਜ਼' ਅਖਬਾਰ ਦੇ 'ਓਪੀਨੀਅਨ' ਕਾਲਮ ਵਿਚ ਲਿਖੇ ਇਕ ਲੇਖ



'ਚ ਗਵਰਨਰ ਹੋਚੁਲ ਨੇ ਕਿਹਾ ਕਿ ਭਾਵੇਂ ਉਹ ਅਤੇ ਮਮਦਾਨੀ ਕੁਝ ਮੁੱਦਿਆਂ 'ਤੇ ਸਹਿਮਤ ਨਹੀਂ ਹਨ ਪਰ ਦੋਵੇਂ ਇਸ ਗੱਲ 'ਤੇ ਸਹਿਮਤ ਹਨ ਕਿ ਨਿਊਯਾਰਕ ਸ਼ਹਿਰ ਅਤੇ ਦੇਸ਼ 'ਚ ਵਧਦੀ ਮਹਿੰਗਾਈ ਦੀ ਸਮੱਸਿਆ ਨੂੰ ਹੱਲ ਕਰਨਾ ਬਹੁਤ ਜ਼ਰੂਰੀ ਹੈ। ਡੈਮੋਕ੍ਰੇਟਿਕ ਪਾਰਟੀ ਦੀ ਮੈਂਬਰ ਹੋਚੁਲ ਨੇ ਲਿਖਿਆ, 'ਗੱਲਬਾਤ ਦੌਰਾਨ ਮੈਂ ਉਨ੍ਹਾਂ ਵਿਚ ਇਕ ਅਜਿਹਾ ਨੇਤਾ ਦੇਖਿਆ ਹੈ, ਜੋ ਨਿਊਯਾਰਕ ਲਈ ਮਿਲ ਕੇ ਕੰਮ ਕਰਨਾ ਚਾਹੁੰਦਾ ਹੈ, ਤਾਂ ਜੋ ਬੱਚੇ ਸੁਰੱਖਿਅਤ ਮਾਹੌਲ 'ਚ ਵੱਡੇ ਹੋਣ ਅਤੇ ਹਰ ਪਰਿਵਾਰ ਨੂੰ ਅੱਗੇ ਵਧਣ ਦਾ ਮੌਕਾ ਮਿਲ ਸਕੇ।'

# ਦਰਜਨਾਂ ਸਿਆਸਤਦਾਨਾਂ ’ਤੇ ਦਰਜ ਹਨ ਅਪਰਾਧਿਕ ਮਾਮਲੇ

ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ (ਏ.ਡੀ.ਆਰ.) ਦੀ ਰਿਪੋਰਟ ਤੋਂ ਪੰਜਾਬ ਦੇ ਮੰਤਰੀਆਂ ਤੇ ਵਿਧਾਇਕਾਂ ਦੇ ਖੀਸਿਆਂ ਦਾ ਖੁਲਾਸਾ ਹੋਇਆ ਹੈ। ਪੰਜਾਬ ਦੇ ਮੌਜੂਦਾ 14 ਮੰਤਰੀ ਕਰੋੜਪਤੀ ਹਨ, ਜਦਕਿ ਇਕ ਅਰਬਪਤੀ ਹੈ। ਹਾਲ ਹੀ ਵਿਚ ਲੁਧਿਆਣਾ ਪੱਛਮੀ ਤੋਂ ਚੁਣੇ ਗਏ ਵਿਧਾਇਕ ਤੇ ਹੁਣ ਮੰਤਰੀ ਸੰਜੀਵ ਅਰੋੜਾ ਕੋਲ 308 ਕਰੋੜ ਦੀ ਜਾਇਦਾਦ ਹੈ। ਪੰਜਾਬ ਦੇ 16 ਮੰਤਰੀਆਂ ’ਚੋਂ 14 ਕੋਲ 31 ਕਰੋੜ ਹਨ, ਜਦਕਿ ਇਕੋ-ਇਕ ਕੈਬਨਿਟ ਮੰਤਰੀ ਕਟਾਰੂਚੱਕ ਨੇ ਆਪਣੀ ਜਾਇਦਾਦ ਲੱਖਾਂ ਵਿਚ ਦੱਸੀ ਹੈ। ਇਸੇ ਤਰ੍ਹਾਂ ਹਿਮਾਚਲ ਪ੍ਰਦੇਸ਼, ਗੁਜਰਾਤ ਤੇ ਮੱਧ ਪ੍ਰਦੇਸ਼ ਦੇ 1-1 ਅਤੇ ਅਰੁਣਾਚਲ ਪ੍ਰਦੇਸ਼, ਦਿੱਲੀ, ਹਰਿਆਣਾ ਤੇ ਤੇਲੰਗਾਨਾ ਦੇ 2-2 ਮੰਤਰੀਆਂ ਨੂੰ ਛੱਡ ਕੇ ਸਭ ਸੂਬਿਆਂ ਦੇ ਮੰਤਰੀ ਕਰੋੜਪਤੀ ਹਨ।

ਏ.ਡੀ.ਆਰ. ਦੀ ਰਿਪੋਰਟ ਮੁਤਾਬਕ ਦੇਸ਼ ਦੇ ਕੁੱਲ 30 ਮੁੱਖ ਮੰਤਰੀਆਂ ’ਚੋਂ 2 ਅਰਬਪਤੀ ਹਨ। 30 ਮੁੱਖ ਮੰਤਰੀਆਂ ਕੋਲ ਕੁੱਲ 1,632 ਕਰੋੜ ਰੁਪਏ ਦੀ ਜਾਇਦਾਦ ਹੈ। ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰ ਬਾਬੂ ਨਾਇਡੂ 931.8 ਕਰੋੜ ਰੁਪਏ ਦੇ ਮਾਲਕ ਹਨ, ਜਦਕਿ ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਪੇਮਾ ਖਾਂਡੂ ਕੋਲ 332.5 ਕਰੋੜ ਦੀ ਜਾਇਦਾਦ ਹੈ। ਕਰਨਾਟਕ ਦੇ ਮੁੱਖ ਮੰਤਰੀ ਸਿੱਧਾਰੱਮਈਆ ਕੋਲ 51.93 ਕਰੋੜ ਅਤੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਮੋਹਨ ਯਾਦਵ 42.4 ਕਰੋੜ ਦੀ ਜਾਇਦਾਦ ਦੇ ਮਾਲਕ ਹਨ। ਸਭ ਤੋਂ ਘੱਟ ਜਾਇਦਾਦ ਵਾਲੇ ਮੁੱਖ ਮੰਤਰੀਆਂ ਦੀ ਗੱਲ ਕਰੀਏ ਤਾਂ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਕੋਲ ਸਿਰਫ਼ 15.3 ਲੱਖ ਦੀ ਜਾਇਦਾਦ ਹੈ। ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ 55.2 ਲੱਖ ਦੇ ਮਾਲਕ ਹਨ, ਜਦਕਿ ਰਾਜਸਥਾਨ ਦੇ ਮੁੱਖ ਮੰਤਰੀ ਭਜਨ ਲਾਲ ਸ਼ਰਮਾ ਕੋਲ 1.46 ਕਰੋੜ ਤੇ ਯੂ.ਪੀ. ਦੇ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਦੇ ਨਾਂਅ 1.54 ਕਰੋੜ ਦੀ ਜਾਇਦਾਦ ਹੈ।

ਏ.ਡੀ.ਆਰ. ਦੀ ਰਿਪੋਰਟ ਨੇ ਭਾਰਤ ਦੇ ਮੁੱਖ ਮੰਤਰੀਆਂ ’ਤੇ ਦਰਜ ਕੇਸਾਂ ਬਾਰੇ ਵੀ ਅਹਿਮ ਖੁਲਾਸੇ ਕੀਤੇ ਹਨ। ਦੇਸ਼ ਦੇ 40 ਫ਼ੀਸਦੀ ਮੁੱਖ ਮੰਤਰੀਆਂ ’ਤੇ ਅਪਰਾਧਿਕ ਮਾਮਲੇ ਦਰਜ ਹਨ। 30 ਮੁੱਖ ਮੰਤਰੀਆਂ ’ਚੋਂ 12 ਨੇ ਖ਼ੁਦ ਆਪਣੇ ’ਤੇ ਅਪਰਾਧਿਕ ਕੇਸ ਦਰਜ ਹੋਣ ਦੀ ਜਾਣਕਾਰੀ ਦਿੱਤੀ ਹੈ, ਜੋ ਉਨ੍ਹਾਂ ਵਲੋਂ ਚੋਣ ਲੜਨ ਵੇਲੇ ਦਿੱਤੇ ਗਏ ਹਲਫਨਾਮੇ ਵਿਚ ਦਰਜ ਹੈ। ਇਹ ਰਿਪੋਰਟ ਅਜਿਹੇ ਸਮੇਂ ਸਾਹਮਣੇ ਆਈ ਹੈ, ਜਦੋਂ ਕੇਂਦਰ ਇਕ ਨਵਾਂ ਕਾਨੂੰਨ ਬਣਾਉਣ ਦੀ ਤਿਆਰੀ ਵਿਚ ਹੈ। ਇਸ ਬਿੱਲ ਅਨੁਸਾਰ ਜੇਕਰ ਪ੍ਰਧਾਨ ਮੰਤਰੀ, ਮੁੱਖ ਮੰਤਰੀ ਜਾਂ ਮੰਤਰੀ ਗੰਭੀਰ ਅਪਰਾਧਿਕ ਦੋਸ਼ਾਂ ਤਹਿਤ 30 ਦਿਨਾਂ ਤੋਂ ਜ਼ਿਆਦਾ ਜੇਲ੍ਹ ਵਿਚ ਰਹਿੰਦਾ ਹੈ ਤਾਂ ਉਸ ਨੂੰ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣਾ ਪਵੇਗਾ। ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਭ੍ਰਿਸ਼ਟਾਚਾਰ ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰ ਹੋਣ ਤੋਂ ਬਾਅਦ ਵੀ ਜੇਲ੍ਹ ’ਚੋਂ ਮੁੱਖ ਮੰਤਰੀ ਦੀ ਹੈਸੀਅਤ ਵਿਚ ਸਰਕਾਰ ਚਲਾਉਂਦੇ ਰਹੇ ਹਨ। ਹਾਲਾਂਕਿ ਪਹਿਲੇ ਸਮਿਆਂ ਵਿਚ ਬਿਹਾਰ ਦੇ ਮੁੱਖ ਮੰਤਰੀ ਲਾਲੂ ਯਾਦਵ ਨੇ ਜੇਲ੍ਹ ਜਾਣ ਤੋਂ ਪਹਿਲਾਂ ਆਪਣੀ ਪਤਨੀ ਰਾਬੜੀ ਨੂੰ ਮੁੱਖ ਮੰਤਰੀ ਬਣਵਾ ਦਿੱਤਾ ਸੀ। ਰਿਪੋਰਟ ਮੁਤਾਬਿਕ ਤੇਲੰਗਾਨਾ ਦੇ ਮੁੱਖ ਮੰਤਰੀ ਰੇਵੰਤ ਰੈੱਡੀ ਖ਼ਿਲਾਫ਼ ਸਭ ਤੋਂ ਵੱਧ 89 ਅਪਰਾਧਿਕ ਕੇਸ ਦਰਜ ਹਨ, ਜਦਕਿ ਤਾਮਿਲਨਾਡੂ ਦੇ ਮੁੱਖ ਮੰਤਰੀ ਸਟਾਲਿਨ 47 ਕੇਸਾਂ ਵਿਚ ਫਸੇ ਹੋਏ ਹਨ। ਆਂਧਰਾ ਪ੍ਰਦੇਸ਼ ਦੇ ਚੰਦਰ ਬਾਬੂ ਨਾਇਡੂ ਦੇ ਖ਼ਿਲਾਫ਼ 19, ਕਰਨਾਟਕ ਦੇ ਮੁੱਖ ਮੰਤਰੀ ਸਿੱਧਾਰੱਮਈਆ ਖ਼ਿਲਾਫ਼ 13, ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ 5 ਅਤੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਫੜਨਵੀਸ ਤੇ ਹਿਮਾਚਲ ਪ੍ਰਦੇਸ਼ ਦੇ ਸੁਖਵਿੰਦਰ ਸਿੰਘ ਸੁੱਖੂ 4-4 ਅਪਰਾਧਿਕ ਕੇਸਾਂ ਵਿਚ ਉਲਝੇ ਹੋਏ ਹਨ। ਕੇਰਲ ਦੇ ਮੁੱਖ ਮੰਤਰੀ ਖ਼ਿਲਾਫ਼ 2 ਕੇਸ ਦਰਜ ਹਨ, ਜਦਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਮੇਤ ਸਿੱਕਮ, ਓਡੀਸ਼ਾ ਤੇ ਰਾਜਸਥਾਨ ਦੇ ਮੁੱਖ ਮੰਤਰੀ ਖ਼ਿਲਾਫ਼ 1-1 ਕੇਸ ਦਰਜ ਹੈ। ਦੇਸ਼ ਦੇ 10 ਮੁੱਖ ਮੰਤਰੀ ਗੰਭੀਰ ਅਪਰਾਧਿਕ ਕੇਸਾਂ ਵਿਚ ਫਸੇ ਹੋਏ ਹਨ, ਜਿਨ੍ਹਾਂ ’ਤੇ ਹੱਤਿਆ ਦੀ ਸਾਜਿਸ਼ ਰਚਣ, ਅਗਵਾ, ਰਿਸ਼ਵਤਖੋਰੀ ਅਤੇ ਧਮਕੀਆਂ ਦੇਣ ਜਿਹੇ ਦੋਸ਼ ਸ਼ਾਮਿਲ ਹਨ।

ਦੇਸ਼ ਦੀ ਮੌਜੂਦਾ ਸੰਸਦ ਦੀ ਗੱਲ ਕਰੀਏ ਤਾਂ 46 ਫ਼ੀਸਦੀ ਸੰਸਦ ਮੈਂਬਰਾਂ ਖ਼ਿਲਾਫ਼ ਅਪਰਾਧਿਕ ਕੇਸ ਦਰਜ ਹਨ। ਲੋਕ ਸਭਾ ਦੇ ਕੁੱਲ 543 ਸੰਸਦ ਮੈਂਬਰਾਂ ’ਚੋਂ 251 ਅਪਰਾਧਿਕ ਮਾਮਲਿਆਂ ਵਿਚ ਫਸੇ ਹੋਏ ਹਨ ਅਤੇ ਇਨ੍ਹਾਂ ’ਚੋਂ 27 ਦੋਸ਼ੀ ਕਰਾਰ ਦਿੱਤੇ ਗਏ ਹਨ। ਹੈਰਾਨੀ ਦੀ ਗੱਲ ਹੈ ਕਿ ਸੰਸਦ ਵਿਚ ਅਪਰਾਧਿਕ ਪਿਛੋਕੜ ਵਾਲੇ ਮੈਂਬਰਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਸਾਲ 2019 ਦੀਆਂ ਆਮ ਚੋਣਾਂ ’ਚ 34 ਫ਼ੀਸਦੀ ਅਪਰਾਧਿਕ ਪਿਛੋਕੜ ਵਾਲੇ ਉਮੀਦਵਾਰ ਚੋਣ ਜਿੱਤੇ ਸਨ, ਜਦਕਿ 2014 ’ਚ ਇਹ ਗਿਣਤੀ 30 ਫ਼ੀਸਦੀ ਸੀ। ਉਸ ਤੋਂ ਪਹਿਲਾਂ 2009 ਦੀਆਂ ਚੋਣਾਂ ਵਿਚ 23 ਫ਼ੀਸਦੀ ਅਪਰਾਧਿਕ ਪਿਛੋਕੜ ਵਾਲੇ ਉਮੀਦਵਾਰ ਚੋਣ ਜਿੱਤ ਕੇ ਸੰਸਦ ਵਿਚ ਆਏ ਸਨ। ਸਾਡੇ ਦੇਸ਼ ਦੀ ਸਿਆਸਤ ਵਿਚ ਅਪਰਾਧਿਕ ਪਿਛੋਕੜ ਵਾਲੇ ਸਿਆਸਤਦਾਨਾਂ ਦਾ ਬੋਲਬਾਲਾ ਹੈ, ਜਿਨ੍ਹਾਂ ਖ਼ਿਲਾਫ਼ ਚੋਣ ਲੜਨ ’ਤੇ ਪਾਬੰਦੀ ਲਾਉਣ ਦੀ ਲੋੜ ਹੈ।

ਇਸ ਸੰਬੰਧੀ ਸੁਪਰੀਮ ਕੋਰਟ ਵਿਚ ਇਕ ਪਟੀਸ਼ਨ ਵੀ ਦਾਇਰ ਹੋਈ ਸੀ, ਪਰ ਸਰਬਉੱਚ ਅਦਾਲਤ ਨੇ ਪਟੀਸ਼ਨ ਰੱਦ ਕਰਦਿਆਂ ਕਿਹਾ ਸੀ ਕਿ ਇਹ ਅਖਤਿਆਰ ਭਾਰਤੀ ਚੋਣ ਕਮਿਸ਼ਨ ਕੋਲ ਹੈ। ਪਰ ਚੋਣ ਕਮਿਸ਼ਨ ਨੇ ਇਹ ਕਹਿ ਕੇ ਪੱਲਾ ਝਾੜ ਦਿੱਤਾ ਕਿ ਇਸ ਲਈ ਸੰਸਦ ਵਿਚ ਕਾਨੂੰਨ ਬਣਾਉਣ ਦੀ ਲੋੜ ਹੈ। ਹਾਲਾਂਕਿ ਚੋਣ ਕਮਿਸ਼ਨ ਵਲੋਂ ਚੋਣ ਲੜਨ ਵਾਲੇ ਉਮੀਦਵਾਰਾਂ ਲਈ ਇਕ ਹਲਫਨਾਮਾ ਲਾਜ਼ਮੀ ਕੀਤਾ ਗਿਆ ਹੈ, ਜਿਸ ਵਿਚ ਉਨ੍ਹਾਂ ਦੀ ਜਾਇਦਾਦ, ਉਨ੍ਹਾਂ ਖ਼ਿਲਾਫ਼ ਦਰਜ ਕੇਸਾਂ ਸਮੇਤ ਹੋਰ ਸਭ ਜਾਣਕਾਰੀਆਂ ਦੇਣੀਆਂ ਜ਼ਰੂਰੀ ਹੁੰਦੀਆਂ ਹਨ। ਪਰ ਅਪਰਾਧਿਕ ਪਿਛੋਕੜ ਵਾਲੇ ਉਮੀਦਵਾਰਾਂ ਨੂੰ ਚੋਣ ਲੜਨ ਤੋਂ ਰੋਕਣ ਦੀ ਬਜਾਏ ਉਨ੍ਹਾਂ ਤੋਂ ਸਿਰਫ਼ ਹਲਫ਼ਨਾਮਾ ਲੈ ਕੇ ਸਾਰ ਲਿਆ ਜਾਂਦਾ ਹੈ, ਜਿਸ ਦੀ ਕੋਈ ਤੁਕ ਨਹੀਂ ਬਣਦੀ। ਦੇਸ਼ ਦੀ ਸਿਆਸਤ ਵਿਚ ਪੈਰ ਧਰ ਕੇ ਵਿਧਾਨ ਸਭਾ ਜਾਂ ਸੰਸਦ ਲਈ ਚੁਣੇ ਜਾਣ ਤੋਂ ਬਾਅਦ ਉਮੀਦਵਾਰਾਂ ਦੇ ਸਭ ਅਪਰਾਧ ਧੋਤੇ ਜਾਂਦੇ ਹਨ। ਜਦੋਂ ਹਾਕਮ ਧਿਰਾਂ ’ਤੇ ਸਰਕਾਰੀ ਏਜੰਸੀਆਂ ਦਾ ਡੰਡਾ ਚੱਲਦਾ ਹੈ ਤਾਂ ਕਈ ਵਾਰ ਕਥਿਤ ਦੋਸ਼ੀਆਂ ਦੇ ਪਾਰਟੀ ਬਦਲਣ ਨਾਲ ਵੀ ਸਭ ਗੁਨਾਹ ਮੁਆਫ਼ ਹੋ ਜਾਂਦੇ ਹਨ। ਸਿਆਸਤ ਵਿਚ ਸਾਫ-ਸੁਥਰੇ ਅਕਸ ਵਾਲੇ ਲੋਕਾਂ ਦੇ ਅੱਗੇ ਆਉਣ ਦੀ ਲੋੜ ਹੈ, ਪਰ ਦੇਸ਼ ਦੀ ਸਿਆਸਤ ਇੰਨੀ ਗੰਦੀ ਹੋ ਚੁੱਕੀ ਹੈ ਕਿ ਕੋਈ ਸਾਊ ਬੰਦਾ ਤਾਂ ਰਾਜਨੀਤੀ ਵਿਚ ਪੈਰ ਧਰਨ ਦਾ ਹੀਆ ਹੀ ਨਹੀਂ ਕਰ ਸਕਦਾ।

-ਕਮਲਜੀਤ ਸਿੰਘ ਬਨਵੈਤ

# ਹੜ੍ਹਾਂ ਦੌਰਾਨ ਦਿਸੀ ਪੰਜਾਬੀਆਂ ਦੀ ਪੀਡੀ ਸਾਂਝ



ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਪੀਐੱਮ ਨਰਿੰਦਰ ਮੋਦੀ ਨੇ 9 ਸਤੰਬਰ ਨੂੰ ਦੌਰਾ ਕੀਤਾ ਤੇ 1600 ਕਰੋੜ ਰੁਪਏ ਦੀ ਸਹਾਇਤਾ ਰਾਸ਼ੀ ਦੇਣ ਦਾ ਐਲਾਨ ਕੀਤਾ। ਇਸ ਤੋਂ ਪਹਿਲਾਂ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਅਜਨਾਲਾ (ਅੰਮ੍ਰਿਤਸਰ), ਗੁਰਦਾਸਪੁਰ ਤੇ ਕਪੂਰਥਲਾ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਸੀ ਤੇ ਦਿੱਲੀ ਜਾ ਕੇ ਕਿਹਾ ਸੀ ਕਿ ਇਸ ਆਫ਼ਤ ਲਈ ਨਾਜਾਇਜ਼ ਮਾਈਨਿੰਗ ਜ਼ਿੰਮੇਵਾਰ ਹੈ। ਇਸ ਕਾਰਨ ਦਰਿਆਵਾਂ ਦੇ ਬੰਨ੍ਹ ਵੀ ਕਮਜ਼ੋਰ ਹੋਏ।

ਜਦੋਂ ਕੋਈ ਮੰਤਰੀ ਪੰਜਾਬ ਦਾ ਦੌਰਾ ਕਰਨ ਆਉਂਦਾ ਹੈ ਤਾਂ ਹੜ੍ਹ ਪੀੜਤਾਂ ਨੂੰ ਤਵੱਕੋਂ ਹੁੰਦੀ ਹੈ ਉਹ ਅੰਤਰਿਮ ਰਿਲੀਫ ਦੇ ਕੇ ਜਾਣਗੇ ਪਰ ਹੁਕਮਰਾਨ ਪਾਰਟੀ ‘ਆਪ’ ਨੇ ਕਿਹਾ ਕਿ ਚੌਹਾਨ ਦਾ ਬਿਆਨ ਝੂਠਾ ਹੈ। ਵਿੱਤ ਮੰਤਰੀ ਚੀਮਾ ਨੇ ਕਿਹਾ ਕਿ ਕੇਂਦਰ ਸੂਬੇ ਦਾ ਜੀਐੱਸਟੀ ਬਕਾਇਆ 60 ਹਜ਼ਾਰ ਕਰੋੜ ਜਾਰੀ ਕਰੇ। ਹੜ੍ਹ ਦੀ ਮਾਰ ਹੇਠ ਆਏ ਇਲਾਕਿਆਂ ਦੀ ਸਮੀਖਿਆ ਕਰਨ ਵਾਸਤੇ ਦੋ ਕੇਂਦਰੀ ਟੀਮਾਂ ਵੀ ਪੰਜਾਬ ਆਈਆਂ ਸਨ। ਪੰਜਾਬ ਦੇ ਅਧਿਕਾਰੀਆਂ ਨੇ ਕੇਂਦਰੀ ਟੀਮਾਂ ਨੂੰ 13 ਹਜ਼ਾਰ ਕਰੋੜ ਤੋਂ ਵੱਧ ਦੇ ਮੁੱਢਲੇ ਅਨੁਮਾਨ ਦੀ ਰਿਪੋਰਟ ਸੌਂਪੀ ਸੀ। ਪੰਜਾਬ ਵਿਚ ਹੜ੍ਹਾਂ ਕਾਰਨ ਹੁਣ ਤੱਕ ਕਈ ਮੌਤਾਂ ਹੋ ਚੁੱਕੀਆਂ ਹਨ ਜਦਕਿ ਹੜ੍ਹ ਦੀ ਲਪੇਟ ਵਿਚ ਸੂਬੇ ਦੇ ਤਕਰੀਬਨ 23 ਜ਼ਿਲ੍ਹਿਆਂ ਦੇ 2000 ਪਿੰਡ ਆ ਚੁੱਕੇ ਹਨ। ਚਾਰ ਲੱਖ ਲੋਕ ਪ੍ਰਭਾਵਿਤ ਹੋਏ ਹਨ। ਹੜ੍ਹ ਦੇ ਪਾਣੀ ਵਿੱਚੋਂ ਹੁਣ ਤੱਕ 22 ਹਜ਼ਾਰ ਤੋਂ ਜ਼ਿਆਦਾ ਲੋਕਾਂ ਨੂੰ ਕੱਢਿਆ ਜਾ ਚੁੱਕਾ ਹੈ। ਦੋ ਕੁ ਸੌ ਰਾਹਤ ਕੈਂਪਾਂ ਵਿਚ 7108 ਲੋਕ ਪੁੱਜੇ ਹਨ। ਸੁਪਰੀਮ ਕੋਰਟ ਨੇ ਕਿਹਾ ਕਿ ਇਹ ਸਿਰਫ਼ ਕੁਦਰਤੀ ਆਫ਼ਤ ਦਾ ਮਾਮਲਾ ਨਹੀਂ ਸਗੋਂ ਇਕ ਸੰਕਟ ਹੈ ਜੋ ਮਨੁੱਖੀ ਕਾਰਨਾਂ ਕਰਕੇ ਵਧਿਆ। ਹਿਮਾਚਲ ਦੇ ਦਰਿਆਵਾਂ ਵਿਚ ਵੱਡੀ ਮਾਤਰਾ ਵਿਚ ਰੁੱਖਾਂ ਦੇ ਤਣੇ (ਲੱਕੜ) ਰੁੜ੍ਹਦੇ ਵੇਖੇ ਗਏ। ਸੁਪਰੀਮ ਕੋਰਟ ਨੇ ਗ਼ੈਰ ਕਾਨੂੰਨੀ ਤੌਰ ’ਤੇ ਦਰਖਤਾਂ ਦੀ ਕਟਾਈ ਲਈ ਪੰਜਾਬ, ਹਰਿਆਣਾ, ਹਿਮਾਚਲ ਤੇ ਜੰਮੂ-ਕਸ਼ਮੀਰ ਨੂੰ ਨੋਟਿਸ ਜਾਰੀ ਕੀਤਾ ਹੈ।

ਉਸ ਨੇ ਕਿਹਾ ਕਿ ਰੁੱਖਾਂ ਦੀ ਨਾਜਾਇਜ਼ ਕਟਾਈ ਕਾਰਨ ਕੁਦਰਤੀ ਆਫ਼ਤਾਂ ਆਉਂਦੀਆਂ ਹਨ। ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਹੁਸ਼ਿਆਰਪੁਰ, ਕਪੂਰਥਲਾ, ਤਰਨਤਾਰਨ, ਫਿਰੋਜ਼ਪੁਰ ਤੇ ਫਾਜ਼ਿਲਕਾ ਨੇ ਹੜ੍ਹ ਦਾ ਕਹਿਰ ਝੱਲਿਆ। ਗੁਰਦਾਸਪੁਰ ਦੇ ਮਕੌੜਾ ਪੱਤਣ ਦੇ ਆਸ-ਪਾਸ ਤੇ ਡੇਰਾ ਬਾਬਾ ਨਾਨਕ ਦੇ 104 ਪਿੰਡ ਤੇ ਅਜਨਾਲਾ (ਅੰਮ੍ਰਿਤਸਰ) ਦੇ 190 ਪਿੰਡ (ਅਜਨਾਲਾ ਖੇਤਰ ਦੇ 127 ਅਤੇ ਲੋਪੋਕੇ ਦੇ 63) ਹੜ੍ਹ ਦੀ ਲਪੇਟ ’ਚ ਆਏ। ਕਿਸਾਨਾਂ ਦੀਆਂ ਝੋਨੇ, ਤਿਲ, ਮਾਂਹ, ਮੱਕੀ, ਕਮਾਦ, ਕਪਾਹ ਅਤੇ ਸਬਜ਼ੀਆਂ ਦੀਆਂ ਫ਼ਸਲਾਂ ਨਸ਼ਟ ਹੋ ਗਈਆਂ। ਹੁਣ ਤੱਕ ਹੜ੍ਹ ਪ੍ਰਭਾਵਿਤ ਜ਼ਿਲਿ ?ਹਆਂ ਦੀ ਤਕਰੀਬਨ 4.37 ਲੱਖ ਏਕੜ ਫ਼ਸਲ ਤਬਾਹ ਹੋ ਗਈ। ਪੰਜਾਬ ਵਿਚ ਆਏ ਹੜ੍ਹ ਕੋਈ ਕੁਦਰਤੀ ਵਰਤਾਰਾ ਜਾਂ ਆਫ਼ਤ ਨਹੀਂ, ਇਹ ਮਨੁੱਖ ਦੀ ਆਪ ਸਹੇੜੀ ਤ੍ਰਾਸਦੀ ਹਨ। ਇਸ ਕੁਦਰਤੀ ਆਫ਼ਤ ਦੇ ਫਲਸਰੂਪ ਪੰਜਾਬ ਦੇ ਸੁਪਨੇ, ਆਸਾਂ-ਉਮੀਦਾਂ ਤੇ ਇੱਛਾਵਾਂ ਹੜ੍ਹ ਵਿਚ ਰੁੜ੍ਹ ਗਈਆਂ ਹਨ। ਇਸ ਮਨੁੱਖ ਦੁਆਰਾ ਸਿਰਜੀ ਕੁਦਰਤੀ ਆਫ਼ਤ ਦਾ ਸਾਹਮਣਾ ਕਰਨ ਲਈ ਪੰਜਾਬ ਦੀ ਆਨ ਤੇ ਸ਼ਾਨ ਨੌਜਵਾਨ ਹਿੱਕ ਡਾਹ ਕੇ ਖੜ੍ਹ ਗਏ ਹਨ। ਉਨ੍ਹਾਂ ਨੇ ਆਪਣੇ ਟਰੈਕਟਰ-ਟਰਾਲੀਆਂ ਨੂੰ ਜੀਵਨ ਰੱਖਿਅਕ ਕਿਸ਼ਤੀਆਂ ਵਿਚ ਬਦਲ ਦਿੱਤਾ ਹੈ। ਆਪਣੀ ਜਾਨ ਜੋਖ਼ਮ ਵਿਚ ਪਾ ਕੇ ਹੜ੍ਹ ਪੀੜਤਾਂ ਤੱਕ ਰਾਹਤ ਸਮੱਗਰੀ ਤੇ ਪਸ਼ੂਆਂ ਲਈ ਚਾਰਾ ਆਦਿ ਪਹੁੰਚਾਇਆ ਜਾ ਰਿਹਾ ਹੈ। ਰੇਤ ਤੇ ਮਿੱਟੀ ਦੀਆਂ ਟਰਾਲੀਆਂ ਭਰ ਕੇ ਧੁੱਸੀ ਬੰਨ੍ਹ ਮਜ਼ਬੂਤ ਕੀਤੇ ਜਾ ਰਹੇ ਹਨ। ਹੜ੍ਹ ਦੇ ਪਾਣੀ ਵਿਚ ਫਸੇ ਬਜ਼ੁਰਗਾਂ, ਔਰਤਾਂ ਅਤੇ ਬੱਚਿਆਂ ਨੂੰ ਬਚਾਅ ਕੇ ਪੰਜਾਬੀਆਂ ਦੀ ਬੇਮਿਸਾਲ ਇਕਜੁੱਟਤਾ ਤੇ ਪੰਜਾਬੀਅਤ ਦੀ ਮਿਸਾਲ ਪੇਸ਼ ਕੀਤੀ ਹੈ। ਇਸ ਬਿਪਤਾ ਨੇ ਇਕ ਵਾਰ ਫਿਰ ਪੰਜਾਬੀਆਂ ਦੀ ਭਾਈਚਾਰਕ ਸਾਂਝ ਦੀ ਭਾਵਨਾ ਨੂੰ ਉਜਾਗਰ ਕੀਤਾ ਹੈ। ਸਮਾਜਿਕ, ਧਾਰਮਿਕ ਤੇ ਸਮਾਜ ਸੇਵੀ ਸੰਸਥਾਵਾਂ ਦੇ ਨਿਸ਼ਚੇ ਅਤੇ ਸਿਦਕ ਵਾਲੇ ਵਲੰਟੀਅਰ ਹੜ੍ਹ ਮਾਰੇ ਇਲਾਕਿਆਂ ਵਿਚ ਰਾਹਤ ਸਮੱਗਰੀ ਲੈ ਕੇ ਪਹੁੰਚ ਗਏ। ‘ਖਾਲਸਾ ਏਡ’, ‘ਯੂਨਾਈਟਿਡ ਸਿੱਖਜ਼’, ‘ਹੇਮਕੁੰਟ ਫਾਊਂਡੇਸ਼ਨ’ ਵਰਗੀਆਂ ਸੰਸਥਾਵਾਂ ਤੇ ਅਨੇਕ ਸਥਾਨਕ ਗੁਰਦੁਆਰਿਆਂ ਨੇ ਭੋਜਨ, ਪੀਣ ਵਾਲਾ ਬੋਤਲਬੰਦ ਪਾਣੀ, ਪਸ਼ੂਆਂ ਲਈ ਚਾਰਾ, ਫੀਡ ਅਤੇ ਦਵਾਈਆਂ ਨਿਰਵਿਘਨ ਪਹੁੰਚਾਈਆਂ। ਪੰਜਾਬ ਤੇ ਕੇਂਦਰ ਸਰਕਾਰ ਦੀ ਸਹਾਇਤਾ ਤੋਂ ਬਹੁਤ ਪਹਿਲਾਂ ਹੀ ਪਿੰਡਾਂ ਦੇ ਲੋਕਾਂ ਨੇ ਤੇਜ਼ ਵਹਾਅ ਵਾਲੇ ਪਾਣੀਆਂ ਅੰਦਰ ਕਿਸ਼ਤੀਆਂ ਚਲਾ ਕੇ ਆਪਣੇ ਗੁਆਂਢੀਆਂ, ਬਜ਼ੁਰਗਾਂ, ਬੱਚਿਆਂ ਤੇ ਹੜ੍ਹ ’ਚ ਫਸੇ ਪਸ਼ੂਆਂ ਨੂੰ ਸੁਰੱਖਿਅਤ ਥਾਵਾਂ ’ਤੇ ਪਹੁੰਚਾਇਆ। ਲੰਗਰਾਂ ਦਾ ਪ੍ਰਬੰਧ ਕੀਤਾ ਤੇ ਅਸਥਾਈ ਆਸਰੇ

**-ਮੁਖ਼ਤਾਰ ਗਿੱਲ**

ਸਥਾਪਤ ਕੀਤੇ। ਉਨ੍ਹਾਂ ਨੇ ਬੇਝਿਜਕ ਹੋ ਕੇ ਰਾਸ਼ਨ ਵੰਡਿਆ। ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੇ ਦੋ ਕਰੋੜ ਤੇ ਪ੍ਰਿਟੀ ਜ਼ਿੰਟਾ ਦੀ ਫ ?ਰੈਂਚਾਈਜ਼ੀ ਪੰਜਾਬ ਕਿੰਗਜ਼ ਨੇ 33 ਲੱਖ ਰੁਪਏ ਰਾਹਤ ਫੰਡ ਵਿਚ ਦਿੱਤੇ। ਫਿਲਮ ਸਟਾਰ ਅਕਸ਼ੈ ਕੁਮਾਰ ਨੇ 5 ਕਰੋੜ ਦਾ ਰਾਹਤ ਫੰਡ ਭੇਜਿਆ। ਪੰਜਾਬੀਆਂ ਵਿਚ ਅਜਿਹੀ ਸਦਭਾਵਨਾ ਕੋਈ ਪਹਿਲੀ ਵਾਰ ਪੈਦਾ ਨਹੀਂ ਹੋਈ। ਉਨ੍ਹਾਂ ਨੇ ਨਾ ਸਿਰਫ਼ ਆਪਣੀ ਧਰਤੀ ’ਤੇ ਸਗੋਂ ਦੁਨੀਆ ਭਰ ਦੇ ਹੋਰ ਸੰਕਟਗ੍ਰਸਤ ਖੇਤਰਾਂ ਵਿਚ ਤੁਰਕੀ ਦੇ ਭੂਚਾਲ ਤੋਂ ਲੈ ਕੇ ਕੇਰਲ ਸੂਬੇ ਦੇ ਹੜ੍ਹਾਂ ਤੱਕ ਸਭ ਤੋਂ ਪਹਿਲਾਂ ਪੁੱਜ ਕੇ ਸ਼ੋਭਾ ਖੱਟੀ ਸੀ। ਗੁਰਦਾਸਪੁਰ, ਅਜਨਾਲਾ (ਅੰਮ੍ਰਿਤਸਰ), ਹੁਸ਼ਿਆਰਪੁਰ ਤੇ ਕਪੂਰਥਲਾ ਜ਼ਿਲ੍ਹਿਆਂ ਵਿਚ ਵਲੰਟੀਅਰਾਂ ਨੇ ਹੜ੍ਹ ਦੇ ਡੂੰਘੇ ਪਾਣੀ ਵਿੱਚੋਂ ਲੰਘ ਕੇ ਪੀੜਤਾਂ ਨੂੰ ਸੁਰੱਖਿਅਤ ਥਾਵਾਂ ’ਤੇ ਪਹੁੰਚਾਇਆ। ਜਾਨਵਰਾਂ ਦੀ ਦੇਖਭਾਲ ਕਰਨ ਵਾਲੀਆਂ ਟੀਮਾਂ ਨੇ ਪੇਂਡੂ ਇਲਾਕਿਆਂ ਵਿਚ ਹੜ੍ਹ ’ਚ ਫਸੇ ਪਸ਼ੂਆਂ ਦੀ ਸਾਂਭ-ਸੰਭਾਲ ਕੀਤੀ।

ਸਮਾਜਿਕ ਤੇ ਗ਼ੈਰ-ਸਰਕਾਰੀ ਸੰਸਥਾਵਾਂ ਨਾਲ ਮਿਲ ਕੇ ਸੱਭਿਆਚਾਰਕ ਹਸਤੀਆਂ, ਫਿਲਮ ਇੰਡਸਟਰੀ, ਅਦਾਕਾਰਾਂ ਤੇ ਗਾਇਕਾਂ, ਕਲਾਕਾਰਾਂ, ਸ਼੍ਰੋਮਣੀ ਕਮੇਟੀ, ਐੱਨਜੀਓ ਆਦਿ ਵੀ ਹੜ੍ਹ ਪੀੜਤ ਪਰਿਵਾਰਾਂ ਦੇ ਮੁੜ-ਵਸੇਬੇ ਵਿਚ ਮਦਦ ਦਾ ਵਾਅਦਾ ਕਰ ਰਹੇ ਹਨ। ਕੇਂਦਰੀ ਏਜੰਸੀਆਂ, ਐੱਨਡੀਆਰਐੱਫ ਦੀਆਂ 24 ਟੀਮਾਂ, ਐੱਸਡੀਆਰਐੱਫ ਦੀਆਂ 2 ਟੀਮਾਂ, ਫ਼ੌਜ, ਹਵਾਈ ਫ਼ੌਜ ਨੇ ਵੀ ਕਿਸ਼ਤੀਆਂ, ਹੈਲੀਕਾਪਟਰਾਂ ਤੇ ਰਾਹਤ ਕੈਂਪਾਂ ਦਾ ਬੰਦੋਬਸਤ ਕੀਤਾ। ਮੁਸਲਿਮ ਭਾਈਚਾਰੇ ਨੇ ਵੀ ਰਾਹਤ ਸਮੱਗਰੀ ਆਦਿ ਵੰਡੀ। ਮਸਜਿਦਾਂ ਹੜ੍ਹ ਪੀੜਤਾਂ ਲਈ ਖੋਲ੍ਹ ਦਿੱਤੀਆਂ। ਅੰਮ੍ਰਿਤਸਰ ਦੇ ਕਈ ਸਕੂਲਾਂ ਨੇ ਵੀ ਕਈ ਟਰੱਕ ਰਾਹਤ ਸਮੱਗਰੀ ਦੇ ਭੇਜੇ। ਕਾਂਗਰਸ ਦੇ ਕਈ ਲੀਡਰਾਂ ਨੇ ਵੀ ਸਰਹੱਦੀ ਪਿੰਡਾਂ ’ਚ ਜਾ ਕੇ ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਪਹੁੰਚਾਈ। ਪੰਜਾਬ ਕਾਂਗਰਸ ਵੱਲੋਂ ਆਰਥਿਕ ਸਹਾਇਤਾ ਵੀ ਭੇਜੀ ਗਈ। ਅੰਮ੍ਰਿਤਸਰ ਦੀ ਡੀਸੀ ਸਾਕਸ਼ੀ ਸਾਹਨੀ ਤੇ ਐੱਸਐੱਸਪੀ (ਦਿਹਾਤੀ) ਮਨਿੰਦਰ ਸਿੰਘ ਦਿਨ-ਰਾਤ ਪਾਣੀ ’ਚ ਫਿਰ ਕੇ ਹੜ੍ਹ ਪੀੜਤਾਂ ਦੀ ਸੇਵਾ ਕਰਦੇ ਰਹੇ। ਸੁਖਬੀਰ ਸਿੰਘ ਬਾਦਲ ਨੇ ਹੜ੍ਹ ਪੀੜਤ ਲੋਕਾਂ ਦੀ ਬਹੁਤ ਮਦਦ ਕੀਤੀ ਹੈ। ਦਿਲਜੀਤ ਦੁਸਾਂਝ ਨੇ 10 ਪਿੰਡ ਗੋਦ ਲਏ ਤੇ ਉਹ ਪਾਣੀ ਉਤਰਨ ਤੋਂ ਬਾਅਦ 2 ਸਾਲ ਤੱਕ ਉੱਜੜੇ ਪਿੰਡਾਂ ਦੀ ਮੁੜ ਉਸਾਰੀ ਦਾ ਸਾਰਾ ਖ਼ਰਚਾ ਚੁੱਕਣਗੇ। ਦੁਸਾਂਝ ਦੀ ਮੈਨੇਜਰ ਸੋਨਾਲੀ ਦੀ ਅਗਵਾਈ ’ਚ ਉਨ੍ਹਾਂ ਦੀਆਂ ਟੀਮਾਂ ਕਈ ਦਿਨਾਂ ਤੋਂ ਹੜ੍ਹ ਪੀੜਤ ਇਲਾਕਿਆਂ ਵਿਚ ਰਾਹਤ ਕਾਰਜ ਕਰ ਰਹੀਆਂ ਹਨ। ਮਨਕੀਰਤ ਔਲਖ, ਐਮੀ ਵਿਰਕ, ਸਤਿੰਦਰ ਸਰਤਾਜ, ਗੁਰਪ੍ਰੀਤ ਘੁੱਗੀ, ਗਿੱਪੀ ਗਰੇਵਾਲ, ਪੰਮੀ ਬਾਈ, ਕਰਨ ਔਜਲਾ, ਬੱਬੂ ਮਾਨ, ਰੇਸ਼ਮ ਅਨਮੋਲ, ਰਣਜੀਤ ਬਾਵਾ, ਗੁਰਦਾਸ ਮਾਨ, ਜਸਬੀਰ ਜੱਸੀ, ਅੰਮ੍ਰਿਤ ਮਾਨ, ਜੌਰਡਨ ਸੰਧੂ, ਇੰਦਰਜੀਤ ਨਿੱਕੂ, ਗੁਰੂ ਰੰਧਾਵਾ, ਜਸ ਬਾਜਵਾ ਆਦਿ ਗਾਇਕ ਕਲਾਕਾਰਾਂ ਨੇ ਹੜ੍ਹ ਪੀੜਤਾਂ ਦੀ ਬਹੁਤ ਮਦਦ ਕੀਤੀ। ਰਣਦੀਪ ਹੁੱਡਾ, ਨਿਮਰਤ ਖਹਿਰਾ, ਸੋਨਮ ਬਾਜਵਾ ਤੇ ਰਾਜ ਕੁੰਦਰਾ ਆਦਿ ਨੇ ਲੋੜੀਂਦੀ ਰਾਹਤ ਸਮੱਗਰੀ ਦਿੱਤੀ ਤੇ ਮਾਲੀ ਮਦਦ ਵੀ ਕੀਤੀ। ‘ਸਰਬੱਤ ਦਾ ਭਲਾ’ ਦੇ ਐੱਸਪੀ ਸਿੰਘ ਓਬਰਾਏ ਨੇ ਹੜ੍ਹ ਪੀੜਤਾਂ ਲਈ ਵੱਡੀ ਵਿੱਤੀ ਸਹਾਇਤਾ ਦਿੱਤੀ। ਹੁਣ ਦਰਿਆਵਾਂ ਦੇ ਪਾਣੀ ਦਾ ਪੱਧਰ ਘਟ ਰਿਹਾ ਹੈ।

ਪੰਜਾਬ ਦੇ ਹੜ੍ਹਾਂ ਦੀ ਮਾਰ ਹੇਠ ਆ ਕੇ ਉੱਜੜੇ ਪਿੰਡਾਂ ਦੇ ਮੁੜ ਵਸੇਬੇ ਲਈ ਮੁਸ਼ਕਲਾਂ ਤੇ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵੱਡੀ ਗਿਣਤੀ ਵਿਚ ਘਰ ਨੁਕਸਾਨੇ ਗਏ ਹਨ। ਘਰਾਂ ਵਿਚ ਦੋ ਤੋਂ ਤਿੰਨ ਫੁੱਟ ਤੱਕ ਰੇਤ, ਗਾਰਾ ਤੇ ਮਿੱਟੀ ਜੰਮ ਗਈ ਹੈ। ਇਹੀ ਹਾਲਤ ਖੇਤਾਂ ਦੀ ਹੈ। ਖੇਤਾਂ ’ਚ ਹੜ੍ਹ ਨਾਲ ਰੁੜ੍ਹ ਕੇ ਆਈ ਰੇਤ ਤੇ ਸਿਲਟ ਆਦਿ ਨੂੰ ਹਟਾ ਕੇ ਖੇਤਾਂ ਨੂੰ ਪੱਧਰਾ ਕਰ ਕੇ ਵਾਹੀਯੋਗ ਬਣਾਉਣ ਲਈ ਸਮਾਂ ਲੱਗੇਗਾ। ਦੂਸ਼ਿਤ ਪਾਣੀ ਪੀਣ ਨਾਲ ਹੈਜ਼ਾ, ਦਸਤ, ਟਾਈਫਾਈਡ, ਮੱਛਰਾਂ ਕਰਕੇ ਮਲੇਰੀਆ ਅਤੇ ਲਾਗ ਦੀਆਂ ਬਿਮਾਰੀਆਂ ਫੈਲਣ ਤੋਂ ਪਹਿਲਾਂ ਸਿਹਤ ਵਿਭਾਗ ਨੂੰ ਚੌਕਸ ਹੋ ਜਾਣਾ ਚਾਹੀਦਾ ਹੈ। ਪਾਣੀ ’ਚ ਕਲੋਰੀਨ ਪਾ ਕੇ ਅਤੇ ਪਾਣੀ ਉਬਾਲ ਕੇ ਪੀਣਾ ਚਾਹੀਦਾ ਹੈ। ਸੇਵਾ ਦਾ ਇਹ ਸੱਭਿਆਚਾਰ ਕਈ ਮੌਕਿਆਂ ’ਤੇ ਪਰਖਿਆ ਗਿਆ ਪਰ ਪੁਨਰਵਾਸ ਦਾ ਕੰਮ ਸਿਰਫ਼ ਲੋਕਾਂ ਇੱਛਾ ’ਤੇ ਨਿਰਭਰ ਨਹੀਂ ਹੋ ਸਕਦਾ। ਪੰਜਾਬ ਨੂੰ ਹੁਣ ਫੌਰੀ ਮੁਆਵਜ਼ੇ, ਫ਼ਸਲੀ ਨੁਕਸਾਨ ਦੇ ਪਾਰਦਰਸ਼ੀ ਮੁਲਾਂਕਣ ਤੇ ਤਾਲਮੇਲ ਨਾਲ ਘਰਾਂ ਤੇ ਖੇਤਾਂ ਦੀ ਪੁਨਰ ਉਸਾਰੀ ਦੀ ਲੋੜ ਹੈ।

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਡੱਲਾਸ ਵਿਚ ਭਾਰਤੀ ਮੂਲ ਦੇ ਮੋਟਲ ਮੈਨੇਜਰ ਦੇ ਕਤਲ ਮਗਰੋਂ ਟਰੰਪ ਵੱਲੋਂ ਪਰਵਾਸ ਨੀਤੀ ਦੀ ਨਿਖੇਧੀ

## ਹਮਲਾਵਰ ਨੂੰ 'ਗੈਰਕਾਨੂੰਨੀ ਪਰਵਾਸੀ' ਦੱਸਿਆ; ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਦੇ ਕਾਰਜਕਾਲ 'ਚ ਬਣੀ ਪਰਵਾਸ ਨੀਤੀ ਨੂੰ ਭੰਡਿਆ



ਹਿਊਸਟਨ : ਰਾਸ਼ਟਰਪਤੀ ਡੋਨਾਲਡ ਟਰੰਪ ਨੇ ਡੱਲਾਸ ਵਿੱਚ ਭਾਰਤੀ ਮੂਲ ਦੇ ਮੋਟਲ ਮੈਨੇਜਰ ਦਾ ਸਿਰ ਕਲਮ ਕੀਤੇ ਜਾਣ ਮਗਰੋਂ ਆਪਣੇ ਤੋਂ ਪਹਿਲੇ ਰਾਸ਼ਟਰਪਤੀ ਜੋਅ ਬਾਇਡਨ ਦੇ ਕਾਰਜਕਾਲ ਵਿਚ ਬਣੀ ਪਰਵਾਸ ਨੀਤੀ ਦੀ ਨਿਖੇਧੀ ਕੀਤੀ ਹੈ। ਮੋਟਲ ਮੈਨੇਜਰ ਦਾ ਕਤਲ ਕਥਿਤ ਤੌਰ 'ਤੇ ਅਪਰਾਧਿਕ ਪਿਛੋਕੜ ਵਾਲੇ ਗੈਰ-ਦਸਤਾਵੇਜ਼ੀ ਕਿਊਬਾ ਪ੍ਰਵਾਸੀ ਵੱਲੋਂ ਕੀਤਾ ਗਿਆ ਸੀ।

ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੈਟਫਾਰਮ ਟਰੁਥ ਸੋਸ਼ਲ 'ਤੇ ਇਕ ਪੋਸਟ ਵਿਚ ਹਮਲਾਵਰ ਨੂੰ 'ਗੈਰਕਾਨੂੰਨੀ ਵਿਦੇਸ਼ੀ' ਦੱਸਿਆ, ਜਿਸ ਨੂੰ ਅਮਰੀਕਾ 'ਚੋਂ ਬਾਹਰ ਕੱਢਿਆ ਜਾਣਾ ਚਾਹੀਦਾ ਸੀ। ਉਨ੍ਹਾਂ ਇਸ ਲਈ ਬਾਇਡਨ ਦੀਆਂ ਨਰਮ ਨੀਤੀਆਂ ਨੂੰ ਜ਼ਿੰਮੇਵਾਰ ਦੱਸਿਆ। ਉਨ੍ਹਾਂ ਕਿਹਾ, "ਇਨ੍ਹਾਂ ਗੈਰਕਾਨੂੰਨੀ ਪਰਵਾਸੀਆਂ ਨੂੰ ਲੈ ਕੇ ਨਰਮ ਰੁਖ਼ ਹੋਣ ਖ਼ਤਮ ਹੋ ਗਿਆ ਹੈ।"

ਕਰਨਾਟਕ ਦੇ ਮੂਲ ਨਿਵਾਸੀ 50 ਸਾਲਾ ਚੰਦਰ ਮੌਲੀ 'ਬੌਬ' ਨਾਗਮਲੱਈਆ ਉੱਤੇ 10 ਸਤੰਬਰ ਨੂੰ ਡਾਊਨਟਾਊਨ ਸੂਟਸ ਮੋਟਲ, ਜਿੱਥੇ ਉਹ ਪਰਿਵਾਰ ਸਮੇਤ ਰਹਿੰਦਾ ਤੇ ਕੰਮ ਕਰਦਾ ਸੀ, ਚਾਕੂ ਨਾਲ ਹਮਲਾ ਕੀਤਾ ਗਿਆ ਸੀ। ਨਾਗਮਲੱਈਆ ਦੀ ਪਤਨੀ ਤੇ 18 ਸਾਲਾ ਪੁੱਤਰ ਦੇ ਸਾਹਮਣੇ ਕੀਤੇ ਇਸ ਹਮਲੇ ਨੇ ਭਾਰਤੀ ਅਮਰੀਕੀ ਭਾਈਚਾਰੇ ਨੂੰ ਪੂਰੀ ਤਰ੍ਹਾਂ ਹਿਲਾ ਕੇ ਰੱਖ ਦਿੱਤਾ ਹੈ।

ਮੋਟਲ ਵਿਚ ਹੀ ਕੰਮ ਕਰਦੇ 37 ਸਾਲਾ ਯੋਰਡਾਨਿਸ ਕੋਬੋਸ ਮਾਰਟੀਨੇਜ਼ ਉੱਤੇ ਹੱਤਿਆ ਦਾ ਦੋਸ਼ ਲੱਗਾ ਹੈ। ਅਮਰੀਕੀ ਪਰਵਾਸ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਹੈ ਕਿ ਮਾਰਟੀਨੇਜ਼ ਨੂੰ ਪਹਿਲਾਂ ਵੀ ਹਿਰਾਸਤ ਵਿਚ ਲਿਆ ਗਿਆ ਸੀ, ਪਰ ਕਿਊਬਾ ਵੱਲੋਂ ਉਸ ਦੀ ਹਵਾਲਗੀ ਨੂੰ ਸਵੀਕਾਰ ਕੀਤੇ ਜਾਣ ਤੋਂ ਨਾਂਹ ਕਰਕੇ ਉਸ ਨੂੰ ਜਨਵਰੀ 2025 ਵਿਚ ਰਿਹਾਅ ਕਰ ਦਿੱਤਾ ਗਿਆ ਸੀ।

ਨਾਗਮਲੱਈਆ ਦਾ ਅੰਤਿਮ ਸੰਸਕਾਰ 13 ਸਤੰਬਰ ਨੂੰ ਟੈਕਸਾਸ ਦੇ ਫਲਾਵਰ ਮਾਊਂਡ ਵਿਚ ਹੋਇਆ, ਜਿਸ ਵਿਚ ਉਸ ਦੇ ਪਰਿਵਾਰ ਤੇ ਕਰੀਬ ਦੋਸਤ ਮਿੱਤਰ ਸ਼ਾਮਲ ਹੋਏ। ਉਸ ਦੇ ਪਰਿਵਾਰ ਦੀ ਸਹਾਇਤਾ ਲਈ ਫੰਡਰੇਜ਼ਰ ਤਹਿਤ ਹੁਣ ਤੱਕ 321,326 ਡਾਲਰ ਤੋਂ ਵੱਧ ਦੀ ਰਾਸ਼ੀ ਇਕੱਤਰ ਕੀਤੀ ਗਈ ਹੈ। ਇਸ ਹੱਤਿਆ ਨੇ ਪਰਵਾਸ ਨੀਤੀਆਂ ਲਾਗੂ ਕਰਨ ਤੇ ਅਮਰੀਕੀ ਅਧਿਕਾਰੀਆਂ ਨੂੰ ਦਰਪੇਸ਼ ਚੁਣੌਤੀਆਂ ਉੱਤੇ ਮੁੜ ਤੋਂ ਬਹਿਸ ਸ਼ੁਰੂ ਕਰ ਦਿੱਤੀ ਹੈ।

# ਅਮਰੀਕਾ 'ਚ ਮੋਟਲ ਚਲਾਉਣ ਵਾਲੇ ਭਾਰਤੀ ਦਾ ਕਤਲ



ਨਿਊਯਾਰਕ (ਰਾਜ ਗੋਗਨਾ) : ਬੀਤੇ ਦਿਨੀਂ ਅਮਰੀਕਾ ਦੇ ਟੈਕਸਾਸ ਸੂਬੇ ਦੇ ਸ਼ਹਿਰ ਡੱਲਾਸ ਵਿੱਚ ਡਾਊਨਟਾਊਨ ਸਥਿਤ 'ਸੂਟਸ' ਨਾਂ ਦਾ ਮੋਟਲ ਚਲਾਉਣ ਵਾਲੇ ਇੱਕ ਭਾਰਤੀ ਵਿਅਕਤੀ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ, ਜਿਸ ਮਗਰੋਂ ਇੱਕ ਗੁਜਰਾਤੀ ਵਿਅਕਤੀ ਨੇ ਮ੍ਰਿਤਕ ਦੇ ਪਰਿਵਾਰ ਦੀ ਸਹਾਇਤਾ ਲਈ ਕ੍ਰਾਊਡ ਫੰਡਿੰਗ ਸ਼ੁਰੂ ਕਰ ਦਿੱਤੀ ਹੈ।

ਕਿਊਬਾ ਦੇ ਇਕ ਗੈਰ-ਕਾਨੂੰਨੀ ਪ੍ਰਵਾਸੀ ਨੇ ਨਾਗਮੱਲਈਆ ਦੀ ਪਤਨੀ ਤੇ ਪੁੱਤਰ ਦੇ ਸਾਹਮਣੇ ਤੇਜ਼ਧਾਰ ਹਥਿਆਰ ਨਾਲ ਚਾਕੂ ਮਾਰ ਕੇ ਕਤਲ ਕਰ ਦਿੱਤਾ ਸੀ। ਮ੍ਰਿਤਕ ਦਾ 18 ਸਾਲਾ ਪੁੱਤਰ ਹਾਲ ਹੀ ਵਿੱਚ ਹਾਈ ਸਕੂਲ ਤੋਂ ਗ੍ਰੈਜੂਏਟ ਹੋਇਆ ਸੀ ਅਤੇ ਹੁਣ ਕਾਲਜ ਜਾਣ ਦੀ ਤਿਆਰੀ ਕਰ ਰਿਹਾ ਹੈ। ਨਾਗਮੱਲਈਆ ਦੀ ਮੌਤ ਦੇਖ ਉਸ ਦੀ ਪਤਨੀ ਅਤੇ ਮੋਟਲ ਵਿੱਚ ਕੰਮ ਕਰਨ ਵਾਲੇ ਹੋਰ ਲੋਕ ਹਾਲੇ ਵੀ ਸਦਮੇ 'ਚ ਹਨ। ਪਰਿਵਾਰ ਦੀ ਮਦਦ ਲਈ ਤਨਮਯ ਪਟੇਲ ਨਾਮ ਦੇ ਇੱਕ ਗੁਜਰਾਤੀ ਨੇ 50 ਹਜ਼ਾਰ ਡਾਲਰ ਇਕੱਠੇ ਕਰਨ ਦੇ ਟੀਚੇ ਨਾਲ ਇੱਕ ਗੌਫੰਡਮੀ ਅਪੀਲ ਸ਼ੁਰੂ ਕੀਤੀ ਤੇ ਇਸ ਦੇ ਸਿਰਫ਼ 24 ਘੰਟਿਆਂ ਵਿੱਚ ਹੀ 2.25 ਮਿਲੀਅਨ ਤੋਂ ਵੱਧ ਡਾਲਰ ਇਕੱਠੇ ਕਰ ਲਏ ਗਏ ਹਨ, ਜਦਕਿ ਲੋਕ ਅਜੇ ਵੀ ਦਾਨ ਕਰ ਰਹੇ ਹਨ। ਨਾਗਮੱਲਈਆ ਮੂਲ ਰੂਪ ਵਿੱਚ ਕਰਨਾਟਕ ਦਾ ਰਹਿਣ ਵਾਲਾ ਸੀ ਤੇ ਉਸ ਦੇ ਪਰਿਵਾਰ ਦੀ ਮਦਦ ਲਈ ਦੱਖਣੀ ਭਾਰਤੀ ਭਾਈਚਾਰੇ ਦੇ ਲੋਕ, ਨਾਲ ਹੀ ਗੁਜਰਾਤੀ ਅਤੇ ਪੰਜਾਬੀ ਵੀ ਖੁੱਲ੍ਹੇ ਦਿਲ ਨਾਲ ਵਿੱਤੀ ਸਹਾਇਤਾ ਦੇ ਰਹੇ ਹਨ। ਇਸ ਕ੍ਰਾਊਡ ਫੰਡਿੰਗ ਵਿੱਚ ਇਕੱਠੇ ਕੀਤੇ ਪੈਸੇ ਦੀ ਵਰਤੋਂ ਨਾਗਮਲੱਈਆ ਦਾ ਅੰਤਿਮ ਸੰਸਕਾਰ, ਉਸ ਦੇ ਪਰਿਵਾਰਕ ਮੈਂਬਰਾਂ ਦੀ ਮਦਦ ਅਤੇ ਉਸ ਦੇ ਪੁੱਤਰ ਦੀ ਉੱਚ ਸਿੱਖਿਆ ਵਿੱਚ ਮਦਦ ਕਰਨ ਲਈ ਕੀਤੀ ਜਾਵੇਗੀ।

ਮ੍ਰਿਤਕ ਨਾਗਮਲੱਈਆ ਦਾ ਅੰਤਿਮ ਸੰਸਕਾਰ ਸ਼ਨੀਵਾਰ ਦੁਪਹਿਰ 2 ਵਜੇ ਡੱਲਾਸ ਨੇੜੇ ਫਲਾਵਰ ਮਾਊਂਡ ਫੈਮਿਲੀ ਫਿਊਨਰਲ ਹੋਮ ਵਿਖੇ ਕਰ ਦਿੱਤਾ ਗਿਆ ਹੈ। ਨਾਗਮੱਲਈਆ ਜਿਸ ਮੋਟਲ ਨੂੰ ਚਲਾਉਂਦਾ ਸੀ, ਉਹ ਉਸ ਨੇ ਇਕ ਗੁਜਰਾਤੀ ਮਾਲਕ ਤੋਂ ਕਿਰਾਏ 'ਤੇ ਲਿਆ ਸੀ। ਉਸ ਦਾ ਕਤਲ ਕਰਨ ਵਾਲਾ ਨੌਜਵਾਨ ਕਿਊਬਾ ਦਾ ਪ੍ਰਵਾਸੀ ਯੋਰਡਾਨਿਸ ਕੋਬੋਸ-ਮਾਰਟੀਨੇਜ਼ ਵੀ ਉਸੇ ਮੋਟਲ ਵਿੱਚ ਕੰਮ ਕਰਦਾ ਸੀ। ਫਿਲਹਾਲ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਟਰੰਪ ਦੀਆਂ ਪਾਬੰਦੀਆਂ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀਆਂ ਵਧਾਈਆਂ ਮੁਸ਼ਕਲਾਂ, ਨਹੀਂ ਮਿਲ ਰਿਹਾ ਵੀਜ਼ਾ




ਅਮਰੀਕਾ ਵਿੱਚ ਰਾਸ਼ਟਰਪਤੀ ਟਰੰਪ ਦੇ ਪ੍ਰਸ਼ਾਸਨ ਵੱਲੋਂ ਲਗਾਏ ਗਏ ਟਰੈਵਲ ਬੈਨ ਕਾਰਨ ਲੱਖਾਂ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਯੂਨੀਵਰਸਿਟੀਆਂ ਵਿੱਚ ਦਾਖਲਾ ਲੈਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਿਦਿਆਰਥੀਆਂ ਨੂੰ ਵੀਜ਼ਾ ਪ੍ਰਕਿਰਿਆ ਵਿੱਚ ਦੇਰੀ ਅਤੇ ਨਵੇਂ ਟੈਸਟ ਜਾਂ ਪ੍ਰਮਾਣ ਪੱਤਰਾਂ ਦੀ ਲੋੜ ਕਾਰਨ ਅਮਰੀਕਾ ਜਾਣ ਤੋਂ ਰੋਕਿਆ ਜਾ ਰਿਹਾ ਹੈ।

ਰਿਪੋਰਟਾਂ ਮੁਤਾਬਕ, ਭਾਰਤੀ ਵਿਦਿਆਰਥੀ ਵੀ ਇਸ ਬੈਨ ਦੇ ਕਾਰਨ ਅਮਰੀਕਾ ਨਹੀਂ ਜਾ ਨਹੀਂ ਪਾ ਰਹੇ। ਕਈ ਵਿਦਿਆਰਥੀਆਂ ਨੇ ਯੂਰਪ ਦੇ ਯੂਨੀਵਰਸਿਟੀਆਂ ਜਾਂ ਹੋਰ ਵਿਕਲਪਾਂ ਦੀ ਤਰਫ਼ ਰੁਝਾਨ ਦਿਖਾਇਆ ਹੈ। ਇਸ ਕਾਰਨ ਅਮਰੀਕੀ ਯੂਨੀਵਰਸਿਟੀਆਂ ਨੂੰ ਵੀ ਵਿੱਤੀ ਨੁਕਸਾਨ ਅਤੇ ਭਰਤੀ ਘਟਾਉਣ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਇਹ ਨੀਤੀਆਂ ਨਾ ਸਿਰਫ਼ ਵਿਦਿਆਰਥੀਆਂ ਦੀਆਂ ਯੋਜਨਾਵਾਂ ਨੂੰ ਪ੍ਰਭਾਵਿਤ ਕਰ ਰਹੀਆਂ ਹਨ, ਬਲਕਿ ਅਮਰੀਕਾ ਦੀ ਅਕਾਦਮਿਕ ਸਾਂਝ ਅਤੇ soft power 'ਤੇ ਵੀ ਪ੍ਰਭਾਵ ਪਾ ਰਹੀਆਂ ਹਨ। ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਇਸ ਹਾਲਤ ਨੇ ਚਿੰਤਾ ਪੈਦਾ ਕਰ ਦਿੱਤੀ ਹੈ ਅਤੇ ਉਹ ਆਪਣੀਆਂ ਵਿਦੇਸ਼ 'ਚ ਪੜ੍ਹਾਈ ਦੀਆਂ ਯੋਜਨਾਵਾਂ 'ਤੇ ਮੁੜ-ਵਿਚਾਰ ਰਹੇ ਹਨ।


CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਜਰਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

# LM Trans




**NC, SC, GA, FL, AL, LA, MS to CA, AZ, NV,**
**CA, AZ, NV to NC, SC, GA, FL, AL, LA, MS**

- ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
- ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
- ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
- ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।

**ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ**

**Lokesh Kumar**
**470 334 0020**

7437 avalon blvd, alpharetta, ga 30022
lmtrans868@gmail.com

# ਗੈਰ ਕਾਨੂੰਨੀ ਪ੍ਰਵਾਸੀ ਨੇ ਪੁਲਿਸ ਅਫਸਰ ਨੂੰ ਆਪਣੀ ਕਾਰ ਨਾਲ ਘੜੀਸਿਆ, ਮਾਰੀ ਗੋਲੀ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਨੀਮ ਸ਼ਹਿਰੀ ਸ਼ਿਕਾਗੋ ਵਿੱਚ ਇੱਕ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਅਫਸਰ ਨੇ ਇੱਕ ਵਿਅਕਤੀ ਨੂੰ ਉਸ ਵੇਲੇ ਗੋਲੀ ਮਾਰ ਦਿੱਤੀ ਜਦੋਂ ਉਹ ਇੱਕ ਹੋਰ ਅਫਸਰ ਨੂੰ ਆਪਣੀ ਕਾਰ ਨਾਲ ਕਾਫੀ ਦੂਰ ਤੱਕ ਘਸੀਟ ਕੇ ਲੈ ਗਿਆ। ਹੋਮਲੈਂਡ ਸਕਿਉਰਿਟੀ ਵਿਭਾਗ ਅਨੁਸਾਰ ਇਹ ਘਟਨਾ ਇੱਕ ਨਾਕਾਬੰਦੀ ਸਥਾਨ 'ਤੇ ਵਾਪਰੀ। ਵਿਭਾਗ ਅਨੁਸਾਰ ਸਿਲਵਰੀਓ ਵਿਲਗਾਸ-ਗੋਨਜ਼ਾਲੇਜ਼ ਨਾਮੀ ਕਾਰ ਚਾਲਕ ਦੀ ਮੌਕੇ ਉਪਰ ਹੀ ਮੌਤ ਹੋ ਗਈ ਜਦ ਕਿ ਅਫਸਰ ਦੇ ਗੰਭੀਰ ਸੱਟਾਂ ਵੱਜੀਆਂ ਹਨ ਪਰੰਤੂ ਉਸ ਦੀ ਹਾਲਤ ਸਥਿੱਰ ਹੈ। ਇਹ ਘਟਨਾ ਫਰੈਂਕਲਿਨ ਪਾਰਕ ਵਿੱਚ ਵਾਪਰੀ ਜਿਥੇ ਗੈਰ ਕਾਨੂੰਨੀ ਪ੍ਰਵਾਸੀ ਗੋਨਾਜ਼ਾਲੇਜ਼ ਨੇ ਆਪਣੀ ਕਾਰ ਇੱਕ ਪੁਲਿਸ ਅਫਸਰ ਵਿੱਚ ਮਾਰੀ ਤੇ ਬਾਅਦ ਵਿੱਚ ਉਸ ਨੂੰ ਆਪਣੀ ਕਾਰ ਨੀਲ ਹੀ ਘਸੀਟ ਕੇ ਲੈ ਗਿਆ। ਹੋਮਲੈਂਡ ਸਕਿਉਰਿਟੀ ਅਸਿਸਟੈਂਟ ਸਕੱਤਰ ਟਰੀਸੀਆ ਮੈਕਲੌਘਲਿਨ ਨੇ ਇੱਕ ਪ੍ਰੈਸ ਬਿਆਨ ਵਿੱਚ ਕਿਹਾ ਹੈ ਕਿ ਉਹ ਜ਼ਖਮੀ ਪੁਲਿਸ ਅਫਸਰ ਦੀ ਛੇਤੀ ਸਿਹਤਯਾਬੀ ਦੀ ਪ੍ਰਾਰਥਨਾ ਕਰਦੇ ਹਨ।




# ਅਪਰਾਧ ਨਾਲ ਨਜਿੱਠਣ ਲਈ ਮੈਮਫਿਸ ਵਿੱਚ ਨੈਸ਼ਨਲ ਗਾਰਡ ਤਾਇਨਾਤ ਹੋਣਗੇ : ਟਰੰਪ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਦੇਸ਼ ਦੇ ਵੱਡੇ ਸ਼ਹਿਰਾਂ ਵਿੱਚ ਅਪਰਾਧ ਨਾਲ ਨਜਿੱਠਣ ਦੀਆਂ ਕੋਸ਼ਿਸ਼ਾਂ ਦੇ ਹਿੱਸੇ ਵਜੋਂ ਉਸ ਦਾ ਪ੍ਰਸ਼ਾਸਨ ਮੈਮਫਿਸ ਵਿੱਚ ਨੈਸ਼ਨਲ ਗਾਰਡ ਤਾਇਨਾਤ ਕਰ ਰਿਹਾ ਹੈ। ਸ਼ਹਿਰ ਵਿਚਲੇ ਹਾਲਾਤ ਨੂੰ ਗੰਭੀਰ ਦਸਦਿਆਂ ਉਨਾਂ ਕਿਹਾ ਕਿ ਮੇਅਰ ਤੇ ਟੈਨੇਸੀ ਦੇ ਗਵਰਨਰ ਉਸ ਦੀ ਕਾਰਵਾਈ ਤੋਂ ਖੁਸ਼ ਹਨ ਜਿਸ ਕਾਰਵਾਈ ਤਹਿਤ ਨੈਸ਼ਨਲ ਗਾਰਡ ਤਾਇਨਾਤ ਹੋਣਗੇ ਤੇ ਹਰ ਉਸ ਵਿਅਕਤੀ ਨੂੰ ਹਿਰਾਸਤ ਵਿੱਚ ਲਿਆ ਜਾਵੇਗਾ ਜਿਸ ਦੀ ਸਾਨੂੰ ਲੋੜ ਹੋਵੇਗੀ। ਦੂਸਰੇ ਪਾਸੇ ਮੈਮਫਿਸ ਦੇ ਮੇਅਰ ਪਾਲ ਯੰਗ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਹੈ ਕਿ ਇਹ ਉਸ ਦੀ ਬੇਨਤੀ ਉਪਰ ਨਹੀਂ ਕੀਤਾ ਜਾ ਰਿਹਾ ਬਲ ਕਿ ਉਸ ਨੂੰ ਤਾਂ ਸਵੇਰੇ ਪਤਾ ਲੱਗਾ ਕਿ ਰਾਸ਼ਟਰਪਤੀ ਤੇ ਗਵਰਨਰ ਨੈਸ਼ਨਲ ਗਾਰਡ ਸਮੇਤ ਹੋਰ ਸੰਘੀ ਸਾਧਨਾਂ ਨੂੰ ਸ਼ਹਿਰ ਵਿੱਚ ਤਾਇਨਾਤ ਕਰ ਰਹੇ ਹਨ। ਮੇਅਰ ਨੇ ਕਿਹਾ ਕਿ ਮੈ ਨੈਸ਼ਨਲ ਗਾਰਡ ਤਾਇਨਾਤ ਕਰਨ ਲਈ ਨਹੀਂ ਕਿਹਾ ਤੇ ਮੈ ਨਹੀਂ ਸੋਚਦਾ ਕਿ ਅਪਰਾਧ ਨਾਲ ਨਜਿੱਠਣ ਦਾ ਇਹ ਕੋਈ ਢੰਗ -ਤਰੀਕਾ ਹੈ।

# ਵਿਸ਼ਵ ਗੱਤਕਾ ਫੈਡਰੇਸ਼ਨ ਵਲੋਂ ਗੱਤਕਾ ਫੈਡਰੇਸ਼ਨ ਯੂ.ਕੇ. ਅਤੇ ਗੱਤਕਾ ਫੈਡਰੇਸ਼ਨ ਯੂ.ਐਸ.ਏ. ਦੀਆਂ ਇਕਾਈਆਂ ਵਲੋਂ ਸਲਾਨਾ ਗੱਤਕਾ ਚੈਂਪੀਅਨਸ਼ਿਪਾਂ ਉਲੀਕਣ ਤੇ ਵਧਾਈ

## ਵਿਸ਼ਵ ਗੱਤਕਾ ਫੈਡਰੇਸ਼ਨ ਵਲੋਂ ਬਿਨਾਂ ਨਾਮਜਦ ਕੀਤੇ ਵਿਅਕਤੀਆਂ ਵਲੋਂ ਫੈਡਰੇਸ਼ਨ ਦੇ ਅਹੁਦੇਦਾਰ ਦੱਸਣ ਤੇ ਨਾਂ ਵਰਤਣ ਦਾ ਸਖਤ ਨੋਟਿਸ, ਸਪਸ਼ਟ ਕੀਤਾ ਕਿ ਕਿਸੇ ਨੂੰ ਵੀ ਅਧਿਕਾਰਿਤ ਤੌਰ 'ਤੇ ਨਹੀਂ ਕੀਤਾ ਨਾਮਜਦ: ਡਾ. ਦੀਪ ਸਿੰਘ ਯੂ.ਐਸ.ਏ.





ਨਿਉਯਾਰਕ : ਵਿਸ਼ਵ ਦੇ ਸਮੂਹ ਮੁਲਕਾਂ ਦੀਆਂ ਗੱਤਕਾ ਫੈਡਰੇਸ਼ਨਾਂ ਦੀ ਨੁਮਾਇੰਦਾ ਖੇਡ ਜੱਥੇਬੰਦੀ, ਵਿਸ਼ਵ ਗੱਤਕਾ ਫੈਡਰੇਸ਼ਨ ਦੇ ਜਨਰਲ ਸਕੱਤਰ ਡਾ. ਦੀਪ ਸਿੰਘ ਵਲੋਂ ਸ. ਤਨਮਨਜੀਤ ਸਿੰਘ ਢੇਸੀ, ਮੈਂਬਰ ਪਾਰਲੀਮੈਂਟ-ਯੂ.ਕੇ ਅਤੇ ਸ. ਕਲਵਿੰਦਰ ਸਿੰਘ ਪ੍ਰਧਾਨ ਗੱਤਕਾ ਫੈਡਰੇਸ਼ਨ ਯੂ.ਕੇ ਅਤੇ ਚੇਅਰਮੈਨ ਵਿਸ਼ਵ ਗੱਤਕਾ ਫੈਡਰੇਸ਼ਨ ਨੂੰ ਦੋਵੇਂ ਫੈਡਰੇਸ਼ਨਾਂ ਵਲੋਂ ਸਲਾਨਾ ਗੱਤਕਾ ਚੈਂਪੀਅਨਸ਼ਿਪਾਂ ਨੂੰ ਆਯੋਜਿਤ ਕਰਨ ਤੇ ਵਧਾਈ ਦਿੱਤੀ ਗਈ। ਉਹਨਾਂ ਦੱਸਿਆ ਕਿ ਸ. ਤਨਮਨਜੀਤ ਸਿੰਘ ਢੇਸੀ ਯੂ.ਕੇ. ਦੀ ਪਾਰਲੀਮੈਂਟ ਪਹਿਲੇ ਦਸਤਾਰਧਾਰੀ ਸਿੱਖ ਮੈਂਬਰ ਹਨ ਅਤੇ ਲੰਮੇ ਸਮੇਂ ਤੋਂ ਗੱਤਕਾ ਫੈਡਰੇਸ਼ਨ ਦੇ ਪ੍ਰਧਾਨ ਵਜੋਂ ਸੇਵਾ ਨਿਭਾਉਦਿਆਂ ਉਹਨਾਂ ਯੂ.ਕੇ ਵਿੱਚ ਗੱਤਕਾ ਖੇਡ ਦੇ ਪ੍ਰਚਾਰ ਅਤੇ ਪ੍ਰਸਾਰ ਵਿੱਚ ਵੱਡਾ ਯੋਗਦਾਨ ਪਾਇਆ ਹੈ।

ਉਹਨਾਂ ਦੱਸਿਆ ਕਿ ਇਸ ਸਾਲ ਯੂ.ਕੇ ਦੀ ਸਲਾਨਾ ਗੱਤਕਾ ਚੈਂਪੀਅਨਸ਼ਿਪ ਸੰਤਬਰ 14 ਨੂੰ ਇੰਡੋਰ ਫੈਸੇਲਟੀ-ਪੌਂਟੀਕਲਨ ਨੇੜੇ ਕਾਰਡਿਫ, ਵੇਲਜ ਵਿਖੇ ਕਰਵਾਈ ਗਈ ਜਿਸ ਵਿੱਚ ਵੱਖ-ਵੱਖ ਉਮਰ ਵਰਗ ਦੇ ਸੋਟੀ-ਫਰੀ ਦੇ ਮੁਕਾਬਲੇ ਕਰਵਾਏ ਗਏ। ਉਨ੍ਹਾਂ ਸ. ਕਲਵਿੰਦਰ ਸਿੰਘ ਫਰੀਜਨੋ-ਪ੍ਰਧਾਨ ਗੱਤਕਾ ਫੈਡਰੇਸ਼ਨ ਯੂ.ਐਸ.ਏ ਅਤੇ ਚੇਅਰਮੈਨ ਵਿਸ਼ਵ ਗੱਤਕਾ ਫੈਡਰੇਸ਼ਨ ਨੂੰ ਵੀ ਉਹਨਾਂ ਰਾਹੀਂ ਕੀਤੇ ਜਾ ਰਹੇ ਕਾਰਜਾਂ ਲਈ ਵਧਾਈ ਦਿੱਤੀ। ਜ਼ਿਕਰਯੋਗ ਹੈ ਕਿ ਉਨ੍ਹਾਂ ਦੀ ਅਗਵਾਈ ਵਿੱਚ ਦਿਨ ਸ਼ਨੀਚਰਵਾਰ, 4 ਅਕਤੂਬਰ 2025 ਨੂੰ ਗੱਤਕਾ ਫੈਡਰੇਸ਼ਨ ਯੂ.ਐ.ਏ. ਵਲੋਂ ਤੀਜੀ ਯੂ.ਐਸ. ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਗੁਰਦੁਆਰਾ ਸਿੰਘ ਸੈਂਟਰ ਆਫ ਨਿਉਯਾਰਕ, ਕੁਇਨਜ ਵਿਲੇਜ 222 ਵਿਖੇ ਉਲੀਕੀ ਜਾ ਰਹੀ ਹੈ। ਜਿਸ ਵਿੱਚ ਉਮਰ ਵਰਗ 14, 17, 21 ਅਤੇ 25 ਸਾਲ ਅਧੀਨ ਬੀਬੀਆਂ ਅਤੇ ਸਿੰਘਾਂ ਦੇ ਮੁਕਾਬਲੇ ਕਰਵਾਏ ਜਾਣਗੇ।

ਇਸ ਮੌਕੇ ਉਨ੍ਹਾਂ ਗੱਤਕਾ ਫੈਡਰੇਸ਼ਨਾਂ ਦੇ ਅਹੁਦੇਦਾਰਾਂ ਅਤੇ ਖਿਡਾਰੀਆਂ ਨੂੰ ਸੁਚੇਤ ਕਰਦਿਆਂ ਸੁਨੇਹਾ ਦਿੱਤਾ ਹੈ ਕਿ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਨੋਟਿਸ ਵਿੱਚ ਆਇਆ ਹੈ ਕਿ ਕੁਝ ਸ਼ਖਸ ਆਪਣੇ ਆਪ ਨੂੰ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਅਹੁਦੇਦਾਰ ਦੱਸ ਕੇ ਮੀਡੀਆ ਵਿੱਚ ਖਬਰਾਂ ਅਤੇ ਸਮੇਂ-ਸਮੇਂ ਤੇ ਹੋਣ ਵਾਲੇ ਟੂਰਨਾਮੈਂਟਾਂ ਅਤੇ ਚੈਂਪੀਅਨਸ਼ਿਪਾਂ ਜੋਕਿ ਬਾਹਰਲੇ ਮੁਲਕਾਂ ਉਲੀਕੀਆਂ ਜਾਂਦੀਆਂ ਹਨ, ਵਿੱਚ ਭਾਗ ਵੀ ਲੈ ਰਹੇ ਹਨ। ਉਨ੍ਹਾਂ ਸਪਸ਼ਟ ਕੀਤਾ ਕਿ ਉਨ੍ਹਾਂ ਵਲੋਂ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਦਫਤਰ ਵਲੋਂ ਕਿਸੇ ਵੀ ਵਿਅਕਤੀ ਜਾਂ ਕਿਸੇ ਫੈਡਰੇਸ਼ਨ ਦੇ ਅਹੁਦੇਦਾਰ ਨੂੰ ਕਿਸੇ ਵੀ ਅਹੁਦੇ ਲਈ ਕੋਈ ਵੀ ਨਿਯੁਕਤੀ ਪੱਤਰ ਜਾਰੀ ਨਹੀਂ ਕੀਤਾ ਗਿਆ ਹੈ। ਜੇਕਰ ਕੋਈ ਵਿਅਕਤੀ ਆਪਣੇ ਆਪ ਨੂੰ ਵਿਸ਼ਵ ਗੱਤਕਾ ਫੈਡਰੇਸ਼ਨ ਦਾ ਅਹੁਦੇਦਾਰ ਦੱਸ ਕੇ ਮੀਡੀਆ ਵਿੱਚ ਖਬਰਾਂ ਲਵਾ ਰਿਹਾ ਹੈ ਤਾਂ ਮੀਡੀਆ ਨਾਲ ਸੰਬਧਤ ਭਾਈਚਾਰੇ ਨੂੰ ਪਹਿਲਾ ਉਸ ਸ਼ਖਸ ਦੀ ਪੜਤਾਲ ਜ਼ਰੂਰ ਕਰਨ ਕਿ ਉਹ ਵਿਸ਼ਵ ਗੱਤਕਾ ਫੈਡਰੇਸ਼ਨ ਨਾਲ ਸਬੰਧਤ ਹੈ ਜਾਂ ਨਹੀ। ਇਸ ਸਬੰਧੀ ਹੋਰ ਜਾਣਕਾਰੀ ਹਿੱਤ ਅਧਿਕਾਰਿਤ ਵੈਬਸਾਈਟ ਜੋਕਿ www.worldgatkafederation.us ਹੈ 'ਤੇ ਜਾ ਕੇ ਯਕੀਨੀ ਬਣਾਉਣ ਕਿ ਸਬੰਧਿਤ ਵਿਅਕਤੀ ਸੰਸਥਾ ਦਾ ਅਹੁਦੇਦਾਰ ਹੈ ਜਾਂ ਨਹੀਂ। ਇਸ ਸਬੰਧੀ ਹੋਰ ਜਾਣਕਾਰੀ ਲੈਣ ਲਈ ਡਬਲਿਉ. ਜੀ.ਐਫ. (WGF) ਵਲੋਂ ਅਧਿਕਾਰਤ ਵਿਅਕਤੀਆਂ ਨਾਲ ਵੀ ਸੰਪਰਕ ਕੀਤਾ ਜਾ ਸਕਦਾ ਹੈ ਜਿਸ ਵਿੱਚ ਦੀਪ ਸਿੰਘ ਨਿਉਯਾਰਕ ਜਾਂ ਸ. ਕਲਵਿੰਦਰ ਸਿੰਘ ਫਰੀਜਨੋ-ਕੈਲੀਫੋਰਨੀਆ ਚੇਅਰਮੈਨ- ਡਬਲਿਉ. ਜੀ.ਐਫ. (WGF) ਦੇ ਨਾਂ ਮੁੱਖ ਹਨ।

ਇਸ ਮੌਕੇ ਉਨ੍ਹਾਂ ਨਾਲ ਸ. ਕਲਵਿੰਦਰ ਸਿੰਘ ਗੱਤਕਾ ਫੈਡਰੇਸ਼ਨ ਯੂ.ਐਸ.ਏ, ਕੈਲੇਫੋਰਨੀਆਂ, ਸ. ਗਗਨਦੀਪ ਸਿੰਘ ਬਰੇਲੀ ਟੂਰਨਾਮੈਂਟ ਕੁਆਰਡੀਨੇਟ ਅਮਰੀਕਾ, ਸ. ਸੁਜਾਨ ਸਿੰਘ ਤੇ ਸ. ਜਸਕੀਰਤ ਸਿੰਘ, ਸ. ਬਲਜਿੰਦਰ ਸਿੰਘ ਸਾਰੇ ਸੀਨੀਅਰ ਕੋਚ ਤੇ ਰੈਫਰੀ ਨਿਉਯਾਰਕ ਅਤੇ ਬੀਬਾ ਸਰਬਜੀਤ ਕੌਰ ਸਿੱਖ ਚਿੰਤਕ ਵੀ ਹਾਜ਼ਰ ਸਨ।




ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਉਥੇ ਨਾ ਹੀ ਕਿਸੇ ਨੂੰ ਪੁੱਛਿਆ ਗਿਆ ਕਿ ਉਹ ਪਹਿਲੀ ਵਾਰ ਅੰਮ੍ਰਿਤ ਛੱਕ ਰਿਹਾ ਹੈ ਜਾਂ ਮੁੜ ਅੰਮ੍ਰਿਤ ਪਾਨ ਕਰ ਰਿਹਾ ਹੈ ਤੇ ਨਾ ਹੀ ਉਸ ਨੂੰ ਵੱਖ ਕਰ ਕੇ ਤਨਖਾਹ ਹੀ ਲਾਈ ਗਈ।

(ਕ) ਅੰਮ੍ਰਿਤ ਛਕਾਉਣ ਵਾਲੇ ਪੰਜ ਪਿਆਰਿਆਂ 'ਚੋਂ ਕੋਈ ਇਕ ਸੱਜਣ ਅੰਮ੍ਰਿਤ ਛਕਣ ਦੇ ਅਭਿਲਾਖੀਆਂ ਨੂੰ ਸਿੱਖ ਧਰਮ ਦੇ ਅਸੂਲ ਸਮਝਾਵੈ-ਸਿੱਖ ਧਰਮ ਵਿਚ ਕਿਰਤਮ ਦੀ ਪੂਜਾ ਤਿਆਗ ਕੇ ਇਕ ਕਰਤਾਰ ਦੀ ਪ੍ਰੇਮਾ-ਭਗਤੀ ਤੇ ਉਪਾਸ਼ਨਾ ਦੱਸੀ ਹੈ। ਇਸ ਦੀ ਪੂਰਨਤਾ ਲਈ ਗੁਰਬਾਣੀ ਦਾ ਅਭਿਆਸ, ਸਾਧ ਸੰਗਤ ਤੇ ਪੰਥ ਦੀ ਸੇਵਾ, ਉਪਕਾਰ, ਨਾਮ ਦਾ ਪ੍ਰੇਮ ਅਤੇ ਅੰਮ੍ਰਿਤ ਛਕ ਕੇ ਰਹਿਤ-ਬਹਿਤ ਰੱਖਣਾ ਮੁੱਖ ਸਾਧਨ ਹਨ, ਆਦਿ, ਕੀ ਤੁਸੀਂ ਇਸ ਧਰਮ ਨੂੰ ਖੁਸ਼ੀ ਨਾਲ ਕਬੂਲ ਕਰਦੇ ਹੋ?

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੮)

(ਖ) "ਹਾਂ" ਦਾ ਜਵਾਬ ਆਉਣ ਤੋਂ ਪਿਆਰਿਆਂ 'ਚੋਂ ਇਕ ਸੱਜਣ ਅੰਮ੍ਰਿਤ ਦੀ ਤਿਆਰੀ ਦਾ ਅਰਦਾਸਾ ਕਰ ਕੇ ਹੁਕਮ ਲਵੇ। ਪੰਜ ਪਿਆਰੇ ਅੰਮ੍ਰਿਤ ਤਿਆਰ ਕਰਨ ਲਈ ਬਾਟੇ ਪਾਸ ਆ ਬੈਠਣ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੮)

**ਵਿਆਖਿਆ**


ਅੰਮ੍ਰਿਤ ਦੀ ਦਾਤ ਕਿਸੇ ਲਾਲਚ ਜਾਂ ਦਬਾਅ ਅਧੀਨ ਨਹੀਂ ਬਲਕਿ ਆਪਣੀ ਇੱਛਾ ਅਤੇ ਦ੍ਰਿੜ੍ਹ ਇਰਾਦੇ ਨਾਲ ਹੀ ਪ੍ਰਾਪਤ ਕਰਨੀ ਲੋੜੀਂਦੀ ਹੈ। ਇਸ ਲਈ ਪਹਿਲਾਂ ਪੰਜ ਪਿਆਰਿਆਂ ਵਲੋਂ ਅੰਮ੍ਰਿਤ ਅਭਿਲਾਖੀ ਨੂੰ ਸਿੱਖ ਧਰਮ ਦੇ ਅਸੂਲ ਸੰਖੇਪ ਵਿਚ ਸਮਝਾਏ ਜਾਂਦੇ ਹਨ :

1. ਉਪਾਸ਼ਨਾ ਅਤੇ ਭਗਤੀ ਕੇਵਲ ਕਰਤਾ ਪੁਰਖ ਦੀ ਹੀ ਕੀਤੀ ਜਾ ਸਕਦੀ ਹੈ ਉਸਦੀ ਕਿਰਤ ਦੀ ਨਹੀਂ।
2. ਇਸ ਲਈ ਗੁਰਬਾਣੀ ਦਾ ਅਭਿਆਸ, ਸਾਧ ਸੰਗਤ ਅਤੇ ਪੰਥ ਦੀ ਸੇਵਾ ਲਈ ਤਤਪਰ ਰਹਿਣਾ।
3. ਨਾਮ ਬਾਣੀ ਦੇ ਪ੍ਰੇਮੀ ਹੋਣਾ ਅਤੇ ਉਪਕਾਰੀ ਜੀਵਨ ਬਤੀਤ ਕਰਨਾ।
4. ਅੰਮ੍ਰਿਤ ਪਾਨ ਕਰ ਕੇ ਰਹਿਤ-ਬਹਿਤ ਵਿਚ ਪਰਪੱਕ ਰਹਿਣਾ।

ਉਪਰੰਤ ਉਸ ਨੂੰ ਪੁੱਛਿਆ ਜਾਂਦਾ ਹੈ ਕਿ ਕੀ ਉਹ ਆਪਣੀ ਖੁਸ਼ੀ ਨਾਲ ਇਨ੍ਹਾਂ ਨੂੰ ਪ੍ਰਵਾਨ ਕਰਦਾ ਹੈ? ਇਸ ਤਰ੍ਹਾਂ ਕਿਸੇ ਨੂੰ ਜ਼ੋਰ-ਜ਼ਬਰਦਸਤੀ ਜਾਂ ਲਾਲਚ ਦੇ ਕੇ ਸਿੱਖੀ ਵਿਚ ਸ਼ਾਮਲ ਕਰਨ ਦੀ ਕਦਾਚਿਤ ਆਗਿਆ ਨਹੀਂ ਹੈ। ਉਸ ਦਾ ਜਵਾਬ ਹਾਂ ਵਿਚ ਆਉਣ ਦੇ ਬਾਅਦ ਹੀ ਉਸ ਨੂੰ ਅੰਮ੍ਰਿਤ ਦੀ ਦਾਤ ਦਿੱਤੀ ਜਾਂਦੀ ਹੈ।

ਹਰ ਨਵੇਂ ਅੰਮ੍ਰਿਤਧਾਰੀ ਨੂੰ ਸਿੱਖ ਰਹਿਤ ਮਰਯਾਦਾ ਦੀ ਇਕ ਕਾਪੀ ਦੇਣ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ 5 ਜੂਨ, 1997 ਦਾ ਮਤਾ ਵੀ ਹੈ। ਇਹ ਹੈ:

'ਜਿਥੇ ਅੰਮ੍ਰਿਤ ਅਭਿਲਾਖੀਆਂ ਨੂੰ ਅੰਮ੍ਰਿਤ ਪਾਨ ਕਰਵਾਉਣ ਲਈ ਸਮੇਂ ਸਮੇਂ ਵੱਡੀ ਪੱਧਰ 'ਤੇ ਪ੍ਰਬੰਧ ਕੀਤੇ ਜਾਂਦੇ ਹਨ, ਉਥੇ ਭਵਿੱਖ ਵਿਚ ਅੰਮ੍ਰਿਤ ਪਾਨ ਕਰਨ ਵਾਲੇ ਹਰੇਕ ਪ੍ਰਾਣੀ ਨੂੰ ਪ੍ਰਵਾਨਿਤ ਰਹਿਤ ਮਰਿਯਾਦਾ ਦੀ ਇਕ ਇਕ ਕਾਪੀ ਭੀ ਦਿੱਤੀ ਜਾਇਆ ਕਰੇ ਤਾਂ ਜੋ ਉਹ ਉਸਨੂੰ ਸਮੇਂ ਸਮੇਂ ਗਹੁ ਨਾਲ ਪੜ੍ਹ ਕੇ ਉਸ ਪੁਰ ਅਮਲ ਭੀ ਕਰ ਸਕਣ।'




(ਗ) ਬਾਟਾ ਸਰਬ-ਲੋਹ ਦਾ ਹੋਵੇ ਤੇ ਚੌਕੀ, ਸੁਨਹਿਰੇ ਆਦਿ ਕਿਸੇ ਸਵੱਛ ਚੀਜ਼ ਪੁਰ ਰੱਖਿਆ ਹੋਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੮)

**ਵਿਆਖਿਆ**

ਅੰਮ੍ਰਿਤ ਪਾਨ ਲਈ ਬਾਟਾ ਚਾਹੀਦਾ ਹੈ। ਇਹ ਬਾਟਾ ਕੇਵਲ ਸਰਬਲੋਹ ਦਾ ਹੀ ਹੋ ਸਕਦਾ ਹੈ ਅਤੇ ਕਿਸੇ ਹੋਰ ਧਾਤ ਜਾਂ ਕਿਸਮ ਦਾ ਭਾਂਡਾ ਜਾਂ ਬਰਤਨ ਪ੍ਰਵਾਨ ਨਹੀਂ ਹੈ। ਪੱਥਰ ਯੁੱਗ ਤੋਂ ਬਾਅਦ ਲੋਹ ਯੁੱਗ ਆਇਆ। ਭਾਰਤੀ ਸੰਸਕ੍ਰਿਤੀ ਨੇ ਕਈ ਭਰਮਾਂ ਅਤੇ ਵਹਿਮਾਂ ਨੂੰ ਲੋਹੇ ਦੇ ਨਾਲ ਜੋੜ ਲਿਆ। ਇਸ ਵਿਚ ਲੋਹੇ ਤੋਂ ਨਫ਼ਰਤ ਅਤੇ ਹਿਕਾਰਤ ਦੇ ਨਾਲ ਇਸ ਤੋਂ ਡਰ ਵੀ ਸ਼ਾਮਲ ਸੀ। ਲੋਕ ਮਾਨਤਾਵਾਂ ਮੁਤਾਬਕ ਲੋਹੇ ਦੀ ਬਣੀ ਹੋਈ ਘੋੜੇ ਦੀ ਨਾਲ (horse shoe) ਨੂੰ ਨਵੇਂ ਘਰ ਦੇ ਬੂਹੇ ਦੀ ਚੁਗਾਠ 'ਤੇ ਕਿੱਲਾਂ ਨਾਲ ਠੋਕਿਆ ਜਾਂਦਾ ਸੀ ਤਾਂ ਕਿ ਪ੍ਰੇਤ ਆਤਮਾਵਾਂ ਨੇੜੇ ਨਾ ਆਉਣ। ਇਸ ਦੇ ਨਾਲ ਹੀ ਨਵੇਂ ਜਨਮੇ ਬੱਚੇ ਦੇ ਸਿਰਹਾਣੇ ਵੀ ਲੋਹੇ ਦੀ ਛੁਰੀ ਰੱਖੀ ਜਾਂਦੀ ਸੀ ਤਾਂ ਕਿ ਉਸ 'ਤੇ ਭੈੜਾ ਸਾਇਆ ਨਾ ਪਵੇ। ਇਕ ਹੋਰ ਮਾਨਤਾ ਮੁਤਾਬਕ ਲੋਹੇ ਦੇ ਭਾਂਡੇ ਖੜਕਾਉਣੇ ਅਸ਼ੁਭ ਮੰਨਿਆ ਜਾਂਦਾ ਸੀ।

ਸ਼ਾਸਤ੍ਰਾਂ ਨੇ ਲੋਹੇ ਦੇ ਭਾਂਡਿਆਂ ਦੀ ਵਰਤੋਂ ਦੀ ਸਖਤ ਮਨਾਹੀ ਕੀਤੀ ਹੈ। ਬ੍ਰਾਹਮਣ ਦੇ ਗ੍ਰੰਥ 'ਅਤ੍ਰੀ ਸੰਹਤਾ' ਦਾ ਸਪਸ਼ਟ ਆਦੇਸ਼ ਕਿ ਜਿਹੜਾ ਅੰਨ ਲੋਹੇ ਦੇ ਬਰਤਨ 'ਚੋਂ ਖਾਧਾ ਜਾਂਦਾ ਹੈ ਉਹ ਵਿਸ਼ਟ ਦੇ ਤੁਲ ਅਤੇ ਤਿਾਗਣਯੋਗ ਹੈ। ਇਤਨਾ ਹੀ ਨਹੀਂ ਇਸ ਵਿਚੋਂ ਖਾਧ ਪਦਾਰਥ ਦੇਣ ਵਾਲਾ ਦਾਤਾ ਵੀ ਨਰਕ ਵਿਚ ਜਾਂਦਾ ਹੈ।

ਅਯਸੇਨ ਤੁ ਪਾਤ੍ਰੇਣ ਯਦੱਨਮੁਪਦੀਯਤੇ॥
ਸ਼੍ਵਾਨਵਿਸ਼ਠਾਸੰਮ ਭੁੰਕਤੇ ਦਾਤਾ ਚ ਨਰਕੰ ਵ੍ਰਜੇਤ॥੧੫੦॥

(ਅਤ੍ਰੀ ਸੰਹਿਤਾ, ਸ਼ਲੋਕ ੧੫੦)

ਇਕ ਪਾਸੇ ਬ੍ਰਾਹਮਣੀ ਗ੍ਰੰਥਾਂ ਨੇ ਲੋਹੇ ਦੇ ਭਾਂਡੇ ਵਿਚੋਂ ਖਾਣ ਵਾਲੇ ਨੂੰ ਵਿਸ਼ਟਾ ਖਾਣ ਦੇ ਤੁਲ ਕਰਾਰ ਦਿੱਤਾ ਅਤੇ ਲੋਹੇ ਦੇ ਬਰਤਨ ਵਿਚੋਂ ਕਿਸੇ ਨੂੰ ਦੇਣ ਵਾਲੇ ਨਰਕਭਾਗੀ ਕਿਹਾ।

(ਚਲਦਾ)

# ਨਿਊਯਾਰਕ ਵਿੱਚ ਮਾਰੇ ਛਾਪੇ ਦੌਰਾਨ 57 ਲੋਕਾਂ ਨੂੰ ਹਿਰਾਸਤ ਵਿੱਚ ਲਿਆ

## ਗੈਰ ਕਾਨੂੰਨੀ ਲੋਕਾਂ ਨੂੰ ਨੌਕਰੀਆਂ ਦੇਣ ਵਾਲਿਆਂ ਵਿਰੁੱਧ ਹੋਵੇਗੀ ਕਾਨੂੰਨੀ ਕਾਰਵਾਈ : ਅਟਾਰਨੀ ਜਨਰਲ

ਸੈਕਰਾਮੈਂਟੋ/ਕੈਲੀਫੋਰਨੀਆ, (ਹੁਸਨ ਲੜੋਆ ਬੰਗਾ) : ਅਪਸਟੇਟ ਨਿਊ ਯਾਰਕ ਸਨੈਕ ਬਾਰ ਪਲਾਂਟ ਵਿੱਚ ਇਮੀਗ੍ਰੇਸ਼ਨ ਵਿਭਾਗ ਵੱਲੋਂ ਮਾਰੇ ਛਾਪੇ ਦੌਰਾਨ 57 ਕਾਮਿਆਂ ਨੂੰ ਹਿਰਾਸਤ ਵਿੱਚ ਲੈ ਲੈਣ ਦੀ ਖਬਰ ਹੈ। ਇਹ ਜਾਣਕਾਰੀ ਸੰਘੀ ਵਕੀਲ ਨੇ ਦਿੰਦਿਆਂ ਮਾਲਕਾਂ ਨੂੰ ਹੋਰ ਛਾਪੇ ਮਾਰਨ ਦੀ ਚਿਤਾਵਨੀ ਦਿੱਤੀ ਹੈ। ਜੌਹਨ ਸਰਕੋਨ ਕਾਰਜਕਾਰੀ ਯੂ ਐਸ ਅਟਾਰਨੀ ਉੱਤਰੀ ਨਿਊ ਯਾਰਕ ਨੇ ਕਿਹਾ ਹੈ ਕਿ ਦਿਹਾਤੀ ਕਾਟੋ ਵਿੱਚ ਮਾਰੇ ਛਾਪੇ ਦੌਰਾਨ 5 ਲੋਕਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ ਜਿਨਾਂ ਵਿਰੁੱਧ ਗੈਰ ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਣ ਦੇ ਅਪਰਾਧਿਕ ਦੋਸ਼ ਲਾਏ ਗਏ ਹਨ ਜਦ ਕਿ ਬਾਕੀ ਗ੍ਰਿਫਤਾਰ 52 ਲੋਕਾਂ ਵਿਰੁੱਧ ਦੇਸ਼ ਨਿਕਾਲੇ ਦੀ ਪ੍ਰਕ੍ਰਿਆ ਚੱਲ ਰਹੀ ਹੈ। ਐਡਵੋਕੇਸੀ ਗਰੁੱਪ ਰੂਰਲ ਐਂਡ ਮਾਈਗਰਾਂਟ ਮਨਿਸਟਰੀ ਨੇ ਕਿਹਾ ਹੈ ਕਿ ਨਿਊਟਰੀਸ਼ਨ ਬਾਰ ਕੋਨਫੈਕਸ਼ਨਰਜ ਪਲਾਂਟ ਤੋਂ ਗ੍ਰਿਫਤਾਰ ਕੀਤੇ ਗਏ ਜਿਆਦਾਤਰ ਲੋਕ ਗੁਆਟੇਮਾਲਾ ਤੋਂ ਹਨ। ਸਰਕੋਨ ਨੇ ਕਿਹਾ ਹੈ ਕਿ ਜਿਨਾਂ ਮਾਲਕਾਂ ਨੇ ਬਿਨਾਂ ਕਿਸੇ ਪ੍ਰਵਾਨਗੀ ਦੇ ਗੈਰ ਨਾਗਰਿਕਾਂ ਨੂੰ ਨੌਕਰੀਆਂ ਦੇ ਕੇ ਦੇਸ਼ ਦੇ ਕਾਨੂੰਨ ਦੀ ਉਲੰਘਣਾ ਕੀਤੀ ਹੈ, ਵਿਰੁੱਧ ਸਖਤੀ ਨਾਲ ਅਪਰਾਧਿਕ ਜਾਂਚ ਹੋਵੇਗੀ। ਉਨ੍ਹਾਂ ਨੂੰ ਸਿੱਟੇ ਭੁੱਗਤਣੇ ਪੈਣਗੇ। ਸਰਕੋਨ ਨੇ ਕਿਹਾ ਕਿ ਅੱਖਾਂ ਬੰਦ ਕਰਕੇ ਚੱਲਣ ਦੇ ਪੁਰਾਣੇ ਦਿਨ ਖਤਮ ਹੋ ਗਏ ਹਨ। ਇਥੇ ਜਿਕਰਯੋਗ ਹੈ ਕਿ ਪਿਛਲੇ ਹਫਤੇ ਜਾਰਜੀਆ ਵਿੱਚ ਕੋਰੀਅਨ ਆਟੋ ਨਿਰਮਾਤਾ ਹੁੰਡਾਈ ਦੀ ਨਿਰਮਾਣ ਇਕਾਈ 'ਤੇ ਇਮੀਗਰੇਸ਼ਨ ਵਿਭਾਗ ਵੱਲੋਂ ਮਾਰੇ ਛਾਪੇ ਦੌਰਾਨ 475 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

# ਟਰੰਪ ਦੇ ਨਜ਼ਦੀਕੀ ਕੰਜ਼ਰਵੇਟਿਵ ਕਾਰਕੁੰਨ ਚਾਰਲੀ ਕਿਰਕ ਦੀ ਗੋਲੀਆਂ ਮਾਰ ਕੇ ਹੱਤਿਆ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਰਾਸ਼ਟਰਪਤੀ ਡੋਨਲਡ ਟਰੰਪ ਦੇ ਨਜ਼ਦੀਕੀ ਕੰਜ਼ਰਵੇਟਿਵ ਕਾਰਕੁੰਨ ਚਾਰਲੀ ਕਿਰਕ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦੇਣ ਦੀ ਖਬਰ ਹੈ। ਇਹ ਘਟਨਾ ਉਰਮ ਵਿੱਚ ਉਟਾਹ ਵੈਲੀ ਯੂਨੀਵਰਸਿਟੀ ਵਿਖੇ ਵਾਪਰੀ। ਉਸ ਦੀ ਧੌਣ ਵਿੱਚ ਗੋਲੀਆਂ ਮਾਰੀਆਂ ਗਈਆਂ। ਰਾਸ਼ਟਰਪਤੀ ਡੋਨਲਡ ਟਰੰਪ ਨੇ ਸ਼ੋਸਲ ਮੀਡੀਆ 'ਤੇ ਕਿਰਕ ਦੀ ਮੌਤ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ "ਅਮਰੀਕਾ ਵਿੱਚ ਚਾਰਲੀ ਤੋਂ ਬੇਹਤਰ ਕੋਈ ਵੀ ਅਜਿਹਾ ਨਹੀ ਹੈ ਜੋ ਉਸ ਵਰਗੀ ਸਮਝ ਤੇ ਦਿੱਲ ਰੱਖਦਾ ਹੋਵੇ। ਉਹ ਸਾਰਿਆਂ ਦਾ ਪ੍ਰੇਮੀ ਸੀ ਤੇ ਖਾਸ ਤੌਰ 'ਤੇ ਮੇਰੇ ਲਈ ਉਹ ਖਾਸ ਸੀ, ਜੋ ਹੁਣ ਨਹੀਂ ਰਿਹਾ।" ਗ੍ਰਿਫਤਾਰ ਸ਼ੱਕੀ ਕੋਲੋਂ ਕਈ ਘੰਟੇ ਪੁੱਛਗਿੱਛ ਕਰਨ ਉਪਰੰਤ ਐਫ ਬੀ ਆਈ ਦੇ ਮੁੱਖੀ ਕਾਸ਼ ਪਟੇਲ ਨੇ ਸ਼ੋਸਲ ਮੀਡੀਆ 'ਤੇ ਪੁਸ਼ਟੀ ਕਰਦਿਆਂ ਕਿਹਾ ਕਿ ਚਾਰਲੀ ਕਿਰਕ ਦੀ ਜਾਨ ਲੈਣ ਵਾਲਾ ਹੁਣ ਪੁਲਿਸ ਦੀ ਹਿਰਾਸਤ ਵਿੱਚ ਹੈ। ਪਟੇਲ ਅਨੁਸਾਰ ਗ੍ਰਿਫਤਾਰ ਸ਼ੱਕੀ ਨੇ ਘਟਨਾ ਸਬੰਧੀ ਅਜੇ ਕੋਈ ਹੋਰ ਜਾਣਕਾਰੀ ਨਹੀਂ ਦਿੱਤੀ ਹੈ। ਸਮਾਗਮ ਦੇ ਸਿੱਧੇ ਪ੍ਰਸਾਰਣ ਵਾਲੀ ਇਕ ਵੀਡੀਓ ਤੋਂ ਪਤਾ ਲੱਗਦਾ ਹੈ ਕਿ ਜਦੋਂ 31 ਸਾਲਾ ਕਿਰਕ ਨੂੰ ਗੋਲੀ ਮਾਰ ਗਈ ਤਾਂ ਉਹ ਯੂਨੀਵਰਸਿਟੀ ਦੇ ਵੇਹੜੇ ਵਿੱਚ ਸੰਬੋਧਨ ਕਰ ਰਿਹਾ ਸੀ। ਸਥਾਨਕ ਸਮੇ ਅਨੁਸਾਰ ਦੁਪਹਿਰ 12.20 ਵਜੇ ਵਾਪਰੀ ਇਸ ਘਟਨਾ ਵੇਲੇ ਤਕਰੀਬਨ 3000 ਲੋਕ ਮੌਜੂਦ ਸਨ। ਗੋਲੀ ਚੱਲਣ ਉਪਰੰਤ ਇਕੱਤਰ ਭੀੜੀ ਇਧਰ ਉਧਰ ਖਿਲਰ ਗਈ।



ਚਾਰਲੀ ਕਿਰਕ ਸੰਬੋਧਨ ਕਰਦਾ ਹੋਇਆ

# ਕੈਲੀਫੋਰਨੀਆ 'ਚ ਚੋਰਾਂ ਨੇ ਹਨੂਮਾਨ ਮੰਦਿਰ 'ਚੋਂ 34 ਹਜਾਰ ਡਾਲਰ ਤੇ ਗਹਿਣੇ ਕੀਤੇ ਚੋਰੀ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਡਬਲਿਨ ਸਥਿਤ ਸ੍ਰੀ ਪੰਚਾਮੁਖਾ ਹਨੂਮਾਨ ਮੰਦਿਰ ਵਿੱਚੋਂ ਚੋਰਾਂ ਵੱਲੋਂ 34 ਹਜਾਰ ਡਾਲਰ ਤੇ ਗਹਿਣੇ ਚੋਰੀ ਕਰ ਲੈਣ ਦੀ ਖਬਰ ਹੈ। ਇਹ ਜਾਣਕਾਰੀ ਡਲਬਿਨ ਪੁਲਿਸ ਨੇ ਦਿੱਤੀ ਹੈ। 6930 ਵਿਲਜ ਪਾਰਕਵੇਅ ਵਿੱਖੇ ਸਥਿੱਤ ਇਸ ਮੰਦਿਰ ਵਿੱਚ ਇਸ ਸਾਲ ਹੋਈ ਇਹ ਦੂਸਰੀ ਚੋਰੀ ਹੈ। ਇਸ ਤੋਂ ਪਹਿਲਾਂ ਜਨਵਰੀ 2024 ਵਿੱਚ ਵੀ ਚੋਰਾਂ ਨੇ ਇਸ ਮੰਦਿਰ ਨੂੰ ਨਿਸ਼ਾਨਾ ਬਣਾਇਆ ਸੀ। ਬੇਅ ਖੇਤਰ ਵਿਚਲੇ ਹਿੰਦੂ ਅਮਰੀਕੀ ਭਾਈਚਾਰੇ ਨੇ ਚੋਰੀ ਦੀਆਂ ਵਧ ਰਹੀਆਂ ਘਟਨਾਵਾਂ ਦੇ ਮੱਦੇਨਜਰ ਸੁਰੱਖਿਆ ਨੂੰ ਲੈ ਕੇ ਚਿੰਤਾ ਪ੍ਰਗਟ ਕੀਤੀ ਹੈ। ਡਲਲਿਨ ਪੁਲਿਸ ਨੇ ਕਿਹਾ ਹੈ ਕਿ ਚੋਰੀ ਦੀ ਇਸ ਤਾਜਾ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ। ਅਧਿਕਾਰੀਆਂ ਨੇ ਕਿਹਾ ਹੈ ਕਿ ਅਜਿਹਾ ਕੋਈ ਸਬੂਤ ਨਹੀਂ ਮਿਲਿਆ ਹੈ ਜਿਸ ਤੋਂ ਇਹ ਸੰਕੇਤ ਮਿਲਦਾ ਹੋਵੇ ਕਿ ਇਸ ਘਟਨਾ ਨੂੰ ਨਸਲੀ ਨਫਰਤ ਕਾਰਨ ਅੰਜਾਮ ਦਿੱਤਾ ਗਿਆ ਹੈ।

# BASRA
## Heating & Air Conditioning

### ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

## ਤੁਹਾਡੇ ਢੇਰ ਸਾਰੇ ਪੈਸੇ




**Reasonable price first class work ਅਤੇ**

**100% ਗਰੰਟੀ**

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377



ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। – ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਾਧੂ ਸੰਤੋਖ ਦਾਸ ਤੋਂ ਨਿਰਾਸਤਾ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਬਾਬਾ ਜੀ ਨੇ ਲਗਾਤਾਰ ਬਿਨਾਂ ਕੋਈ ਨਾਗਾ ਪਾਏ, ਪੂਰੇ ਗਿਆਰਾਂ ਸਾਲ ਇਹਨਾਂ ਸੰਤਾਂ ਦੀ ਸੇਵਾ ਕੀਤੀ। ਇੱਕ ਦਿਨ ਖੇਤਾਂ ਵਿੱਚ ਕੰਮ ਕਰਦਿਆਂ, ਆਪ ਜੀ ਦੇ ਮਨ ਵਿੱਚ ਇੱਕ ਖ਼ਿਆਲ ਤੀਬਰ ਪ੍ਰਸ਼ਨ ਦੇ ਰੂਪ ਵਿੱਚ ਸਾਹਮਣੇ ਆਇਆ ਕਿ ਮੈਂ ਕੀ ਹਾਂ ? ਕੰਮ ਛੱਡ ਕੇ, ਬੈਠ ਕੇ ਸੋਚਿਆ ਕਿ ਮੈਂ ਸਰੀਰ ਤਾਂ ਹੈ ਨਹੀਂ। ਮੇਰੇ ਅੰਦਰ ਕੋਈ ਹੋਰ ਚੇਤਨ-ਸੱਤਾ ਹੈ, ਜੋ ਮੇਰੇ ਸਰੀਰ ਨੂੰ ਵੀ ਚਲਾ ਰਹੀ ਹੈ। ਫਿਰ ਮਨ ਵਿੱਚ ਵਿਚਾਰ ਫੁਰੀ ਕਿ ਚਲੋ ਸੰਤਾਂ ਨੂੰ ਪੁੱਛਦੇ ਹਾਂ। ਆਪ ਜੀ ਕੰਮ ਅਧੂਰਾ ਛੱਡ ਕੇ ਸਾਧੂ ਸੰਤੋਖ ਦਾਸ ਹੋਰਾਂ ਪਾਸ ਪੁੱਜੇ। ਨਮਸਕਾਰ ਕਰ ਕੇ ਸੰਤਾਂ ਅੱਗੇ ਆਪਣੇ ਅੰਦਰੋਂ ਉਤਪੰਨ ਹੋਇਆ ਸਵਾਲ ਰੱਖਿਆ, ਕਿ ਕ੍ਰਿਪਾ ਕਰਕੇ ਦੱਸੋ ਮੈਂ ਕੀ ਹਾਂ ? ਕੁੱਛ ਦੇਰ ਚੁੱਪ ਰਹਿਣ ਤੋਂ ਪਿੱਛੋਂ ਸੰਤਾਂ ਨੇ ਉੱਤਰ ਦਿੱਤਾ "ਹਰਨਾਮ ਸਿੰਘ! ਜੇ ਇਹ ਗੱਲ ਪੁੱਛਣੀ ਹੈ ਤਾਂ ਸਿਰ ਵਿੱਚ ਸੁਆਹ ਪਾ ਕੇ ਸਾਡਾ ਚੇਲਾ ਬਣ।" ਬਾਬਾ ਜੀ ਦੇ ਮਨ ਨੂੰ ਅਤਿਅੰਤ ਠੇਸ ਪੁੱਜੀ ਤੇ ਮਨ ਵਿੱਚ ਵਿਚਾਰ ਆਇਆ ਕਿ ਇਹ ਮੈਨੂੰ ਸਿੱਖ ਸਮਝਦੇ ਹਨ ਤੇ ਮੈਂ ਹਾਂ ਵੀ ਸਿੱਖ। ਮੈਂ ਤਾਂ ਇਹਨਾਂ ਨੂੰ ਅਦ੍ਵੈਤ੨ ਸਾਧੂ ਜਾਣ ਕੇ ਸੇਵਾ ਕਰਦਾ ਰਿਹਾ ਹਾਂ ਪਰ ਇਨ੍ਹਾਂ ਦੇ ਮਨ ਵਿੱਚ ਸਿੱਖ ਅਤੇ ਉਦਾਸੀ ਦਾ ਵਿਤਕਰਾ ਹੈ। ਉਸੇ ਵਕਤ ਜਵਾਬ ਦਿੱਤਾ ਕਿ ਮੈਂ ਤਾਂ ਆਪ ਜੀ ਨੂੰ ਸਮਦ੍ਰਿਸ਼ਟੀ ਵਾਲੇ ਸਾਧੂ ਜਾਣ ਕੇ ਸੇਵਾ ਕਰਦਾ ਹਾਂ। ਜੇਕਰ ਤੁਸੀਂ ਸਿਰ ਵਿੱਚ ਸੁਆਹ ਪਾਏ ਤੇ ਚੇਲਾ ਬਣੇ ਤੋਂ ਬਿਨਾਂ, ਮੈਨੂੰ ਇਹ ਗੱਲ ਨਹੀਂ ਦੱਸਣੀ ਤਾਂ ਮੈਂ ਸਿੱਖ ਹਾਂ ਅਤੇ ਸਿਰ ਵਿੱਚ ਸੁਆਹ ਪਾਉਣ ਨੂੰ ਅਤੇ ਕਿਸੇ ਦਾ ਚੇਲਾ ਬਣਨ ਨੂੰ ਤਿਆਰ ਨਹੀਂ। ਸੋ ਚੰਗਾ ਇਹ ਹੀ ਹੈ ਕਿ ਅਗੋਂ ਤੋਂ ਮੈਂ ਤੁਹਾਡੇ ਪਾਸੋਂ ਕੋਈ ਵੀ ਗੱਲ ਨਹੀਂ ਪੁੱਛਾਂਗਾ। ਉਸ ਦਿਨ ਤੋਂ ਬਾਬਾ ਜੀ ਨੇ ਸਾਧੂ ਸੰਤੋਖ ਦਾਸ ਜੀ ਉੱਤੇ ਜੋ ਪ੍ਰਮਾਰਥ ਪ੍ਰਾਪਤੀ ਦਾ ਰਸਤਾ ਪੁੱਛਣ ਲਈ ਟੇਕ ਰੱਖੀ ਹੋਈ ਸੀ, ਉਸ ਆਸ ਦੇ ਵੀ ਕਿੰਗਰੇ ਟੁੱਟ ਗਏ। ਹੁਣ ਤਾਂ,

**ਨਾਨਕ ਟੇਕ ਭਈ ਕਰਤੇ ਕੀ ਹੋਰ ਆਸ ਬਿਡਾਣੀ ਲਾਹੀ ॥੨॥੧੦॥**

(ਗੂਜਰੀ ਮ: ੫, ਅੰਗ ੪੯੯-੫੦੦)

ਅਨੁਸਾਰ ਕੇਵਲ ਕਰਤੇ ਪੁਰਖ ਦੀ ਆਸ ਹੀ ਬਾਕੀ ਰਹਿ ਗਈ।

### ਸਿੱਖ ਸੰਤਾਂ ਪਾਸੋਂ ਪ੍ਰਮਾਰਥ ਦੀ ਪੁੱਛ

ਉਦਾਸੀ ਸਾਧੂ ਵੱਲੋਂ ਨਿਰਾਸਤਾ ਮਿਲਣ ਤੇ ਆਪ ਜੀ ਨੇ ਪ੍ਰਮਾਰਥ ਦੀ ਪ੍ਰਾਪਤੀ ਵਾਸਤੇ ਸਿੱਖ ਸਾਧੂਆਂ ਦੀ ਟੋਲ-ਭਾਲ ਅਰੰਭੀ। ਬਾਬਾ ਜੀ ਇਹ ਚਾਹੁੰਦੇ ਸਨ ਕਿ ਕੋਈ ਸਾਧੂ-ਮਹਾਤਮਾ ਐਸਾ ਮਿਲੇ ਜਿਸ ਨੇ ਆਪ ਪ੍ਰਭੂ-ਮਾਲਕ ਦਾ ਵਸਲ ਪ੍ਰਾਪਤ ਕੀਤਾ ਹੋਵੇ ਤੇ ਦੱਸੇ ਕਿ ਇਸ ਮਾਰਗ ਤੇ ਚੱਲ ਕੇ ਮੈਨੂੰ ਆਤਮਿਕ-ਸੁੱਖ ਦੀ ਪ੍ਰਾਪਤੀ ਹੋਈ ਹੈ, ਤੁਸੀਂ ਵੀ ਇਹ ਸਾਧਨ ਕਰ ਕੇ ਵੇਖੋ, ਸਤਿਗੁਰੂ ਜੀ ਮੇਹਰ ਕਰਨਗੇ। ਪਰ ਇਸ ਪਾਸੇ ਵੀ ਸਫ਼ਲਤਾ ਨਾ ਮਿਲੀ ਕਿਉਂਕਿ ਹਰ ਸਾਧੂ-ਮਹਾਤਮਾ ਇਹੋ ਹੀ ਕਹਿੰਦੇ ਸਨ ਕਿ ਉਪਦੇਸ਼ ਤਾਂ ਤੁਹਾਨੂੰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੀ ਦੇਵਾਂਗੇ ਪਰ ਗੁਰੂ-ਚੇਲੇ ਦਾ ਰਿਸ਼ਤਾ ਸਾਡੇ ਨਾਲ ਰੱਖਣਾ ਪਵੇਗਾ। ਕਈ ਮਹਾਤਮਾਵਾਂ ਨਾਲ ਕਈ-ਕਈ ਦਿਨ ਇਸ ਵਿਸ਼ੇ ਤੇ ਉੱਤਰ-ਪ੍ਰਸ਼ਨ



ੴ ਸਤਿਗੁਰ ਪ੍ਰਸਾਦਿ ॥

ਸੇ ਕਿਨੇਹਿਆ ?

ਜੀਵਨ-ਗਾਥਾ

ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ

(ਗੁਰਦੁਆਰਾ ਰਾਮਪੁਰ ਖੇੜਾ ਸਾਹਿਬ ਵਾਲੇ)

ਲੇਖਕ ਅਤੇ ਪ੍ਰਕਾਸ਼ਕ

ਸੰਤ ਸੇਵਾ ਸਿੰਘ

ਗੁਰਦੁਆਰਾ ਰਾਮਪੁਰ ਖੇੜਾ ਸਾਹਿਬ

ਡਾ : ਗੜ੍ਹਦੀਵਾਲਾ, ਜ਼ਿਲਾ ਹੁਸ਼ਿਆਰਪੁਰ, ਪੰਜਾਬ (ਇੰਡੀਆ-144207)

ਫੋਨ ਨੰ: +91-1886-260334, 98767-60334

Website : www.RamPurKhera.com | Email : RamPurKhera@yahoo.ca

3

ਅਤੇ ਗੁਰਬਾਣੀ ਅਨੁਸਾਰ ਵਿਚਾਰਾਂ ਵੀ ਹੋਈਆਂ ਪਰ ਦੇਹਧਾਰੀ ਗੁਰੂ ਦੀ ਆਵੱਸ਼ਕਤਾ 'ਤੇ ਉਹ ਅੜੇ ਰਹੇ। ਬਾਬਾ ਜੀ ਦੇ ਮਨ ਵਿੱਚ ਸੀ ਕਿ ਜੇ ਸਮੇਂ ਅਨੁਸਾਰ ਦੇਹਧਾਰੀ ਗੁਰੂ ਦਾ ਸਰੀਰ ਬਿਨਸ ਗਿਆ ਤਦ ਫਿਰ ਹੋਰ ਦੇਹਧਾਰੀ ਦੀ ਤਲਾਸ਼ ਕਰਨੀ ਪਵੇਗੀ। ਜਦ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾ ਗਏ ਹਨ ਤੇ ਹੁਕਮ ਕਰ ਗਏ ਹਨ ਕਿ ਤੁਹਾਡਾ "ਸ਼ਬਦ-ਗੁਰੂ" ਹੈ, ਇਸ ਤੋਂ ਬਿਨਾਂ ਹੋਰ ਕਿਸੇ ਦੀ ਓਟ ਨਹੀਂ ਲੈਣੀ ਅਤੇ ਇਹ ਸਤਰਾਂ ਜੋ ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿੱਚ ਦੋਹਰੇ ਦੇ ਰੂਪ ਵਿੱਚ ਅੰਕਿਤ ਕੀਤੀਆਂ ਹਨ ਅਤੇ ਹਰ ਗੁਰਸਿੱਖ ਆਪਣੀ ਅਰਦਾਸ ਤੋਂ ਪਿੱਛੋਂ ਬੜੇ ਪਿਆਰ ਅਤੇ ਭਾਵਨੀ ਨਾਲ ਪੜ੍ਹਦਾ ਹੈ, ਕਿ

**ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ ॥**
**ਸਬ ਸਿਖਨ ਕੋ ਹੁਕਮ ਹੈ ਗੁਰੂ ਮਾਨਯੋ ਗ੍ਰੰਥ ॥**
**ਗੁਰੂ ਗ੍ਰੰਥ ਕੋ ਮਾਨਯੋ ਪ੍ਰਗਟ ਗੁਰਾਂ ਕੀ ਦੇਹ ॥**
**ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮੈਂ ਲੇਹ ॥**
**ਸਭ ਗੁਰੂ ਪ੍ਰਗਟ ਭਏ ਪੂਰਨ ਹਰਿ ਅਵਤਾਰ ॥**
**ਜਗਮਗ ਜੋਤਿ ਬਿਰਾਜਹੀ ਸ੍ਰੀ ਗੁਰੂ ਗ੍ਰੰਥ ਮਝਾਰ ॥**
**ਜੋ ਦਰਸਯੋ ਚਹਿ ਗੁਰੂ ਕੋ ਸੋ ਦਰਸੈ ਗੁਰੂ ਗ੍ਰੰਥ ॥**
**ਪੜੈ ਸੁਨੈ ਸੁਾਰਥ ਲਹੈ ਪ੍ਰਮਾਰਥ ਕੋ ਪੰਥ ॥**

(ਪੰਥ ਪ੍ਰਕਾਸ਼ : ਭਾਸ਼ਾ ਵਿਭਾਗ ੩੫੩)

ਸੋ ਇਹ ਹੁਕਮ ਸਾਡੇ ਵਾਸਤੇ ਹੀ ਹੈ, ਇਸ ਨੂੰ ਜੇਕਰ ਅਸਾਂ ਨਹੀਂ ਮੰਨਣਾ ਤਾਂ ਹੋਰ ਕਿਸ ਨੇ ਮੰਨਣਾ ਹੈ ? ਚੌਥੇ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ-ਗੱਦੀ ਮਿਲਣ ਤੋਂ ਪਹਿਲੇ ਹੀ ਨਟ ਰਾਗ ਵਿੱਚ ਹੁਕਮ ਕਰ ਗਏ ਹਨ ਕਿ :

**ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥**
**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥** (ਨਟ ਮ: ੪, ਅੰਗ ੯੮੨)

ਅਤੇ

**ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ੧ ॥** (ਸੋਰਠਿ ਮ: ੧, ਅੰਗ ੬੩੫)

**ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥** (ਕਾਨੜਾ ਮ: ੪, ਅੰਗ ੧੩੦੯)

**ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥**

(ਮ: ੧, ਅੰਗ ੯੪੩)

ਅਤੇ ਗੁਰਬਾਣੀ ਦੇ ਗੁਰੂ ਰੂਪ ਹੋਣ ਸੰਬੰਧੀ ਹੋਰ ਬੇਅੰਤ ਫੁਰਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ਼ ਹਨ। ਬਾਬਾ ਜੀ ਤਾਂ 'ਗੁਰ ਸਿਖਾ ਇੱਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ ॥' ਦੇ ਧਾਰਨੀ ਸਨ। ਆਪ ਜੀ ਨੂੰ ਗੁਰੂ-ਚੇਲੇ ਵਾਲੀ ਗੱਲ ਬਿਲਕੁਲ ਨਹੀਂ ਭਾਉਂਦੀ ਸੀ। ਸੋ ਸਿੱਖ ਸਾਧੂਆਂ ਦੀ ਸੰਗਤ ਕਰਕੇ ਭੀ ਨਿਰਾਸਤਾ ਹੀ ਪੱਲੇ ਪਈ। ਇਹਨਾਂ ਨਿਰਾਸ਼ਤਾਵਾਂ ਤੋਂ ਪਿਛੋਂ ਕੇਵਲ ਹੁਣ ਇੱਕੋ-ਇੱਕ ਆਸ ਸੀ, ਇੱਕੋ-ਇੱਕ ਟੇਕ ਸੀ, ਕਿ

**ਧਰ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ ॥**

(ਗਉੜੀ ਮ: ੫, ਅੰਗ ੨੫੭)

ਤਥਾ

**ਮੇਰੇ ਮਨ ਆਸ ਕਰਿ ਹਰਿ ਪ੍ਰੀਤਮ ਅਪੁਨੇ ਕੀ**
**ਜੋ ਤੁਝੁ ਤਾਰੈ ਤੇਰਾ ਕੁਟੰਬੁ ਸਭੁ ਛਡਾਈ ॥੨॥**

(ਗੋਂਡ ਮ: ੪, ਅੰਗ ੮੫੯)

(ਚਲਦਾ)

# 'ਕਰ ਭਲਾ ਹੋ ਭਲਾ' ਸੋਸਾਇਟੀ ਵੱਲੋਂ ਸਮਾਗਮ ਆਯੋਜਿਤ

## ਪੰਜਾਬ ਦੇ ਹੜ੍ਹ ਪੀੜਤਾਂ ਦੀ ਮਦਦ ਦਾ ਲਿਆ ਗਿਆ ਫ਼ੈਸਲਾ




ਵੈਨਕੂਵਰ : ਲੋਕ ਭਲਾਈ ਕਾਰਜਾਂ ਲਈ ਯਤਨਸ਼ੀਲ 'ਕਰ ਭਲਾ ਹੋ ਭਲਾ' ਸੋਸਾਇਟੀ ਵੱਲੋਂ ਰਿਚਮੰਡ ਦੇ ਇੱਕ ਪਾਰਕ 'ਚ ਇੱਕ ਸਮਾਗਮ ਆਯੋਜਿਤ ਕਰਵਾਇਆ ਗਿਆ, ਜਿਸ ਵਿੱਚ ਪੰਜਾਬੀ ਭਾਈਚਾਰੇ ਨਾਲ ਸਬੰਧਿਤ ਲੋਕਾਂ ਨੇ ਵੱਡੀ ਗਿਣਤੀ 'ਚ ਸ਼ਿਰਕਤ ਕੀਤੀ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਰਿਚਮੰਡ ਤੋਂ ਸਾਂਸਦ ਪਰਮ ਬੈਂਸ ਵੱਲੋਂ ਉਕਤ ਸੰਸਥਾ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਵਿਸ਼ਵਾਸ ਦਿਵਾਇਆ ਗਿਆ। ਇਸ ਮੌਕੇ ਹਾਜ਼ਰ ਰਘਬੀਰ ਸਿੰਘ ਉੱਪਲ ਵੱਲੋਂ ਆਪਣੇ ਪਰਿਵਾਰ ਸਮੇਤ ਇਸ ਸੰਸਥਾ ਨੂੰ ਹਰੇਕ ਤਰ੍ਹਾਂ ਦੀ ਵਿਤੀ ਸਹਾਇਤਾ ਦੇਣ ਦਾ ਭਰੋਸਾ ਵੀ ਦਿਵਾਇਆ ਗਿਆ।

ਇਸ ਸਮਾਗਮ ਚ ਸ਼ਾਮਲ ਵਲੰਟੀਅਰਾਂ ਵੱਲੋਂ ਜਿੱਥੇ ਪੰਜਾਬ 'ਚ ਆਏ ਹੜ੍ਹਾਂ ਦੌਰਾਨ ਹੜ੍ਹ ਪੀੜਤ ਲੋਕਾਂ ਦੀ ਮਦਦ ਕਰਨ ਦਾ ਫੈਸਲਾ ਲਿਆ ਗਿਆ, ਉੱਥੇ ਹੀ ਕੈਨੇਡਾ ਦੇ ਵੱਖ-ਵੱਖ ਹਿੱਸਿਆਂ ਚ ਵਸਦੇ ਲੋੜਵੰਦਾਂ ਦੀ ਮਦਦ ਕਰਨ ਦਾ ਵੀ ਸ਼ਲਾਘਾਯੋਗ ਫੈਸਲਾ ਲਿਆ ਗਿਆ। ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਨ ਅਤੇ ਖੇਡਾਂ ਪ੍ਰਤੀ ਆਕਰਸ਼ਿਤ ਕਰਨ ਲਈ ਇਕ ਫੁੱਟਬਾਲ ਦਾ ਸ਼ੋਅ ਮੈਚ ਵੀ ਕਰਵਾਇਆ ਗਿਆ।

ਇਸ ਮੌਕੇ ਕਰਨ ਸ਼ਰਮਾ, ਸੁੱਖ ਉੱਪਲ, ਪ੍ਰਦੀਪ ਉੱਪਲ, ਜੱਗ ਢਿੱਲੋਂ, ਕਨਵਰਨ ਮਾਹਲ, ਲਵ ਜੀਤ ਨਾਹਲ, ਗੈਰੀ ਨਾਹਲ, ਸੰਨੀ ਸਹੋਤਾ, ਸਵਿਤਲਨਾ ਸਹੋਤਾ, ਗੁਰਜ ਖਹਿਰਾ, ਪੌਲ ਡੈਨਸ ਵੈਂਟੀਨ ਅਤੇ ਦਿਨੇਸ਼ ਮਲਹੋਤਰਾ ਸਣੇ ਹੋਰ ਵੀ ਕਈ ਲੋਕ ਹਾਜ਼ਰ ਸਨ। ਸਮਾਗਮ ਦੇ ਅਖ਼ੀਰ 'ਚ ਸਾਰਿਆਂ ਨੇ ਸੁਆਦਲੇ ਭੋਜਨ ਦਾ ਆਨੰਦ ਮਾਣਿਆ।

# ਪਿਛਲੇ 5 ਸਾਲਾਂ ਦੌਰਾਨ ਵਿਦੇਸ਼ਾਂ 'ਚ ਪੜ੍ਹਦੇ 633 ਵਿਦਿਆਰਥੀਆਂ ਨੇ ਗੁਆਈ ਜਾਨ ! ਕੈਨੇਡਾ 'ਚ ਸਭ ਤੋਂ ਵੱਧ

ਲੰਬੇ ਸਮੇਂ ਤੋਂ ਭਾਰਤੀ ਨੌਜਵਾਨ ਚੰਗੇ ਭਵਿੱਖ ਲਈ ਅਮਰੀਕਾ-ਕੈਨੇਡਾ ਸਣੇ ਕਈ ਦੇਸ਼ਾਂ 'ਚ ਜਾ ਕੇ ਸੈਟਲ ਹੋਣਾ ਚਾਹੁੰਦੇ ਹਨ। ਇਸ ਦੌਰਾਨ ਉੱਥੇ ਉਨ੍ਹਾਂ ਨਾਲ ਕਈ ਅਣਸੁਖਾਵੀਆਂ ਘਟਨਾਵਾਂ ਵੀ ਵਾਪਰ ਜਾਂਦੀਆਂ ਹਨ, ਜਿਸ ਕਾਰਨ ਕਈਆਂ ਨੂੰ ਆਪਣੀ ਜਾਨ ਵੀ ਗੁਆਉਣੀ ਪੈ ਜਾਂਦੀ ਹੈ। ਇਸੇ ਦੌਰਾਨ ਇਕ ਡਰਾਉਣੀ ਰਿਪੋਰਟ ਵੀ ਸਾਹਮਣੇ ਆ ਰਹੀ ਹੈ, ਜਿਸ ਨੇ ਸਭ ਦੇ ਹੋਸ਼ ਉਡਾ ਦਿੱਤੇ ਹਨ।

ਰਿਪੋਰਟ ਅਨੁਸਾਰ ਪਿਛਲੇ 5 ਸਾਲਾਂ ਦੌਰਾਨ (2019 ਤੋਂ) ਵਿਦੇਸ਼ਾਂ ਵਿੱਚ ਪੜ੍ਹਾਈ ਕਰ ਰਹੇ 633 ਭਾਰਤੀ ਵਿਦਿਆਰਥੀ ਵੱਖ-ਵੱਖ ਕਾਰਨਾਂ ਕਾਰਨ ਮਾਰੇ ਗਏ ਹਨ, ਜਿਨ੍ਹਾਂ ਵਿੱਚ ਕੁਝ ਮੌਤਾਂ



ਕੁਦਰਤੀ ਕਾਰਨਾਂ, ਦੁਰਘਟਨਾਵਾਂ ਜਾਂ ਮੈਡੀਕਲ ਮਾਮਲਿਆਂ ਕਾਰਨ ਹੋਈਆਂ ਹਨ। ਇਸ ਦੌਰਾਨ ਸਭ ਤੋਂ ਵੱਧ ਮੌਤਾਂ ਕੈਨੇਡਾ ਵਿੱਚ (172) ਹੋਈਆਂ, ਜਦਕਿ ਦੂਜੇ ਨੰਬਰ 'ਤੇ ਅਮਰੀਕਾ ਹੈ, ਜਿੱਥੇ 108 ਮੌਤਾਂ ਹੋਈਆਂ। ਇਨ੍ਹਾਂ ਤੋਂ ਇਲਾਵਾ ਇੰਗਲੈਂਡ (58), ਆਸਟ੍ਰੇਲੀਆ (57), ਰੂਸ (37) ਤੇ ਜਰਮਨੀ ਵੀ ਇਸ ਮਾਮਲੇ 'ਚ ਕਾਫ਼ੀ ਅੱਗੇ ਹਨ। ਇਸ ਦੌਰਾਨ ਦਿਲ ਦਾ ਦੌਰਾ ਪੈਣ ਕਾਰਨ ਸਭ ਤੋਂ ਵੱਧ ਮੌਤਾਂ ਵੀ ਕੈਨੇਡਾ 'ਚ ਹੋਈਆਂ। ਇਸ ਨੂੰ ਦੇਖਦੇ ਹੋਏ ਪ੍ਰਸ਼ਾਸਨ ਨੇ ਕਿਹਾ ਕਿ ਵਿਦਿਆਰਥੀਆਂ ਦੀ ਸੁਰੱਖਿਆ ਉਨ੍ਹਾਂ ਲਈ ਸਭ ਤੋਂ ਉੱਪਰ ਹੈ। ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਲੋਕ ਸਭਾ 'ਚ ਦੱਸਿਆ ਕਿ ਵਿਦੇਸ਼ਾਂ ਵਿੱਚ ਭਾਰਤੀਆਂ ਨਾਲ ਸਬੰਧਤ ਮਿਸ਼ਨ/ਪੋਸਟ ਨਿਵਾਸਾਂ ਦੇ ਸੰਪਰਕ ਵਿੱਚ ਹਨ, ਵਿਦੇਸ਼ ਜਾਣ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਚੇਤਾਵਨੀਆਂ ਦਿੱਤੀਆਂ ਜਾਂਦੀਆਂ ਹਨ ਤੇ ਉਨ੍ਹਾਂ ਨੂੰ 'ਮਦਦ ਪੋਰਟਲ' ਵਰਗੇ ਡਿਵਾਈਸਾਂ 'ਤੇ ਅਪਡੇਟ ਰਹਿਣ ਦੀ ਤਾਕੀਦ ਕੀਤੀ ਜਾਂਦੀ ਹੈ।

# ਨਹੀਂ ਰਹੇ 'ਗੋਲਡਨ ਬੁਆਏ' ਰਾਬਰਟ ਰੈੱਡਫੋਰਡ, ਦੋ ਵਾਰ ਜਿੱਤ ਚੁੱਕੇ ਹਨ ਆਸਕਰ

ਹਾਲੀਵੁੱਡ ਦੇ ਤਜਰਬੇਕਾਰ ਅਦਾਕਾਰ ਅਤੇ ਸਨਡੈਂਸ ਫਿਲਮ ਫੈਸਟੀਵਲ ਦੇ ਸੰਸਥਾਪਕ ਰਾਬਰਟ ਰੈੱਡਫੋਰਡ, ਜਿਸਨੂੰ ਗੋਲਡਨ ਬੁਆਏ ਵੀ ਕਿਹਾ ਜਾਂਦਾ ਹੈ, ਹੁਣ ਇਸ ਦੁਨੀਆਂ ਵਿੱਚ ਨਹੀਂ ਰਹੇ। ਰੈੱਡਫੋਰਡ ਦਾ 89 ਸਾਲ ਦੀ ਉਮਰ ਵਿੱਚ ਦੁਖਦਾਈ ਦਿਹਾਂਤ ਹੋ ਗਿਆ। ਉਨ੍ਹਾਂ ਨੇ ਅਮਰੀਕਾ ਦੇ ਪ੍ਰੋਵੋ ਨੇੜੇ ਪਹਾੜਾਂ ਵਿੱਚ ਆਪਣੇ ਘਰ ਵਿੱਚ ਆਖਰੀ ਸਾਹ ਲਿਆ। ਉਨ੍ਹਾਂ ਦੇ ਪ੍ਰਸ਼ੰਸਕ ਇਸ ਦਿੱਗਜ ਅਦਾਕਾਰ ਦੀ ਮੌਤ ਦੀ ਖ਼ਬਰ ਤੋਂ ਹੈਰਾਨ ਅਤੇ ਦੁਖੀ ਹਨ। ਕਈ ਮਸ਼ਹੂਰ ਫਿਲਮਾਂ ਬਣਾਉਣ ਵਾਲੇ ਰਾਬਰਟ ਰੈੱਡਫੋਰਡ ਨੇ 2018 ਵਿੱਚ ਆਪਣੀ ਸੇਵਾਮੁਕਤੀ ਦਾ ਐਲਾਨ ਕੀਤਾ ਅਤੇ ਆਪਣੇ ਆਪ ਨੂੰ ਅਦਾਕਾਰੀ ਤੋਂ ਦੂਰ ਕਰ ਲਿਆ। ਰਾਬਰਟ ਰੈੱਡਫੋਰਡ ਨੇ 60 ਦੇ ਦਹਾਕੇ ਵਿੱਚ ਫਿਲਮੀ ਦੁਨੀਆ ਵਿੱਚ ਪ੍ਰਵੇਸ਼ ਕੀਤਾ ਅਤੇ ਆਪਣੀ ਸ਼ਾਨਦਾਰ ਅਦਾਕਾਰੀ ਦੇ ਹੁਨਰ ਨਾਲ ਦੁਨੀਆ ਭਰ ਵਿੱਚ ਪ੍ਰਸਿੱਧੀ ਪ੍ਰਾਪਤ



ਕੀਤੀ। ਉਨ੍ਹਾਂ ਦੀਆਂ ਸਭ ਤੋਂ ਮਸ਼ਹੂਰ ਫਿਲਮਾਂ ਦੀ ਗੱਲ ਕਰੀਏ ਤਾਂ ਉਨ੍ਹਾਂ ਵਿੱਚ 'ਬੁੱਚ ਕੈਸੀਡੀ ਐਂਡ ਦ ਸਨਡੈਂਸ ਕਿਡ', 'ਦ ਸਟਿੰਗ' ਅਤੇ 'ਆਲ ਦ ਪ੍ਰੈਜ਼ੀਡੈਂਟਸ ਮੈਨ' ਵਰਗੀਆਂ ਫਿਲਮਾਂ ਸ਼ਾਮਲ ਹਨ। ਆਪਣੇ ਸੁਨਹਿਰੀ ਵਾਲਾਂ ਅਤੇ ਮਿੱਠੀ ਮੁਸਕਰਾਹਟ ਲਈ ਮਸ਼ਹੂਰ, ਰੈੱਡਫੋਰਡ ਨੂੰ 'ਗੋਲਡਨ ਬੁਆਏ' ਵਜੋਂ ਵੀ ਜਾਣਿਆ ਜਾਂਦਾ ਸੀ ਅਤੇ 70 ਦੇ ਦਹਾਕੇ ਵਿੱਚ ਸਭ ਤੋਂ ਮਸ਼ਹੂਰ ਅਤੇ ਸਫਲ ਹਾਲੀਵੁੱਡ ਸਿਤਾਰਿਆਂ ਵਿੱਚ ਗਿਣਿਆ ਜਾਂਦਾ ਸੀ। ਰਾਬਰਟ ਰੈੱਡਫੋਰਡ ਨੇ ਦੋ ਵਾਰ ਆਸਕਰ ਜਿੱਤਿਆ ਸੀ। ਉਨ੍ਹਾਂ ਨੂੰ ਇਹ ਪੁਰਸਕਾਰ 1985 ਵਿੱਚ 'ਆਊਟ ਆਫ਼ ਅਫਰੀਕਾ' ਅਤੇ 1980 ਵਿੱਚ 'ਆਰਡੀਨਰੀ ਪੀਪਲ' ਲਈ ਮਿਲੇ ਸਨ। ਉਨ੍ਹਾਂ ਨੇ ਆਊਟ ਆਫ਼ ਅਫਰੀਕਾ ਵਿੱਚ ਮੈਰਿਲ ਸਟ੍ਰੀਪ ਨਾਲ ਮੁੱਖ ਭੂਮਿਕਾ ਨਿਭਾਈ ਅਤੇ ਉਨ੍ਹਾਂ ਨੇ ਆਰਡੀਨਰੀ ਪੀਪਲ ਦਾ ਨਿਰਦੇਸ਼ਨ ਕੀਤਾ। ਹਾਲਾਂਕਿ, ਉਨ੍ਹਾਂ ਨੇ ਕੁਝ ਸਾਲ ਪਹਿਲਾਂ ਆਪਣੀ ਰਿਟਾਇਰਮੈਂਟ ਦਾ ਐਲਾਨ ਕੀਤਾ ਅਤੇ ਆਪਣੇ ਆਪ ਨੂੰ ਇੰਡਸਟਰੀ ਤੋਂ ਦੂਰ ਕਰ ਲਿਆ। ਦ ਨਿਊਯਾਰਕ ਟਾਈਮਜ਼ ਦੀ ਇੱਕ ਰਿਪੋਰਟ ਦੇ ਅਨੁਸਾਰ, ਉਹ ਲੰਬੇ ਸਮੇਂ ਤੋਂ ਬਿਮਾਰ ਸਨ, ਜਿਸ ਕਾਰਨ ਉਨ੍ਹਾਂ ਨੇ ਨੀਂਦ ਵਿੱਚ ਇਸ ਦੁਨੀਆ ਨੂੰ ਅਲਵਿਦਾ ਕਹਿ ਦਿੱਤਾ।

# ਭਾਰਤ ਅਮਰੀਕਾ ਵਿਚਾਲੇ ਵਪਾਰ ਸਮਝੌਤੇ 'ਤੇ ਹੋਈ ਸਕਾਰਾਤਮਕ ਗੱਲਬਾਤ

### ਸਬੰਧਾਂ 'ਚ ਨਰਮੀ ਆਉਣ ਦੀ ਉਮੀਦ



ਨਵੀਂ ਦਿੱਲੀ : ਭਾਰਤ ਅਤੇ ਅਮਰੀਕਾ ਵਿਚਕਾਰ ਵਪਾਰਕ ਸਬੰਧਾਂ 'ਚ ਤਣਾਅ ਘਟਾਉਣ ਵੱਲ ਇਕ ਮਹੱਤਵਪੂਰਨ ਕਦਮ ਚੁੱਕਦਿਆਂ ਦੋਵਾਂ ਦੇਸ਼ਾਂ ਦੇ ਅਧਿਕਾਰੀ ਮੰਗਲਵਾਰ ਨੂੰ 7 ਘੰਟੇ ਚੱਲੀ ਮੀਟਿੰਗ ਵਿਚ ਵਪਾਰ ਸਮਝੌਤੇ ਲਈ ਯਤਨ ਤੇਜ਼ ਕਰਨ 'ਤੇ ਸਹਿਮਤ ਹੋਏ ਹਨ। ਗੱਲਬਾਤ ਨੂੰ ਵਾਪਸ ਪਟੜੀ 'ਤੇ ਲਿਆਉਣ ਦੇ ਮਕਸਦ ਨਾਲ ਅਮਰੀਕੀ ਵਪਾਰ ਪ੍ਰਤੀਨਿਧੀ ਬ੍ਰੈਂਡਨ ਲਿੰਚ ਦੀ ਅਗਵਾਈ ਵਿਚ ਆਏ ਅਮਰੀਕੀ ਵਪਾਰ ਪ੍ਰਤੀਨਿਧੀ ਦਫਤਰ ਦੇ ਇਕ ਵਫਦ ਦੀ ਇੱਥੇ ਵਣਜ ਵਿਭਾਗ ਦੇ ਅਧਿਕਾਰੀਆਂ ਨਾਲ ਇਕ ਮਹੱਤਵਪੂਰਨ ਮੀਟਿੰਗ ਹੋਈ।

ਭਾਰਤੀ ਟੀਮ ਦੀ ਅਗਵਾਈ ਵਣਜ ਵਿਭਾਗ ਵਿਚ ਵਿਸ਼ੇਸ਼ ਸਕੱਤਰ ਰਾਜੇਸ਼ ਅਗਰਵਾਲ ਨੇ ਕੀਤੀ। ਵਣਜ ਅਤੇ ਉਦਯੋਗ ਮੰਤਰਾਲੇ ਦੀ ਇਕ ਪ੍ਰੈੱਸ ਰਿਲੀਜ਼ ਅਨੁਸਾਰ ਚਰਚਾ 'ਸਕਾਰਾਤਮਕ ਅਤੇ ਅਗਾਂਹਵਧੂ' ਸੀ ਅਤੇ ਇਸ ਵਿਚ ਵਪਾਰ ਸਮਝੌਤੇ ਦੇ ਵੱਖ-ਵੱਖ ਪਹਿਲੂਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਪ੍ਰੈੱਸ ਰਿਲੀਜ਼ 'ਚ ਕਿਹਾ ਗਿਆ ਹੈ ਕਿ ਗੱਲਬਾਤ ਦੌਰਾਨ ਇਸ ਗੱਲ 'ਤੇ ਸਹਿਮਤੀ ਬਣੀ ਕਿ ਦੋਵਾਂ ਧਿਰਾਂ ਲਈ ਲਾਭਦਾਇਕ ਵਪਾਰ ਸਮਝੌਤੇ ਲਈ ਯਤਨ ਤੇਜ਼ ਕੀਤੇ ਜਾਣ ਤਾਂ ਜੋ ਜਲਦੀ ਹੀ ਸਾਰਥਕ ਨਤੀਜੇ ਸਾਹਮਣੇ ਆ ਸਕਣ।

ਜ਼ਿਕਰਯੋਗ ਹੈ ਕਿ ਅਮਰੀਕਾ ਭਾਰਤ ਦਾ ਮੁੱਖ ਵਪਾਰਕ ਭਾਈਵਾਲ ਹੈ ਪਰ ਅਮਰੀਕਾ ਵੱਲੋਂ ਭਾਰਤੀ ਵਸਤੂਆਂ 'ਤੇ 50 ਫੀਸਦੀ ਟੈਰਿਫ ਲਗਾਉਣ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਸਬੰਧਾਂ 'ਚ ਖਟਾਸ ਆਈ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਦੀ ਵਪਾਰ ਨੀਤੀ ਅਤੇ ਕੁਝ ਅਮਰੀਕੀ ਅਧਿਕਾਰੀਆਂ ਦੇ ਸਖ਼ਤ ਬਿਆਨਾਂ ਨੇ ਦੋਵਾਂ ਧਿਰਾਂ ਵਿਚਕਾਰ ਵਪਾਰਕ ਸਬੰਧਾਂ 'ਚ ਤਣਾਅ ਪੈਦਾ ਕਰ ਦਿੱਤਾ ਸੀ। ਹਾਲ ਹੀ ਵਿਚ ਰਾਸ਼ਟਰਪਤੀ ਟਰੰਪ ਦੇ ਨਰਮ ਬਿਆਨਾਂ ਅਤੇ ਸੋਸ਼ਲ ਮੀਡੀਆ ਪੋਸਟਾਂ ਅਤੇ ਉਨ੍ਹਾਂ ਪ੍ਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਉਤਸ਼ਾਹਜਨਕ ਪ੍ਰਤੀਕਿਰਿਆਵਾਂ ਨੇ ਵਪਾਰਕ ਗੱਲਬਾਤ ਵਿਚ ਡੈੱਡਲਾਕ ਨੂੰ ਤੋੜਨ ਦਾ ਰਸਤਾ ਲੱਭਣ ਦੀ ਸੰਭਾਵਨਾ ਵਧਾ ਦਿੱਤੀ ਹੈ।

ਵਣਜ ਅਤੇ ਉਦਯੋਗ ਮੰਤਰੀ ਪਿਊਸ਼ ਗੋਇਲ ਨੇ ਉਮੀਦ ਜਤਾਈ ਹੈ ਕਿ ਨਵੰਬਰ ਤੱਕ ਭਾਰਤ ਅਤੇ ਅਮਰੀਕਾ ਵਿਚਕਾਰ ਕੋਈ ਚੰਗਾ ਸਮਝੌਤਾ ਹੋ ਜਾਵੇਗਾ। ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਪਹਿਲਾਂ ਹੀ ਸਪੱਸ਼ਟ ਕਰ ਚੁੱਕੇ ਹਨ ਕਿ ਭਾਰਤ ਲਈ ਦੇਸ਼ ਦੇ ਕਿਸਾਨਾਂ, ਪਸ਼ੂ ਪਾਲਕਾਂ, ਮਛੇਰਿਆਂ ਅਤੇ ਛੋਟੇ ਅਤੇ ਦਰਮਿਆਨੇ ਉਦਯੋਗਾਂ ਦੇ ਹਿੱਤ ਸਭ ਤੋਂ ਉੱਪਰ ਹਨ ਅਤੇ ਉਨ੍ਹਾਂ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ

ਟੋਰਾਂਟੋ : ਗੁਰੂਦੁਆਰਾ ਸਿੱਖ ਹੈਰੀਟੇਜ ਸੈਂਟਰ ਬਰੈਂਪਟਨ ਦੀ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ ਗਿਆ ਜਿੱਥੇ ਵੱਡੀ ਗਿਣਤੀ 'ਚ ਸੰਗਤਾਂ ਨੇ ਸ਼ਮੂਲੀਅਤ ਕੀਤੀ, ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਉਪਰੰਤ ਗੁਰੂਘਰ ਦੇ ਰਾਗੀ ਜਥਿਆਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਿੱਠੀ ਬਾਣੀ ਨੂੰ ਰਾਗਾਂ 'ਚ ਗਾ ਕੇ ਹਾਜ਼ਰੀ ਲੁਆਈ ਜਦੋਂ ਕਿ ਪੰਥ ਦੇ ਕਥਾਵਾਚਕਾਂ ਅਤੇ ਢਾਡੀ ਜਥਿਆਂ ਵੱਲੋਂ ਵੀ ਹਾਜ਼ਰੀ ਲੁਆਈ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸਜਾਏ ਗਏ ਨਗਰ ਕਿਰਤਨ ਦੌਰਾਨ ਸੰਗਤਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀਆਂ ਚਲ ਰਹੀਆਂ ਸਨ। ਗੁਰੂਦੁਆਰਾ ਕਮੇਟੀ ਦੇ ਸੇਵਾਦਾਰ ਭਾਈ ਮਹਿੰਦਰ ਸਿੰਘ, ਪਾਲ ਸਿੰਘ ਬਡਵਾਲ, ਅਜੀਤ ਸਿੰਘ ਬਾਵਾ, ਵਰਿੰਦਰ ਸਿੰਘ ਦਿਓਲ,



ਓਂਟਾਰੀਓ ਗੁਰੂਦੁਆਰਾ ਸਿੱਖਸ ਕੌਂਸਲ ਦੇ ਚੇਅਰਮੈਨ ਓਂਕਾਰ ਸਿੰਘ ਗਰੇਵਾਲ, ਕੁਲਦੀਪ ਸਿੰਘ ਲੱਛੜ, ਸੁਰਿੰਦਰਜੀਤ ਸਿੰਘ ਭੁੱਲਰ ਆਦਿ ਜਿੱਥੇ ਵਿਸ਼ੇਸ਼ ਤੌਰ 'ਤੇ ਨਗਰ ਕਿਰਤਨ ਦੌਰਾਨ ਹਾਜ਼ਰ ਸਨ ਉੱਥੇ ਹੀ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਓਂਟਾਰੀਓ ਸਿੱਖਸ ਕੌਂਸਲ ਦੇ ਡਾਇਰੈਕਟਰ ਸੁਖਦੇਵ ਸਿੰਘ ਢਿੱਲੋਂ ਨੇ ਨਿਭਾਈ ਇਸ ਮੌਕੇ ਬਾਬਾ ਦੀਪ ਸਿੰਘ ਕਲੱਬ, ਇੰਦਰਜੀਤ ਸਿੰਘ, ਸੁਖਵੰਤ ਸਿੰਘ, ਹਰਜੀਤ ਸਿੰਘ ਧਨੋਆ, ਜਥੇਦਾਰ ਪ੍ਰਕਾਸ਼ ਸਿੰਘ, ਅਮਰਜੀਤ ਸਿੰਘ ਹੋਠੀ ਵੱਲੋਂ ਲੰਗਰਾਂ ਦੀ ਸੇਵਾ ਤੇ ਪਾਲਕੀ ਸਾਹਿਬ ਦੀ ਸੇਵਾ ਕਮਲਜੀਤ ਸਿੰਘ ਸਹੋਤਾ ਵੱਲੋਂ ਕੀਤੀ ਗਈ ਜਿਹਨਾਂ ਨੂੰ ਸਿਰੋਪਾਏ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਗੁਰੂਘਰ ਦੇ ਮੁੱਖ ਗ੍ਰੰਥੀ ਭਾਈ ਕੁਲਦੀਪ ਸਿੰਘ ਹੋਰਾਂ ਵੱਲੋਂ ਨਗਰ ਕਿਰਤਨ ਦੀ ਅਰੰਭਤਾ ਅਤੇ ਸੰਪੂਰਨਤਾ ਦੀ ਅਰਦਾਸ ਕੀਤੀ ਅਤੇ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਬੁਲਾਰਿਆਂ ਵੱਲੋਂ ਸਿੱਖ ਮੁੱਦਿਆਂ 'ਤੇ ਵੀ ਗੱਲਾਂ ਬਾਤਾਂ ਕਰਦਿਆਂ ਸੰਗਤਾਂ ਨਾਲ ਸਾਂਝ ਪਾਈ।

# 'ਸਰਬੱਤ ਦਾ ਭਲਾ ਟਰਸਟ' ਵੱਲੋਂ ਸ੍ਰੀ ਅਨੰਦਪੁਰ ਸਾਹਿਬ 'ਚ ਯੂਨੀਵਰਸਿਟੀ ਬਣਾਉਣ ਦਾ ਫੈਸਲਾ

ਵੈਨਕੂਵਰ : ਸਮਾਜ ਸੇਵੀ ਕਾਰਜਾਂ ਲਈ ਕਾਰਜਸ਼ੀਲ 'ਸਰਬੱਤ ਦਾ ਭਲਾ ਟਰਸਟ' ਵੱਲੋਂ ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਯੂਨੀਵਰਸਟੀ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ। 'ਸਰਬੱਤ ਦਾ ਭਲਾ ਟਰਸਟ' ਦੇ ਬਾਨੀ ਅਤੇ ਦੁਬਈ ਦੇ ਉੱਘੇ ਕਾਰੋਬਾਰੀ ਡਾ ਐਸ.ਪੀ ਸਿੰਘ ਉਬਰਾਏ ਵੱਲੋਂ ਉਕਤ ਜਾਣਕਾਰੀ ਸਾਂਝੀ ਕੀਤੀ ਗਈ। ਕੈਨੇਡਾ ਦੌਰੇ 'ਤੇ ਆਏ ਡਾ ਐਸ.ਪੀ ਸਿੰਘ ਉਬਰਾਏ ਨੇ ਪੰਜਾਬੀਆਂ ਦੀ ਸੰਘਣੀ ਵੱਸੋਂ ਵਾਲੇ ਕੈਨੇਡਾ ਦੇ ਸਰੀ ਸ਼ਹਿਰ ਦੇ ਸਕੌਟ ਰੋਡ 'ਤੇ ਸਥਿਤ ਮਹਾਰਾਣੀ ਰੈਸਟੋਰੈਂਟ 'ਚ ਆਯੋਜਿਤ ਇੱਕ ਪੱਤਰਕਾਰ ਸੰਮੇਲਨ ਦੌਰਾਨ ਉਕਤ ਫ਼ੈਸਲੇ ਸਬੰਧੀ ਵਿਸਥਾਰਤ ਜਾਣਕਾਰੀ ਸਾਂਝੀ ਕੀਤੀ।



ਉਨ੍ਹਾਂ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਯੂਨੀਵਰਸਿਟੀ 'ਚ ਲੋੜਵੰਦ ਵਿਦਿਆਰਥੀਆਂ ਨੂੰ ਬੈਚਲਰ, ਮਾਸਟਰ ਅਤੇ ਪੀ.ਐਚ.ਡੀ ਤੱਕ ਦੀ ਉਚੇਰੀ ਪੜ੍ਹਾਈ ਫਰੀ ਕਰਾਈ ਜਾਏਗੀ੍ ਉਹਨਾਂ ਇਹ ਵੀ ਦੱਸਿਆ ਕਿ ਇਸ ਮੰਤਵ ਲਈ ਜ਼ਮੀਨ ਖਰੀਦੀ ਜਾ ਚੁੱਕੀ ਹੈ ਅਤੇ ਹੁਣ ਲੜੀਂਦੇ ਮਾਪਦੰਡ ਪੂਰੇ ਕਰਨ ਲਈ ਕਾਰਜ ਜਾਰੀ ਹਨ। ਉਹਨਾਂ ਦੱਸਿਆ ਕਿ ਇਸ ਯੂਨੀਵਰਸਿਟੀ 'ਚ ਛੋਟੇ ਕੋਰਸਾਂ ਤੋਂ ਇਲਾਵਾ ਆਨ ਲਾਈਨ ਕੋਰਸਾਂ ਦੀ ਸਹੂਲਤ ਵੀ ਉਪਲਬਧ ਹੋਵੇਗੀ। ਉਹਨਾਂ ਇਹ ਵੀ ਦੱਸਿਆ ਕਿ ਯੂਨੀਵਰਸਿਟੀ 'ਚ ਪੜ੍ਹਨ ਵਾਲੇ ਵਿਦਿਆਰਥੀਆਂ ਲਈ ਹੋਸਟਲ ਅਤੇ ਅਤੇ ਖਾਣੇ ਦਾ ਕੋਈ ਖਰਚਾ ਨਹੀਂ ਲਿਆ ਜਾਵੇਗਾ।

ਉਨਾ ਦੱਸਿਆ ਕਿ 2009 ਤੋਂ ਹੋਂਦ ਵਿੱਚ ਆਏ 'ਸਰਬੱਤ ਦਾ ਭਲਾ ਟਰਸਟ' ਵੱਲੋਂ ਹਰ ਸਾਲ 1300 ਦੇ ਕਰੀਬ ਲੋੜਵੰਦ ਬੱਚਿਆਂ ਨੂੰ ਉਚੇਰੀ ਸਿੱਖਿਆ ਫਰੀ ਦਿਵਾਉਣ ਸਬੰਧੀ ਚੋਣ ਕੀਤੀ ਜਾਂਦੀ ਹੈ ਅਤੇ ਹੁਣ ਤੱਕ 11000 ਦੇ ਕਰੀਬ ਬੱਚੇ ਚੁਣੇ ਜਾ ਚੁੱਕੇ ਹਨ੍ ਅਖੀਰ 'ਚ ਡਾ ਉਬਰਾਏ ਨੇ ਦੱਸਿਆ ਕਿ ਹੁਣ ਤੱਕ ਉਕਤ ਟਰਸਟ ਵੱਲੋਂ ਵਿਦੇਸ਼ਾਂ 'ਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰਨ ਵਾਲੇ 100 ਤੋਂ ਉੱਪਰ ਭਾਰਤੀਆਂ ਦੀ ਜਾਨ ਬਚਾਉਣ ਅਤੇ ਵਿਦੇਸ਼ੀ ਧਰਤੀਆਂ 'ਤੇ ਰਹਿ ਰਹੇ ਕਈ ਭਾਰਤੀਆਂ ਦੀਆਂ ਲਾਸ਼ਾਂ ਦਾ ਵਤਨ ਪਹੁੰਚਾਉਣ ਦਾ ਵੀ ਕਾਰਜ ਵੀ ਕੀਤਾ ਗਿਆ ਹੈ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਬ੍ਰਿਟਿਸ਼ ਕੋਲੰਬੀਆ ਦੇ ਸਪੀਕਰ ਰਾਜ ਚੌਹਾਨ ,ਗੁਰੂ ਨਾਨਕ ਫੂਡ ਬੈਂਕ ਦੇ ਬਾਨੀ ਗਿਆਨੀ ਨਰਿੰਦਰ ਸਿੰਘ ,ਸਾਂਝਾ ਟੀਵੀ ਦੇ ਸੀ.ਈ.ਓ ਬਿੱਲਾ ਸੰਧੂ, ਟੀਵੀ ਹੋਸਟ ਕੁਲਦੀਪ ਸਿੰਘ , ਸੁਖਵਿੰਦਰ ਸਿੰਘ ਚੋਹਲਾ, ਜੈਜ ਗਿਲ ਅਤੇ ਅਜਮੇਰ ਸਿੰਘ ਭਾਗਪੁਰ ਵੀ ਹਾਜ਼ਰ ਸਨ।

# ਇਜ਼ਰਾਈਲ ਨੇ ਗਾਜ਼ਾ ਸ਼ਹਿਰ 'ਤੇ ਹਮਲੇ ਤੇਜ਼ ਕੀਤੇ-32 ਹਲਾਕ



ਦੀਰ ਅਲ-ਬਲਾਹ (ਗਾਜ਼ਾ ਪੱਟੀ) : ਇਜ਼ਰਾਈਲ ਨੇ ਗਾਜ਼ਾ ਸ਼ਹਿਰ 'ਚ ਆਪਣੇ ਹਮਲੇ ਤੇਜ਼ ਕਰ ਦਿੱਤੇ ਹਨ ਤੇ ਇਸ ਦੇ ਹਵਾਈ ਹਮਲਿਆਂ 'ਚ ਘੱਟੋ-ਘੱਟ 32 ਲੋਕ ਮਾਰੇ ਗਏ ਹਨ। ਮੈਡੀਕਲ ਕਰਮਚਾਰੀਆਂ ਨੇ ਕਿਹਾ ਕਿ ਫਲਸਤੀਨੀਆਂ ਨੂੰ ਗਾਜ਼ਾ ਸ਼ਹਿਰ ਖਾਲੀ ਕਰਨ ਲਈ ਕਿਹਾ ਗਿਆ ਹੈ। ਸ਼ਿਫਾ ਹਸਪਤਾਲ 'ਚ ਸਥਿਤ ਮੁਰਦਾਘਰ ਦੇ ਅਨੁਸਾਰ ਮ੍ਰਿਤਕਾਂ 'ਚ 12 ਬੱਚੇ ਸ਼ਾਮਲ ਹਨ। ਇਜ਼ਰਾਈਲ ਨੇ ਹਾਲ ਹੀ ਦੇ ਦਿਨਾਂ 'ਚ ਗਾਜ਼ਾ ਸ਼ਹਿਰ 'ਚ ਹਮਲੇ ਤੇਜ਼ ਕਰ ਦਿੱਤੇ ਹਨ। ਕਈ ਉੱਚੀਆਂ ਇਮਾਰਤਾਂ ਨੂੰ ਤਬਾਹ ਕਰ ਦਿੱਤਾ ਹੈ ਤੇ ਹਮਾਸ 'ਤੇ ਉਨ੍ਹਾਂ 'ਚ ਨਿਗਰਾਨੀ ਉਪਕਰਣ ਲਗਾਉਣ ਦਾ ਦੋਸ਼ ਲਗਾਇਆ ਹੈ। ਇਸਨੇ ਵਸਨੀਕਾਂ ਨੂੰ ਸ਼ਹਿਰ ਛੱਡਣ ਦਾ ਆਦੇਸ਼ ਦਿੱਤਾ ਹੈ, ਜੋ ਕਿ ਸਭ ਤੋਂ ਵੱਡੇ ਫਲਸਤੀਨੀ ਸ਼ਹਿਰ 'ਤੇ ਕਬਜ਼ਾ ਕਰਨ ਦੇ ਉਦੇਸ਼ ਨਾਲ ਕੀਤੇ ਗਏ ਹਮਲੇ ਦਾ ਹਿੱਸਾ ਹੈ। ਇਜ਼ਰਾਈਲ ਇਸਨੂੰ ਹਮਾਸ ਦਾ ਆਖਰੀ ਗੜ੍ਹ ਕਹਿੰਦਾ ਹੈ ਜਿੱਥੇ ਲੱਖਾਂ ਲੋਕ ਅਜੇ ਵੀ ਅਕਾਲ ਦੀ ਸਥਿਤੀ ਨਾਲ ਜੂਝ ਰਹੇ ਹਨ। ਸਿਹਤ ਅਧਿਕਾਰੀਆਂ ਨੇ ਕਿਹਾ ਕਿ ਰਾਤੋ ਰਾਤ ਹੋਏ ਹਮਲਿਆਂ 'ਚੋਂ ਇਕ 'ਚ ਸ਼ੇਖ ਰਦਵਾਨ ਇਲਾਕੇ 'ਚ ਇਕ ਘਰ ਨੂੰ ਨਿਸ਼ਾਨਾ ਬਣਾਇਆ ਗਿਆ ਸੀ, ਜਿਸ 'ਚ ਇਕ ਔਰਤ ਤੇ ਉਸਦੇ ਤਿੰਨ ਬੱਚਿਆਂ ਸਮੇਤ 10 ਲੋਕਾਂ ਦਾ ਪਰਿਵਾਰ ਮਾਰਿਆ ਗਿਆ। ਤਸਵੀਰਾਂ 'ਚ ਹਮਲਿਆਂ ਤੋਂ ਬਾਅਦ ਧੂੰਏ ਦੇ ਗੁਬਾਰ ਉੱਠਦੇ ਦਿਖਾਈ ਦਿੱਤੇ। ਇਜ਼ਰਾਈਲੀ ਫੌਜ ਨੇ ਹਮਲਿਆਂ ਬਾਰੇ ਸਵਾਲਾਂ ਦਾ ਤੁਰੰਤ ਜਵਾਬ ਨਹੀਂ ਦਿੱਤਾ। ਸਹਾਇਤਾ ਕਰਮਚਾਰੀਆਂ ਦੇ ਅਨੁਸਾਰ, ਵਧਦੀ ਦੁਸ਼ਮਣੀ ਤੇ ਖਾਲੀ ਕਰਨ ਦੀਆਂ ਮੰਗਾਂ ਦੇ ਵਿਚਕਾਰ ਹਾਲ ਹੀ ਦੇ ਹਫ਼ਤਿਆਂ 'ਚ ਸ਼ਹਿਰ ਛੱਡਣ ਵਾਲੇ ਲੋਕਾਂ ਦੀ ਗਿਣਤੀ 'ਚ ਤੇਜ਼ੀ ਨਾਲ ਵਾਧਾ ਹੋਇਆ ਹੈ।

# ਪੌਂਗ ਡੈਮ 'ਚ ਪਾਣੀ ਦਾ ਪੱਧਰ 1395 ਫੁੱਟ ਤੋਂ ਪਾਰ

### ਬਿਆਸ ਦਰਿਆ ਕਿਨਾਰੇ ਵਸੇ ਕਿਸਾਨਾਂ ਦੀਆਂ ਚਿੰਤਾਵਾਂ ਵਧਾਈਆਂ

ਮੁਕੇਰੀਆਂ : ਪੌਂਗ ਡੈਮ ਵਿੱਚ ਵਧਦੇ ਜਾ ਰਹੇ ਪਾਣੀ ਦੇ ਪੱਧਰ 'ਤੇ ਕਿਸਾਨਾਂ ਦੀਆਂ ਚਿੰਤਾਵਾਂ ਮੁੜ ਵਧਾ ਦਿੱਤੀਆਂ ਹਨ। ਡੈਮ ਤੋਂ ਅੱਗੇ ਛੱਡਿਆ ਜਾ ਰਿਹਾ ਕਰੀਬ 60 ਹਜ਼ਾਰ ਕਿਊਸਿਕ ਪਾਣੀ ਕਿਸਾਨਾਂ ਦੀਆਂ ਫਸਲਾਂ ਨੂੰ ਡੋਬਣ ਲੱਗਿਆ ਹੈ। ਅੱਜ ਸਵੇਰੇ 8 ਵਜੇ ਪੌਂਗ ਡੈਮ ਵਿੱਚ ਪਾਣੀ ਦਾ ਪੱਧਰ 1395.21 ਫੁੱਟ 'ਤੇ ਪਹੁੰਚ ਗਿਆ। ਪੌਂਗ ਵਿੱਚ ਪਾਣੀ ਦੀ ਆਮਦ 74910 ਕਿਊਸਿਕ ਦੱਸੀ ਜਾ ਰਹੀ ਹੈ। ਦੱਸਣਯੋਗ ਹੈ ਕਿ ਬੀਤੇ ਦਿਨ ਪੌਂਗ ਡੈਮ ਵਿੱਚ ਪਾਣੀ ਦੀ ਆਮਦ ਵਿੱਚ ਵੱਡੇ ਪੱਧਰ 'ਤੇ ਵਾਧਾ ਹੋਇਆ ਸੀ ਅਤੇ ਅੱਜ ਪਾਣੀ ਦਾ ਪੱਧਰ 1395 ਫੁੱਟ ਨੂੰ ਪਾਰ ਕਰ ਗਿਆ ਹੈ। ਇਹ ਵਾਧਾ ਲਗਾਤਾਰ ਜਾਰੀ ਹੈ ਅਤੇ 59845 ਕਿਊਸਿਕ ਪਾਣੀ ਅੱਗੇ ਛੱਡਿਆ ਜਾ ਰਿਹਾ ਹੈ। ਕਿਸਾਨ ਆਗੂ ਅਮਰਜੀਤ ਸਿੰਘ ਨੁਸ਼ਿਹਰਾ ਨੇ ਦੱਸਿਆ ਕਿ ਹੜ੍ਹ ਕਾਰਨ ਬਿਆਸ ਦਰਿਆ ਕਿਨਾਰੇ ਜ਼ਮੀਨਾਂ ਤੇ ਫਸਲਾਂ ਦਾ ਭਾਰੀ ਨੁਕਸਾਨ ਹੋਇਆ ਹੈ। ਖੇਤਾਂ ਵਿੱਚ ਅਗਲੀਆਂ ਫਸਲਾਂ ਬੀਜਣ ਲਈ ਰੇਤਾ ਸਾਫ ਕਰਨ ਲਈ ਕਿਸਾਨਾਂ ਵਲੋਂ ਕੀਤੀਆਂ ਜਾ ਰਹੀਆਂ ਵਿਊਂਤਬੰਦੀਆ ਠੱਪ ਹੋ ਗਈਆਂ ਹਨ। ਉਨ੍ਹਾਂ ਕਿਹਾ ਕਿ ਜੇ ਅਜਿਹਾ ਹੀ ਚੱਲਦਾ ਰਿਹਾ ਤਾਂ ਪਹਿਲੀਆਂ ਫਸਲਾਂ ਦਾ ਨੁਕਸਾਨ ਝੱਲ ਚੁੱਕੇ ਕਿਸਾਨਾਂ ਨੂੰ ਅਗਲੀ ਫਸਲ ਤੋਂ ਵੀ ਵਾਂਝਾ ਰਹਿਣਾ ਪਵੇਗਾ।



CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

# CITIZENSHIP ELIGIBILITY AND GREEN CARD APPLICATION

DR. RAJESH MAHESHWARI, MD

VISIT US NOW!

San Ramon
URGENT CARE & CLINIC
9140 Alcosta Boulevard Ste D
San Ramon, CA 94583
(925) 361-5959

Lathrop
URGENT CARE
15810 Harlan Road #A
Lathrop, CA 95330
(209) 983-9000

Main Street
URGENT CARE
1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

(ਪਿਛਲੇ ਅੰਕ ਦੀ ਬਾਕੀ)

ਖ਼ਾਲਸਾ ਸਮਾਚਾਰ ਦਾ ਮੰਤਵ ਕਦੇ ਵੀ ਦਿਲ ਦੁਖਾਉਣ ਜਾਂ ਪੰਥਕ ਕੰਮਾਂ ਵਿਚ ਹਾਨੀ ਪੈਦਾ ਕਰਨ ਦਾ ਨਹੀਂ ਹੈ, ਪਰ ਇਹ ਗੱਲ ਅਖ਼ਬਾਰੀ ਫਰਜ਼ਾਂਦੀ ਕੋਤਾਹੀ ਹੈ ਕਿ ਹੋ ਰਹੇ ਪੰਥਕ ਕੰਮਾਂ ਵਿਚ ਸਤਿਕਾਰ ਤੇ ਪਿਆਰ ਨਾਲ ਵੀ ਕੋਈ ਮਸ਼ਵਰਾ ਜਾਂ ਰਾਏ ਭਲਾਈ ਤੇ ਬਿਹਤਰੀ ਲਈ ਵੀ ਲਾ ਦਿੱਤੀ ਜਾਵੇ। ਜੇ ਇੰਨੀ ਖੁੱਲ੍ਹ ਨਹੀਂ ਤਾਂ ਅਖ਼ਬਾਰਾਂ ਦੀ ਹਸਤੀ ਦੀ ਲੋੜ ਕੀ ਹੋਈ? ਕੀ ਸਰਕਾਰਾਂ ਤੇ ਰਿਆਸਤਾਂ ਤੋਂ ਲੈ ਕੇ ਸਾਰੀਆਂ ਰਾਜਸੀ, ਵਿਦਿਅਕ, ਭਾਈਚਾਰਕ ਤੇ ਹੋਰ ਜਥੇਬੰਦੀਆਂ ਦੇ ਕੰਮਾਂ ਤੇ ਕੋਈ ਰਾਇ, ਕੋਈ ਮਸ਼ਵਰਾ ਕੋਈ ਸਲਾਹ ਅਖ਼ਬਾਰ-ਨਵੀਸ ਨਾ ਦਿਆ ਕਰਨ? ਜੇ ਇੰਜ ਹੀ ਹੈ ਤਾਂ ਫਿਰ ਜਿਸ ਤਹਿਜ਼ੀਬ ਨੇ ਆਪਣੇ ਵਿਉਂਤ ਪਾਏ ਹਨ ਉਸ ਨੇ ਅਖ਼ਬਾਰ ਕਿਉਂ ਸਾਜੇ?

ਇਕ ਦਮ ਦੋ ਗੱਲਾਂ : ਦੂਜੇ ਪੈਸੇ ਵਿਚ ਆਪ ਦੱਸਦੇ ਹਨ ਕਿ ਇਕ ਮਾਲਾਬਾਰੀ ਸਿੱਖ ਦੇ ਪਤਿਤ ਹੋਣ ਦੀ ਵਿਚਾਰ ਨੂੰ ਖ਼ਾਲਸਾ ਸਮਾਚਾਰ ਵਿਚ ਪੜ੍ਹ ਕੇ ਆਪ ਨੂੰ 'ਹੈਰਾਨੀ' ਤੇ 'ਸ਼ੋਕ' ਨੇ ਘੇਰ ਲਿਆ ਹੈ। ਜਿਹੜੀ ਗੱਲ ਪਹਿਲੇ ਪੈਰੇ ਵਿਚ ਆਪ ਨੇ ਆਪਣੀ ਪੱਤ੍ਰਿਕਾ ਵਿਚ ਚੰਗੀ ਦੱਸੀ ਹੈ ਦੂਜੇ ਪੈਰੇ ਵਿਚ ਉਹ ਬੁਰੀ ਕਿਉਂ ਹੋ ਗਈ? ਪਤਿਤ ਹੋਣ ਵਾਲਾ ਮਾਲਾਬਾਰੀ ਹੋਵੇ ਜਾਂ ਪੰਜਾਬੀ, ਅੰਮ੍ਰਿਤਸਰ ਦਾ ਹੋਵੇ ਜਾਂ ਲਾਹੌਰ ਦਾ ਦੋਹਾਂ ਦਾ ਮਾਮਲਾ ਪੀੜਤਾ ਦੇਣ ਵਾਲਾ ਹੁੰਦਾ।

ਉਲਾਲੰਭ : ਤੀਜੇ ਪੈਸੇ ਵਿਚ ਆਪ ਨੇ ਖ਼ਾਲਸਾ ਸਮਾਚਾਰ ਨੂੰ ਉਲਾਂਭਾ ਦਿੱਤਾ ਹੈ ਤੇ ਅਮਰ ਵਾਕਿਆ ਦੱਸਣ ਵਾਂਗੂੰ ਦ੍ਰਿੜ੍ਹਤਾ ਨਾਲ ਮਜ਼ਬੂਤ ਲਫ਼ਜ਼ਾਂ ਵਿਚ ਦਿੱਤਾ ਹੈ ਕਿ 'ਪੰਜਾਬ ਤੇ ਖ਼ਾਸ ਕਰ ਅੰਮ੍ਰਿਤਸਰ ਤੇ ਲਾਹੌਰ ਵਿਚ ਪਤਿਤ ਹੋ ਗਿਆਂ ਬਾਰੇ ਖਾਲਸਾ ਸਮਾਚਾਰ ਨੇ ਕਦੀ ਆਹ ਨਹੀਂ ਮਾਰੀ ਜਿਸ ਦਾ ਮਤਲਬ ਇਹ ਹੈ ਕਿ ਵਿਦਵਾਨ ਲੇਖਕ ਜੀ ਪੂਰਨ ਸਾਵਧਾਨੀ ਤੇ 'ਹਕੁੱਲ-ਯਕੀਨ' ਦੇ ਦਰਜੇ 'ਤੇ ਪੁੱਜ ਕੇ, ਦਾਅਵਾ ਕਰਦੇ ਹਨ ਕਿ ਖ਼ਾਲਸਾ ਸਮਾਚਾਰ ਨੇ (ਆਪਣੀ 36 ਸਾਲ ਦੀ ਆਯੂ ਵਿਚ) ਪੰਜਾਬ ਵਿਚ ਆਮ ਕਰਕੇ ਤੇ ਸ੍ਰੀ ਅੰਮ੍ਰਿਤਸਰ ਲਾਹੌਰ ਵਿਚ ਖਾਸ ਕਰਕੇ ਕਿਸੇ ਸਿੱਖ ਦੇ ਪਤਿਤ ਹੋਣ ਬਾਬਤ ਕਦੀ ਕੁਝ ਨਹੀਂ ਲਿਖਿਆ। ਪਰ ਇਥੇ ਬੀ ਉਹੋ ਗੱਲ ਦਿਸਦੀ ਹੈ ਕਿ ਲੇਖਕ ਜੀ ਖਾਲਸਾ ਸਮਾਚਾਰ ਦੇ ਪਾਠਕ ਨਹੀਂ ਹਨ। ਅੱਜ ਤੋਂ ਬਰਸਾਂ ਪਹਿਜਲੇ ਦੇ ਜੋ ਸਮੇਂ ਹੁਣ ਭੁੱਲੇ ਜਾ ਰਹੇ ਹਨ, ਜਲੰਧਰ ਵਿਚ




ਆਈਆ ਸਮਾਜ ਦੇ ਵਲੋਂ ਆਮ ਤੌਰ 'ਤੇ ਸਿੰਘਾਂ ਦੇ ਕੇਸ ਕਤਲ ਕਰਨ ਦੇ ਮਾਮਲੇ ਨੂੰ ਕਿਸ ਜ਼ੋਰ ਨਾਲ ਖ਼ਾਲਸਾ ਸਮਾਚਾਰ ਨੇ ਲਿਖਿਆ ਤੇ ਗੁਰੂ ਜੀ ਨੇ ਪੰਥ ਦੀ ਤਦੋਂ ਆ ਰੱਖੀ ਸੀ। ਸ੍ਰੀ ਅੰਮ੍ਰਿਤਸਰ ਦੇ ਅਕਾਲ ਤਖਤ ਤੇ ਪੁਜਾਰੀ ਭਾਈ....ਸਿੰਘ ਦੇ ਮਾਮਲੇ ਉਤੇ ਸਿਆਲਕੋਟ ਵਿਚ ਇਕ....ਸਿੰਘ ਦੇ ਕਸਸ ਕਤਲ ਕਰਾਉਣ ਸਬੰਧੀ ਲੇਖਾਂ ਨੂੰ ਖ਼ਾਸ ਤੌਰ 'ਤੇ ਪੜ੍ਹ ਕੇ ਖਣਵੇਗੇ ਤਾਂ ਉਨ੍ਹਾਂ ਨੂੰ ਸਹਿਜੇ ਹੀ ਪਤਾ ਲੱਗ ਜਾਏਗਾ ਕਿ ਇਸ ਵਿਸ਼ੇ 'ਤੇ ਜਿੰਨਾ ਕੁਝ ਖਾਲਸਾ ਸਮਾਚਾਰ ਪੁਰਾਤਨ ਸਮਿਆਂ ਤੋਂ ਲਿਖਦਾ ਰਿਹਾ ਤੇ ਲਿਖ ਰਿਹਾ ਹੈ, ਓਨਾ ਸ਼ਾਇਦ ਹੀ ਕਿਸੇ ਹੋਰ ਨੇ ਲਿਖਿਆ ਹੋਵੇ। ਇਸ ਤੋਂ ਬਾਅਦ ਹੋਈਆਂ ਇਸ ਤਰ੍ਹਾਂ ਦੀਆਂ ਘਟਨਾਵਾਂ ਬਾਬਤ ਵੀ ਖ਼ਾਲਸਾ ਸਮਾਚਾਰ ਸਦਾ ਦਰਦ ਨਾਲ ਲਿਖਦਾ ਰਿਹਾ ਹੈ।

ਪੱਟੀ ਦੀ ਦੁਰਘਟਨਾ

ਅੱਜ ਕੱਲ੍ਹ ਜ਼ਮਾਨਾ ਪ੍ਰਾਪੇਗੰਡੇ ਦਾ ਹੈ, ਈਰਖਾ, ਦਵੈਸ਼ ਤੇ ਦ੍ਵੈਖ ਵਧੇ ਹੋਏ ਹਨ। ਜਾਤੀ ਵੈਰ ਵਿਰੋਧ ਦੇ ਕਾਰਨ ਇਕ ਦੂਜੇ ਵਿਰੁੱਧ, ਧਰਮ ਦੇ ਨਾਮ ਤੇ ਮੁਲਕੀ ਸੇਵਾ ਦੀ ਆੜ ਵਿਚ ਬਦਨਾਮ ਕਰਨ ਦੀਆਂ ਕਾਰਵਾਈਆਂ ਹੁੰਦੀਆਂ ਰਹਿੰਦੀਆਂ ਹਨ, ਅੱਜ ਅਖ਼ਬਾਰ ਛਪਦੀ ਹੈ, ਦੂਜੇ ਦਿਨ ਤਰਦੀਦ ਹੋ ਜਾਂਦੀ ਹੈ। ਅਖ਼ਬਾਰ ਵਾਲੇ ਅੰਤਰਜਾਮੀ ਹੁੰਦੇ ਨਹੀਂ ਕਿ ਉਹ ਜਿਥੇ ਦੀ ਵੀ ਕੋਈ ਖ਼ਬਰ ਆਵੇ ਉਸ ਨੂੰ ਉਹ ਜਾਣ ਸਕਣ ਕਿ ਇਹ ਸੱਚੀ ਹੈ ਜਾਂ ਝੂਠੀ, ਅਜਿਹੀ ਹਾਲਤ ਵਿਚ ਕਿਸੇ ਅਜਿਹੀ ਖ਼ਬਰ ਨੂੰ ਜੋ ਕਿਸੇ ਵੀ ਹੀਣਤਾ ਦੀ ਹੋਵੇ, ਝੱਟ ਪੱਟ ਛਾਪ ਦੇਣਾ ਕੋਈ ਸਿਆਣਪ ਦੀ ਗੱਲ ਨਹੀਂ। ਖ਼ਾਲਸਾ ਸਮਾਚਾਰ ਦਾ ਅਸੂਲ ਇਹ ਹੈ ਕਿ ਜਿਥੋਂ ਤੱਕ ਹੋ ਸਕੇ ਖ਼ਬਰ ਦੀ ਪੜਤਾਲ ਹੋ ਜਾਏ। ਖ਼ਬਰ ਦੇਰ ਨਾਲ ਛਪਣ ਵਿਚ ਇੰਨਾ ਹਰਜ ਨਹੀਂ, ਜਿੰਨਾ ਕਿਸੇ ਬਾਬਤ ਗ਼ਲਤ ਖ਼ਬਰ ਛਪਣ ਨਾਲ ਹੋ ਜਾਂਦਾ ਹੈ, ਅਸਾਂ 'ਪਤਿਤ ਹੋ ਗਿਆ' ਵਾਲੇ ਲੇਖ ਵਿਚ ਆਪਣੇ ਨੋਟ ਦੇ ਚਿਰੋਕੇ ਛਪਣ ਦਾ ਕਾਰਨ ਦੱਸਦੇ ਹੋਏ ਲਿਖਿਆ ਸੀ ਕਿ "ਰਾਘਵਨ ਦੇ ਪਤਿਤ ਹੋਣ ਦੀ ਖ਼ਬਰ ਨੂੰ ਸਾਰੇ ਹੀ ਦੇਸ਼ ਦੇ ਹਿੰਦੂ ਤੇ ਮੁਸਲਮਾਨ ਆਦਿਕ ਅਖ਼ਬਾਰਾਂ ਨੇ ਮੋਟੇ ਮੋਟੇ ਹੈਡਿੰਗ ਦੇ ਕੇ ਛਾਪਿਆ ਤੇ ਆਪਣੇ ਵਲੋਂ ਲੂਣ ਮਿਰਚ ਮਸਾਲੇ ਲਾ ਕੇ ਛਾਪਿਆ, ਸਿੱਖ ਤੇ ਅਕਾਲੀ ਸਿੱਖ ਅਖ਼ਬਾਰਾਂ ਵੀ ਇਹ ਖ਼ਬਰ ਛਾਪੀ।

(ਚਲਦਾ)

# ਫਲੈਂਮਬੋਰੋ (Flamborough) ਵਿੱਚ ਧਿਆਨ ਭਟਕਾ ਕੇ ਬਜ਼ੁਰਗ ਨਾਲ ਚੋਰੀ

## ਪੁਲਿਸ ਨੇ ਜਨਤਾ ਨੂੰ ਸਾਵਧਾਨ ਰਹਿਣ ਦੀ ਕੀਤੀ ਅਪੀਲ

**ਘਟਨਾ ਦਾ ਵੇਰਵਾ:** 8 ਸਤੰਬਰ, 2025 ਨੂੰ, ਫਲੈਂਮਬੋਰੋ ਵਿੱਚ ਇੱਕ ਬਜ਼ੁਰਗ ਨਿਵਾਸੀ ਨੂੰ ਧਿਆਨ ਭਟਕਾ ਕੇ ਕੀਤੀ ਜਾਣ ਵਾਲੀ ਚੋਰੀ ਦਾ ਨਿਸ਼ਾਨਾ ਬਣਾਇਆ ਗਿਆ। ਇੱਕ ਸ਼ੱਕੀ ਔਰਤ ਨੇ ਬਜ਼ੁਰਗ ਪੀੜਤ ਨੂੰ ਗੱਲਾਂ ਵਿੱਚ ਲਗਾ ਕੇ ਉਨ੍ਹਾਂ ਉੱਤੇ ਨਕਲੀ ਗਹਿਣੇ ਪਾਉਣ ਦਾ ਬਹਾਨਾ ਕੀਤਾ ਅਤੇ ਇਸੇ ਦੌਰਾਨ ਚਲਾਕੀ ਨਾਲ ਉਨ੍ਹਾਂ ਦੇ ਗਲੇ ਵਿੱਚੋਂ ਸੋਨੇ ਦਾ ਅਸਲੀ ਹਾਰ ਚੋਰੀ ਕਰ ਲਿਆ।



**ਸ਼ੱਕੀ ਅਤੇ ਵਾਹਨ ਦੀ ਪਛਾਣ:**

**ਸ਼ੱਕੀ:** ਇੱਕ ਔਰਤ, ਜਿਸਦੀ ਉਮਰ ਲਗਭਗ 40 ਸਾਲ ਦੱਸੀ ਜਾ ਰਹੀ ਹੈ। ਉਸਦਾ ਕੱਦ 5 ਫੁੱਟ 7 ਇੰਚ ਅਤੇ ਸਰੀਰ ਦਰਮਿਆਨਾ ਹੈ।

**ਵਾਹਨ:** ਸ਼ੱਕੀ ਇੱਕ ਗੂੜ੍ਹੇ ਰੰਗ ਦੀ ਗੱਡੀ ਵਿੱਚ ਸੀ, ਜਿਸਦੇ ਅਗਲੇ ਹਿੱਸੇ ਨੂੰ ਨੁਕਸਾਨ ਪਹੁੰਚਿਆ ਹੋਇਆ ਸੀ।

**ਹੈਮਿਲਟਨ ਖੇਤਰ ਵਿੱਚ ਵੱਧ ਰਹੀਆਂ ਚੋਰੀ ਦੀਆਂ ਵਾਰਦਾਤਾਂ:** ਹੈਮਿਲਟਨ ਪੁਲਿਸ ਨੇ ਚਿੰਤਾ ਜ਼ਾਹਰ ਕੀਤੀ ਹੈ ਕਿ ਇਸ ਤਰ੍ਹਾਂ ਧਿਆਨ ਭਟਕਾ ਕੇ ਚੋਰੀ ਕਰਨ ਦੀਆਂ ਘਟਨਾਵਾਂ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਅੰਕੜੇ ਇਸ ਪ੍ਰਕਾਰ ਹਨ:

**2021 ਵਿੱਚ:** 9 ਮਾਮਲੇ ਦਰਜ ਹੋਏ।

**2024 ਵਿੱਚ:** ਇਹ ਗਿਣਤੀ ਵੱਧ ਕੇ 54 ਹੋ ਗਈ।

**2025 ਵਿੱਚ (ਸਿਰਫ਼ ਜਨਵਰੀ ਤੋਂ ਅਗਸਤ ਤੱਕ):** ਹੁਣ ਤੱਕ 43 ਮਾਮਲੇ ਸਾਹਮਣੇ ਆ ਚੁੱਕੇ ਹਨ।

**ਜਨਤਾ ਲਈ ਚੇਤਾਵਨੀ:** ਪੁਲਿਸ ਨੇ ਨਾਗਰਿਕਾਂ, ਖਾਸ ਕਰਕੇ ਬਜ਼ੁਰਗਾਂ ਨੂੰ ਸਾਵਧਾਨ ਰਹਿਣ ਦੀ ਸਲਾਹ ਦਿੱਤੀ ਹੈ। ਕਿਸੇ ਵੀ ਅਜਨਬੀ ਤੋਂ ਸਾਵਧਾਨ ਰਹੋ ਜੋ ਬਿਨਾਂ ਕਾਰਨ ਤੁਹਾਡੇ ਨੇੜੇ ਆਉਣ ਦੀ ਕੋਸ਼ਿਸ਼ ਕਰਦਾ ਹੈ, ਗਲੇ ਮਿਲਣ ਦਾ ਬਹਾਨਾ ਕਰਦਾ ਹੈ ਜਾਂ ਤੁਹਾਨੂੰ ਗਹਿਣੇ ਦੇਣ ਦੀ ਪੇਸ਼ਕਸ਼ ਕਰਦਾ ਹੈ। ਇਹ ਧੋਖਾਧੜੀ ਦਾ ਇੱਕ ਤਰੀਕਾ ਹੋ ਸਕਦਾ ਹੈ।

**ਜਾਣਕਾਰੀ ਦੇਣ ਲਈ ਸੰਪਰਕ ਕਰੋ:** ਜੇਕਰ ਤੁਹਾਡੇ ਕੋਲ ਇਸ ਘਟਨਾ ਜਾਂ ਸ਼ੱਕੀ ਬਾਰੇ ਕੋਈ ਵੀ ਜਾਣਕਾਰੀ ਹੈ, ਤਾਂ ਕਿਰਪਾ ਕਰਕੇ 905-546-3851 'ਤੇ ਫ਼ੋਨ ਕਰੋ। ਜੇਕਰ ਤੁਸੀਂ ਆਪਣੀ ਪਛਾਣ ਗੁਪਤ ਰੱਖਣਾ ਚਾਹੁੰਦੇ ਹੋ, ਤਾਂ ਕ੍ਰਾਈਮ ਸਟੌਪਰਜ਼ ਨੂੰ 1-800-222-8477 'ਤੇ ਗੁਮਨਾਮ ਤੌਰ 'ਤੇ ਸੂਚਿਤ ਕਰ ਸਕਦੇ ਹੋ।

# ਵਿਜੇ ਦੀ ਤਿਰੂਚੀ ਰੈਲੀ ਵਿੱਚ ਭਾਰੀ ਭੀੜ ਹੋਈ ਇਕੱਠੀ



ਤਿਰੂਚੀ: ਤਿਰੂਚੀ ਦੇ ਬਹੁਤ ਸਾਰੇ ਲੋਕਾਂ ਲਈ, ਸ਼ਨੀਵਾਰ ਦੀ ਰੈਲੀ ਵਿਜੇ ਨੂੰ ਇੱਕ ਫਿਲਮ ਸਟਾਰ ਵਜੋਂ ਨਹੀਂ ਸਗੋਂ ਇੱਕ ਸਿਆਸਤਦਾਨ ਵਜੋਂ ਦੇਖਣ ਦਾ ਪਹਿਲਾ ਮੌਕਾ ਸੀ। ਇਹ ਇੰਤਜ਼ਾਰ ਬਹੁਤ ਸਾਰੇ ਲੋਕਾਂ ਲਈ ਨਿੱਜੀ ਸੀ। 'ਮੈਂ 90 ਦੇ ਦਹਾਕੇ ਤੋਂ ਵਿਜੇ ਨੂੰ ਦੇਖ ਰਹੀ ਹਾਂ, ਪਰ ਇਹ ਪਹਿਲੀ ਵਾਰ ਹੈ ਜਦੋਂ ਮੈਂ ਆਪਣੇ ਪਰਿਵਾਰ ਨਾਲ ਆਈ ਹਾਂ। ਅਸੀਂ ਹਮੇਸ਼ਾ ਅੰਮਾ ਲਈ ਏਆਈਏਡੀਐਮਕੇ ਨੂੰ ਵੋਟ ਦਿੱਤੀ ਸੀ, ਪਰ ਇਸ ਵਾਰ ਮੇਰੀ ਧੀ, ਪਹਿਲੀ ਵਾਰ ਵੋਟ ਪਾਉਣ ਵਾਲੀ ਅਤੇ ਜੇ ਲੋੜ ਪਈ ਤਾਂ ਮੈਂ ਉਸਨੂੰ ਦੇਖਣ ਲਈ ਘੰਟਿਆਂਬੱਧੀ ਖੜ੍ਹੀ ਰਹਾਂਗੀ' ਮੰਨਾਚਨਲੂਰ ਤੋਂ ਕੇ ਵਿਮਲਾ (40) ਨੇ ਕਿਹਾ।

ਜ਼ਿਆਦਾਤਰ ਤਾਮਿਲਨਾਡੂ ਰੈਲੀਆਂ ਦੇ ਉਲਟ ਜਿੱਥੇ ਪਾਰਟੀਆਂ ਸਮਰਥਕਾਂ ਨੂੰ ਲੈ ਕੇ ਜਾਂਦੀਆਂ ਹਨ, ਉੱਥੇ ਮੌਜੂਦ ਲੋਕਾਂ ਨੇ ਕਿਹਾ ਕਿ ਉਹ ਆਪਣੇ ਆਪ ਆਏ ਹਨ। 'ਅਸੀਂ ਆਪਣੇ ਪਿੰਡ ਦੇ 20 ਲੋਕਾਂ ਨੂੰ ਇੱਥੇ ਆਉਣ ਲਈ ਸੰਗਠਿਤ ਕੀਤਾ ਅਤੇ ਇੱਥੇ ਆਉਣ ਲਈ ਪੈਸੇ ਇਕੱਠੇ ਕੀਤੇ। ਅਸੀਂ ਉਨ੍ਹਾਂ ਲਈ ਖਾਣਾ ਜਾਂ ਸ਼ਰਾਬ ਨਹੀਂ ਖਰੀਦੀ। ਉਹ ਇੱਕ ਮੌਕਾ ਦਾ ਹੱਕਦਾਰ ਹੈ' ਮੁਥਾਰਸਨੱਲੂਰ ਤੋਂ ਐਸ ਗੋਕੁਲ, ਜੋ ਕਿ ਡੀਐਮਕੇ ਦਾ ਸਾਬਕਾ ਕੇਡਰ ਸੀ, ਨੇ ਕਿਹਾ। ਹੋਰਨਾਂ ਨੇ ਵਿਜੇ ਫੈਨ ਕਲੱਬਾਂ ਦਾ ਹਿੱਸਾ ਹੋਣ ਨੂੰ ਯਾਦ ਕੀਤਾ ਜੋ ਕਦੇ ਭਲਾਈ ਗਤੀਵਿਧੀਆਂ ਚਲਾਉਂਦੇ ਸਨ, ਜਿਨ੍ਹਾਂ ਬਾਰੇ ਉਨ੍ਹਾਂ ਨੇ ਕਿਹਾ ਕਿ ਹੁਣ ਪਾਰਟੀ ਦੇ ਬੈਨਰ ਹੇਠ ਅੱਗੇ ਵਧਾਇਆ ਜਾ ਰਿਹਾ ਹੈ।

ਨੌਜਵਾਨ ਵੋਟਰਾਂ ਲਈ, ਮੂਡ ਫੈਨਡਮ ਤੋਂ ਪਰੇ ਰਾਜਨੀਤਿਕ ਨਿਰਾਸ਼ਾ ਤੱਕ ਗਿਆ। 'ਜਦੋਂ ਮੈਂ ਦੂਜੀ ਵਾਰ ਵਿਜੇ ਅੰਨਾ ਨੂੰ ਦੇਖਿਆ, ਮੈਂ ਆਪਣਾ ਰੋਣਾ ਨਹੀਂ ਰੋਕ ਸਕੀ। ਮੈਂ ਟੀਵੀਕੇ ਨੂੰ ਵੋਟ ਪਾਉਣਾ ਚਾਹੁੰਦੀ ਹਾਂ ਕਿਉਂਕਿ ਮੈਂ ਨਹੀਂ ਚਾਹੁੰਦੀ ਕਿ ਇੱਕ ਪਰਿਵਾਰ ਦੁਬਾਰਾ ਰਾਜ ਕਰੇ' ਇੱਕ ਕਾਲਜ ਵਿਦਿਆਰਥਣ ਐਸ ਗਿਰੀਜਾ ਨੇ ਕਿਹਾ। ਉਸ ਵਰਗੇ ਬਹੁਤ ਸਾਰੇ ਲੋਕਾਂ ਨੇ ਵਿਜੇ ਨੂੰ 'ਸਾਫ਼' ਅਤੇ 'ਨਿਯਮਿਤ ਸਿਆਸਤਦਾਨਾਂ ਤੋਂ ਵੱਖਰਾ' ਦੱਸਿਆ, ਉਮੀਦ ਕੀਤੀ ਕਿ ਉਹ ਵੰਸ਼ਵਾਦ ਦੀ ਰਾਜਨੀਤੀ ਅਤੇ ਪੈਸੇ ਨਾਲ ਚੱਲਣ ਵਾਲੀਆਂ ਰੈਲੀਆਂ ਤੋਂ ਬ੍ਰੇਕ ਦੀ ਪੇਸ਼ਕਸ਼ ਕਰੇਗਾ। ਈਬੀ ਰੋਡ ਤੋਂ ਮੈਗਡੇਲੇਨ ਈਵਾ ਨੇ ਕਿਹਾ ਕਿ ਉਸਦੀ ਪੰਜ ਸਾਲ ਦੀ ਧੀ ਨੇ ਸਾਰੀ ਸਵੇਰ ਉਸਨੂੰ ਹਾਜ਼ਰ ਹੋਣ ਲਈ ਪ੍ਰੇਸ਼ਾਨ ਕੀਤਾ।

ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸੰਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸੰਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸੰਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸੰਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸੰਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਘਰੇਲੂ ਇਲਾਜ :**

1. ਜੇ ਤੁਹਾਨੂੰ ਐਲਰਜੀ ਹੋਣ ਦਾ ਮੁੱਖ ਕਾਰਨ ਪਤਾ ਲੱਗ ਜਾਵੇ ਤਾਂ ਉਸ ਤੋਂ ਬਚਾਅ ਰੱਖਣਾ ਹੀ ਸਭ ਤੋਂ ਵਧੀਆ ਇਲਾਜ ਹੈ।
2. ਸੌਣ ਸਮੇਂ ਹਵਾ ਨੂੰ ਸਾਫ਼ ਰੱਖਣ ਵਾਲੇ, ਹੁੰਮਸ ਤੋਂ ਨਿਜ਼ਾਤ ਦਿਵਾਉਣ ਵਾਲੇ ਅਤੇ ਏਅਰ ਕੰਡੀਸ਼ਨ ਵਰਗੇ ਉਪਕਰਣ ਇਸਦੇ ਲੱਛਣਾਂ ਨੂੰ ਕਾਬੂ ਵਿੱਚ ਰੱਖਣ ਵਿੱਚ ਮੱਦਦ ਕਰਦੇ ਹਨ।
3. ਸਿਗਰਟ ਨਾ ਪੀਓ। ਵੱਧ ਖ਼ੁਸ਼ਬੂ ਵਾਲੇ ਪਰਫ਼ਿਊਮ ਦੀ ਵਰਤੋਂ ਨਾ ਕਰੋ।

ਜੇਕਰ ਤੁਹਾਨੂੰ ਪਾਲਤੂ ਜਾਨਵਰਾਂ ਤੋਂ ਐਲਰਜੀ ਹੈ ਤਾਂ ਪਾਲਤੂ ਜਾਨਵਰਾਂ ਨੂੰ ਘਰ ਤੋਂ ਬਾਹਰ ਰੱਖੋ।

4. ਜੇਕਰ ਤੁਸੀਂ ਐਲਰਜੀ ਦੀ ਦਵਾਈ ਲੈ ਰਹੇ ਹੋ ਤਾਂ ਆਪਣੇ ਬਲੱਡ ਪ੍ਰੈਸ਼ਰ ਨੂੰ ਚੈੱਕ ਕਰਵਾਉਂਦੇ ਰਹੋ।
5. ਦਵਾਈਆਂ : 1. ਨੱਕ ਦੇ ਸਪ੍ਰੇਅ, 2. ਐਂਟੀਹਿਸਟਾਮੀਨ (ਉਹ ਦਵਾਈ ਜੋ ਐਲਰਜੀ ਨਾਲ ਬਣੇ ਹਿਸਟਾਮੀਨ ਨੂੰ ਨਸ਼ਟ ਕਰਦੀ ਹੈ),
3. ਡੀਕੌਂਨਜੈਸਟੈਂਟ (ਉਹ ਦਵਾਈ ਜਿਸ ਨਾਲ ਨੱਕ ਵਿੱਚ ਆਈ ਸੋਜ਼ਿਸ਼ ਨੂੰ ਠੀਕ ਕੀਤਾ ਜਾਂਦਾ ਹੈ, ਤਾਂ ਜੋ ਸਾਹ ਲੈਣ ਵਿੱਚ ਪਰੇਸ਼ਾਨੀ ਨਾ ਹੋਵੇ)।

ਕੋਈ ਵੀ ਦਵਾਈ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਦੀ ਸਲਾਹ ਲਵੋ।

6. ਐਪੀ-ਪੈਨ : ਡਾਕਟਰ ਵਲੋਂ ਘਰੇਲੂ ਵਰਤੋਂ ਲਈ ਐਪੀ-ਪੈਨ, ਉਨ੍ਹਾਂ ਲੋਕਾਂ ਨੂੰ ਦਿੱਤਾ ਜਾਂਦਾ ਹੈ, ਜਿਨ੍ਹਾਂ ਨੂੰ ਐਲਰਜੀ ਤੋਂ ਜਾਨ-ਲੇਵਾ ਖ਼ਤਰਾ ਹੋਵੇ।

**ਡਾਕਟਰ ਨੂੰ ਕਦੋਂ ਦਿਖਾਈਏ :**




1. ਜੇਕਰ ਤੁਹਾਨੂੰ ਬਹੁਤ ਸਾਲਾਂ ਤੋਂ ਐਲਰਜੀ ਹੈ, ਤਾਂ ਤੁਹਾਨੂੰ ਇਮਿਓਨੋਥੈਰੇਪੀ ਕਰਵਾਉਣ ਦੀ ਲੋੜ ਹੈ (ਹਰ ਮਹੀਨੇ ਐਲਰਜੀ ਰੋਕਣ ਦੇ ਟੀਕੇ ਲਗਵਾਉਣੇ ਜਾਂ ਰੋਜ਼ਾਨਾ ਐਲਰਜੀ ਰੋਕਣ ਦੀਆਂ ਬੂੰਦਾਂ ਪੀਣੀਆਂ)।
2. ਐਲਰਜੀ ਦੀ ਕੋਈ ਵੀ ਦਵਾਈ ਸ਼ੁਰੂ ਕਰਨ ਤੋਂ ਪਹਿਲਾਂ, ਡਾਕਟਰ ਦੀ ਸਲਾਹ ਜ਼ਰੂਰ ਲਵੋ, ਖ਼ਾਸ ਤੌਰ 'ਤੇ ਜੇਕਰ ਤੁਹਾਨੂੰ ਬਲੱਡ ਪ੍ਰੈਸ਼ਰ ਹੈ।
3. ਐਨਾਫ਼ਾਈਲੈਕਟਿਕ ਰਿਐਕਸ਼ਨ : ਜੇਕਰ ਤੁਹਾਨੂੰ ਐਲਰਜੀ ਦੇ ਨਾਲ ਬੁੱਲ੍ਹਾਂ ਅਤੇ ਜੀਭ 'ਤੇ ਬਹੁਤ ਜ਼ਿਆਦਾ ਸੋਜ਼ਿਸ਼, ਸਾਹ ਲੈਣ ਵਿੱਚ ਬਹੁਤ ਮੁਸ਼ਕਲ ਜਾਂ ਤੁਹਾਡਾ ਬਲੱਡ ਪ੍ਰੈਸ਼ਰ ਇੱਕਦਮ ਘੱਟ ਜਾਵੇ ਤਾਂ ਤੁਹਾਨੂੰ ਐਨਾਫ਼ਾਈਲੈਕਟਿਕ ਰਿਐਕਸ਼ਨ ਹੋਇਆ ਹੋ ਸਕਦਾ ਹੈ। ਇਹ ਇੱਕ ਐਮਰਜੈਂਸੀ ਹੈ। ਜਲਦ ਤੋਂ ਜਲਦ ਡਾਕਟਰ ਕੋਲ ਜਾਂ ਨੇੜੇ ਦੇ ਹਸਪਤਾਲ ਜਾਓ।

**ਬਲੱਡ ਪ੍ਰੈਸ਼ਰ**

ਬਲੱਡ ਪ੍ਰੈਸ਼ਰ ਨੂੰ 'ਸਾਈਲੈਂਟ ਕਿੱਲਰ' ਵੀ ਕਿਹਾ ਜਾਂਦਾ ਹੈ, ਕਿਉਂਕਿ ਆਮ ਤੌਰ 'ਤੇ ਆਪਣੇ ਵਧੇ ਹੋਏ ਬਲੱਡ ਪ੍ਰੈਸ਼ਰ ਦਾ ਲੋਕਾਂ ਨੂੰ ਅਹਿਸਾਸ ਨਹੀਂ ਹੁੰਦਾ ਅਤੇ ਇਸਦਾ ਕੋਈ ਬਾਹਰੀ ਲੱਛਣ ਵੀ ਨਹੀਂ ਹੁੰਦਾ। ਹਾਈ ਬਲੱਡ ਪ੍ਰੈਸ਼ਰ ਨੂੰ ਜਾਨਣ ਲਈ ਕੁਝ ਸਮੇਂ ਦੇ ਵਕਫ਼ੇ ਬਾਅਦ ਆਪਣੇ ਬਲੱਡ ਪ੍ਰੈਸ਼ਰ ਨੂੰ ਚੈੱਕ ਕਰਵਾਉਂਦੇ ਰਹਿਣਾ ਚਾਹੀਦਾ ਹੈ।

**ਬਲੱਡ ਪ੍ਰੈਸ਼ਰ ਕੀ ਹੈ ?**

ਜਦੋਂ ਦਿਲ ਧੜਕਦਾ ਹੈ ਤਾਂ ਇਹ ਖ਼ੂਨ ਨੂੰ ਜ਼ੋਰ (ਦਬਾਅ) ਦੇ ਨਾਲ ਖ਼ੂਨ ਦੀਆਂ ਧਮਣੀਆਂ ਵੱਲ ਧਕੇਲਦਾ ਹੈ। ਖ਼ੂਨ ਜਿਸ ਦਬਾਅ ਦੇ ਨਾਲ ਖ਼ੂਨ ਦੀਆਂ ਧਮਣੀਆਂ ਵਿੱਚ ਵਹਿੰਦਾ ਹੈ, ਉਸਨੂੰ ਬਲੱਡ ਪ੍ਰੈਸ਼ਰ ਕਹਿੰਦੇ ਹਨ। ਜਦੋਂ ਇਹ ਬਲੱਡ ਪ੍ਰੈਸ਼ਰ ਆਮ ਨਾਲੋਂ ਵੱਧ ਹੁੰਦਾ ਹੈ, ਤਾਂ ਖ਼ੂਨ ਨੂੰ ਅੱਗੇ ਪੰਪ ਕਰਨ ਲਈ ਦਿਲ ਨੂੰ ਜ਼ਿਆਦਾ ਜ਼ੋਰ ਨਾਲ ਕੰਮ ਕਰਨਾ ਪੈਂਦਾ ਹੈ।

1. ਸਿਸਟੋਲਿਕ (ਉੱਪਰਲਾ ਅੰਕ) : ਉਹ ਦਬਾਅ ਜਦੋਂ ਦਿਲ ਧੜਕਦਾ ਹੈ (ਖ਼ੂਨ ਦੇ ਨਾਲ ਜਦੋਂ ਦਿਲ ਦੇ ਪੱਠੇ ਫੈਲਦੇ ਅਤੇ ਸੁੰਗੜਦੇ ਹਨ) ਨੂੰ ਸਿਸਟੋਲਿਕ ਬਲੱਡ ਪ੍ਰੈਸ਼ਰ ਕਿਹਾ ਜਾਂਦਾ ਹੈ।
2. ਡਾਇਆਸਟੋਲਿਕ (ਹੇਠਲਾ ਅੰਕ) : ਉਹ ਦਬਾਅ ਜੋ ਦਿਲ ਦੀਆਂ ਦੋ ਧੜਕਣਾਂ ਦੇ ਵਿਚਕਾਰ ਹੁੰਦਾ ਹੈ (ਜਦੋਂ ਦਿਲ ਦੀਆਂ ਮਾਸਮੇਸ਼ੀਆਂ ਆਰਾਮ ਵਿੱਚ ਹਨ) ਨੂੰ ਡਾਇਆਸਟੋਲਿਕ ਬਲੱਡ ਪ੍ਰੈਸ਼ਰ ਕਿਹਾ ਜਾਂਦਾ ਹੈ।
3. ਨਾਰਮਲ ਬੀ.ਪੀ. : 140/90 ਤੋਂ ਘੱਟ ਬਲੱਡ ਪ੍ਰੈਸ਼ਰ।
4. ਹਾਈ ਬੀ.ਪੀ. : 140/90 ਤੋਂ ਵੱਧ ਬਲੱਡ ਪ੍ਰੈਸ਼ਰ।

**ਲੱਛਣ :**

1. ਥਕਾਵਟ।
2. ਸਿਰ ਦਰਦ।
3. ਚਿੜਚਿੜਾਪਣ।
4. ਗ਼ੁੱਸਾ ਕਾਬੂ ਵਿੱਚ ਨਾ ਰਹਿਣਾ।
5. ਅੱਖਾਂ ਦੀ ਨਿਗ੍ਹਾ ਘਟਣਾ।

ਹਾਈ ਬਲੱਡ ਪ੍ਰੈਸ਼ਰ ਹੇਠ ਲਿਖੀਆਂ ਬਿਮਾਰੀਆਂ ਦਾ ਕਾਰਨ ਬਣ ਸਕਦਾ ਹੈ :

1. ਦਿਲ ਦਾ ਦੌਰਾ
2. ਅੱਖਾਂ ਦੀ ਨਿਗਾਹ ਘਟਣੀ।
3. ਗੁਰਦਿਆਂ ਦੀ ਬਿਮਾਰੀ।

**ਕਾਰਨ :**

ਆਮ ਤੌਰ 'ਤੇ (ਤਕਰੀਬਨ 90%), ਬਲੱਡ ਪ੍ਰੈਸ਼ਰ ਬਿਨਾਂ ਕਿਸੇ ਖ਼ਾਸ ਕਾਰਨ ਦੇ ਵੱਧ ਸਕਦਾ ਹੈ। ਬਲੱਡ ਪ੍ਰੈਸ਼ਰ ਵਧਣ ਦੇ ਕੁਝ ਕਾਰਨ ਹੇਠ ਲਿਖੇ ਹਨ :

1. ਜ਼ਿਆਦਾ ਭਾਰ ਹੋਣਾ।
2. ਪਰਿਵਾਰਿਕ ਪਿਛੋਕੜ।
3. ਕਸਰਤ ਨਾ ਕਰਨਾ।
4. ਜ਼ਿਆਦਾ ਸ਼ਰਾਬ ਪੀਣਾ।
5. ਸਿਗਰਟ ਪੀਣਾ।
6. ਜ਼ਿਆਦਾ ਨਮਕ ਖਾਣਾ।
7. ਮਾਨਸਿਕ ਤਣਾਓ ਅਤੇ ਜ਼ਿਆਦਾ ਚਿੰਤਾ।
8. ਗੁਰਦਿਆਂ ਦੀਆਂ ਬਿਮਾਰੀਆਂ।

(ਚਲਦਾ)

**ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।**

## ਬ੍ਰਿਟੇਨ 'ਚ ਸਿੱਖ ਕੁੜੀ ਨਾਲ ਹੋਈ ਗੰਦੀ ਕਰਤੂਤ ਮਗਰੋਂ ਸੜਕਾਂ ਤੇ ਉਤਰੇ ਲੋਕ, ਕੱਢਿਆ ਰੋਸ ਮਾਰਚ

ਲੰਡਨ : ਬੀਤੇ ਦਿਨੀਂ ਇਕ ਬ੍ਰਿਟਿਸ਼ ਸਿੱਖ ਕੁੜੀ ਨਾਲ ਦੋ ਬ੍ਰਿਟਿਸ਼ ਨੌਜਵਾਨਾਂ ਨੇ ਜਬਰ-ਜਨਾਹ ਕੀਤਾ ਤੇ ਉਸ 'ਤੇ ਨਸਲੀ ਟਿੱਪਣੀਆਂ ਕੀਤੀਆਂ। ਇਸੇ ਦੇ ਮੱਦੇਨਜ਼ਰ ਬ੍ਰਿਟੇਨ ਵਿੱਚ ਸਥਾਨਕ ਸਿੱਖ ਭਾਈਚਾਰੇ ਨੇ ਹਮਲੇ ਵਾਲੀ ਥਾਂ 'ਤੇ ਇੱਕ ਵਿਰੋਧ ਮਾਰਚ ਕੱਢਿਆ ਤਾਂ ਜੋ ਅਜਿਹੀਆਂ ਘਟਨਾਵਾਂ ਖ਼ਿਲਾਫ਼ ਇੱਕਜੁੱਟਤਾ ਦਿਖਾਈ ਜਾ ਸਕੇ ਅਤੇ ਪੀੜਤਾ ਅਤੇ ਉਸ ਦੇ ਪਰਿਵਾਰ ਲਈ ਪ੍ਰਾਰਥਨਾ ਕੀਤੀ ਜਾ ਸਕੇ।




ਮਾਮਲੇ ਦੀ ਜਾਂਚ ਕਰ ਰਹੀ ਬ੍ਰਿਟਿਸ਼ ਪੁਲਸ ਨੇ ਜਬਰ-ਜਨਾਹ ਦੇ ਸ਼ੱਕ ਵਿੱਚ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਨੇ ਕਿਹਾ ਕਿ ਇਕ 30 ਤੋਂ 35 ਸਾਲ ਦੀ ਉਮਰ ਦੇ ਸ਼ੱਕੀ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ ਅਤੇ ਪਿਛਲੇ ਦਿਨੀਂ ਇੰਗਲੈਂਡ ਦੇ ਵੈਸਟ ਮਿਡਲੈਂਡਜ਼ ਖੇਤਰ ਦੇ ਓਲਡਬਰੀ ਵਿੱਚ ਹੋਏ 'ਨਸਲੀ ਤੌਰ 'ਤੇ ਪ੍ਰੇਰਿਤ ਬਲਾਤਕਾਰ' ਦੀ ਜਾਂਚ ਦੇ ਹਿੱਸੇ ਵਜੋਂ ਅਜੇ ਵੀ ਹਿਰਾਸਤ ਵਿੱਚ ਹੈ।

ਇਸ ਮਾਮਲੇ ਬਾਰੇ ਵੈਸਟ ਮਿਡਲੈਂਡਜ਼ ਪੁਲਸ ਨੇ ਕਿਹਾ ਕਿ 20 ਤੋਂ 25 ਸਾਲ ਦੀ ਉਮਰ ਦੀ ਪੀੜਤਾ ਜਾਂਚ ਦੌਰਾਨ ਸਹਿਯੋਗ ਕਰ ਰਹੀ ਹੈ। ਸੈਂਡਵੈਲ ਪੁਲਸ ਦੇ ਮੁੱਖ ਸੁਪਰਡੈਂਟ ਕਿਮ ਮੈਡਿਲ ਨੇ ਕਿਹਾ, 'ਇਹ ਜਾਂਚ ਵਿੱਚ ਇੱਕ ਮਹੱਤਵਪੂਰਨ ਵਿਕਾਸ ਹੈ ਅਤੇ ਅਸੀਂ ਭਾਈਚਾਰੇ ਦਾ ਉਨ੍ਹਾਂ ਦੇ ਨਿਰੰਤਰ ਸਹਿਯੋਗ ਲਈ ਧੰਨਵਾਦ ਕਰਨਾ ਚਾਹੁੰਦੇ ਹਾਂ।'

ਉਨ੍ਹਾਂ ਕਿਹਾ ਕਿ ਮਾਮਲੇ ਦੀ ਜਾਂਚ ਅਜੇ ਜਾਰੀ ਹੈ ਅਤੇ ਅਸੀਂ ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਅੰਦਾਜ਼ੇ ਨਾ ਲਗਾਉਣ ਕਿਉਂਕਿ ਅਸੀਂ ਉਨ੍ਹਾਂ ਸਾਰੇ ਲੋਕਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰਦੇ ਹਾਂ ਜੋ ਇਸ ਘਟਨਾ 'ਚ ਸ਼ਾਮਲ ਹੋ ਸਕਦੇ ਹਨ। ਪੁਲਸ ਫੋਰਸ ਨੇ ਨਿਆਂਇਕ ਪ੍ਰਕਿਰਿਆ ਨੂੰ ਆਪਣਾ ਰਾਹ ਅਪਣਾਉਣ ਦੇਣ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ।

ਵੈਸਟ ਮਿਡਲੈਂਡਜ਼ ਹਲਕੇ ਤੋਂ ਬ੍ਰਿਟਿਸ਼ ਸਿੱਖ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਨੇ ਸੋਸ਼ਲ ਮੀਡੀਆ 'ਤੇ ਪੋਸਟ ਕੀਤਾ, 'ਓਲਡਬਰੀ ਵਿੱਚ ਇੱਕ ਨੌਜਵਾਨ ਸਿੱਖ ਔਰਤ 'ਤੇ ਹੋਏ ਭਿਆਨਕ ਹਮਲੇ ਤੋਂ ਮੈਂ ਬਹੁਤ ਹੈਰਾਨ ਹਾਂ। ਇਹ ਬਹੁਤ ਜ਼ਿਆਦਾ ਹਿੰਸਾ ਦਾ ਕੰਮ ਸੀ ਪਰ ਇਸ ਨੂੰ ਨਸਲੀ ਤੌਰ 'ਤੇ ਵੀ ਗੰਭੀਰ ਮੰਨਿਆ ਜਾ ਰਿਹਾ ਹੈ ਕਿਉਂਕਿ ਦੋਸ਼ੀਆਂ ਨੇ ਕਥਿਤ ਤੌਰ 'ਤੇ ਉਸ ਨੂੰ ਕਿਹਾ ਸੀ ਕਿ ਉਹ 'ਇੱਥੋਂ ਦੀ ਨਹੀਂ ਹੈ'।'

ਸੰਸਦ ਮੈਂਬਰ ਨੇ ਕਿਹਾ, 'ਉਹ ਇੱਥੇ ਹੈ। ਸਾਡੇ ਸਿੱਖ ਭਾਈਚਾਰੇ ਅਤੇ ਹਰ ਭਾਈਚਾਰੇ ਨੂੰ ਸੁਰੱਖਿਅਤ, ਸਤਿਕਾਰਯੋਗ ਅਤੇ ਕਦਰਦਾਨੀ ਮਹਿਸੂਸ ਕਰਨ ਦਾ ਅਧਿਕਾਰ ਹੈ। ਓਲਡਬਰੀ ਜਾਂ ਯੂ.ਕੇ. ਵਿੱਚ ਕਿਤੇ ਵੀ ਨਸਲਵਾਦ ਅਤੇ ਨਾਰੀ-ਨਫ਼ਰਤ ਲਈ ਕੋਈ ਥਾਂ ਨਹੀਂ ਹੈ। ਮੇਰੇ ਵਿਚਾਰ ਪੀੜਤਾ, ਉਸ ਦੇ ਪਰਿਵਾਰ ਅਤੇ ਸਿੱਖ ਭਾਈਚਾਰੇ ਨਾਲ ਹਨ।'

## ਬਰਤਾਨਵੀ ਸਿੱਖ ਲੜਕੀ 'ਤੇ ਨਸਲੀ ਤੇ ਜਿਣਸੀ ਹਮਲਾ-ਬੇਰਹਿਮੀ ਨਾਲ ਕੁੱਟਮਾਰ

ਲੰਡਨ : ਬਰਮਿੰਘਮ ਨੇੜੇ ਓਲਡਬਰੀ 'ਚ ਬਰਤਾਨਵੀ ਸਿੱਖ ਲੜਕੀ 'ਤੇ ਨਸਲਵਾਦੀ ਤੇ ਜਿਨਸੀ ਹਮਲਾ ਹੋਣ ਦੀ ਖ਼ਬਰ ਮਿਲੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮੰਗਲਵਾਰ ਸਵੇਰੇ 8.00-8.30 ਵਜੇ ਦੇ ਵਿਚਕਾਰ 20 ਸਾਲਾਂ ਦੀ ਇਕ ਬਰਤਾਨਵੀ ਸਿੱਖ ਲੜਕੀ 'ਤੇ ਨਸਲੀ ਹਮਲਾ ਕੀਤਾ ਗਿਆ ਤੇ ਬੇਰਹਿਮੀ ਨਾਲ ਕੁੱਟਮਾਰ ਕੀਤੀ ਗਈ। ਪੁਲਿਸ ਨੇ ਕਿਹਾ ਕਿ ਉਹ ਓਲਡਬਰੀ ਦੀ ਟੈਮ ਰੋਡ 'ਤੇ ਇਲਾਕੇ 'ਚ 2 ਸ਼ੱਕੀ ਵਿਅਕਤੀਆਂ ਨੂੰ ਵੇਖਣ ਵਾਲੇ ਲੋਕਾਂ ਨੂੰ ਅੱਗੇ ਆਉਣ ਦੀ ਅਪੀਲ ਕੀਤੀ ਹੈ। ਸਿੱਖ ਯੂਥ ਯੂ.ਕੇ. ਪੀੜਤਾ ਤੇ ਉਸਦੇ ਪਰਿਵਾਰ ਨੂੰ ਮਿਲਿਆ ਹੈ ਤੇ ਉਨ੍ਹਾਂ ਦੀ ਹਰ ਸੰਭਵ ਮਦਦ ਕਰ ਰਿਹਾ ਹੈ। ਸਿੱਖ ਫੈਡਰੇਸ਼ਨ (ਯੂ.ਕੇ.) ਦੇ ਮੁੱਖ ਕਾਰਜਕਾਰੀ ਦਬਿੰਦਰਜੀਤ ਸਿੰਘ ਓ.ਬੀ.ਈ. ਨੇ ਕਿਹਾ ਕਿ ਇਹ ਹਮਲਾ ਦਿਨ-ਦਿਹਾੜੇ ਇਕ ਵਿਅਸਤ ਸੜਕ 'ਤੇ ਹੋਇਆ ਜਿੱਥੇ ਸਥਾਨਕ ਸੰਸਦ ਮੈਂਬਰ ਦਾ ਦਫਤਰ ਹੈ। ਉਨ੍ਹਾਂ ਕਿਹਾ ਕਿ ਸਾਰੀਆਂ ਰਾਜਨੀਤਿਕ ਪਾਰਟੀਆਂ ਦੇ ਸਿਆਸਤਦਾਨਾਂ ਨੂੰ ਸਾਰੇ ਹਿੰਸਕ ਨਸਲਵਾਦੀ ਹਮਲਿਆਂ ਲਈ ਜ਼ੀਰੋ ਸਹਿਣਸ਼ੀਲਤਾ ਰੱਖਣੀ ਚਾਹੀਦੀ ਹੈ। ਘਟਨਾ ਸਬੰਧੀ ਸੰਸਦ ਮੈਂਬਰ ਗੁਰਿੰਦਰ ਸਿੰਘ ਜੋਸਨ ਨੇ ਕਿਹਾ ਕਿ ਇਹ ਬਹੁਤ ਨਿੰਦਣਯੋਗ ਘਟਨਾ ਹੈ।

## ਡੇਂਗੂ ਦੇ ਵਧਦੇ ਖ਼ਤਰੇ ਨਾਲ ਨਜਿੱਠਣ ਲਈ ਸਿਹਤ ਵਿਭਾਗ ਹਰਕਤ 'ਚ

### ਹਸਪਤਾਲਾਂ ਵਿੱਚ ਵਿਸ਼ੇਸ਼ ਵਾਰਡ ਬਣਾਉਣ ਦੇ ਨਿਰਦੇਸ਼, ਲੋਕਾਂ ਨੂੰ ਸਾਵਧਾਨੀ ਵਰਤਣ ਦੀ ਅਪੀਲ





ਚੰਡੀਗੜ੍ਹ : ਮਾਨਸੂਨ ਤੋਂ ਬਾਅਦ ਸੂਬੇ ਵਿੱਚ ਡੇਂਗੂ ਦੇ ਮਾਮਲਿਆਂ ਵਿੱਚ ਹੋ ਰਹੇ ਵਾਧੇ ਦੇ ਮੱਦੇਨਜ਼ਰ ਪੰਜਾਬ ਦਾ ਸਿਹਤ ਵਿਭਾਗ ਪੂਰੀ ਤਰ੍ਹਾਂ ਮੁਸਤੈਦ ਹੋ ਗਿਆ ਹੈ। ਸਿਹਤ ਮੰਤਰੀ ਵੱਲੋਂ ਜਾਰੀ ਕੀਤੇ ਗਏ ਨਿਰਦੇਸ਼ਾਂ ਅਨੁਸਾਰ, ਸਾਰੇ ਸਰਕਾਰੀ ਹਸਪਤਾਲਾਂ ਵਿੱਚ ਡੇਂਗੂ ਦੇ ਮਰੀਜ਼ਾਂ ਲਈ ਵਿਸ਼ੇਸ਼ ਆਈਸੋਲੇਸ਼ਨ ਵਾਰਡ ਸਥਾਪਤ ਕਰਨ ਅਤੇ ਦਵਾਈਆਂ ਦਾ ਪੂਰਾ ਪ੍ਰਬੰਧ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ।

ਇੱਕ ਉੱਚ-ਪੱਧਰੀ ਮੀਟਿੰਗ ਦੌਰਾਨ ਸਿਹਤ ਮੰਤਰੀ ਨੇ ਸਿਵਲ ਸਰਜਨਾਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ ਜ਼ਿਲ੍ਹਿਆਂ ਵਿੱਚ ਸਥਿਤੀ 'ਤੇ ਨੇੜਿਓਂ ਨਜ਼ਰ ਰੱਖਣ। ਉਹਨਾਂ ਕਿਹਾ, 'ਸਰਕਾਰ ਡੇਂਗੂ ਦੇ ਪ੍ਰਕੋਪ ਨੂੰ ਰੋਕਣ ਲਈ ਹਰ ਸੰਭਵ ਕਦਮ ਚੁੱਕ ਰਹੀ ਹੈ। ਸਾਡੀ ਪਹਿਲ ਲੋਕਾਂ ਨੂੰ ਬਿਹਤਰ ਅਤੇ ਸਮੇਂ ਸਿਰ ਇਲਾਜ ਮੁਹੱਈਆ ਕਰਵਾਉਣਾ ਹੈ।' ਵਿਭਾਗ ਵੱਲੋਂ ਡੇਂਗੂ ਦੀ ਜਾਂਚ ਲਈ ਲੋੜੀਂਦੀਆਂ ਕਿੱਟਾਂ ਦੀ ਉਪਲਬਧਤਾ ਨੂੰ ਵੀ ਯਕੀਨੀ ਬਣਾਇਆ ਗਿਆ ਹੈ ਤਾਂ ਜੋ ਕਿਸੇ ਵੀ ਮਰੀਜ਼ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਇਸ ਦੇ ਨਾਲ ਹੀ, ਲੋਕਾਂ ਨੂੰ ਜਾਗਰੂਕ ਕਰਨ ਲਈ ਇੱਕ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਹੈ। ਸਿਹਤ ਵਿਭਾਗ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਘਰਾਂ ਦੇ ਕੂਲਰਾਂ, ਗਮਲਿਆਂ ਅਤੇ ਛੱਤਾਂ 'ਤੇ ਪਏ ਪੁਰਾਣੇ ਟਾਇਰਾਂ ਵਿੱਚ ਪਾਣੀ ਇਕੱਠਾ ਨਾ ਹੋਣ ਦੇਣ, ਕਿਉਂਕਿ ਖੜ੍ਹਾ ਪਾਣੀ ਡੇਂਗੂ ਫੈਲਾਉਣ ਵਾਲੇ ਮੱਛਰ ਦੇ ਪੈਦਾ ਹੋਣ ਦੀ ਮੁੱਖ ਥਾਂ ਹੈ। ਸ਼ਹਿਰੀ ਖੇਤਰਾਂ ਵਿੱਚ ਨਗਰ ਨਿਗਮ ਦੀਆਂ ਟੀਮਾਂ ਵੱਲੋਂ ਫੌਗਿੰਗ ਕਰਨ ਦੀ ਮੁਹਿੰਮ ਨੂੰ ਵੀ ਤੇਜ਼ ਕਰਨ ਦੇ ਆਦੇਸ਼ ਦਿੱਤੇ ਗਏ ਹਨ।

ਮਾਹਿਰਾਂ ਦਾ ਕਹਿਣਾ ਹੈ ਕਿ ਤੇਜ਼ ਬੁਖਾਰ, ਸਿਰ ਦਰਦ, ਅਤੇ ਸਰੀਰ 'ਤੇ ਦਾਣੇ ਹੋਣ ਵਰਗੇ ਲੱਛਣ ਦਿਸਣ 'ਤੇ ਤੁਰੰਤ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਸਰਕਾਰੀ ਹਸਪਤਾਲਾਂ ਵਿੱਚ ਡੇਂਗੂ ਦਾ ਟੈਸਟ ਅਤੇ ਇਲਾਜ ਬਿਲਕੁਲ ਮੁਫ਼ਤ ਕੀਤਾ ਜਾਵੇਗਾ।

# ਹੜ੍ਹ ਦੇ ਮਾਰੇ ਦਾ ਮੁਸੀਬਤ ਨੂੰ ਮਖੌਲ !



ਪੰਜਾਬ ਵਿਚ ਚਾਰੇ ਪਾਸੇ ਹੜ੍ਹਾਂ ਕਾਰਨ ਹਾਹਾਕਾਰ ਮਚੀ ਹੋਈ ਹੈ। ਸਾਡੇ ਪਿੰਡ ਭਾਵੇਂ ਬਹੁਤ ਉੱਚੀ ਥਾਂਹ ਵਾਕਿਆ ਹਨ ਪਰ ਬੇਟ ਵੱਲ੍ਹ ਦੇ ਪਾਸੇ ਡੇਢ ਕੁ ਮੀਲ ਦੂਰ ਸਤਲੁਜ ਦਰਿਆ ਵਹਿੰਦਾ ਹੋਣ ਕਰਕੇ ਦਰਿਆਈ ਬੰਨ੍ਹ ਦੇ ਨਾਲ ਨਾਲ ਵਸਦੇ ਪਿੰਡਾਂ ਦਾ ਵੀ ਸਾਨੂੰ ਫਿਕਰ ਲੱਗ ਜਾਂਦਾ ਹੈ। ਜਦੋਂ ਬਰਸਾਤ ਦੇ ਦਿਨੀਂ ਦਰਿਆ 'ਚ ਬੇਵਜ੍ਹਾ ਪਾਣੀ ਆ ਜਾਂਦਾ ਹੈ।

ਹਫਤਾ ਕੁ ਪਹਿਲਾਂ ਮੈਥੋਂ ਵੀਹ ਸਾਲ ਵੱਡੀ ਭੈਣ ਨੇ ਚੰਡੀਗੜ੍ਹੋਂ ਮੈਨੂੰ ਪਿੰਡ ਨੂੰ ਫੋਨ ਕਰਕੇ ਬੇਟ ਦੇ ਪਿੰਡਾਂ ਦੇ ਨਾਂ ਲੈ ਲੈ ਕੇ ਹੜ੍ਹ ਦੀ ਸਥਿਤੀ ਬਾਰੇ ਪੁੱਛਿਆ।

ਤਰਲੋਚਨ ਸਿੰਘ ਦੁਪਾਲ ਪੁਰ
tsdupalpuri@yahoo.com
78146-92724



ਹੜ੍ਹਾਂ ਨਾਲ ਹੁੰਦੇ ਨੁਕਸਾਨ ਬਾਰੇ ਗੱਲਾਂ ਕਰਦਿਆਂ ਉਸਨੇ ਆਪਣੇ ਬਚਪਨ ਵੇਲੇ ਦੀ ਇਕ ਬੜੀ ਪੁਰਾਣੀ ਗੱਲ ਸੁਣਾਈ ਜੋ ਮੈਂ ਪਹਿਲੀ ਵਾਰ ਸੁਣੀ! ਭੈਣ ਕਹਿੰਦੀ ਕਾਕਾ ਤੇਰੇ ਜਨਮ ਵੇਲੇ ਸਾਡੇ ਪਿੰਡ ਵਾਲੇ ਫਲਾਣਿਆਂ ਦੇ ਬੇਜਮੀਨੇ ਟੱਬਰ ਨੇ ਘਰ ਦੀ ਗੀਣੀ-ਝੀਣੀ 'ਕੱਠੀ ਕਰਕੇ ਅਤੇ ਕੁੱਝ ਅੰਗਾਂ-ਸਾਕਾਂ ਤੋਂ ਉਧਾਰ ਸੁਧਾਰ ਫੜਕੇ ਤਿੰਨ ਖੇਤ ਮੁੱਲ ਲਏ।

ਬੜੀ ਮਿਹਨਤ ਕਰਕੇ ਚਾਅਵਾਂ ਰੀਝਾਂ ਨਾਲ ਉਨ੍ਹਾਂ ਨੇ ਪਹਿਲੀ ਵਾਰ ਉੱਥੇ ਮੱਕੀ ਬੀਜੀ। ਉਨ੍ਹਾਂ ਦੀਆਂ ਕੁੜੀਆਂ ਸਾਨੂੰ ਹੁੱਬ ਹੁੱਬ ਕੇ ਦੱਸਿਆ ਕਰਨ ਕਿ ਹੁਣ ਸਾਡੇ ਛੱਲੀਆਂ ਪੂਣਾ ਕੱਤਦੀਆਂਕੁੜੇ ਹੁਣ ਐਡੀਆਂ ਐਡੀਆਂ ਛੱਲੀਆਂ ਲੱਗੀਆਂ ਹੋਈਆਂ 'ਸਾਡੇ ਖੇਤਾਂ' ਵਿਚ !

ਬਦਕਿਸਮਤੀ ਨੂੰ ਭਾਰੀ ਮੀਂਹ ਕਾਰਨ ਸਤਲੁਜ 'ਚ ਹੜ੍ਹ ਆ ਗਿਆ ਤੇ ਹੋਰ ਲੋਕਾਂ ਦੀਆਂ ਫਸਲਾਂ ਦੇ ਨਾਲ ਨਾਲ ਇਨ੍ਹਾਂ ਵਿਚਾਰਿਆਂ ਦੀ ਮੱਕੀ ਵੀ ਹੜ੍ਹ ਦੀ ਭੇਂਟ ਚੜ੍ਹ ਗਈ! ਉਨ੍ਹਾਂ ਦਾ ਬਜ਼ੁਰਗ ਰੋਣਹਾਕਾ ਜਾਂ ਮਰਨਊ ਜਿਹਾ ਨਹੀਂ ਹੋਇਆ ਸਗੋਂ ਪਿੰਡ ਵਿਚ ਕਹਿੰਦਾ ਫਿਰੇ-

"ਚਲੋ ਕੋਈ ਨਾ ਜੀ, ਖੁਆਜੇ ਨੂੰ ਦਲੀਆ ਹੀ ਚੜ੍ਹਾ'ਤਾ ਸਹੀ ਦਾ! ਮੱਕੀ ਦਾ ਦਲੀਆ ਵੀ ਖਾ ਹੀ ਲੈਂਦਾ ਹੋਣਾ ਖੁਆਜਾ ਬਲੀ?

# 'ਯੂਨਾਈਟਿਡ ਸਿੱਖਜ਼' ਪੰਜਾਬ 'ਚ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਦੀ ਮਦਦ ਕਰਨ 'ਚ ਮੋਹਰੀ




ਚੰਡੀਗੜ੍ਹ : ਯੂਨਾਈਟਿਡ ਸਿੱਖਸ ਸੰਗਠਨ ਪੰਜਾਬ ਦੇ ਹੜ੍ਹ ਪ੍ਰਭਾਵਿਤ ਖੇਤਰਾਂ 'ਚ ਰਾਹਤ ਤੇ ਬਚਾਅ ਕਾਰਜਾਂ ਦੀ ਲਗਾਤਾਰ ਅਗਵਾਈ ਕਰ ਰਿਹਾ ਹੈ। ਸੰਗਠਨ ਦੀਆਂ ਟੀਮਾਂ ਹੜ੍ਹ ਪ੍ਰਭਾਵਿਤ ਖੇਤਰਾਂ 'ਚ ਮੋਬਾਈਲ ਮੈਡੀਕਲ ਯੂਨਿਟਾਂ ਰਾਹੀਂ ਸਿਹਤ ਸੰਭਾਲ ਸੇਵਾਵਾਂ, ਸਫਾਈ ਕਿੱਟਾਂ, ਭੋਜਨ ਤੇ ਸਾਫ਼ ਪੀਣ ਵਾਲਾ ਪਾਣੀ ਪ੍ਰਦਾਨ ਕਰ ਰਹੀਆਂ ਹਨ। ਲੁਧਿਆਣਾ ਸਥਿਤ 'ਕੌਮੀ ਵਿਰਸਾ ਸੰਭਾਲ' ਸੰਸਥਾ ਨੇ ਰਾਹਤ ਕਾਰਜਾਂ ਦੇ ਸਮਰਥਨ 'ਚ ਆਟਾ, ਦਾਲਾਂ, ਚਾਹ ਪੱਤੀ, ਰਿਫਾਇੰਡ ਤੇਲ, ਸਾਬਣ ਤੇ ਬੋਤਲਬੰਦ ਪਾਣੀ ਵਰਗੀਆਂ ਜ਼ਰੂਰੀ ਵਸਤੂਆਂ ਦਾ ਵੱਡਾ ਭੰਡਾਰ ਭੇਜਿਆ ਹੈ। ਇਸ ਮੌਕੇ ਯੂਨਾਈਟਿਡ ਸਿੱਖਸ ਦੇ ਰਣਜੀਤ ਸਿੰਘ ਖਾਲਸਾ ਨੇ ਕਿਹਾ ਕਿ ਅਸੀਂ ਬਹੁਤ ਸਾਰੀਆਂ ਆਫ਼ਤਾਂ ਦਾ ਸਾਹਮਣਾ ਕੀਤਾ ਹੈ, ਹੜ੍ਹਾਂ ਦੀਆਂ ਲਹਿਰਾਂ ਨੇ ਸਾਨੂੰ ਵਾਰ-ਵਾਰ ਤਬਾਹ ਕਰ ਦਿੱਤਾ ਹੈ, ਪਰ ਪੰਜਾਬੀ ਕਦੇ ਵੀ ਆਪਣਾ ਵਿਸ਼ਵਾਸ ਨਹੀਂ ਹਾਰਦੇ। ਇਸ ਦੌਰਾਨ, ਆਸਟ੍ਰੇਲੀਆ ਦੇ ਪਰਥ 'ਚ ਯੂਨਾਈਟਿਡ ਸਿੱਖਸ ਨੇ ਕੈਨਿੰਗਵੇਲ ਦੇ ਸਿੱਖ ਗੁਰਦੁਆਰੇ 'ਚ ਪੰਜਾਬ ਹੜ੍ਹ ਰਾਹਤ ਸਟਾਲ ਲਗਾਇਆ ਗਿਆ। ਇਸ ਨੇ ਸਥਾਨਕ ਸੰਗਤ ਨੂੰ ਇਕੱਠਾ ਕੀਤਾ, ਜਿੱਥੇ ਲੋਕਾਂ ਨੇ ਰਾਹਤ ਕਾਰਜਾਂ ਲਈ ਸਹਿਯੋਗ ਕਰਨ ਦਾ ਵਾਅਦਾ ਕੀਤਾ ਅਤੇ ਪੰਜਾਬ ਦੀਆਂ ਰਾਹਤ ਟੀਮਾਂ ਨਾਲ ਸਿੱਧਾ ਸੰਪਰਕ ਸਥਾਪਤ ਕੀਤਾ।

# ਕੈਨੇਡਾ 'ਚ ਵਿਦੇਸ਼ੀਆਂ ਵਿਰੁੱਧ ਤਣਾਅ ਵਧਣਾ ਜਾਰੀ

## ਟੋਰਾਂਟੋ 'ਚ ਰੋਸ ਪ੍ਰਦਰਸ਼ਨ ਦੌਰਾਨ 10 ਗ੍ਰਿਫ਼ਤਾਰ




ਟੋਰਾਂਟੋ : ਕੈਨੇਡਾ 'ਚ ਬੀਤੇ ਕੁਝ ਸਾਲਾਂ ਤੋਂ ਆਏ ਆਰਥਿਕ, ਸਮਾਜਿਕ ਅਤੇ ਰਾਜਨੀਤਕ ਨਿਘਾਰਾਂ ਤੋਂ ਦੇਸ਼ 'ਚ ਜਨਮੇ ਤੇ ਵੱਡੇ ਹੋਏ ਲੋਕਾਂ ਵਲੋਂ ਪਰਵਾਸੀਆਂ ਨੂੰ ਕੱਢਣਾ ਸ਼ੁਰੂ ਕੀਤਾ ਗਿਆ ਹੈ ਤੇ ਅਜਿਹੇ ਮਾਹੌਲ 'ਚ ਕੁਝ ਹੱਦ ਤੱਕ ਨਸਲੀ ਵਿਤਕਰੇ ਵੀ ਸ਼ਾਮਿਲ ਹਨ। ਦੇਸ਼ ਦੇ ਸਭ ਤੋਂ ਵੱਡੇ ਸ਼ਹਿਰ ਟੋਰਾਂਟੋ ਵਿਖੇ ਬੀਤੇ ਦਿਨ ਕੁਝ ਦਰਜਣਾਂ ਲੋਕਾਂ ਨੇ ਇਕੱਤਰ ਹੋ ਕੇ ਐਂਟੀ-ਇਮੀਗ੍ਰਾਂਟ ਮੁਜ਼ਹਾਰਾ (ਕੈਨੇਡਾ ਫਰਸਟ ਰੈਲੀ) ਕੀਤਾ ਤੇ ਸਰਕਾਰ ਵਲੋਂ ਵੱਡੀ ਗਿਣਤੀ 'ਚ ਕੀਤੀ ਜਾ ਰਹੀ ਇਮੀਗ੍ਰੇਸ਼ਨ ਰੋਕਣ ਦੇ ਨਾਅਰੇ ਲਗਾਏ ਤੇ ਇਮੀਗ੍ਰਾਂਟਾਂ ਨੂੰ ਵਾਪਿਸ ਭੇਜਣ ਤੱਕ ਦੀ ਮੰਗ ਕੀਤੀ ਗਈ ਪਰ, ਦਿਲਚਸਪ ਗੱਲ ਇਹ ਰਹੀ ਕਿ ਕੈਨੇਡਾ ਫਰਸਟ ਰੈਲੀ ਦੇ ਸਮਾਨਅੰਤਰ ਹੋਏ ਪ੍ਰੋ-ਇਮੀਗ੍ਰਾਂਟ ਮੁਜ਼ਹਾਰੇ 'ਚ ਵੱਧ ਲੋਕ ਸ਼ਾਮਿਲ ਸਨ ਜਿਨ੍ਹਾਂ ਨੇ ਆਪਣੇ ਹੱਥਾਂ 'ਚ ਕੈਨੇਡਾ ਦੇ ਝੰਡੇ ਬੁਲੰਦ ਕੀਤੇ ਹੋਏ ਸਨ ਦੇਸ਼ 'ਚ ਲੋਕਾਂ ਨੂੰ ਆ ਰਹੀਆਂ ਦੁਸ਼ਵਾਰੀਆਂ ਲਈ ਵਿਦੇਸ਼ਾਂ ਤੋਂ ਆਏ ਸਖਤ ਮਿਹਨਤੀ ਲੋਕਾਂ ਨੂੰ ਕਸੂਰਵਾਰ ਗਰਦਾਨਣ ਦਾ ਵਿਰੋਧ ਕੀਤਾ। ਰੈਲੀ ਮੌਕੇ 'ਤੇ ਭੜਕੇ ਹੋਏ ਕੁਝ ਅਨਸਰ ਹਿੰਸਕ ਹੋ ਗਏ ਤਾਂ ਝੜਪਾਂ ਦੌਰਾਨ ਪੁਲਿਸ ਨੇ ਅਮਨ ਕਾਨੂੰਨ ਕਾਇਮ ਰੱਖਣ ਲਈ ਕੈਨੇਡਾ ਫਰਸਟ ਰੈਲੀ ਤੋਂ 10 ਵਿਅਕਤੀ ਗ੍ਰਿਫਤਾਰ ਕੀਤੇ। ਮੌਜੂਦਾ ਸਥਿਤੀ ਅਨੁਸਾਰ ਕੈਨੇਡਾ 'ਚ ਲੋਕਲ ਪੱਧਰ ਦੇ ਕੁਝ ਰਾਜਨੀਤਕ ਆਗੂਆਂ ਵਲੋਂ ਦੇਸ਼ (ਤਕਰੀਬਨ ਸਾਰੇ ਪੱਛਮੀ ਦੇਸ਼ਾਂ) 'ਚ ਵਿਦੇਸ਼ੀਆਂ ਵਿਰੁੱਧ ਬਣਾਏ ਜਾ ਰਹੇ ਨਫਰਤੀ ਮਾਹੌਲ ਦੀ ਆਲੋਚਨਾ ਕੀਤੀ ਜਾ ਰਹੀ ਹੈ ਪਰ ਕਿਸੇ ਵੱਡੀ ਪਾਰਟੀ ਦੇ ਆਗੂ ਵਲੋਂ ਖੁੱਲ੍ਹ ਕੇ ਸਾਹਮਣੇ ਆਉਣ ਤੋਂ ਅਜੇ ਤੱਕ ਗੁਰੇਜ਼ ਕੀਤਾ ਜਾ ਰਿਹਾ ਹੈ।

# ਵਿਧਾਇਕ ਤੇ ਸੰਸਦ ਮੈਂਬਰ ਦੋਵੇਂ ਜੇਲ੍ਹ 'ਚ ਬੰਦ

ਖਡੂਰ ਸਾਹਿਬ : ਲੋਕ ਸਭਾ ਹਲਕਾ ਖਡੂਰ ਸਾਹਿਬ ਦੇ ਸੰਸਦ ਮੈਂਬਰ ਤੇ ਵਿਧਾਨ ਸਭਾ ਹਲਕਾ ਖਡੂਰ ਸਾਹਿਬ ਦੇ ਵਿਧਾਇਕ ਜੇਲ੍ਹ ਵਿਚ ਬੰਦ ਹੋਣ ਕਰਕੇ ਜਨਤਾ ਦੀਆਂ ਉਮੀਦਾਂ ਢਹਿ ਢੇਰੀ ਹੋ ਗਈਆਂ ਹਨ। ਡਿਬਰੂਗੜ੍ਹ ਜੇਲ੍ਹ ਵਿਚ ਬੰਦ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ 4 ਜੂਨ 2024 ਤੋਂ ਖਡੂਰ ਸਾਹਿਬ ਹਲਕੇ ਦੀ ਨੁਮਾਇੰਦਗੀ ਕਰਨ ਵਾਲੇ ਲੋਕ ਸਭਾ ਵਿਚ ਭਾਰਤੀ ਸੰਸਦ ਮੈਂਬਰ ਹਨ, ਜਿਨ੍ਹਾਂ ਨੇ ਕੁਲਬੀਰ ਸਿੰਘ ਜ਼ੀਰਾ ਨੂੰ 197,120 ਵੋਟਾਂ ਦੇ ਫਰਕ ਨਾਲ ਹਰਾ ਕੇ ਖਡੂਰ ਸਾਹਿਬ ਦੀ ਸੀਟ ਜਿੱਤੀ ਸੀ। ਅੰਮ੍ਰਿਤਪਾਲ ਸਿੰਘ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਦੇ ਹੀ ਡਿਬਰੂਗੜ੍ਹ ਜੇਲ੍ਹ ਵਿਚ ਰਾਸ਼ਟਰੀ ਸੁਰੱਖਿਆ ਐਕਟ (ਭਾਰਤ) ਦੇ ਤਹਿਤ ਬੰਦ ਹਨ। ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਨਾਲ ਲੋਕਾਂ ਨੇ ਹਮਦਰਦੀ ਪ੍ਰਗਟ ਕਰਦੇ ਹੋਏ ਸਿਆਸੀ ਪਾਰਟੀਆਂ ਨੂੰ ਨਕਾਰ ਕੇ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਅਜ਼ਾਦ ਸੰਸਦ ਮੈਂਬਰ ਬਣਾਇਆ ਸੀ ਕਿ ਸ਼ਾਇਦ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਲੋਕ ਸਭਾ ਮੈਂਬਰ ਬਣਨ ਤੋਂ ਬਾਅਦ ਜੇਲ੍ਹ ਵਿਚੋਂ ਬਾਹਰ ਆ ਜਾਣਗੇ, ਪਰ ਵਾਰ ਵਾਰ ਉਨ੍ਹਾਂ ਉਪਰ ਲਗਾਈ ਐੱਨ.ਐੱਸ.ਏ. ਵਿਚ ਵਾਧਾ ਕਰਨ ਕਰਕੇ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਹਾਲ ਦੀ ਘੜ੍ਹੀ ਜੇਲ ਵਿਚ ਕੈਦ ਹਨ ਅਤੇ ਹਲਕੇ ਦੇ ਕੰਮ ਕਾਜ ਠੱਪ ਪਏ ਹੋਏ ਹਨ। ਇਸ ਤੋਂ ਬਾਅਦ ਹੁਣ ਵਿਧਾਨ ਸਭਾ ਹਲਕਾ ਖਡੂਰ ਸਾਹਿਬ ਦੀ ਮਾਰਚ 2022 ਤੋਂ ਨੁਮਾਇੰਦਗੀ ਕਰ ਰਹੇ ਆਮ ਆਦਮੀ ਪਾਰਟੀ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਆਪਣੇ ਵਿਰੋਧੀ ਰਮਨਜੀਤ ਸਿੰਘ ਸਿੱਕੀ ਨੂੰ ਹਰਾ ਕੇ 2022 ਵਿਚ ਵਿਧਾਇਕ ਬਣੇ ਹਨ, ਪਰ ਇਕ 12 ਸਾਲ ਪੁਰਾਣੇ ਕੇਸ ਵਿਚ ਅਦਾਲਤ ਵਲੋਂ ਮਨਜਿੰਦਰ ਸਿੰਘ ਲਾਲਪੁਰਾ ਨੂੰ ਚਾਰ ਸਾਲ ਦੀ ਸਜ਼ਾ ਦੇਣ ਉਪਰੰਤ ਜੇਲ੍ਹ ਵਿਚ ਕੈਦ ਕਰ ਦਿੱਤਾ ਗਿਆ ਹੈ, ਜਿਸ ਕਾਰਨ ਹਲਕਾ ਖਡੂਰ ਸਾਹਿਬ ਵਿਧਾਇਕ ਅਤੇ ਸੰਸਦ ਮੈਂਬਰ ਦੋਵਾਂ ਤੋਂ ਸੱਖਣਾ ਹੋਣ ਕਰਕੇ ਲਾਵਾਰਿਸ ਹੋ ਗਿਆ ਹੈ ਤੇ ਹਲਕੇ ਦੇ ਵਿਕਾਸ ਠੰਢੇ ਬਸਤੇ ਵਿਚ ਪੈਣ ਦੇ ਪੂਰੇ-ਪੂਰੇ ਅਸਾਰ ਬਣ ਗਏ ਹਨ।



ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਤੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ

ਜਿਕਰਯੋਗ ਹੈ ਕਿ ਵਿਧਾਨ ਸਭਾ ਹਲਕਾ ਖਡੂਰ ਸਾਹਿਬ ਵਿਚ ਕੁਝ ਸਿਆਸੀ ਆਗੂ ਬਿੱਲੀ ਦੇ ਚੂਹਾ ਫੜਨ ਵਾਂਗ ਸੇਧ ਲਗਾ ਕੇ ਬੈਠ ਗਏ ਹਨ ਕਿ ਕਦੋਂ ਮਨਜਿੰਦਰ ਸਿੰਘ ਲਾਲਪੁਰਾ ਨੂੰ ਵਿਧਾਇਕੀ ਦੇ ਅਹੁਦੇ ਤੋਂ ਅਜ਼ਾਦ ਕੀਤਾ ਜਾਂਦਾ ਹੈ ਤੇ ਅਸੀਂ ਵਿਧਾਇਕ ਦੀ ਕੁਰਸੀ ਉੱਪਰ ਕਾਬਜ਼ ਹੋਈਏ। ਜਦੋਂਕਿ ਆਉਣ ਵਾਲੇ ਕੁਝ ਦਿਨਾਂ ਵਿਚ ਸਿਥਤੀ ਸਾਫ ਹੋਣ ਦੀ ਸੰਭਾਵਨਾ ਨਜ਼ਰ ਆ ਰਹੀ ਹੈ। ਬਾਕੀ ਹੁਣ ਆਉਣ ਵਾਲਾ ਸਮਾਂ ਹੀ ਤੈਅ ਕਰੇਗਾ ਕਿ ਪਹਿਲਾਂ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਜੇਲ੍ਹ ਤੋਂ ਬਾਹਰ ਆਉਂਦੇ ਹਨ ਜਾਂ ਮਨਜਿੰਦਰ ਸਿੰਘ ਲਾਲਪੁਰਾ।

# ਪੰਜਾਬ 'ਚ ਦੋ ਲੱਖ ਏਕੜ ਰਕਬੇ 'ਤੇ ਚੜ੍ਹੀ ਰੇਤ

## ਪੰਜਾਬ ਸਰਕਾਰ ਨੇ ਕੇਂਦਰ ਤੋਂ 151 ਕਰੋੜ ਦੇ ਫ਼ੰਡ ਮੰਗੇ; ਖੇਤੀ ਮੰਤਰੀ ਖੁੱਡੀਆਂ ਨੇ ਕੇਂਦਰ ਕੋਲ ਪ੍ਰਾਜੈਕਟ ਰੱਖਿਆ



ਚੰਡੀਗੜ੍ਹ : ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ 'ਚ ਕਰੀਬ 2.15 ਲੱਖ ਏਕੜ ਰਕਬੇ 'ਚ ਰੇਤ ਚੜ੍ਹ ਗਈ ਹੈ ਜਿਸ ਨੂੰ ਹਟਾਉਣ ਲਈ 151.19 ਕਰੋੜ ਰੁਪਏ ਦਾ ਪ੍ਰਾਜੈਕਟ ਤਿਆਰ ਕੀਤਾ ਗਿਆ ਹੈ। ਪੰਜਾਬ ਸਰਕਾਰ ਨੇ ਖੇਤਾਂ 'ਚੋਂ ਰੇਤ ਹਟਾਉਣ ਲਈ ਕੌਮੀ ਕ੍ਰਿਸ਼ੀ ਵਿਕਾਸ ਯੋਜਨਾ ਤਹਿਤ ਕੇਂਦਰ ਸਰਕਾਰ ਤੋਂ 151.19 ਕਰੋੜ ਰੁਪਏ ਦੇ ਫ਼ੰਡਾਂ ਦੀ ਮੰਗ ਕੀਤੀ ਹੈ। ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੂੰ ਇਸ ਬਾਰੇ ਵਿਸਥਾਰਤ ਪ੍ਰਾਜੈਕਟ ਰਿਪੋਰਟ ਸੌਂਪੀ ਹੈ। ਪੰਜਾਬ ਸਰਕਾਰ ਨੇ ਗੁਰਦਾਸਪੁਰ, ਅੰਮ੍ਰਿਤਸਰ, ਫ਼ਿਰੋਜ਼ਪੁਰ, ਫ਼ਾਜ਼ਿਲਕਾ, ਤਰਨ ਤਾਰਨ ਅਤੇ ਪਠਾਨਕੋਟ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਖੇਤਾਂ 'ਚ ਇੱਕ ਤੋਂ ਤਿੰਨ ਫੁੱਟ ਰੇਤ ਜਮ ?ਹਾਂ ਹੋਣ ਦੀ ਗੱਲ ਕਹੀ ਹੈ।

ਖੇਤੀ ਵਿਭਾਗ ਪੰਜਾਬ ਅਨੁਸਾਰ ਪ੍ਰਤੀ ਏਕੜ 'ਚੋਂ ਰੇਤ ਹਟਾਉਣ 'ਤੇ ਔਸਤਨ ਸੱਤ ਹਜ਼ਾਰ ਰੁਪਏ ਦਾ ਖਰਚਾ ਆਵੇਗਾ ਅਤੇ ਹੜ੍ਹਾਂ ਦੇ ਭੰਨੇ ਕਿਸਾਨਾਂ ਲਈ ਇਹ ਲਾਗਤ ਖਰਚਾ ਚੁੱਕਣਾ ਔਖਾ ਹੈ। ਸੂਬਾ ਸਰਕਾਰ ਹਾੜ੍ਹੀ ਦੀ ਫ਼ਸਲ ਦੀ ਬਿਜਾਈ ਲਈ ਖੇਤਾਂ ਨੂੰ ਤਿਆਰ ਕਰਨ ਵਾਸਤੇ ਜੁਟੀ ਹੈ। ਰਿਪੋਰਟ ਅਨੁਸਾਰ ਅੰਮ੍ਰਿਤਸਰ ਜ਼ਿਲ੍ਹੇ 'ਚ 51,067 ਏਕੜ, ਤਰਨ ਤਾਰਨ 'ਚ 23,150 ਏਕੜ, ਗੁਰਦਾਸਪੁਰ ਜ਼ਿਲ੍ਹੇ 'ਚ 73,424 ਏਕੜ, ਪਠਾਨਕੋਟ 'ਚ 5939 ਏਕੜ, ਫ਼ਾਜ਼ਿਲਕਾ 'ਚ 31,019 ਏਕੜ ਅਤੇ ਫ਼ ?ਰੋਜ਼ਪੁਰ 'ਚ 31,372 ਏਕੜ ਰਕਬੇ ਵਿੱਚ ਰੇਤ ਚੜ੍ਹ ਚੁੱਕੀ ਹੈ। ਖੇਤਾਂ ਨੂੰ ਮੁੜ ਬਿਜਾਈ ਦੇ ਯੋਗ ਬਣਾਉਣ ਲਈ ਕੇਂਦਰੀ ਮਦਦ ਦਾ ਤਰਕ ਦਿੱਤਾ ਗਿਆ ਹੈ।

ਖੇਤੀ ਮੰਤਰੀ ਖੁੱਡੀਆਂ ਨੇ ਕੇਂਦਰੀ ਖੇਤੀ ਮੰਤਰੀ ਸ਼ਿਵਰਾਜ ਚੌਹਾਨ ਤੋਂ ਮੰਗ ਕੀਤੀ ਹੈ ਕਿ ਪੰਜਾਬ 'ਚ ਹੜ੍ਹਾਂ ਦੀ ਮਾਰ ਦੇ ਮੱਦੇਨਜ਼ਰ ਕੌਮੀ ਕ੍ਰਿਸ਼ੀ ਵਿਕਾਸ ਯੋਜਨਾ ਤਹਿਤ ਵਾਧੂ ਫ਼ੰਡ ਮੁਹੱਈਆ ਕਰਾਏ ਜਾਣ ਜਿਸ ਨਾਲ ਜਿੱਥੇ ਕਿਸਾਨਾਂ ਦੀ ਮਦਦ ਹੋਵੇਗੀ, ਉੱਥੇ ਪੰਜਾਬ ਦੇ ਖੇਤੀ ਅਰਥਚਾਰੇ ਨੂੰ ਠੁੰਮ੍ਹਣਾ ਮਿਲੇਗਾ। ਪੰਜਾਬ ਸਰਕਾਰ ਨੇ ਦਲੀਲ ਦਿੱਤੀ ਹੈ ਕਿ ਫ਼ਸਲਾਂ ਦੀ ਬਿਜਾਂਦ ਹੋਣ ਨਾਲ ਕੌਮਾਂਤਰੀ ਸਰਹੱਦ 'ਤੇ ਨਜ਼ਰਸਾਨੀ ਵੀ ਰਹਿੰਦੀ ਹੈ ਕਿਉਂਕਿ ਕਿਸਾਨ ਦੇਸ਼ ਦੀ ਰੱਖਿਆ ਲਈ ਸੈਕਿੰਡ ਲਾਈਨ ਦੀ ਕੜੀ ਵਜੋਂ ਕੰਮ ਕਰਦੇ ਹਨ। ਸਰਹੱਦੀ ਜ਼ਿਲ੍ਹਿਆਂ ਦੇ ਬਹੁਤੇ ਖੇਤਾਂ 'ਚ ਪੰਜ ਫੁੱਟ ਤੱਕ ਰੇਤ ਚੜ੍ਹ ਗਈ ਹੈ।

ਇਸੇ ਤਰ੍ਹਾਂ ਪੰਜਾਬ 'ਚ ਹੜ੍ਹ ਪ੍ਰਭਾਵਿਤ ਖੇਤਾਂ ਵਾਸਤੇ 637 ਕੁਇੰਟਲ ਮਸਟਰਡ ਸੀਡ ਦੀ ਮੰਗ ਰੱਖੀ ਗਈ ਹੈ। ਕੇਂਦਰ ਨੂੰ ਲਿਖੇ ਪੱਤਰ 'ਚ ਪੰਜਾਬ ਸਰਕਾਰ ਨੇ ਕਿਹਾ ਹੈ ਕਿ ਨੈਸ਼ਨਲ ਫੂਡ ਸਕਿਉਰਿਟੀ ਨਿਊਟ ?ਰੀਸ਼ਨ ਮਿਸ਼ਨ ਸਕੀਮ ਤਹਿਤ ਪੰਜਾਬ ਨੂੰ ਬੀਜ ਵਾਸਤੇ ਸਾਲ 2019 ਤੋਂ ਕੋਈ ਫ਼ੰਡ ਨਹੀਂ ਦਿੱਤਾ ਗਿਆ ਹੈ। ਇਸ ਮਿਸ਼ਨ ਤਹਿਤ ਪੰਜਾਬ ਨੇ 642 ਕੁਇੰਟਲ ਕਣਕ ਦਾ ਅਤੇ 375 ਕੁਇੰਟਲ ਛੋਲਿਆਂ ਦੇ ਬੀਜ ਦੀਆਂ ਕਿੱਟਾਂ ਦਿੱਤੇ ਜਾਣ ਦੀ ਮੰਗ ਰੱਖੀ ਹੈ। ਇਸ ਲਈ 25 ਕਰੋੜ ਰੁਪਏ ਵੱਖਰੇ ਮੰਗੇ ਗਏ ਹਨ।

# ਰਮਦਾਸ ਦੇ ਗੁਰਦੁਆਰੇ ਵਿਚ ਰਾਹੁਲ ਗਾਂਧੀ ਨੂੰ ਸਿਰੋਪਾ ਦੇਣ ਦੇ ਮਾਮਲੇ ’ਤੇ ਵਿਵਾਦ

## ਸ਼੍ਰੋਮਣੀ ਕਮੇਟੀ ਵਲੋਂ ਕੀਤੀ ਜਾ ਰਹੀ ਹੈ ਪੜਤਾਲ, ਦੋਸ਼ੀ ਪਾਏ ਜਾਣ ’ਤੇ ਸਖਤ ਕਾਰਵਾਈ ਹੋਵੇਗੀ: ਐਡਵੋਕੇਟ ਧਾਮੀ





ਅੰਮ੍ਰਿਤਸਰ : ਕਾਂਗਰਸੀ ਆਗੂ ਰਾਹੁਲ ਗਾਂਧੀ ਨੂੰ ਹੜ੍ਹ ਪ੍ਰਭਾਵਿਤ ਖੇਤਰ ਦੇ ਦੌਰੇ ਸਮੇਂ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਰਮਦਾਸ ਵਿਖੇ ਸਿਰੋਪਾ ਦੇਣ ਦਾ ਮਾਮਲਾ ਚਰਚਾ ਵਿਚ ਆਇਆ ਹੈ ਜਿਸ ਦਾ ਸਖਤ ਨੋਟਿਸ ਲੈਂਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਮਾਮਲੇ ਦੀ ਜਾਂਚ ਦੇ ਆਦੇਸ਼ ਦਿੰਦਿਆਂ ਦੋਸ਼ੀਆਂ ਵਿਰੁੱਧ ਸਖਤ ਕਾਰਵਾਈ ਕਰਨ ਲਈ ਕਿਹਾ ਹੈ। ਰਾਹੁਲ ਗਾਂਧੀ ਨੂੰ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਰਮਦਾਸ ਵਿਖੇ ਸਿਰੋਪਾ ਦੇਣ ਦੇ ਮਾਮਲੇ ਵਿਚ ਪ੍ਰਧਾਨ ਸ੍ਰੀ ਧਾਮੀ ਨੇ ਕਿਹਾ ਕਿ ਬੀਤੇ ਵਿਚ ਅੰਤ੍ਰਿੰਗ ਕਮੇਟੀ ਵੱਲੋਂ ਕੀਤੇ ਫੈਸਲੇ ਮੁਤਾਬਕ ਗੁਰਦੁਆਰੇ ਦੇ ਦਰਬਾਰ ਸਾਹਿਬ ਅੰਦਰ ਸਿਆਸੀ ਸ਼ਖ਼ਸੀਅਤਾਂ ਨੂੰ ਸਿਰੋਪਾ ਦੇਣ ਉੱਤੇ ਪਾਬੰਦੀ ਹੈ। ਗੁਰੂ ਦਰਬਾਰ ਵਿਚ ਕੇਵਲ ਧਾਰਮਿਕ ਸ਼ਖ਼ਸੀਅਤਾਂ, ਰਾਗੀ ਸਿੰਘਾਂ ਤੇ ਸਿੱਖ ਮਹਾਂਪੁਰਖਾਂ ਨੂੰ ਇਹ ਸਨਮਾਨ ਦੇਣ ਤੱਕ ਹੀ ਸੀਮਤ ਕੀਤਾ ਹੋਇਆ ਹੈ। ਗੁਰਦੁਆਰਾ ਬਾਬਾ ਬੁੱਢਾ ਸਾਹਿਬ ਰਮਦਾਸ ਦੀ ਘਟਨਾ ਸਬੰਧੀ ਪੜਤਾਲ ਕਰਵਾਈ ਜਾ ਰਹੀ ਹੈ। ਭਲਕੇ ਤੱਕ ਇਸ ਦੀ ਮੁਕੰਮਲ ਰਿਪੋਰਟ ਲਈ ਜਾਵੇਗੀ। ਜੇਕਰ ਕੋਈ ਦੋਸ਼ੀ ਪਾਇਆ ਗਿਆ ਤਾਂ ਕਾਰਵਾਈ ਜ਼ਰੂਰ ਹੋਵੇਗੀ।

ਉਨ੍ਹਾਂ ਕਿਹਾ ਕਿ ਸਿੱਖਾਂ ਦੀ ਨਸਲਕੁਸ਼ੀ ਦੀ ਦੋਸ਼ੀ ਕਾਂਗਰਸ ਦੇ ਆਗੂ ਅਤੇ ਗਾਂਧੀ ਪਰਿਵਾਰ ਦੇ ਮੈਂਬਰ ਰਾਹੁਲ ਗਾਂਧੀ ਨੂੰ ਗੁਰਦੁਆਰੇ ਤੋਂ ਸਿਰੋਪਾ ਦੇਣਾ ਤਾਂ ਕਿਸੇ ਵੀ ਤਰ੍ਹਾਂ ਪ੍ਰਵਾਨ ਨਹੀਂ ਕੀਤਾ ਜਾ ਸਕਦਾ।

**ਐਸਜੀਪੀਸੀ ਨੇ ਸਿੱਖਾਂ ਦੇ ਜ਼ਖਮਾਂ ’ਤੇ ਨਮਕ ਛਿੜਕਿਆ** : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਬਰਾਂ ਜਥੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਭਾਈ ਮਨਜੀਤ ਸਿੰਘ, ਮਾਸਟਰ ਮਿੱਠੂ ਸਿੰਘ ਕਾਹਨੇਕੇ, ਮਲਕੀਤ ਸਿੰਘ ਚੰਗਾਲ ਨੇ ਕਿਹਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਪ੍ਰਬੰਧ ਹੇਠ ਆਉਂਦੇ ਗੁਰਦੁਆਰਾ ਸ੍ਰੀ ਸਮਾਧ ਬਾਬਾ ਬੁੱਢਾ ਜੀ ਸਾਹਿਬ ਰਮਦਾਸ ਵਿਖੇ ਰਾਹੁਲ ਗਾਂਧੀ ਨੂੰ ਸਿਰਪਾਓ ਦੇ ਕੇ ਸਿੱਖਾਂ ਦੇ ਅੱਲੇ ਜ਼ਖਮਾਂ ’ਤੇ ਨਮਕ ਛਿੜਕਿਆ ਹੈ।

ਉਨ੍ਹਾਂ ਦੋਸ਼ ਲਾਇਆ ਕਿ ਗਾਂਧੀ ਪਰਿਵਾਰ ਨੇ ਆਪਣੇ ਸੱਤਾ ਦੇ ਨਸ਼ੇ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਢਹਿ ਢੇਰੀ ਕੀਤਾ। ਦਿੱਲੀ ਵਿੱਚ ਸਿੱਖ ਨਸਲਕੁਸ਼ੀ ਦੇ ਜ਼ਿੰਮੇਵਾਰ ਗਾਂਧੀ ਪਰਿਵਾਰ ਦੇ ਫਰਜ਼ੰਦ ਰਾਹੁਲ ਗਾਂਧੀ ਨੂੰ ਸਿਰਪਾਓ ਦਿੱਤਾ ਗਿਆ ਤੇ ਉਹ ਵੀ ਐਸਜੀਪੀਸੀ ਦੇ ਪ੍ਰਬੰਧ ਹੇਠ ਆਉਂਦੇ ਗੁਰਦੁਆਰਾ ਸਾਹਿਬ ਵਿੱਚ, ਇਸ ਤੋਂ ਵੱਧ ਸਿੱਖ ਕੌਮ ਲਈ ਸ਼ਰਮਨਾਕ ਗੱਲ ਕੋਈ ਹੋਰ ਹੋ ਹੀ ਨਹੀਂ ਸਕਦੀ। ਲੋਕਾਂ ਵਿਚ ਚਰਚਾ ਸੀ ਕਿ ਸਰਨਾ ਭਰਾਵਾਂ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਨੂੰ ਨੇੜੇ ਲਿਆਉਣ ਦਾ ਬੀੜਾ ਚੁੱਕਿਆ ਹੈ। ਉਸੇ ਕੜੀ ਤਹਿਤ ਗਾਂਧੀ ਪਰਿਵਾਰ ਨੂੰ ਮੁਆਫ਼ੀ ਦਿਵਾਉਣ ਦੀ ਸਾਜ਼ਿਸ਼ ਸ਼ਾਮਲ ਹੈ ਅਤੇ ਉਸੇ ਕੜੀ ਤਹਿਤ ਸਿੱਖ ਸੰਗਤਾਂ ਦਾ ਗੁੱਸਾ ਜਾਂਚਣ ਲਈ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਗੁਰਦੁਆਰੇ ਵਿੱਚ ਰਾਹੁਲ ਗਾਂਧੀ ਨੂੰ ਸਿਰੋਪਾ ਦਿੱਤਾ ਗਿਆ ਹੈ।

ਐਸਜੀਪੀਸੀ ਮੈਬਰਾਂ ਨੇ ਕਿਹਾ ਕਿ ਸਪਸ਼ਟ ਕੀਤਾ ਜਾਵੇ ਕਿ ਇਹ ਸਿਰੋਪਾਉ ਕਿਸ ਦੇ ਹੁਕਮਾਂ ਤੇ ਦਿੱਤਾ ਗਿਆ।

# ਅੰਮ੍ਰਿਤਸਰ ਵਿਚ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਮਿਲੇ ਰਾਹੁਲ ਗਾਂਧੀ





ਚੰਡੀਗੜ੍ਹ : ਕਾਂਗਰਸ ਆਗੂ ਰਾਹੁਲ ਗਾਂਧੀ ਨੇ ਸੋਮਵਾਰ ਨੂੰ ਅੰਮ੍ਰਿਤਸਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਅਤੇ ਕੁਦਰਤ ਦੇ ਕਹਿਰ ਤੋਂ ਪ੍ਰਭਾਵਿਤ ਲੋਕਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਦੇ ਨਾਲ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਅੰਮ੍ਰਿਤਸਰ ਤੋਂ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਅਤੇ ਹੋਰ ਪਾਰਟੀ ਆਗੂ ਵੀ ਸਨ।

ਅੰਮ੍ਰਿਤਸਰ ਪਹੁੰਚਣ ਤੋਂ ਬਾਅਦ, ਉਹ ਅੰਮ੍ਰਿਤਸਰ ਦੇ ਅਜਨਾਲਾ ਦੇ ਘੋਨੇਵਾਲ ਪਿੰਡ ਗਏ ਅਤੇ ਹੜ੍ਹ ਪ੍ਰਭਾਵਿਤ ਲੋਕਾਂ ਤੋਂ ਨੁਕਸਾਨ ਬਾਰੇ ਜਾਣਿਆ। ਅਜਨਾਲਾ ਦੇ ਕਈ ਇਲਾਕਿਆਂ ਵਿੱਚ ਘੋਨੇਵਾਲ ਪਿੰਡ ਵੀ ਸ਼ਾਮਲ ਸੀ ਜੋ ਹੜ੍ਹ ਦੇ ਪਾਣੀ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਸੀ। ਗਾਂਧੀ ਕੁਝ ਹੜ੍ਹ ਪ੍ਰਭਾਵਿਤ ਲੋਕਾਂ ਵਿੱਚ ਬੈਠ ਗਏ ਅਤੇ ਉਨ੍ਹਾਂ ਨਾਲ ਗੱਲਬਾਤ ਕੀਤੀ। ਘੋਨੇਵਾਲ ਪਿੰਡ ਦੇ ਦੌਰਾ ਮਗਰੋਂ ਰਾਹੁਲ ਗਾਂਧੀ ਦਾ ਅੰਮ੍ਰਿਤਸਰ ਦੇ ਰਮਦਾਸ ਖੇਤਰ ਵਿੱਚ ਇਤਿਹਾਸਕ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਵਿਖੇ ਮੱਥਾ ਟੇਕਣ ਦਾ ਪ੍ਰੋਗਰਾਮ ਹੈ। ਸਾਬਕਾ ਕਾਂਗਰਸ ਪ੍ਰਧਾਨ ਗੁਰਦਾਸਪੁਰ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਵੀ ਦੌਰਾ ਕਰਨ ਵਾਲੇ ਹਨ।

ਕਾਂਗਰਸੀ ਆਗੂ ਰਾਹੁਲ ਗਾਂਧੀ ਇਥੇ ਅੰਮ੍ਰਿਤਸਰ ਹਵਾਈ ਅੱਡੇ ’ਤੇ ਪਹੁੰਚੇ। ਉਨ੍ਹਾਂ ਦਾ ਇੱਥੇ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ’ਤੇ ਪਾਰਟੀ ਆਗੂਆਂ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ, ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਤੇ ਹੋਰ ਕਾਂਗਰਸੀ ਆਗੂਆਂ ਨੇ ਸਵਾਗਤ ਕੀਤਾ। ਰਾਹੁਲ ਗਾਂਧੀ ਇਨ੍ਹਾਂ ਸਾਰੇ ਆਗੂਆਂ ਨੂੰ ਮਿਲੇ ਅਤੇ ਮੁੜ ਰਮਦਾਸ ਵਾਸਤੇ ਰਵਾਨਾ ਹੋ ਗਏ ਹਨ। ਰਾਹੁਲ ਗਾਂਧੀ ਰਮਦਾਸ ਤੋਂ ਬਾਅਦ ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਵਿਖੇ ਪ੍ਰਭਾਵਿਤ ਲੋਕਾਂ ਨੂੰ ਵੀ ਮਿਲਣਗੇ ।

ਪੰਜਾਬ ਨੂੰ ਐਤਕੀਂ ਦਹਾਕਿਆਂ ਵਿੱਚ ਆਪਣੀ ਸਭ ਤੋਂ ਭਿਆਨਕ ਹੜ੍ਹ ਆਫ਼ਤਾਂ ਵਿਚੋਂ ਇਕ ਦਾ ਸਾਹਮਣਾ ਕਰਨਾ ਪਿਆ ਹੈ। ਹੜ੍ਹਾਂ ਨੇ ਪੰਜਾਬ ਵਿੱਚ ਕਾਫ਼ੀ ਨੁਕਸਾਨ ਕੀਤਾ ਹੈ। ਅਧਿਕਾਰਤ ਰਿਪੋਰਟਾਂ ਅਨੁਸਾਰ, 1.98 ਲੱਖ ਹੈਕਟੇਅਰ ਤੋਂ ਵੱਧ ਫਸਲੀ ਜ਼ਮੀਨ ਪ੍ਰਭਾਵਿਤ ਹੋਈ ਹੈ। ਸਭ ਤੋਂ ਵੱਧ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ ਗੁਰਦਾਸਪੁਰ (40,169 ਹੈਕਟੇਅਰ), ਪਟਿਆਲਾ (17,690 ਹੈਕਟੇਅਰ), ਤਰਨ ਤਾਰਨ (12,828 ਹੈਕਟੇਅਰ), ਫਾਜ਼ਿਲਕਾ (25,182 ਹੈਕਟੇਅਰ), ਫਿਰੋਜ਼ਪੁਰ (17,257 ਹੈਕਟੇਅਰ) ਅਤੇ ਕਪੂਰਥਲਾ (17,574 ਹੈਕਟੇਅਰ) ਸ਼ਾਮਲ ਹਨ। ਹੜ੍ਹਾਂ ਕਰਕੇ ਮਰਨ ਵਾਲਿਆਂ ਦੀ ਗਿਣਤੀ 56 ਤੱਕ ਪਹੁੰਚ ਗਈ ਹੈ।

ਇਸ ਤੋਂ ਪਹਿਲਾਂ ਪੰਜਾਬ ਕਾਂਗਰਸ ਦੇ ਮੁਖੀ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਹੜ੍ਹਾਂ ਨੂੰ ‘ਮਨੁੱਖ ਵੱਲੋਂ ਸਹੇੜੀ ਆਫ਼ਤ’ ਕਿਹਾ ਸੀ ਅਤੇ ਰਾਜ ਤੇ ਕੇਂਦਰ ਸਰਕਾਰਾਂ ਦੋਵਾਂ ’ਤੇ ਲਾਪਰਵਾਹੀ ਦਾ ਦੋਸ਼ ਲਗਾਇਆ ਸੀ।

ਇਸੇ ਦੌਰਾਨ ਕੇਂਦਰ ਵਿੱਚ ਵਿਰੋਧੀ ਧਿਰ ਦੇ ਨੇਤਾ ਅਤੇ ਸੰਸਦ ਮੈਂਬਰ ਰਾਹੁਲ ਗਾਂਧੀ ਡੇਰਾ ਬਾਬਾ ਨਾਨਕ ਦੇ ਦੌਰੇ ਮਗਰੋਂ ਦੀਨਾਨਗਰ ਦੇ ਮਕੌੜਾ ਪੱਤਣ ਪਹੁੰਚੇ ਜਿੱਥੇ ਉਨ੍ਹਾਂ ਨੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤਾ। ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਨੇ ਰਾਹੁਲ ਗਾਂਧੀ ਨੂੰ ਮਕੌੜਾ ਪੱਤਣ ਰਾਵੀ ਨਦੀ ਦੇ ਪਾਰਲੇ 7 ਪਿੰਡਾਂ ਵਿੱਚ ਜਾਣ ਤੋਂ ਰੋਕ ਦਿੱਤਾ ਜਿਸ ਕਾਰਨ ਰਾਹੁਲ ਗਾਂਧੀ ਅਤੇ ਕਾਂਗਰਸੀ ਆਗੂਆਂ ਦੀ ਜ਼ਿਲ੍ਹਾ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਬਹਿਸ ਹੋਈ। ਰਾਹੁਲ ਗਾਂਧੀ ਨੇ ਕਿਹਾ ਕਿ ਉਹ ਰਾਵੀ ਨਦੀ ਦੇ ਪਾਰ ਵੱਸਦੇ ਪਿੰਡਾਂ ਦੇ ਲੋਕਾਂ ਨੂੰ ਮਿਲਣਾ ਚਾਹੁੰਦੇ ਹਨ। ਉਨ੍ਹਾਂ ਨੂੰ ਲੋਕਾਂ ਨੂੰ ਮਿਲਣ ਤੋਂ ਕਿਉਂ ਰੋਕਿਆ ਜਾ ਰਿਹਾ ਹੈ। ਐੱਸ ਪੀ (ਐੱਚ) ਜੁਗਰਾਜ ਸਿੰਘ ਅਤੇ ਐੱਸਡੀਓ ਜਸਪਿੰਦਰ ਸਿੰਘ ਰਾਹੁਲ ਗਾਂਧੀ ਨੂੰ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੱਤਾ ਜਿਸ ਤੋਂ ਬਾਅਦ ਐੱਸਐੱਸਪੀ ਅਦਿੱਤਿਆ ਦੀ ਵੀ ਰਾਹੁਲ ਗਾਂਧੀ ਨਾਲ ਗੱਲ ਹੋਈ। ਰਾਹੁਲ ਗਾਂਧੀ ਨੇ ਕਿਹਾ ਕਿ ਆਪਣੇ ਹੀ ਦੇਸ਼ ਦੇ ਵਿਰੋਧੀ ਧਿਰ ਦੇ ਨੇਤਾ ਨੂੰ ਆਪਣੇ ਹੀ ਦੇਸ਼ ਅੰਦਰ ਜਾਣ ਤੋਂ ਰੋਕੇ ਜਾਣਾ ਬੇਹੱਦ ਮੰਦਭਾਗਾ ਹੈ। ਉਨ੍ਹਾਂ ਪ੍ਰਸ਼ਾਸਨ ਨੂੰ ਕਿਹਾ ਕਿ ਇਸ ਸਬੰਧੀ ਲਿਖ ਕੇ ਦਿੱਤਾ ਜਾਵੇ ਪਰ ਪ੍ਰਸ਼ਾਸਨ ਵੱਲੋਂ ਇਨਕਾਰ ਕਰਨ ’ਤੇ ਉਨ੍ਹਾਂ ਕਿਹਾ ਕਿ ਜੇਕਰ ਦਰਿਆ ਪਾਰ ਨਹੀਂ ਜਾਣ ਦੇਣਾ ਚਾਹੁੰਦੇ ਤਾਂ ਉੱਥੋਂ ਦੇ ਲੋਕਾਂ ਨੂੰ ਇੱਧਰ ਬੁਲਾਓ ਜਿਸ ’ਤੇ ਦਰਿਆ ਪਾਰ ਦੇ ਪਿੰਡਾਂ ਦੇ ਲੋਕਾਂ ਨੂੰ ਮਕੌੜਾ ਲਿਆਂਦਾ ਗਿਆ ਅਤੇ ਰਾਹੁਲ ਗਾਂਧੀ ਨੇ ਉਨ੍ਹਾਂ ਨਾਲ ਗੱਲਬਾਤ ਕੀਤੀ।



ਰਾਹੁਲ ਗਾਂਧੀ ਨਾਲ ਪਹੁੰਚੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਇਹ ਬਹੁਤ ਦੁੱਖ ਦੀ ਗੱਲ ਹੈ ਕਿ ਰਾਹੁਲ ਗਾਂਧੀ ਲੋਕਾਂ ਨੂੰ ਮਿਲਣਾ ਚਾਹੁੰਦੇ ਸਨ ਪਰ ਪੰਜਾਬ ਸਰਕਾਰ ਨੇ ਜ਼ਿਲ੍ਹਾ ਪ੍ਰਸ਼ਾਸਨ ਦੀ ਮਦਦ ਨਾਲ ਰਾਹੁਲ ਗਾਂਧੀ ਨੂੰ ਰਾਵੀ ਨਦੀ ਦੇ ਪਾਰ ਜਾਣ ਤੋਂ ਰੋਕ ਦਿੱਤਾ । ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਰਾਵੀ ਦਰਿਆ ’ਤੇ ਹੜ੍ਹਾਂ ਤੋਂ ਪਹਿਲਾਂ ਕੋਈ ਪ੍ਰਬੰਧ ਨਹੀਂ ਕੀਤੇ ਗਏ ਸਨ ਜਿਸ ਕਾਰਨ ਇਹ ਹੜ੍ਹ ਆਇਆ ਹੈ ਅਤੇ ਲੋਕਾਂ ਨੂੰ ਹੋਏ ਨੁਕਸਾਨ ਲਈ ਪੰਜਾਬ ਸਰਕਾਰ ਜ਼ਿੰਮੇਵਾਰ ਹੈ ।

ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਅਤੇ ਕਾਂਗਰਸ ਦੇ ਸੂਬਾ ਪ੍ਰਧਾਨ ਰਾਜਾ ਵੜਿੰਗ ਨੇ ਕਿਹਾ ਕਿ ਰਾਹੁਲ ਗਾਂਧੀ ਲੋਕਾਂ ਨੂੰ ਮਿਲਣ ਆਏ ਸਨ, ਉਨ੍ਹਾਂ ਨੂੰ ਰਸਤੇ ਵਿੱਚ ਕਿਉਂ ਰੋਕਿਆ ਗਿਆ, ਕੇਂਦਰ ਅਤੇ ਪੰਜਾਬ ਸਰਕਾਰ ਨੂੰ ਇਸ ਦਾ ਜਵਾਬ ਦੇਣਾ ਚਾਹੀਦਾ ਹੈ । ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਦੋਵਾਂ ਦਰਿਆਵਾਂ ਦਾ ਪਾਣੀ ਇਕੱਠੇ ਛੱਡ ਕੇ ਪੰਜਾਬ ਨੂੰ ਡੁੱਬੋ ਦਿੱਤਾ ਹੈ, ਕੇਂਦਰ ਸਰਕਾਰ ਨੂੰ ਇਸ ਦੀ ਜਾਂਚ ਕਰਨੀ ਚਾਹੀਦੀ ਹੈ ।

# ਬਰਾਬਰੀ ਅਤੇ ਮਨੁੱਖਤਾ ਦੇ ਮੁੱਢਲੇ ਸਿਧਾਂਤਾਂ ਦੇ ਵਿਰੁੱਧ ਅਜਿਹੇ ਅੱਤਿਆਚਾਰ ਦੀ ਮੈਂ ਘੋਰ ਨਿੰਦਾ ਕਰਦਾ ਹਾਂ

## ਜਥੇਦਾਰ ਕੁਲਦੀਪ ਸਿੰਘ ਨੇ ਤੂਤੁਕੁੜੀ ਵਿੱਚ ਜਾਤ-ਅਧਾਰਤ ਕਿਲਿੰਗ ਦੇ ਪੀੜਤ ਪਰਿਵਾਰ ਨੂੰ ਹਰ ਸੰਭਵ ਸਹਾਇਤਾ ਦਾ ਦਿੱਤਾ ਭਰੋਸਾ





ਤੂਤੁਕੁੜੀ, (ਤਾਮਿਲਨਾਡੂ) : ਦੱਖਣੀ ਜ਼ਿਲ੍ਹੇ ਤੂਤੁਕੁੜੀ ਦੇ ਇੱਕ ਮਹੱਤਵਪੂਰਨ ਦੌਰੇ ਦੌਰਾਨ, ਅਕਾਲ ਤਖ਼ਤ ਦੇ ਜਥੇਦਾਰ ਕੁਲਦੀਪ ਸਿੰਘ ਨੇ ਜਾਤ-ਅਧਾਰਤ 'ਆਨਰ ਕਿਲਿੰਗ' ਦੇ ਇੱਕ ਤਾਜ਼ਾ ਪੀੜਤ ਦੇ ਪਰਿਵਾਰ ਨਾਲ ਮੁਲਾਕਾਤ ਕੀਤੀ। ਇੱਕ ਪ੍ਰੈਸ ਕਾਨਫਰੰਸ ਅਤੇ ਪਰਿਵਾਰ ਨਾਲ ਗੱਲਬਾਤ ਦੌਰਾਨ ਜਥੇਦਾਰ ਕੁਲਦੀਪ ਸਿੰਘ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਨਿਆਂ ਦੀ ਲੜਾਈ ਵਿੱਚ ਸਿੱਖ ਕੌਮ ਵੱਲੋਂ ਪੂਰਨ ਸਹਿਯੋਗ ਦਾ ਵਾਅਦਾ ਕੀਤਾ।

ਜਥੇਦਾਰ ਦਾ ਇਹ ਦੌਰਾ ਇੱਕ ਨੌਜਵਾਨ ਦੀ ਦੁਖਦਾਈ ਮੌਤ ਤੋਂ ਬਾਅਦ ਹੋਇਆ ਹੈ, ਜਿਸ ਨੇ ਖੇਤਰ ਵਿੱਚ ਜਾਤੀ ਹਿੰਸਾ ਦੇ ਮੁੱਦੇ ਨੂੰ ਇੱਕ ਵਾਰ ਫਿਰ ਤੋਂ ਸਾਹਮਣੇ ਲਿਆਂਦਾ ਹੈ। ਜਥੇਦਾਰ ਨੇ ਇਸ ਘਟਨਾ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਅਜਿਹੇ ਅੱਤਿਆਚਾਰਾਂ ਦੀ ਸੱਭਿਅਕ ਸਮਾਜ ਵਿੱਚ ਕੋਈ ਥਾਂ ਨਹੀਂ ਹੈ ਅਤੇ ਇਹ ਬਰਾਬਰੀ ਅਤੇ ਮਨੁੱਖਤਾ ਦੇ ਮੁੱਢਲੇ ਸਿਧਾਂਤਾਂ ਦੇ ਵਿਰੁੱਧ ਹਨ।

ਮੀਡੀਆ ਨੂੰ ਸੰਬੋਧਨ ਕਰਦਿਆਂ ਜਥੇਦਾਰ ਕੁਲਦੀਪ ਸਿੰਘ ਨੇ ਜਾਤ-ਪਾਤ ਦੇ ਵਿਤਕਰੇ ਵਿਰੁੱਧ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਅਤੇ ਸਰਬ-ਸਾਂਝੀਵਾਲਤਾ ਦੇ ਸੰਦੇਸ਼ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸਿੱਖ ਕੌਮ ਸਾਰੇ ਮਜ਼ਲੂਮਾਂ ਦੇ ਨਾਲ ਖੜ੍ਹੀ ਹੈ ਅਤੇ ਪੀੜਤ ਪਰਿਵਾਰ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰੇਗੀ ਤਾਂ ਜੋ ਦੋਸ਼ੀਆਂ ਨੂੰ ਸਜ਼ਾ ਮਿਲ ਸਕੇ। ਇਸ ਦੌਰੇ ਨੂੰ ਇੱਕ ਮਜ਼ਬੂਤ ਸਮਰਥਨ ਦੇ ਪ੍ਰਗਟਾਵੇ ਵਜੋਂ ਦੇਖਿਆ ਜਾ ਰਿਹਾ ਹੈ ਅਤੇ ਦੇਸ਼ ਦੇ ਕੁਝ ਹਿੱਸਿਆਂ ਵਿੱਚ 'ਆਨਰ ਕਿਲਿੰਗ' ਅਤੇ ਜਾਤ-ਅਧਾਰਤ ਪੱਖਪਾਤ ਵਰਗੀਆਂ ਸਮਾਜਿਕ ਬੁਰਾਈਆਂ ਵੱਲ ਰਾਸ਼ਟਰੀ ਧਿਆਨ ਖਿੱਚਣ ਦਾ ਇੱਕ ਯਤਨ ਹੈ। ਸਥਾਨਕ ਭਾਈਚਾਰੇ ਦੇ ਆਗੂਆਂ ਅਤੇ ਕਾਰਕੁਨਾਂ ਨੇ ਜਥੇਦਾਰ ਦੇ ਦੌਰੇ ਦਾ ਸਵਾਗਤ ਕੀਤਾ ਹੈ, ਉਮੀਦ ਹੈ ਕਿ ਇਸ ਨਾਲ ਅਜਿਹੀਆਂ ਪ੍ਰਥਾਵਾਂ ਨੂੰ ਖ਼ਤਮ ਕਰਨ ਲਈ ਸਖ਼ਤ ਕਾਨੂੰਨੀ ਕਾਰਵਾਈ ਅਤੇ ਸਮਾਜਿਕ ਸੁਧਾਰਾਂ ਦੀਆਂ ਉਨ੍ਹਾਂ ਦੀਆਂ ਮੰਗਾਂ ਨੂੰ ਹੋਰ ਬਲ ਮਿਲੇਗਾ।

# ਯੂਕੇ 'ਚ ਸਿੱਖ ਲੜਕੀ 'ਤੇ ਨਸਲੀ ਹਮਲਾ ਅਤੇ ਜ਼ਬਰ ਜਨਾਹ ਮਨੁੱਖਤਾ ਲਈ ਸ਼ਰਮਨਾਕ: ਐਡਵੋਕੇਟ ਧਾਮੀ

## ਘਟਗਿਣਤੀਆਂ ਵਿਰੁੱਧ ਨਫ਼ਰਤੀ ਅਪਰਾਧਾਂ ਵਿੱਚ ਲਗਾਤਾਰ ਵਾਧੇ ਨੂੰ ਲੈ ਕੇ ਚਿੰਤਾ ਜ਼ਾਹਰ ਕੀਤੀ

ਅੰਮ੍ਰਿਤਸਰ : ਇੰਗਲੈਂਡ ਵਿੱਚ ਬਰਮਿੰਘਮ ਦੇ ਓਲਡਰਬੀ ਇਲਾਕੇ 'ਚ ਸਿੱਖ ਲੜਕੀ 'ਤੇ ਕੀਤੇ ਨਸਲੀ ਹਮਲੇ ਅਤੇ ਜਬਰ ਜਨਾਹ ਦੀ ਨਿੰਦਾ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਨੂੰ ਮਨੁੱਖਤਾ ਲਈ ਸ਼ਰਮਨਾਕ ਕਰਾਰ ਦਿੱਤਾ ਹੈ।



ਐਡਵੋਕੇਟ ਧਾਮੀ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਨਾ ਸਿਰਫ਼ ਪੀੜਤਾਂ ਨੂੰ ਪ੍ਰਭਾਵਿਤ ਕਰਦੀਆਂ ਹਨ ਬਲਕਿ ਪੂਰੇ ਭਾਈਚਾਰੇ ਵਿੱਚ ਵੀ ਡਰ ਦਾ ਮਾਹੌਲ ਸਿਰਜਦੀਆਂ ਹਨ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਯੂਕੇ ਅਤੇ ਹੋਰ ਦੇਸ਼ਾਂ ਵਿਚ ਘਟਗਿਣਤੀ ਭਾਈਚਾਰਿਆਂ ਵਿਰੁੱਧ ਨਫ਼ਰਤੀ ਅਪਰਾਧਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਉਨ੍ਹਾਂ ਇਸ ਮਾਮਲੇ ਵਿਚ ਸ਼ਾਮਲ ਦੋਸ਼ੀਆਂ ਨੂੰ ਸਖ਼ਤ ਸਜ਼ਾ ਦੇ ਕੇ ਪੀੜਤ ਲੜਕੀ ਨੂੰ ਇਨਸਾਫ਼ ਦੇਣ ਦੀ ਮੰਗ ਕੀਤੀ।

ਐਡਵੋਕੇਟ ਧਾਮੀ ਨੇ ਭਾਰਤ ਸਰਕਾਰ ਦੇ ਵਿਦੇਸ਼ ਵਿਭਾਗ ਨੂੰ ਵੀ ਇਹ ਮਾਮਲਾ ਯੂਕੇ ਦੀ ਸਰਕਾਰ ਕੋਲ ਉਠਾਉਣ ਅਤੇ ਉਥੇ ਵੱਸਦੇ ਸਿੱਖ ਭਾਈਚਾਰੇ ਦੀ ਸੁਰੱਖਿਆ ਯਕੀਨੀ ਬਨਾਉਣ ਲਈ ਕਿਹਾ।

ਉਨ੍ਹਾਂ ਨੇ ਸਮੂਹ ਸਿੱਖ ਭਾਈਚਾਰੇ ਨੂੰ ਵੀ ਅਪੀਲ ਕੀਤੀ ਕਿ ਇਕਜੁਟਤਾ ਨਾਲ ਅਜਿਹੇ ਅਪਰਾਧਾਂ ਵਿਰੁੱਧ ਅਵਾਜ਼ ਉਠਾ ਕੇ ਨਫ਼ਰਤ ਫ਼ੈਲਾਉਣ ਵਾਲੀਆਂ ਤਾਕਤਾਂ ਨੂੰ ਨਾਕਾਮ ਕੀਤਾ ਜਾਵੇ।

# ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਧਾਮੀ ਨੇ ਦਮਦਮੀ ਟਕਸਾਲ ਦੇ ਰਾਹਤ ਕੈਂਪ ਦਾ ਦੌਰਾ ਕਰ ਸੇਵਾਦਾਰਾਂ ਦੀ ਕੀਤੀ ਹੌਸਲਾ ਅਫ਼ਜ਼ਾਈ

## ਰਾਹਤ ਕੈਂਪ ਆਮ ਹਾਲਾਤ ਬਣਨ ਤੱਕ ਜਾਰੀ ਰਹੇਗਾ : ਸੰਤ ਗਿਆਨੀ ਹਰਨਾਮ ਸਿੰਘ

ਮਹਿਤਾ ਚੌਕ : ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਹੇਠ ਅਜਨਾਲਾ ਦੇ ਪਿੰਡ ਬਾਜਵਾ ਵਿੱਚ ਸਥਾਪਿਤ ਵੱਡੇ ਰਾਹਤ ਕੈਂਪ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਸ. ਹਰਜਿੰਦਰ ਸਿੰਘ ਧਾਮੀ ਨੇ ਵਿਸ਼ੇਸ਼ ਤੌਰ 'ਤੇ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਨੇ ਦਮਦਮੀ ਟਕਸਾਲ ਵੱਲੋਂ ਚਲਾਏ ਜਾ ਰਹੇ ਰਾਹਤ ਕੈਂਪ ਦੀ ਖੁੱਲ੍ਹ ਕੇ ਸ਼ਲਾਘਾ ਕੀਤੀ ਅਤੇ ਦਿਨ-ਰਾਤ ਸੇਵਾ ਨਿਭਾ ਰਹੀਆਂ ਟੀਮਾਂ ਦੀ ਹੌਸਲਾ ਅਫ਼ਜ਼ਾਈ ਕੀਤੀ। ਧਾਮੀ ਨੇ ਕਿਹਾ ਕਿ ਇਹ ਸੇਵਾਵਾਂ ਸਿੱਖ ਧਰਮ ਦੇ ਸੇਵਾ-ਸਿਧਾਂਤ ਦੀ ਜੀਵੰਤ ਤਸਵੀਰ ਹਨ। ਉਨ੍ਹਾਂ ਸਮੂਹ ਸਿੱਖ ਸੰਗਤਾਂ ਅਤੇ ਪੰਜਾਬੀ ਭਰਾਵਾਂ ਨੂੰ ਹੜ੍ਹ ਰੂਪ ਆਈ ਇਸ ਭਿਆਨਕ ਆਫ਼ਤ ਨਾਲ ਨਜਿੱਠਣ ਲਈ ਵਧ ਤੋਂ ਵਧ ਸਹਿਯੋਗ ਦੇਣ ਲਈ ਅੱਗੇ ਆਉਣ ਦੀ ਅਪੀਲ ਕੀਤੀ ।



ਇਸ ਮੌਕੇ ਦਮਦਮੀ ਟਕਸਾਲ ਦੇ ਆਗੂ ਭਾਈ ਸਾਹਬ ਸਿੰਘ ਨੇ ਕਿਹਾ ਕਿ ਸੰਤ ਬਾਬਾ ਹਰਨਾਮ ਸਿੰਘ ਜੀ ਖ਼ਾਲਸਾ ਦੀ ਅਗਵਾਈ ਹੇਠ ਸਥਾਪਿਤ ਰਾਹਤ ਕੈਂਪ ਆਮ ਹਾਲਾਤ ਬਣਨ ਤਕ ਨਿਰੰਤਰ ਜਾਰੀ ਰਹੇਗਾ। ਉਨ੍ਹਾਂ ਦੱਸਿਆ ਕਿ ਪਿਛਲੇ ਕਈ ਦਿਨਾਂ ਤੋਂ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਮਿਆਰੀ ਦਵਾਈਆਂ, ਰਸਦਾਂ, ਮੰਜੇ-ਬਿਸਤਰੇ, 24 ਘੰਟੇ ਲੰਗਰ, ਪਸ਼ੂਆਂ ਲਈ ਚਾਰਾ, ਫ਼ਰੀ ਮੈਡੀਕਲ ਕੈਂਪ ਅਤੇ ਹੋਰ ਜ਼ਰੂਰੀ ਸਹੂਲਤਾਂ ਲਗਾਤਾਰ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਹੜ੍ਹਾਂ ਕਾਰਨ ਸਭ ਤੋਂ ਵੱਧ ਨੁਕਸਾਨ ਕਿਸਾਨਾਂ ਨੂੰ ਹੋਇਆ ਹੈ, ਜਿਨ੍ਹਾਂ ਦੀਆਂ ਫ਼ਸਲਾਂ ਪੂਰੀ ਤਰ੍ਹਾਂ ਬਰਬਾਦ ਹੋ ਗਈਆਂ ਹਨ। ਦਮਦਮੀ ਟਕਸਾਲ ਨੇ ਕਿਸਾਨਾਂ ਦੀ ਸਹਾਇਤਾ ਲਈ ਖ਼ਾਸ ਤੌਰ 'ਤੇ ਹੱਥ ਅੱਗੇ ਵਧਾਇਆ ਹੈ। ਕੈਂਪ ਰਾਹੀਂ ਲੋਕਾਂ ਦੇ ਖਾਣ-ਪੀਣ ਨਾਲ ਨਾਲ ਪਸ਼ੂਆਂ ਲਈ ਚਾਰੇ ਦਾ ਵੀ ਪੂਰਾ ਪ੍ਰਬੰਧ ਕੀਤਾ ਗਿਆ ਹੈ।

ਇਸ ਦੇ ਨਾਲ ਟਕਸਾਲ ਨਾਲ ਸੰਬੰਧਿਤ ਵਿੱਦਿਅਕ ਅਤੇ ਧਾਰਮਿਕ ਅਦਾਰੇ—ਖ਼ਾਲਸਾ ਅਕੈਡਮੀ, ਖ਼ਾਲਸਾ ਕਾਲਜ ਅਤੇ ਖ਼ਾਲਸਾ ਹਸਪਤਾਲ ਆਦਿ ਦੀਆਂ ਬਰਾਂਚਾਂ ਵੱਲੋਂ ਵੀ ਅਜਨਾਲਾ-ਰਮਦਾਸ ਰੋਡ ਉੱਤੇ ਬਾਜਵਾ ਪਿੰਡ ਨੇੜੇ ਜੀਟੀ ਰੋਡ ਉੱਤੇ ਸਥਾਪਿਤ ਵੱਡੇ ਰਾਹਤ ਕੈਂਪ ਵਿੱਚ ਨਿਰੰਤਰ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ।

ਫ਼ਰੀ ਮੈਡੀਕਲ ਕੈਂਪ ਵਿੱਚ ਤਜਰਬੇਕਾਰ ਡਾਕਟਰਾਂ ਦੀ ਟੀਮ ਵੱਲੋਂ ਲੋਕਾਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ, ਜਿੱਥੇ ਲੇਡੀਜ਼ ਡਾਕਟਰਾਂ ਵੱਲੋਂ ਬੀਬੀਆਂ ਦਾ ਖ਼ਾਸ ਖ਼ਿਆਲ ਰੱਖਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਸੰਗਤਾਂ ਅਤੇ ਸੇਵਾਦਾਰਾਂ ਵੱਲੋਂ ਪਿੰਡਾਂ ਵਿੱਚ ਗਰਾਊਂਡ ਜ਼ੀਰੋ 'ਤੇ ਜਾ ਕੇ ਰਾਹਤ ਸਮਗਰੀ ਵੰਡਣ ਦੀ ਸੇਵਾ ਨਿਭਾਈ ਜਾ ਰਹੀ ਹੈ। 24 ਘੰਟੇ ਚੱਲਦੇ ਲੰਗਰ ਵਿੱਚ ਆਉਣ-ਜਾਣ ਵਾਲੀਆਂ ਸੰਗਤਾਂ ਅਤੇ ਨੇੜਲੇ ਪਿੰਡਾਂ ਦੇ ਗ਼ਰੀਬ ਲੋਕ ਭੋਜਨ ਕਰ ਰਹੇ ਹਨ।

ਮਹਾਂਪੁਰਸ਼ਾਂ ਦੇ ਦਿਸ਼ਾ-ਨਿਰਦੇਸ਼ ਹੇਠ ਇਸ ਕੈਂਪ ਵਿੱਚ ਮੈਡੀਕਲ ਸਹੂਲਤਾਂ ਅਤੇ ਰਾਹਤ ਸਮਗਰੀ 24 ਘੰਟੇ ਉਪਲਬਧ ਹਨ, ਜੋ ਮਨੁੱਖਤਾ ਪ੍ਰਤੀ ਟਕਸਾਲ ਦੀ ਨਿਸ਼ਕਾਮ ਭਾਵਨਾ ਨੂੰ ਦਰਸਾਉਂਦੀਆਂ ਹਨ।

ਇਸ ਮੌਕੇ ਦਮਦਮੀ ਟਕਸਾਲ ਦੇ ਮੁੱਖ ਬੁਲਾਰੇ ਜਥੇਦਾਰ ਭਾਈ ਸੁਖਦੇਵ ਸਿੰਘ, ਸੰਤ ਬਾਬਾ ਅਜੀਤ ਸਿੰਘ ਤਰਨਾ ਦਲ, ਭਾਈ ਪਰਮਿੰਦਰ ਸਿੰਘ, ਜਥੇਦਾਰ ਚਮਕੌਰ ਸਿੰਘ, ਜਥੇਦਾਰ ਤਰਲੋਚਨ ਸਿੰਘ, ਭਾਈ ਗੁਰਮੁਖ ਸਿੰਘ, ਅਵਤਾਰ ਸਿੰਘ ਬੁੱਟਰ, ਸਰਦਾਰ ਕਰਨਜੀਤ ਸਿੰਘ, ਅਮਰੀਕ ਸਿੰਘ, ਸਰਪੰਚ ਅਮਰੀਕ ਸਿੰਘ, ਜਸਪਾਲ ਸਿੰਘ, ਦਲਜੀਤ ਸਿੰਘ, ਹਰਨੇਕ ਸਿੰਘ, ਰਾਜਵਿੰਦਰ ਸਿੰਘ, ਪ੍ਰਿੰਸੀਪਲ ਜਤਿੰਦਰ ਸ਼ਰਮਾ, ਪ੍ਰਿੰਸੀਪਲ ਗੁਰਦੀਪ ਸਿੰਘ, ਗੁਰਮੁਖ ਸਿੰਘ, ਭਾਈ ਹਰਸ਼ਦੀਪ ਸਿੰਘ ਸਮੇਤ ਕਈ ਮੁਹਤਬਰ ਸਿੰਘ ਵੀ ਮੌਜੂਦ ਸਨ।

# ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਸਬੰਧੀ ਸਮਾਗਮ

## ਕੋਲਕਾਤਾ ਵਿੱਚ ਸਮਾਗਮ ਦੌਰਾਨ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕੀਤੀ ਸ਼ਮੂਲੀਅਤ



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਗੁਰੂ ਸਿੰਘ ਸਭਾ ਕਲਕੱਤਾ ਤੇ ਪੱਛਮ ਬੰਗਾਲ ਦੇ ਸਮੂਹ ਗੁਰੂਘਰਾਂ ਦੀ ਸਾਂਝੀ ਸ਼ਤਾਬਦੀ ਕਮੇਟੀ ਵੱਲੋਂ ਕੋਲਕੱਤਾ ਵਿੱਚ ਗੁਰੂ ਤੇਗ਼ ਬਹਾਦਰ ਜੀ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਿਆਈ ਦਿਵਸ ਨੂੰ ਸਮਰਪਿਤ ਸਾਂਝੇ ਰੂਪ ਵਿੱਚ ਗੁਰਮਤਿ ਸਮਾਗਮ ਕੀਤਾ ਗਿਆ।

ਇਸ ਮੌਕੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਿੱਖਾਂ ਨੂੰ ਕੌਮੀ ਭਾਵਨਾ ਅਨੁਸਾਰ ਇਕਜੁੱਟ ਹੋਣ ਦਾ ਸੰਦੇਸ਼ ਦਿੱਤਾ। ਇਸ ਮੌਕੇ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ, ਕਥਾਵਾਚਕ ਅਤੇ ਕਵੀਸ਼ਰ ਜਥੇ ਨੇ ਗੁਰਬਾਣੀ ਕੀਰਤਨ, ਗੁਰ ਇਤਿਹਾਸ ਤੇ ਕਥਾ ਵਿਚਾਰ ਕੀਤਾ। ਇਸ ਮੌਕੇ ਸੰਗਤ ਨੂੰ ਸੰਬੋਧਨ ਕਰਦਿਆਂ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਗੁਰੂ ਤੇਗ਼ ਬਹਾਦਰ ਜੀ ਨੇ ਧਾਰਮਿਕ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਦਿੱਲੀ ਦੇ ਚਾਂਦਨੀ ਚੌਕ ਵਿੱਚ ਸ਼ਹਾਦਤ ਦਿੱਤੀ। ਉਨ੍ਹਾਂ ਕਿਹਾ ਕਿ ਅੱਜ ਪੜਚੋਲ ਦੀ ਲੋੜ ਹੈ ਕਿ ਜਿਸ ਧਰਮ ਦੀ ਅਜ਼ਾਦੀ ਲਈ ਗੁਰੂ ਤੇਗ਼ ਬਹਾਦਰ ਨੇ ਸ਼ਹਾਦਤ ਦਿੱਤੀ, ਹੁਣ ਜਦੋਂ ਉਨ੍ਹਾਂ ਦੇ ਪੈਰੋਕਾਰਾਂ ਕੋਲ ਸ਼ਕਤੀ ਆਈ ਤਾਂ ਉਨ੍ਹਾਂ ਦੇ ਸਿੱਖਾਂ ਦੇ ਕਕਾਰ ਕਿਰਪਾਨ ਤੇ ਕੜੇ ਉਤਰਵਾਏ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਇਨ੍ਹਾਂ ਹੁਕਮਰਾਨਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਜੇ ਦਸਤਾਰਾਂ ਵਾਲੇ ਸਿੱਖ ਦੇਸ਼ ਲਈ ਨਾ ਲੜਦੇ ਤਾਂ ਅੱਜ ਇਸ ਦੇਸ਼ ਦਾ ਨਕਸ਼ਾ ਕੁਝ ਹੋਰ ਹੋਣਾ ਸੀ। ਉਨ੍ਹਾਂ ਸਮੂਹ ਸਿੱਖਾਂ ਨੂੰ ਅਕਾਲ ਤਖ਼ਤ ਨਾਲ ਜੁੜੇ ਰਹਿਣ ਲਈ ਆਖਿਆ, ਕਿਉਂ ਕਿ ਅੱਜ ਬਹੁਤ ਸ਼ਕਤੀਆਂ ਵੱਲੋਂ ਸਿੱਖਾਂ ਨੂੰ ਅਕਾਲ ਤਖ਼ਤ ਤੋਂ ਤੋੜਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

# ਦਲਜੀਤ ਸਿੰਘ ਚੀਮਾ ਨੇ ਕੇਂਦਰ ਸਰਕਾਰ 'ਤੇ ਸਵਾਲ ਕੀਤੇ ਖੜ੍ਹੇ

ਜਲੰਧਰ : ਅਕਾਲੀ ਦਲ ਦੇ ਸੀਨੀਅਰ ਨੇਤਾ ਦਲਜੀਤ ਸਿੰਘ ਚੀਮਾ ਨੇ ਕੇਂਦਰ ਸਰਕਾਰ ਵੱਲੋਂ ਕਰਤਾਰਪੁਰ ਸਾਹਿਬ ਯਾਤਰਾ 'ਤੇ ਲਗਾਈ ਪਾਬੰਦੀ 'ਤੇ ਗੰਭੀਰ ਸਵਾਲ ਚੁੱਕੇ ਹਨ।

ਉਹਨਾਂ ਕਿਹਾ ਕਿ ਜਦੋਂ ਦੇਸ਼ ਸੁਰੱਖਿਆ ਸੰਕਟਾਂ ਦਾ ਸਾਹਮਣਾ ਕਰਦਾ ਹੈ, ਤਦੋਂ ਸਾਰੇ ਭਾਰਤੀ ਸਮੂਹ ਇੱਕਜੁੱਟ ਹੋ ਕੇ ਖੜ੍ਹਦੇ ਹਨ, ਪਰ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਕੀਤੀ ਸਲਾਹਨਾਮਾ ਸਿੱਖ ਸੰਗਤ ਲਈ ਭੇਦਭਾਵ ਵਾਲਾ ਲੱਗਦਾ ਹੈ। ਚੀਮਾ ਨੇ ਪ੍ਰਧਾਨ ਮੰਤਰੀ ਨੂੰ ਹਸਤਖੇਪ ਕਰਨ ਦੀ ਅਪੀਲ ਕੀਤੀ ਹੈ ਅਤੇ ਦਰਬਾਰ ਸਾਹਿਬ ਕਾਰਡੋਰ ਦੁਬਾਰਾ ਖੋਲ੍ਹਣ ਦੀ ਮੰਗ ਕੀਤੀ ਹੈ, ਤਾਂ ਜੋ ਭਰਾਵਾਂ ਵਿੱਚ ਨਫ਼ਰਤ ਘਟੇ ਅਤੇ ਆਪਸੀ ਸਬੰਧ ਮਜ਼ਬੂਤ ਹੋਣ।



# ਹੁਸ਼ਿਆਰਪੁਰ 'ਚ ਪੰਜ ਸਾਲਾ ਬੱਚੇ ਦਾ ਪਰਵਾਸੀ ਨੇ ਕੀਤਾ ਕਤਲ





ਹੁਸ਼ਿਆਰਪੁਰ : ਹੁਸ਼ਿਆਰਪੁਰ ਸ਼ਹਿਰ ਦੇ ਮੁਹਲਾ ਨਿਊ ਦੀਪਨਗਰ ਤੋਂ ਬਹੁਤ ਹੀ ਦੁਖਦਾਈ ਘਟਨਾ ਸਾਹਮਣੇ ਆਈ ਸੀ। ਜਿਥੇ ਕਿ ਇਕ 5 ਸਾਲ ਦਾ ਬੱਚਾ ਅਗਵਾ ਹੋ ਗਿਆ ਸੀ, ਜਿਸ ਤੋਂ ਬਾਅਦ ਅੱਜ ਉਸਦੀ ਲਾਸ਼ ਸ਼ਮਸ਼ਾਨ ਘਾਟ ਰਹੀਮਪੁਰ ਤੋਂ ਬਰਾਮਦ ਹੋਈ ਹੈ। ਘਟਨਾ ਤੋਂ ਬਾਅਦ ਪੁਲਿਸ ਨੇ ਤੁਰੰਤ ਪ੍ਰਭਾਵ ਨਾਲ ਕਾਰਵਾਈ ਕਰਦੇ ਹੋਏ ਇਲਾਕੇ ਵਿੱਚ ਲਗੇ ਹੋਏ ਸੀਸੀਟੀਵੀ ਕੈਮਰੇ ਖੰਗਾਲੇ ਅਤੇ ਹੋਰਨਾਂ ਐਂਗਲਾਂ ਤੋਂ ਪ੍ਰਾਪਤ ਸੁਰਾਗਾਂ ਤੇ ਕੰਮ ਕਰਦੇ ਹੋਏ ਇੱਕ ਵਿਅਕਤੀ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ। ਐਸਐਸਪੀ ਸੰਦੀਪ ਮਲਿਕ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ ਕਥਿਤ ਦੋਸ਼ੀ ਯਾਦਵ ਨੇ ਦੱਸਿਆ ਕਿ ਉਸਨੇ ਬਚੇ ਨੂੰ ਅਗਵਾਹ ਕਰਨ ਤੋਂ ਬਾਅਦ ਮਾਰ ਦਿਤਾ ਅਤੇ ਉਸਦੀ ਲਾਸ਼ ਰਹੀਮਪੁਰ ਸ਼ਮਸ਼ਾਨ ਘਾਟ ਵਿਖੇ ਸੁਟ ਦਿੱਤੀ ਸੀ। ਪੁਲਿਸ ਨੇ ਮੌਕੇ ਤੇ ਪੁਹੰਚ ਕੇ ਬੱਚੇ ਦੀ ਲਾਸ਼ ਨੂੰ ਬਰਾਮਦ ਕੀਤੀ। ਐਸਐਸਪੀ ਸੰਦੀਪ ਮਲਿਕ ਨੇ ਦੱਸਿਆ ਕਿ ਪੁਲਿਸ ਨੂੰ ਪਿਛਲੀ ਸ਼ਾਮ 6 ਵਜੇ ਬੱਚੇ ਨੂੰ ਅਗਵਾ ਕਰਨ ਸੰਬੰਧੀ ਸੂਚਨਾ ਮਿਲੀ ਸੀ। ਜਿਸ ਤੋਂ ਬਾਅਦ ਪੁਲਿਸ ਨੇ ਟੀਮਾਂ ਬਣਾ ਕੇ ਕਾਰਵਾਈ ਕਰਦੇ ਹੋਏ ਕਥਿਤ ਦੋਸ਼ੀ ਨੂੰ ਕਾਬੂ ਕਰ ਲਿਆ ਸੀ ਅਤੇ ਪੁੱਛਗਿਛ ਦੌਰਾਨ ਉਸਨੇ ਬੱਚੇ ਕਰਨ ਦੀ ਗੱਲ ਕਬੂਲੀ। ਉਹਨਾਂ ਨੇ ਦੱਸਿਆ ਕਿ ਕਥਿਤ ਦੋਸ਼ੀ ਪਹਿਲਾਂ ਵੀ ਜੇਲ੍ਹ ਕੱਟ ਕੇ ਆਇਆ ਹੈ ਅਤੇ ਕਥਿਤ ਤੌਰ ਤੇ ਦਿਮਾਗੀ ਤੌਰ ਤੇ ਠੀਕ ਨਹੀਂ ਹੈ, ਜਿਸ ਬਾਰੇ ਵੀ ਜਾਂਚ ਜਾਰੀ ਹੈ। ਪੁਲਿਸ ਵਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਦੂਜੇ ਪਾਸੇ ਮ੍ਰਿਤਕ ਬੱਚੇ ਹਰਵੀਰ ਦੇ ਮਾਤਾ-ਪਿਤਾ, ਪਰਿਵਾਰਿਕ ਮੈਂਬਰਾਂ ਦਾ ਵਿਰਲਾਪ ਝੱਲਿਆ ਨਹੀਂ ਜਾ ਰਿਹਾ ਸੀ ਅਤੇ ਇਲਾਵਾ ਸਮੂਹ ਇਲਾਕਾ ਨਿਵਾਸੀ ਸ਼ੋਕਗ੍ਰਸਤ ਸਨ ਅਤੇ ਕਾਤਿਲਾਂ ਨੂੰ ਸਖਤ ਤੋਂ ਸਖਤ ਸਜਾ ਦੇਣ ਦੀ ਮੰਗ ਕਰ ਰਹੇ ਸਨ। ਇਸ ਕਾਂਡ ਨੇ ਹੁਸ਼ਿਆਰਪੁਰ ਵਿਚ 2005 ਵਿਚ ਹੋਏ ਹੈਰੀ ਵਰਮਾ ਉਰਫ ਅਭੀ ਵਰਮਾ ਹਤਿਆਕਾਂਡ ਦੀ ਯਾਦ ਤਾਜਾ ਕਰਵਾ ਦਿੱਤੀ। ਉਸ ਕਾਂਡ ਵਿਚ ਵੀ ਅਗਵਾਕਾਰੀਆਂ ਨੇ ਡੀਏਵੀ ਸਕੂਲ ਦੇ ਇਕ ਬੱਚੇ ਨੂੰ ਅਗਵਾ ਕਰ ਲਿਆ ਸੀ ਅਤੇ ਉਸ ਤੋਂ ਬਾਅਦ ਉਸਨੂੰ ਤਸੀਹੇ ਦਿੰਦੇ ਹੋਏ ਮੌਤ ਦੇ ਘਾਟ ਉਤਾਰ ਦਿਤਾ ਸੀ ਜਿਸ ਤੋਂ ਬਾਅਦ ਅਭੀ ਵਰਮਾ ਦੇ ਕਾਤਲਾਂ ਨੂੰ ਮਾਫ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ।

## ਪਰਵਾਸੀਆਂ ਖ਼ਿਲਾ.ਫ ਮੁਜ਼ਾਹਰਾ ਤੇ ਚੱਕਾ ਜਾਮ

### ਨਿਹੰਗ ਜਥੇਬੰਦੀਆਂ ਤੇ ਇਲਾਕਾ ਨਿਵਾਸੀਆਂ ਨੇ ਕੀਤੀ ਨਾਅਰੇਬਾਜ਼ੀ; ਪਰਵਾਸੀ ਵੱਲੋਂ ਕਤਲ ਕੀਤੇ ਪੰਜ ਸਾਲਾ ਹਰਵੀਰ ਨੂੰ ਸ਼ਰਧਾਂਜਲੀ ਭੇਟ




ਕੁਰਾਲੀ : ਇਥੇ ਹੁਸ਼ਿਆਪੁਰ ਵਿੱਚ ਪਰਵਾਸੀ ਵੱਲੋਂ ਪੰਜਾਬੀ ਬੱਚੇ ਹਰਵੀਰ ਦਾ ਬੇਰਹਿਮੀ ਨਾਲ ਕਤਲ ਕਰਨ ਦੇ ਮਾਮਲੇ ਨੂੰ ਲੈ ਕੇ ਨਿਹੰਗ ਜਥੇਬੰਦੀਆਂ ਅਤੇ ਇਲਾਕਾ ਨਿਵਾਸੀਆਂ ਦਾ ਇਕੱਠ ਹੋਇਆ। ਇਸ ਮੌਕੇ ਪਰਵਾਸੀਆਂ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ ਗਈ ਅਤੇ ਕੌਮੀ ਮਾਰਗ ਦੇ ਮੇਨ ਚੌਕ ਵਿੱਚ ਜਾਮ ਲਗਾ ਕੇ ਲੋਕਾਂ ਨੂੰ ਪਰਵਾਸੀਆਂ ਖ਼ਿਲਾਫ਼ ਇਕਜੁੱਟ ਹੋਣ ਅਤੇ ਪ੍ਰਸ਼ਾਸਨ ਨੂੰ ਸਖ਼ਤ ਰਵੱਈਆ ਅਪਣਾਉਣ ਦੀ ਅਪੀਲ ਕੀਤੀ ਗਈ।

ਸ਼ਹਿਰ ਵਿੱਚ ਹੋਏ ਇਕੱਠ ਦੌਰਾਨ 96 ਕਰੋੜੀ ਜਥੇਦਾਰ ਬਾਬਾ ਕੁਲਵਿੰਦਰ ਸਿੰਘ, ਬਾਬਾ ਸ਼ਿੰਗਾਰਾ ਸਿੰਘ, ਨਾਗਰ ਸਿੰਘ ਖਾਲਸਾ, ਬਾਬਾ ਮਾਨ ਸਿੰਘ ਖਾਸਲਾ, ਮਨਿੰਦਰ ਸਿੰਘ ਰਾਣਾ ਤੇ ਹੋਰ ਬੁਲਾਰਿਆਂ ਨੇ ਪੰਜ ਸਾਲਾ ਬੱਚੇ ਦੇ ਕਤਲ ਦੀ ਨਿਖੇਧੀ ਕਰਦਿਆਂ ਕਿਹਾ ਕਿ ਪੰਜਾਬ ਨੂੰ ਅਜਿਹੇ ਪਰਵਾਸੀਆਂ ਤੋਂ ਬਚਾਉਣਾ ਸਮੇਂ ਦੀ ਵੱਡੀ ਲੋੜ ਹੈ। ਉਨ੍ਹਾਂ ਸਮੁੱਚੇ ਪੰਜਾਬੀਆਂ ਨੂੰ ਜਾਗਰੂਕ ਹੋਣ ਅਤੇ ਪਰਵਾਸੀਆਂ ਤੋਂ ਕਿਨਾਰਾ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਇਸ ਦੌਰਾਨ ਸ਼ਹਿਰ ਵਿੱਚ ਰੋਸ ਮਾਰਚ ਵੀ ਕੀਤਾ ਗਿਆ ਅਤੇ ਸ਼ਹਿਰ ਦੇ ਮੇਨ ਬੱਸ ਅੱਡੇ 'ਤੇ ਟ੍ਰੈਫਿਕ ਲਾਈਟਾਂ ਉੱਤੇ ਚੱਕਾ ਜਾਮ ਕਰਕੇ ਨਾਅਰੇਬਾਜ਼ੀ ਕੀਤੀ ਗਈ। ਕੁਝ ਸਮੇਂ ਦੇ ਸੰਕੇਤਕ ਜਾਮ ਤੋਂ ਬਾਅਦ ਟ੍ਰੈਫਿਕ ਮੁੜ ਬਹਾਲ ਕਰ ਦਿੱਤੀ ਗਈ। ਇਸੇ ਦੌਰਾਨ ਮੁਜ਼ਾਹਰਕਾਰੀਆਂ ਨੇ ਸ਼ਹਿਰ ਦੇ ਬਾਜ਼ਾਰਾਂ ਅਤੇ ਸੜਕਾਂ ਵਿੱਚ ਪਰਵਾਸੀਆਂ ਨੂੰ ਦੁਕਾਨਾਂ ਅਤੇ ਹੋਰ ਇਮਾਰਤਾਂ ਦੇਣ ਅਤੇ ਦੁਕਾਨਾਂ ਅੱਗੇ ਖੜ੍ਹੇ ਕਰਨ ਤੋਂ ਸੁਚੇਤ ਕੀਤਾ। ਰੋਸ ਮਾਰਚ ਦੌਰਾਨ ਹੀ ਹੁਸ਼ਿਆਰਪੁਰ ਵਿੱਚ ਪਰਵਾਸੀ ਦੀ ਦਰਿੰਦਗੀ ਦਾ ਸ਼ਿਕਾਰ ਹੋਏ ਪੰਜ ਸਾਲਾ ਹਰਵੀਰ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਉਸਦੀ ਆਤਮਿਕ ਸ਼ਾਂਤੀ ਲਈ ਅਰਦਾਸ ਵੀ ਕੀਤੀ ਗਈ। ਇਸੇ ਦੌਰਾਨ ਸਰਕਾਰ ਤੋਂ ਮੰਗ ਕੀਤੀ ਕਿ ਹਰਵੀਰ ਦੀ ਮੌਤ ਲਈ ਜ਼ਿੰਮੇਵਾਰ ਪਰਵਾਸੀ ਨੂੰ ਸਖ਼ਤ ਸਜ਼ਾ ਦਿੱਤੀ ਜਾਵੇ ਅਤੇ ਭਵਿੱਖ ਵਿੱਚ ਅਜਿਹੀ ਘਟਨਾ ਨਾ ਵਾਪਰੇ ਇਸ ਲਈ ਠੋਸ ਕਦਮ ਚੁੱਕੇ ਜਾਣ।

## ਪ੍ਰਵਾਸੀ ਵਲੋਂ ਪੰਜ ਸਾਲ ਦੀ ਬੱਚੀ ਨੂੰ ਲਾਲਚ ਦੇ ਕੇ ਜਬਰ ਜਨਾਹ ਦੀ ਕੋਸ਼ਿਸ਼

ਮਕਸੂਦਾਂ : ਥਾਣਾ ਡਵੀਜ਼ਨ ਨੰਬਰ 8 ਦੇ ਅਧੀਨ ਆਉਂਦੇ ਸੋਢਲ ਇਲਾਕੇ ਵਿੱਚ, ਇੱਕ ਪ੍ਰਵਾਸੀ ਵਿਅਕਤੀ ਨੇ ਗੁਆਂਢ ਵਿੱਚ ਰਹਿਣ ਵਾਲੀ ਇੱਕ ਪੰਜ ਸਾਲ ਦੀ ਬੱਚੀ ਨੂੰ ਆਪਣੇ ਕਮਰੇ ਦੇ ਬਾਥਰੂਮ ਵਿੱਚ ਲਿਜਾ ਕੇ ਜ਼ਬਰ ਜਨਾਹ ਕਰਨ ਦੀ ਕੋਸ਼ਿਸ਼ ਕੀਤੀ। ਜਿਵੇਂ ਹੀ ਆਲੇ-ਦੁਆਲੇ ਦੇ ਲੋਕਾਂ ਨੇ ਬਾਥਰੂਮ ਵਿੱਚੋਂ ਬੱਚੀ ਦੇ ਰੋਣ ਦੀ ਆਵਾਜ਼ ਸੁਣੀ, ਤਾਂ ਉਹ ਪ੍ਰਵਾਸੀ ਨਾਲ ਕੁੜੀ ਨੂੰ ਬਿਨਾਂ ਕੱਪੜਿਆਂ ਦੇ ਦੇਖ ਕੇ ਹੈਰਾਨ ਰਹਿ ਗਏ। ਗੁੱਸੇ ਵਿੱਚ ਆਏ ਲੋਕਾਂ ਨੇ ਪ੍ਰਵਾਸੀ ਨੂੰ ਇੱਕ ਦਰੱਖਤ ਨਾਲ ਬੰਨ੍ਹ ਦਿੱਤਾ ਅਤੇ ਭੀੜ ਨੇ ਇੱਕ-ਇੱਕ ਕਰਕੇ ਮੁਲਜ਼ਮ ਨੂੰ ਚੱਪਲਾਂ ਨਾਲ ਕੁੱਟਿਆ। ਸੂਚਨਾ ਮਿਲਦੇ ਹੀ ਥਾਣਾ ਡਵੀਜ਼ਨ ਨੰਬਰ 8 ਦੀ ਪੁਲਿਸ ਮੌਕੇ 'ਤੇ ਪਹੁੰਚ ਗਈ ਅਤੇ ਮੁਲਜ਼ਮ ਨੂੰ ਹਿਰਾਸਤ ਵਿੱਚ ਲੈ ਲਿਆ। ਜਾਣਕਾਰੀ ਮੁਤਾਬਿਕ ਮੁਲਜ਼ਮ ਵਿਜੇ ਪੁੱਤਰ ਸੰਤ ਰਾਮ, ਜੋ ਕਿ ਮਿਸਤਰੀ ਦਾ ਕੰਮ ਕਰਦਾ ਹੈ, ਯੂ.ਪੀ. ਦਾ ਰਹਿਣ ਵਾਲਾ ਹੈ, ਜੋ ਇਸ ਸਮੇਂ ਬਸਤੀ ਭੂਰੇ ਖਾਂ ਵਿੱਚ ਰਹਿੰਦਾ ਹੈ ਅਤੇ ਪਿਛਲੇ ਦਸ ਸਾਲਾਂ ਤੋਂ ਜਲੰਧਰ ਵਿੱਚ ਰਹਿ ਰਿਹਾ ਹੈ। ਲੜਕੀ ਦੀ ਮਾਂ ਨੇ ਦੱਸਿਆ ਕਿ ਉਸਦੀ ਪੰਜ ਸਾਲ ਦੀ ਬੱਚੀ ਸਕੂਲ ਗਈ ਸੀ। ਦੁਪਹਿਰ ਨੂੰ ਉਨ੍ਹਾਂ ਦੇ ਗੁਆਂਢ ਵਿੱਚ ਰਹਿਣ ਵਾਲਾ ਵਿਜੇ ਕੁਮਾਰ ਉਸ ਨੂੰ ਬਿਨਾਂ ਇਜਾਜ਼ਤ ਸਕੂਲ ਤੋਂ ਲੈ ਆਇਆ ਅਤੇ ਆਪਣੇ ਕਮਰੇ ਦੇ ਬਾਥਰੂਮ ਵਿੱਚ ਲੈ ਗਿਆ। ਦੋਸ਼ੀ ਨੇ ਲੜਕੀ ਦੇ ਕੱਪੜੇ ਉਤਾਰ ਦਿੱਤੇ ਅਤੇ ਉਸ ਨਾਲ ਅਸ਼ਲੀਲ ਹਰਕਤਾਂ ਕਰਨ ਲੱਗ ਪਿਆ ਪਰ ਜਿਵੇਂ ਹੀ ਲੋਕਾਂ ਨੇ ਬੱਚੀ ਦੇ ਰੋਣ ਦੀ ਆਵਾਜ਼ ਸੁਣੀ, ਉਹ ਬਾਥਰੂਮ ਅੰਦਰ ਗਏ ਅਤੇ ਮੁਲਜ਼ਮ ਵਿਜੇ ਨੂੰ ਫੜ ਲਿਆ। ਲੋਕ ਲੜਕੀ ਨੂੰ ਉਸਦੇ ਘਰ ਲੈ ਗਏ, ਜਿਸ ਤੋਂ ਬਾਅਦ ਲੋਕਾਂ ਨੇ ਵਿਜੇ ਨੂੰ ਇੱਕ ਦਰੱਖਤ ਨਾਲ ਬੰਨ੍ਹ ਦਿੱਤਾ ਅਤੇ ਉਸਦੀ ਕੁੱਟਮਾਰ ਕੀਤੀ। ਦੱਸਿਆ ਜਾ ਰਿਹਾ ਹੈ ਕਿ ਉਹ ਲੜਕੀ ਨੂੰ ਲਾਲਚ ਦੇ ਕੇ ਆਪਣੇ ਬਾਥਰੂਮ ਲੈ ਗਿਆ ਸੀ। ਇਸ ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ ਡਵੀਜ਼ਨ ਨੰਬਰ 8 ਦੀ ਪੁਲਿਸ ਮੌਕੇ 'ਤੇ ਪਹੁੰਚ ਗਈ ਅਤੇ ਜਾਂਚ ਸ਼ੁਰੂ ਕਰ ਦਿੱਤੀ। ਦੂਜੇ ਪਾਸੇ, ਏ.ਸੀ.ਪੀ. ਉੱਤਰੀ ਆਤਿਸ਼ ਭਾਟੀਆ ਨੇ ਦੱਸਿਆ ਕਿ ਦੋਸ਼ੀ ਵਿਜੇ ਵਿਰੁੱਧ ਜ਼ਬਰ-ਜਨਾਹ ਅਤੇ ਪੋਕਸੋ ਐਕਟ ਸਮੇਤ ਕਈ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪੁਲਿਸ ਟੀਮ ਦੇਰ ਸ਼ਾਮ ਲੜਕੀ ਨੂੰ ਸਿਵਲ ਹਸਪਤਾਲ ਤੋਂ ਡਾਕਟਰੀ ਜਾਂਚ ਲਈ ਲੈ ਗਈ ਹੈ।

## ਹੁਸ਼ਿਆਰਪੁਰ 'ਚ ਹੈਵਾਨੀਅਤ ਦੀ ਇੰਤਹਾ



ਹਾਲ ਹੀ ਵਿਚ ਹੁਸ਼ਿਆਰਪੁਰ ਦੇ ਮੁਹੱਲਾ ਦੀਪ ਨਗਰ ਦੇ ਰਹਿਣ ਵਾਲੇ ਇਕ ਪੰਜ ਸਾਲ ਦੇ ਮਾਸੂਮ ਬੱਚੇ ਦੇ ਕਤਲ ਦੀ ਘਟਨਾ ਨੇ ਪੂਰੇ ਪੰਜਾਬ ਨੂੰ ਹਿਲਾ ਕੇ ਰੱਖ ਦਿੱਤਾ ਹੈ। ਕਤਲ ਨੂੰ ਏਨੀ ਬੇਰਹਿਮੀ ਨਾਲ ਅੰਜਾਮ ਦਿੱਤਾ ਗਿਆ ਕਿ ਦੇਖ ਕੇ ਹਰ ਕਿਸੇ ਦੀ ਰੂਹ ਕੰਬ ਰਹੀ ਸੀ। ਇਸ ਘਟਨਾ ਨੇ ਦਿੱਲੀ ਵਿਚ ਹੋਏ ਨਿਰਭੈਆ ਕਾਂਡ ਦੀ ਯਾਦ ਦਿਵਾ ਦਿੱਤੀ ਹੈ। ਘਟਨਾ ਨੂੰ ਅੰਜਾਮ ਇੰਨੀ ਹੈਵਾਨੀਅਤ ਨਾਲ ਦਿੱਤਾ ਗਿਆ ਕਿ ਖ਼ੁਦ ਪੁਲਿਸ ਮੁਲਾਜ਼ਮ ਰੋਂਦੇ ਵੇਖੇ ਗਏ। ਕਾਤਲ, ਜਿਸ ਨੂੰ ਪੁਲਿਸ ਵੱਲੋਂ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਉਸ ਬਾਰੇ ਜਾਣਕਾਰੀ ਮਿਲੀ ਹੈ ਕਿ ਉਹ ਪਹਿਲਾਂ ਵੀ ਬਲਾਤਕਾਰ ਦੇ ਮਾਮਲੇ ਵਿਚ ਸਜ਼ਾ ਕੱਟ ਕੇ ਆਇਆ ਹੈ। ਕਾਤਲ ਪਰਵਾਸੀ ਸੀ ਜੋ ਪੰਜਾਬ ਵਿਚ ਆਉਣ ਤੋਂ ਪਹਿਲਾਂ ਕਈ ਅਪਰਾਧ ਕਰ ਚੁੱਕਾ ਸੀ।

ਇਸ ਘਟਨਾ ਤੋਂ ਬਾਅਦ ਲੋਕਾਂ ਵਿਚ ਰੋਹ ਜਾਗਣਾ ਸੁਭਾਵਕ ਹੈ। ਉਹ ਪਰਵਾਸੀਆਂ ਖ਼ਿਲਾਫ਼ ਹੋ ਗਏ ਹਨ। ਇਸ ਸਭ ਵਿਚ ਕਈ ਧਿਰਾਂ ਕਸੂਰਵਾਰ ਹਨ ਪਰ ਸਭ ਤੋਂ ਵੱਡਾ ਦੋਸ਼ ਹੈ ਪੁਲਿਸ ਅਤੇ ਪ੍ਰਸ਼ਾਸਨ ਦਾ। ਹੋਰ ਸੂਬਿਆਂ ਦੇ ਬਹੁਤ ਸਾਰੇ ਜ਼ਰਾਇਮ ਪੇਸ਼ਾ ਲੋਕਾਂ ਲਈ ਪੰਜਾਬ ਇਕ ਸੁਰੱਖਿਅਤ ਰਹਿਣ ਦੀ ਜਗ੍ਹਾ ਬਣ ਗਿਆ ਹੈ। ਇੱਥੇ ਜਿੰਨੇ ਵੀ ਪਰਵਾਸੀ ਰਹਿੰਦੇ ਹਨ, ਕਦੇ ਵੀ ਪੁਲਿਸ ਜਾਂ ਪ੍ਰਸ਼ਾਸਨ ਨੇ ਉਨ੍ਹਾਂ ਦੇ ਪਿਛੋਕੜ ਬਾਰੇ ਜਾਣਨ ਦੀ ਕੋਸ਼ਿਸ਼ ਨਹੀਂ ਕੀਤੀ। ਪੰਜਾਬ ਵਿਚ ਹੋ ਰਹੀਆਂ ਚੋਰੀਆਂ, ਲੁੱਟਾਂ-ਖੋਹਾਂ, ਕਤਲਾਂ ਅਤੇ ਨਸ਼ਾਖੋਰੀ ਪਿੱਛੇ ਕਿਸ ਦਾ ਵੱਡਾ ਹੱਥ ਹੈ, ਇਹ ਕਦੇ ਵੀ ਪਤਾ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਬਹੁਤੀ ਵਾਰ ਇਹ ਪਰਵਾਸੀ ਆਪਣੇ ਰਾਜ ਵਿਚ ਅਪਰਾਧ ਕਰ ਕੇ ਪੰਜਾਬ ਵਿਚ ਆ ਕੇ ਰਹਿਣ ਲੱਗ ਜਾਂਦੇ ਹਨ ਅਤੇ ਇੱਥੇ ਆਪਣੇ ਨਵੇਂ ਪਛਾਣ ਪੱਤਰ ਬਣਵਾ ਲੈਂਦੇ ਹਨ।

ਜ਼ਿਆਦਾ ਕਰਕੇ ਉਹ ਦੋ-ਦੋ ਪਛਾਣ ਪੱਤਰ ਲਈ ਫਿਰਦੇ ਹਨ ਅਤੇ ਇਸ ਮਾਮਲੇ ਵਿਚ ਪ੍ਰਸ਼ਾਸਨ ਨੇ ਕਦੇ ਵੀ ਜਾਂਚ-ਪੜਤਾਲ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਹੁਣ ਜਦ ਪੰਜਾਬ ਵਿਚ ਇਨ੍ਹਾਂ ਖ਼ਿਲਾਫ਼ ਆਵਾਜ਼ ਉੱਠਣ ਲੱਗੀ ਹੈ ਤਾਂ ਪੁਲਿਸ ਅਤੇ ਪ੍ਰਸ਼ਾਸਨ ਸਥਾਨਕ ਲੋਕਾਂ ਨੂੰ ਦਬਾਉਣ ਲੱਗੇ ਹਨ ਅਤੇ ਲੀਡਰਾਂ ਦੀ ਸ਼ਹਿ 'ਤੇ ਪਰਚੇ ਦਰਜ ਕਰਨ ਦੀਆਂ ਧਮਕੀਆਂ ਦੇਣ ਲੱਗ ਪਏ ਹਨ। ਸਾਨੂੰ ਹਾਲੇ ਵੀ ਸਮਝ ਤੋਂ ਕੰਮ ਲੈਂਦੇ ਹੋਏ ਆਪਣੇ ਪੰਜਾਬ ਨੂੰ ਸੰਭਾਲਣ ਦੀ ਲੋੜ ਹੈ। ਨਵੀਂ ਪੀੜ੍ਹੀ ਨੂੰ ਵਿਦੇਸ਼ ਦਾ ਮੋਹ ਤਿਆਗਣਾ ਚਾਹੀਦਾ ਹੈ। ਆਓ! ਆਪਣਾ ਪੰਜਾਬੀ ਸੂਬਾ ਸੰਭਾਲ ਲਈਏ, ਪੰਜਾਬੀਅਤ ਨੂੰ ਜਿਉਂਦਾ ਰੱਖ ਲਈਏ। ਉਸ ਬੱਚੇ ਨੂੰ ਤਾਂ ਅਸੀਂ ਵਾਪਸ ਨਹੀਂ ਲਿਆ ਸਕਦੇ ਪਰ ਹੋਰ ਕਿਸੇ ਦੀ ਕੁੱਖ ਇਸ ਤਰ੍ਹਾਂ ਨਾ ਉੱਜੜੇ, ਇਸ ਲਈ ਸਾਨੂੰ ਸਭ ਨੂੰ ਅੱਗੇ ਆਉਣਾ ਚਾਹੀਦਾ ਹੈ ਅਤੇ ਪੰਜਾਬ ਦੀ ਹੋਂਦ ਬਚਾਉਣੀ ਪੈਣੀ ਹੈ। ਸਾਨੂੰ ਸਾਰੇ ਪੰਜਾਬੀਆਂ ਨੂੰ ਪੰਜਾਬ ਦੇ ਵਾਰਿਸ ਬਣਨਾ ਪੈਣਾ ਹੈ। ਨਹੀਂ ਤਾਂ ਇਕ ਦਿਨ ਅਸੀਂ ਇਹੀ ਕਹਿੰਦੇ ਸੁਣਾਈ ਦੇਵਾਂਗੇ ਕਿ ਸਾਡਾ ਪੰਜਾਬ ਕਿੱਥੇ ਗੁਆਚ ਗਿਆ?

-ਡਾ. ਸੁਖਰਾਜ ਸਿੰਘ ਬਾਜਵਾ

## ਬੱਚੀ ਨਾਲ ਛੇੜਛਾੜ ਕਰਨ ਵਾਲੇ ਨੂੰ ਮਿਸਾਲੀ ਸਜ਼ਾ ਦਿੱਤੀ ਜਾਵੇ : ਮੁਹੱਲਾ ਵਾਸੀ

### ਪ੍ਰਵਾਸੀਆਂ 'ਤੇ ਸਖ਼ਤੀ ਵਰਤੇ ਪੰਜਾਬ ਸਰਕਾਰ





ਮਕਸੂਦਾਂ : ਬੀਤੇ ਦਿਨਾਂ ਤੋਂ ਪ੍ਰਵਾਸੀਆਂ ਵਲੋਂ ਕੀਤੀਆਂ ਜਾ ਰਹੀਆਂ ਅਧਰਾਧਿਕ ਘਟਨਾਵਾਂ ਕਰਕੇ ਲੋਕਾਂ ਦੇ ਮਨਾਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਹੁਸ਼ਿਆਰਪੁਰ 'ਚ ਪ੍ਰਵਾਸੀ ਵਲੋਂ ਇਕ 5 ਸਾਲਾ ਬੱਚੇ ਦੇ ਕਤਲ ਤੋਂ ਬਾਅਦ ਅੱਜ ਫਿਰ ਪ੍ਰੀਤ ਨਗਰ ਸੋਢਲ ਦੇ ਖੇਤਰ 'ਚ ਇਕ ਪ੍ਰਵਾਸੀ ਵਲੋਂ ਕਰੀਬ 5 ਸਾਲ ਦੀ ਮਾਸੂਮ ਬੱਚੀ ਨਾਲ ਛੇੜ ਛਾੜ ਕਰਨ ਤੇ ਜਬਰ ਜਬਰ ਦੀ ਕੋਸ਼ਿਸ਼ ਦਾ ਮਾਮਲਾ ਸਾਹਮਣੇ ਆਉਣ 'ਤੇ ਮੁਹੱਲਾ ਬਸਤੀ ਭੂਰੇ ਖਾ ਪ੍ਰੀਤ ਨਗਰ ਦੇ ਲੋਕਾਂ 'ਚ ਰੋਸ ਪਾਇਆ ਜਾ ਰਿਹਾ ਹੈ। ਇਸ ਮੌਕ ਸਮਾਜ ਸੇਵੀ ਮਨਦੀਪ ਸਿੰਘ ਦੁਸਾਂਝ ਦੀ ਅਗਵਾਈ 'ਚ ਮੁਹੱਲਾ ਨਿਵਾਸੀ ਰਾਜਾ, ਕਨੂੰ, ਮਯੰਕ, ਹਨੀ, ਪਿ੍ਰੰਸ, ਸੋਨਾ ਤੇ ਹੋਰਨਾਂ ਨੇ ਅਪਰਾਧਿਕ ਪ੍ਰਵਿਰਤੀ ਵਾਲੇ ਪ੍ਰਵਾਸੀਆਂ 'ਤੇ ਸਖ਼ਤ ਕਾਰਵਾਈ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਬੱਚੀ ਨਾਲ ਛੇੜਛਾੜ ਕਰਨ ਵਾਲੇ ਨੂੰ ਮਿਸਾਲੀ ਸਜ਼ਾ ਦਿੱਤੀ ਜਾਵੇ। ਲੋਕਾਂ ਦਾ ਕਹਿਣਾ ਹੈ ਕਿ ਦਿਨੋਂ ਦਿਨ ਪ੍ਰਵਾਸੀਆਂ ਵਲੋਂ ਕੀਤੀਆਂ ਜਾ ਰਹੀਆਂ ਅਧਰਾਧਿਕ ਘਟਨਾਵਾਂ ਕਾਰਨ ਉਨ੍ਹਾਂ ਦੇ ਮਨਾਂ 'ਚ ਖੌਫ ਪਾਇਆ ਜਾ ਰਿਹਾ ਹੈ। ਉਨ੍ਹਾਂ ਸਰਕਾਰ ਨੂੰ ਤਾੜਨਾ ਕੀਤੀ ਕਿ ਬਿਨ੍ਹਾਂ ਕਿਸੇ ਸ਼ਰਤ, ਇਨ੍ਹਾਂ ਪ੍ਰਵਾਸੀਆਂ ਨੂੰ ਪੰਜਾਬ 'ਚ ਜ਼ਮੀਨ ਖਰੀਦਣ, ਆਧਾਰ ਕਾਰਡ ਬਣਾਉਣ ਤੇ ਹੋਰ ਸ਼ਨਾਖਤੀ ਦਸਤਾਵੇਜ਼ ਬਣਾਉਣ 'ਤੇ ਤੁਰੰਤ ਰੋਕ ਲਗਾਈ ਜਾਵੇ।

## ਆਓ ਇਕੱਠੇ ਹੋਈ

# ਹਨੇਰੇ ਨੂੰ ਚੁਣੌਤੀ ਦੇਈਏ

## ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ



ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਇਕ ਬਹਾਦਰ ਮਾਨਵ ਅਧਿਕਾਰਾਂ ਦੇ ਸਰਗਰਮ ਕਾਰਕੁੰਨ ਸਨ ਜਿਨ੍ਹਾਂ ਨੇ 1990 ਦੇ ਦਹਾਕੇ ਦੌਰਾਨ ਪੰਜਾਬ ਵਿੱਚ ਮਾਨਵ ਅਧਿਕਾਰਾਂ ਦੀ ਉਲੰਘਣਾਂ ਦਾ ਪਰਦਾਫਾਸ਼ ਕੀਤਾ। ਉਨ੍ਹਾਂ ਦੀ ਸਖ਼ਤ ਮਿਹਨਤ ਨੇ ਹਜ਼ਾਰਾਂ ਜ਼ਬਰਦਸਤੀ ਗਾਇਬ ਹੋਣ ਦੇ ਕੇਸ, ਨਕਲੀ ਮੁਕਾਬਲੇ ਅਤੇ ਗੁਪਤ ਅੰਤਿਮ ਸੰਸਕਾਰਾਂ ਦਾ ਖ਼ੁਲਾਸਾ ਕੀਤਾ ਜੋ ਸਭ ਪੰਜਾਬ ਪੁਲਿਸ ਵੱਲੋਂ ਕਰਵਾਏ ਗਏ ਸਨ। ਭਾਵੇਂ ਉਨ੍ਹਾਂ ਨੂੰ ਵੱਡੇ ਖ਼ਤਰੇ ਦਾ ਸਾਹਮਣਾ ਕਰਨਾ ਪਿਆ, ਪਰ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਦ੍ਰਿੜਤਾ ਨੇ ਅਨੇਕਾਂ ਸਿੱਖ ਪਰਿਵਾਰਾਂ ਦੀ ਪੀੜਾ ਨੂੰ ਦੁਨੀਆਂ ਸਾਹਮਣੇ ਰੱਖਿਆ। ਉਨ੍ਹਾਂ ਦੀ ਵਿਰਾਸਤ ਅੱਜ ਵੀ ਸੱਚਾਈ ਅਤੇ ਇਨਸਾਫ਼ ਦੀ ਖੋਜ ਕਰਨ ਵਾਲਿਆਂ ਲਈ ਪ੍ਰੇਰਣਾ ਬਣੀ ਹੋਈ ਹੈ।

### ਮੁੱਖ ਬੁਲਾਰੇ



ਸ੍ਰ. ਅਮਰੀਕ ਸਿੰਘ ਮੁਕਤਸਰ
(ਮਨੁੱਖੀ ਅਧਿਕਾਰ ਸੰਗਠਨ)



ਸ੍ਰ. ਰਾਜਵਿੰਦਰ ਸਿੰਘ ਬੈਂਸ
(ਪੰਜਾਬ ਮਨੁੱਖੀ ਅਧਿਕਾਰ ਸੰਗਠਨ)



ਬੀਬੀ ਪਰਮਜੀਤ ਕੌਰ ਖਾਲੜਾ
( ਪਤਨੀ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ)



ਨਵਕਿਰਨ ਕੌਰ ਖਾਲੜਾ
(ਸਪੁੱਤਰੀ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ)



ਫਾਦਰ ਜੋਸ਼ੂਆ ਲਿਕਟਰ
(ਮਨੁੱਖੀ ਅਧਿਕਾਰ ਸੰਗਠਨ)



ਸ੍ਰ. ਨਿੰਦਰ ਸਿੰਘ
(ਜੈਕਾਰਾ ਲਹਿਰ)



ਡਾ. ਗੁਰਿੰਦਰ ਸਿੰਘ ਗਰੇਵਾਲ
(ਸੰਸਥਾਪਕ ਵਰਲਡ ਸਿੱਖ ਨਿਊਜ਼)

# Be The Light Against The Darkness

Date : September 27, 2025

Location : 15557 Fifth St Lathrop, CA 95330

(Lathrop Community Center)

Time 4.00 PM - 8.00 PM

Candlelight In Memory of The Shaheeds

For Any Information Please Contact : Khalramission@gmail.com

# ਕੇਂਦਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿ ਜਾਣ ਵਾਲੇ ਸ਼ਰਧਾਲੂਆਂ ਦੇ ਜਥੇ 'ਤੇ ਲਗਾਈ ਰੋਕ

ਨਵੀਂ ਦਿੱਲੀ : ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੂਰਬ ਮੌਕੇ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਜਾਣ ਵਾਲੇ ਸਿੱਖ ਸ਼ਰਧਾਲੂਆਂ ਦਾ ਜੱਥਾ ਇਸ ਵਾਰ ਪਾਕਿਸਤਾਨ ਨਹੀਂ ਜਾਵੇਗਾ। ਭਾਰਤ ਸਰਕਾਰ ਵਲੋਂ ਸੁਰੱਖਿਆ ਦੇ ਕਾਰਨਾਂ ਦਾ ਹਵਾਲਾ ਦਿੰਦਿਆਂ ਇਸ ਜਥੇ ਨੂੰ ਭੇਜਣ ਉੱਤੇ ਰੋਕ ਲਗਾ ਦਿੱਤੀ ਹੈ। ਕੇਂਦਰ ਸਰਕਾਰ ਦੇ ਗ੍ਰਹਿ ਮੰਤਰਾਲੇ ਨੇ ਪੰਜਾਬ ਸਮੇਤ ਹੋਰ ਸੂਬਿਆਂ ਦੇ ਮੁੱਖ ਸਕੱਤਰਾਂ ਨੂੰ ਪੱਤਰ ਲਿਖ ਕੇ ਇਹ ਜਾਣਕਾਰੀ ਦਿੱਤੀ ਹੈ। ਜਿਸ ਵਿੱਚ ਦੋਵਾਂ ਦੇਸ਼ਾਂ ਦਰਮਿਆਨ ਤਣਾਅ ਅਤੇ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੱਤਾ ਗਿਆ ਹੈ। ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ, ਹਰਿਆਣਾ, ਜੰਮੂ ਕਸ਼ਮੀਰ, ਦਿੱਲੀ, ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ ਦੀਆਂ ਸਰਕਾਰਾਂ ਦੇ ਮੁੱਖ ਸਕੱਤਰਾਂ ਨੂੰ ਪੱਤਰ ਭੇਜ ਕੇ ਪ੍ਰਕਾਸ਼ ਪੁਰਬ ਮੌਕੇ ਨਵੰਬਰ ਮਹੀਨੇ ਸਿੱਖ ਸ਼ਰਧਾਲੂਆਂ ਦਾ ਜੱਥਾ ਪਾਕਿਸਤਾਨ ਭੇਜਣ 'ਚ ਅਸਮਰੱਥਾ ਪ੍ਰਗਟਾਈ ਹੈ।

ਭਾਰਤ ਦੇ ਗ੍ਰਹਿ ਵਿਭਾਗ ਵਲੋਂ ਜਾਰੀ ਕੀਤੇ ਗਏ ਪੱਤਰ ਵਿਚ ਕਿਹਾ ਗਿਆ ਹੈ ਕਿ ਮੌਜੂਦਾ ਸੁਰੱਖਿਆ ਦ੍ਰਿਸ਼ ਨੂੰ ਧਿਆਨ ਵਿੱਚ ਰੱਖਦੇ ਹੋਏ ਅਤੇ ਪਾਕਿਸਤਾਨ ਨਾਲ ਮੌਜੂਦਾ ਸਥਿਤੀ ਦੇ ਕਾਰਨ ਨਵੰਬਰ 2025 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਭੇਜਣਾ ਸੰਭਵ ਨਹੀਂ ਹੋਵੇਗਾ। ਉਨ੍ਹਾਂ ਨੇ ਪੱਤਰ ਵਿੱਚ ਸ਼ਾਮਲ ਸਾਰੇ ਸੂਬਿਆਂ ਦੇ ਮੁੱਖ ਸਕੱਤਰਾਂ ਨੂੰ ਕਿਹਾ ਕਿ ਉਹ ਆਪੋ-ਆਪਣੇ ਸੂਬਿਆਂ ਵਿੱਚ ਸਿੱਖ ਸੰਗਠਨਾਂ ਨੂੰ ਇਸ ਸਥਿਤੀ ਬਾਰੇ ਜਾਣੂ ਕਰਾਉਣ ਅਤੇ ਅਰਜ਼ੀਆਂ ਤੇ ਪਾਸਪੋਰਟ ਭੇਜਣ ਦੀ ਪ੍ਰਕਿਰਿਆ ਸ਼ੁਰੂ ਨਾ ਕੀਤੀ ਜਾਵੇ।

ਦੱਸ ਦੇਈਏ ਕਿ ਸ਼੍ਰੋਮਣੀ ਕਮੇਟੀ ਵੱਲੋਂ ਪੰਜਾਬ, ਹਰਿਆਣਾ, ਦਿੱਲੀ ਰਾਜਸਥਾਨ, ਗੁਜਰਾਤ, ਜੰਮੂ ਕਸ਼ਮੀਰ, ਉੱਤਰਾਖੰਡ, ਉੱਤਰ ਪ੍ਰਦੇਸ਼ ਸਮੇਤ ਹੋਰਨਾਂ ਸੂਬਿਆਂ ਤੋਂ ਹਰ ਸਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਭੇਜਿਆ ਜਾਂਦਾ ਹੈ। ਓਥੇ ਵੱਖ-ਵੱਖ ਗੁਰਧਾਮਾਂ ਦੇ ਦਰਸ਼ਨ ਕਰਨ ਉਪਰੰਤ ਸ਼ਰਧਾਲੂਆਂ ਦਾ ਇਹ ਜਥਾ ਵਾਪਸ ਭਾਰਤ ਪਰਤਦਾ ਹੈ।



ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਸਮੇਤ ਗੁਰਦੁਆਰਾ ਜਨਮ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ ਚੂਨਾ ਮੰਡੀ ਲਾਹੌਰ, ਗੁਰਦੁਆਰਾ ਸ਼ਹੀਦੀ ਅਸਥਾਨ ਸ੍ਰੀ ਗੁਰੂ ਅਰਜਨ ਦੇਵ ਜੀ, ਗੁਰਦੁਆਰਾ ਸ੍ਰੀ ਪੰਜਾ ਸਾਹਿਬ ਹਸਨ ਅਬਦਾਲ ਰਾਵਲਪਿੰਡੀ, ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ ਨਾਰੋਵਾਲ, ਗੁਰਦੁਆਰਾ ਸੱਚਾ ਸੌਦਾ ਚੂੜਕਾਣਾ ਤੇ ਗੁਰਦੁਆਰਾ ਰੋੜੀ ਸਾਹਿਬ ਫਾਰੂਕਾਬਾਦ ਦੇ ਦਰਸ਼ਨਾਂ ਨੂੰ ਜਾਣ ਵਾਲੀਆਂ ਸਿੱਖ ਸੰਗਤਾਂ ਇਸ ਵਾਰ ਪਾਕਿਸਤਾਨ ਵਿਚਲੇ ਵਿਛੜੇ ਗੁਰਧਾਮਾਂ ਦੇ ਦਰਸ਼ਨਾਂ ਤੋਂ ਵਾਂਝੇ ਰਹਿਣਗੀਆਂ।

ਇਥੇ ਇਹ ਦੱਸਣਾ ਬਣਦਾ ਹੈ ਕਿ ਪਹਿਲਗਾਮ ਵਿੱਚ ਅੱਤਵਾਦੀ ਹਮਲੇ ਮਗਰੋਂ ਭਾਰਤ ਨੇ ਪਾਕਿਸਤਾਨ ਨਾਲ ਕੂਟਨੀਤਕ ਅਤੇ ਹੋਰ ਸਬੰਧ ਤੋੜ ਲਏ ਸਨ। ਇਸ ਦੇ ਮੱਦੇਨਜ਼ਰ ਅਟਾਰੀ ਸਰਹੱਦ ਨੂੰ ਦੁਵੱਲੇ ਵਪਾਰ ਅਤੇ ਆਵਾਜਾਈ ਵਾਸਤੇ ਬੰਦ ਕਰ ਦਿੱਤਾ ਗਿਆ ਸੀ। ਇਸ ਦੌਰਾਨ ਦੋਵਾਂ ਦੇਸ਼ਾਂ ਵਿਚਾਲੇ ਜੰਗੀ ਹਾਲਾਤ ਵੀ ਬਣ ਗਏ ਸਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਸਿੱਖ ਸ਼ਰਧਾਲੂਆਂ ਨੂੰ ਪਾਕਿਸਤਾਨ ਨਾ ਭੇਜੇ ਜਾਣ ਸਬੰਧੀ ਫਿਲਹਾਲ ਸਿੱਖ ਸੰਸਥਾ ਨੂੰ ਕੋਈ ਪੱਤਰ ਨਹੀਂ ਮਿਲਿਆ। ਇਹ ਪੱਤਰ ਸੂਬਾ ਸਰਕਾਰ ਨੂੰ ਭੇਜਿਆ ਗਿਆ ਹੈ ਅਤੇ ਉਸ ਵੱਲੋਂ ਹੀ ਇਸ ਬਾਰੇ ਸੂਚਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਬਾਰੇ ਅਧਿਕਾਰਤ ਜਾਣਕਾਰੀ ਮਿਲਣ ਮਗਰੋਂ ਹੀ ਕੋਈ ਟਿੱਪਣੀ ਕੀਤੀ ਜਾ ਸਕਦੀ ਹੈ। ਹਾਲਾਂਕਿ, ਉਨ੍ਹਾਂ ਕਿਹਾ ਕਿ ਜੇਕਰ ਭਾਰਤ ਤੇ ਪਾਕਿਸਤਾਨ ਦੀਆਂ ਕ੍ਰਿਕਟ ਟੀਮਾਂ ਦਰਮਿਆਨ ਮੈਚ ਹੋ ਸਕਦਾ ਹੈ ਤਾਂ ਸਿੱਖ ਸ਼ਰਧਾਲੂਆਂ ਦਾ ਜੱਥਾ ਵੀ ਭੇਜਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸਿੱਖ ਸ਼ਰਧਾਲੂ ਮੰਗ ਕਰ ਰਹੇ ਹਨ ਕਿ ਗੁਰਦੁਆਰਾ ਕਰਤਾਰਪੁਰ ਲਾਂਘਾ ਵੀ ਖੋਲ੍ਹਿਆ ਜਾਵੇ।

## ਭਾਰਤ ਪਾਕਿ ਵਿਚਾਲੇ ਕ੍ਰਿਕਟ ਮੈਚ ਹੋ ਸਕਦਾ ਹੈ, ਸਿੱਖ ਸ਼ਰਧਾਲੂ ਗੁਰਪੁਰਬ ਲਈ ਪਾਕਿਸਤਾਨ ਕਿਉਂ ਨਹੀਂ ਜਾ ਸਕਦੇ: ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ

ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਭਾਰਤ ਸਰਕਾਰ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਮੌਕੇ ਨਵੰਬਰ ਮਹੀਨੇ ਵਿੱਚ ਸਿੱਖ ਸ਼ਰਧਾਲੂਆਂ ਦਾ ਜਥਾ ਇਸ ਸਾਲ ਭਾਰਤ ਤੋਂ ਪਾਕਿਸਤਾਨ ਨਾ ਭੇਜਣ ਦੇ ਫ਼ੈਸਲੇ ਨੂੰ ਗ਼ਲਤ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਦੋਵੇਂ ਦੇਸ਼ਾਂ ਵਿਚਕਾਰ ਕ੍ਰਿਕਟ ਖੇਡਿਆ ਜਾ ਸਕਦਾ ਹੈ ਤਾਂ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਕਿਉਂ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਦੋਵੇਂ ਦੇਸ਼ਾਂ ਵਿਚਕਾਰ ਹੋਏ ਸਮਝੌਤੇ ਅਨੁਸਾਰ ਹਰ ਸਾਲ ਸਿੱਖ ਜਥੇ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨ ਕਰਨ ਲਈ ਜਾਂਦੇ ਹਨ, ਪਰ ਭਾਰਤ ਸਰਕਾਰ ਵੱਲੋਂ ਇਸ ਵਾਰ ਲਏ ਗਏ ਫ਼ੈਸਲੇ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਪ੍ਰਕਾਸ਼ ਗੁਰਪੁਰਬ ਮੌਕੇ ਸਮਾਗਮਾਂ ਵਿੱਚ ਸ਼ਮੂਲੀਅਤ ਤੋਂ ਸਿੱਖ ਸੰਗਤ ਨੂੰ ਵਾਂਝੇ ਰੱਖਣਾ ਬਿਲਕੁਲ ਗਲਤ ਹੈ।



ਸਿੱਖ ਜਥੇਬੰਦੀਆਂ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਨਵੰਬਰ ਮਹੀਨੇ ਵਿੱਚ ਸਿੱਖ ਸ਼ਰਧਾਲੂਆਂ ਦੇ ਜੱਥੇ ਪਾਕਿਸਤਾਨ ਭੇਜਣ ਦੀ ਪ੍ਰਵਾਨਗੀ ਦਿੱਤੀ ਜਾਵੇ। ਕੇਂਦਰੀ ਗ੍ਰਹਿ ਮੰਤਰਾਲੇ ਦੇ ਅੰਡਰ ਸੈਕਟਰੀ ਵੱਲੋਂ ਪੰਜਾਬ, ਹਰਿਆਣਾ, ਜੰਮੂ ਕਸ਼ਮੀਰ, ਉੱਤਰਾਖੰਡ, ਦਿੱਲੀ ਆਦਿ ਰਾਜਾਂ ਦੇ ਪ੍ਰਮੁੱਖ ਸਕੱਤਰਾਂ ਨੂੰ ਇੱਕ ਪੱਤਰ ਭੇਜ ਕੇ ਆਖਿਆ ਗਿਆ ਹੈ ਕਿ ਭਾਰਤ ਤੇ ਪਾਕਿਸਤਾਨ ਵਿਚਾਲੇ ਮੌਜੂਦਾ ਹਾਲਾਤ ਅਤੇ ਸੁਰੱਖਿਆ ਕਾਰਨਾਂ ਦੇ ਮੱਦੇਨਜ਼ਰ ਸਿੱਖ ਸ਼ਰਧਾਲੂਆਂ ਦਾ ਜੱਥਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਭੇਜਣਾ ਸੰਭਵ ਨਹੀਂ ਹੈ। ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਕੀਤੀ ਇਸ ਐਡਵਾਈਜ਼ਰੀ ਦੇ ਸਾਹਮਣੇ ਆਉਣ ਤੋਂ ਬਾਅਦ ਸਿੱਖ ਜਥੇਬੰਦੀਆਂ ਵੱਲੋਂ ਇਸ ਮਾਮਲੇ ਵਿੱਚ ਕੇਂਦਰ ਸਰਕਾਰ 'ਤੇ ਸਿੱਖ ਭਾਵਨਾਵਾਂ ਨੂੰ ਅਣਗੌਲਿਆ ਕੀਤੇ ਜਾਣ ਦਾ ਦੋਸ਼ ਲਾਇਆ ਗਿਆ। ਏਸ਼ੀਆ ਕੱਪ ਵਿਚ ਭਾਰਤ ਤੇ ਪਾਕਿਸਤਾਨ ਦਰਮਿਆਨ ਖੇਡੇ ਗਏ ਕ੍ਰਿਕਟ ਮੈਚ ਦਾ ਹਵਾਲਾ ਦਿੰਦਿਆਂ ਇਸ ਫੈਸਲੇ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਗਈ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਸਿੱਖ ਸ਼ਰਧਾਲੂਆਂ ਦਾ ਜੱਥਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਸਥਿਤ ਗੁਰੂ ਧਾਮਾਂ 'ਤੇ ਨਤਮਸਤਕ ਹੋਣ ਲਈ ਜਾਣ ਦੀ ਆਗਿਆ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਇਸ ਐਡਵਾਈਜ਼ਰੀ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਉਨ੍ਹਾਂ ਅਪੀਲ ਕੀਤੀ ਹੈ ਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਲਾਂਘਾ ਵੀ ਖੋਲ੍ਹਿਆ ਜਾਵੇ। ਨਵੇਂ ਗਠਤ ਕੀਤੇ ਗਏ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਸ ਮਾਮਲੇ ਵਿੱਚ ਕੇਂਦਰ ਸਰਕਾਰ 'ਤੇ ਦੋਸ਼ ਲਾਇਆ ਹੈ ਕਿ ਨਨਕਾਣਾ ਸਾਹਿਬ ਗੁਰਪੁਰਬ ਮਨਾਉਣ ਜਾ ਰਹੇ ਜਥੇ 'ਤੇ ਭਾਰਤ ਸਰਕਾਰ ਵੱਲੋਂ ਪਾਬੰਦੀ ਸਿੱਖਾਂ ਦੇ ਧਾਰਮਿਕ ਅਧਿਕਾਰ ਨੂੰ ਕੁਚਲਣ ਦੀ ਕਾਰਵਾਈ ਹੈ। ਉਨ੍ਹਾਂ ਕਿਹਾ ਕਿ ਜੇਕਰ ਭਾਰਤ ਪਾਕਿਸਤਾਨ ਦਰਮਿਆਨ ਮੈਚ ਹੋ ਸਕਦਾ ਤਾਂ ਸਿੱਖ ਯਾਤਰੀਆਂ 'ਤੇ ਪਾਬੰਦੀ ਕਿਉਂ। ਉਨ੍ਹਾਂ ਕਿਹਾ ਕਿ ਜੰਗ ਦੀ ਆੜ ਵਿਚ ਕਰਤਾਰਪੁਰ ਕੋਰੀਡੋਰ ਨਾ ਖੋਲ੍ਹਣਾ ਭਾਰਤ ਸਰਕਾਰ ਦੀ ਸਿੱਖਾਂ ਪ੍ਰਤੀ ਬੇਈਮਾਨੀ ਹੈ ਜਦੋਂ ਕਿ ਇਸ ਤੋਂ ਪਹਿਲਾਂ ਭਾਰਤ ਪਾਕਿਸਤਾਨ ਦਰਮਿਆਨ ਹੋਈਆ ਤਿੰਨ ਜੰਗਾਂ ਦੌਰਾਨ ਵੀ ਯਾਤਰਾ ਨਹੀਂ ਰੋਕੀ ਗਈ ਸੀ। ਉਨ੍ਹਾਂ ਦੋਸ਼ ਲਾਇਆ ਕਿ ਸਿੱਖਾਂ ਦੇ ਮਾਮਲੇ ਵਿੱਚ ਏਜੰਸੀਆਂ ਸਰਕਾਰ ਨੂੰ ਗੁਮਰਾਹ ਕਰ ਰਹੀਆਂ ਹਨ। ਇਸ ਤਰ੍ਹਾਂ ਦੀ ਪਾਬੰਦੀ ਮੁਗਲ ਕਾਲ ਸਮੇਂ ਵੀ ਨਹੀਂ ਲੱਗੀ।

## ਕੇਂਦਰ ਵੱਲੋਂ ਜਥੇ ਨੂੰ ਨਨਕਾਣਾ ਸਾਹਿਬ ਜਾਣ ਤੋਂ ਰੋਕਣਾ ਸਿੱਖਾਂ ਦੇ ਧਾਰਮਿਕ ਅਧਿਕਾਰਾਂ 'ਤੇ ਡਾਕਾ : ਗਿ. ਹਰਪ੍ਰੀਤ ਸਿੰਘ

ਲੁਧਿਆਣਾ : ਕੇਂਦਰ ਸਰਕਾਰ ਵੱਲੋਂ ਇਸ ਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪ੍ਰਕਾਸ਼ ਉਤਸਵ ਮੌਕੇ ਸੰਗਤ ਦੇ ਜਥੇ ਨੂੰ ਨਨਕਾਣਾ ਸਾਹਿਬ ਨਾ ਜਾਣ ਦੇਣ ਦੀ ਚਿੱਠੀ ਘੱਲੀ ਹੈ, ਇਹ ਕੇਂਦਰ ਸਰਕਾਰ ਦਾ ਸਿੱਖਾਂ ਦੇ ਧਾਰਮਕ ਅਧਿਕਾਰ 'ਤੇ ਡਾਕੇ ਦੇ ਬਰਾਬਰ ਹੈ। ਇਹ ਸ਼ਬਦ ਗਿ. ਹਰਪ੍ਰੀਤ ਸਿੰਘ ਨੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਕਹੇ।

ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਸ ਤੋਂ ਪਹਿਲਾਂ 1965, 1971 ਤੇ ਕਾਰਗਿਲ ਦੀ ਲੜਾਈ ਮੌਕੇ ਸਾਡੇ ਜਥੇ ਪਾਕਿਸਤਾਨ ਜਾਂਦੇ ਰਹੇ, ਪਰ ਇਸ ਵਾਰ ਕੇਂਦਰ ਸਰਕਾਰ ਕ੍ਰਿਕਟ ਦਾ ਮੈਚ ਕਰਵਾਉਣ ਲਈ ਹਾਮੀ ਭਰ ਗਈ, ਪਰ ਸਾਡੇ ਸਿਖ ਕੌਮ ਦੇ ਦਰਸ਼ਨ ਦੀਦਾਰ ਵਾਲੇ ਜਥੇ ਨੂੰ ਰੋਕ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਧਰਮ ਦੇ ਵਿਅਕਤੀ ਨੂੰ ਉਸ ਦੇ ਧਰਮ-ਅਸਥਾਨ 'ਤੇ ਜਾਣ ਤੋਂ ਨਹੀਂ ਰੋਕਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਸਿੱਖ ਤਾਂ ਕੇਵਲ ਪਾਕਿਸਤਾਨ ਆਪਣੇ ਵਿਛੜੇ ਧਾਰਮਕ ਸਥਾਨਾਂ ਦੇ ਦਰਸ਼ਨ ਕਰਨ ਲਈ ਜਾਂਦੇ ਹਨ ਤੇ ਉਨ੍ਹਾਂ ਨੂੰ ਵੇਖ ਕੇ ਅੱਖਾਂ ਨਮ ਕਰਦੇ ਹਨ ਅਤੇ ਕੀਰਤਨ ਸੁਣਨ ਉਪਰੰਤ ਕੜਾਹ ਪ੍ਰਸ਼ਾਦ ਲੈ ਕੇ ਵਾਪਸ ਆ ਜਾਂਦੇ ਹਨ, ਨਾ ਕਿ ਸਿੱਖ ਐਸੀ ਕਾਰਵਾਈ ਕਰਦੇ ਹਨ ਜਿਸ ਦਾ ਡਰ ਹੋਵੇ। ਉਨਾਂ ਕਿਹਾ ਕਿ ਪਿਛਲੇ ਦਿਨੀਂ ਲੜਾਈ ਦੇ ਕਾਰਨ ਕਰਤਾਰਪੁਰ ਸਾਹਿਬ ਲਾਂਘਾ ਵੀ ਕੇਂਦਰ ਸਰਕਾਰ ਨੇ ਬੰਦ ਕਰ ਦਿੱਤਾ, ਜਿੱਥੇ ਕਰੋੜਾਂ ਸਿੱਖਾਂ ਦੀ ਅਥਾਹ ਸ਼ਰਧਾ ਹੈ। ਸਿੱਖ ਉਸ ਦੇ ਖੁੱਲ੍ਹਣ ਦਾ ਇੰਤਜ਼ਾਰ ਕਰ ਰਹੇ ਹਨ, ਪਰ ਕੇਂਦਰ ਸਰਕਾਰ ਫਿਲਹਾਲ ਚੁੱਪ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਅੱਜ ਕੇਂਦਰ ਦੀ ਚਿੱਠੀ ਨਾਲ ਮਨ ਨੂੰ ਸੱਟ ਲੱਗੀ। ਉਨ੍ਹਾਂ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤ ਨੂੰ ਅਪੀਲ ਕੀਤੀ ਕਿ ਉਹ ਆਪੋ-ਆਪਣੇ ਪੱਧਰ 'ਤੇ ਜਥਾ ਰੋਕੇ ਜਾਣ ਦਾ ਵਿਰੋਧ ਦਰਜ ਕਰਵਾਉਣ। ਚੰਗੀ ਗੱਲ ਹੋਵੇਗੀ ਜੇਕਰ ਕੇਂਦਰ ਆਪਣੇ ਫ਼ੈਸਲੇ 'ਤੇ ਮੁੜ ਵਿਚਾਰ ਕਰ ਕੇ ਇਸ ਨੂੰ ਹਰੀ ਝੰਡੀ ਦੇਵੇ।



## ਪ੍ਰਕਾਸ਼ ਪੁਰਬ ਮੌਕੇ ਸਿੱਖ ਜੱਥੇ ਨੂੰ ਪਾਕਿਸਤਾਨ ਯਾਤਰਾ ਤੋਂ ਰੋਕਣਾ ਸਰਕਾਰ ਦੀ ਬਦਨੀਅਤ ਦਾ ਨਤੀਜਾ : ਗਿਆਨੀ ਰਘਬੀਰ ਸਿੰਘ

ਅੰਮ੍ਰਿਤਸਰ : ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਜਾਣ ਵਾਲੇ ਸਿੱਖ ਜਥੇ ਨੂੰ ਭਾਰਤ ਸਰਕਾਰ ਵਲੋਂ ਇਜਾਜ਼ਤ ਨਾ ਦੇਣ ਦੀ ਕਾਰਵਾਈ ਨੂੰ ਸਿੱਖਾਂ ਪ੍ਰਤੀ ਸਰਕਾਰ ਦੀ ਬਦਨੀਅਤ ਕਰਾਰ ਦਿੱਤਾ ਹੈ। ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਅਪ੍ਰੈਲ ਮਹੀਨੇ ਪਹਿਲਗਾਓਂ ਅੱਤਵਾਦੀ ਹਮਲੇ ਅਤੇ ਭਾਰਤ-ਪਾਕਿਸਤਾਨ ਵਿਚਾਲੇ ਹੋਈ ਹਵਾਈ ਜੰਗ ਉਪਰੰਤ ਦੋਵਾਂ ਦੇਸ਼ਾਂ ਵਿਚਾਲੇ ਪੈਦਾ ਹੋਈ ਕੁੜੱਤਣ ਤੋਂ ਬਾਅਦ ਪਾਕਿਸਤਾਨ ਰਾਹੀਂ ਅਫਗਾਨਿਸਤਾਨ ਤੋਂ ਆਏ ਟਰੱਕਾਂ ਵਾਸਤੇ ਅਟਾਰੀ-ਵਾਹਗਾ ਸਰਹੱਦ ਖੋਲ੍ਹੀ ਗਈ ਸੀ। ਦੋਵਾਂ ਦੇਸ਼ਾਂ ਦੇ ਦੂਤਘਰ ਵੀ ਇਕ ਦੂਜੇ ਦੇ ਮੁਲਕਾਂ ਵਿਚ ਖੁੱਲ੍ਹੇ ਹਨ। ਇਸ ਤੋਂ ਬਾਅਦ ਭਾਰਤ ਨੇ ਕੌਮਾਂਤਰੀ ਕ੍ਰਿਕਟ ਮੈਚਾਂ ਵਿਚ ਵੀ ਪਾਕਿਸਤਾਨ ਦੇ ਨਾਲ ਖੇਡਣ ਦਾ ਫੈਸਲਾ ਕੀਤਾ ਸੀ। ਜਿਸ ਤਹਿਤ ਏਸ਼ੀਆ ਕੱਪ-2025 ਤਹਿਤ 14 ਸਤੰਬਰ ਨੂੰ ਦੁਬਈ ਵਿਚ ਭਾਰਤ ਅਤੇ ਪਾਕਿਸਤਾਨ ਵਿਚਾਲੇ ਕ੍ਰਿਕਟ ਟੂਰਨਾਮੈਂਟ ਹੋਇਆ ਹੈ।



ਉਨ੍ਹਾਂ ਹੈਰਾਨੀ ਪ੍ਰਗਟ ਕੀਤੀ ਕਿ ਇਸ ਸਭ ਦੇ ਬਾਵਜੂਦ ਭਾਰਤ ਸਰਕਾਰ ਵਲੋਂ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਲਈ ਜਾਣ ਵਾਲੇ ਜਥੇ ਨੂੰ ਰੋਕ ਦਿੱਤਾ ਗਿਆ ਹੈ ਅਤੇ ਕਾਰਨ ਦੋਵਾਂ ਦੇਸ਼ਾਂ ਵਿਚਾਲੇ ਅਣਸੁਖਾਵੇਂ ਸਬੰਧਾਂ ਅਤੇ ਸੁਰੱਖਿਆ ਕਾਰਨਾਂ ਨੂੰ ਦੱਸਿਆ ਹੈ। ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਜ਼ੋਰ ਦੇ ਕੇ ਕਿਹਾ ਕਿ 1947 ਦੀ ਵੰਡ ਵਿਚ ਸਿੱਖਾਂ ਨੇ ਸਭ ਤੋਂ ਵੱਡਾ ਨੁਕਸਾਨ ਸਹਿਣ ਕੀਤਾ, ਜਿਸ ਵਿਚ ਪੰਜਾਬ ਦੀ ਵੰਡ ਅਤੇ ਪਾਕਿਸਤਾਨ ਵਿਚ ਰਹਿ ਗਏ ਪਵਿੱਤਰ ਗੁਰਧਾਮਾਂ ਤੋਂ ਵਿਛੋੜਾ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਸੰਨ 1950 ਦੇ ਨਹਿਰੂ-ਲਿਆਕਤ ਸਮਝੌਤੇ ਤਹਿਤ ਸਿੱਖ ਜਥਿਆਂ ਨੂੰ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਦੀ ਇਜਾਜ਼ਤ ਮਿਲੀ ਸੀ, ਜਿਸ ਤਹਿਤ ਹਰ ਸਾਲ ਵਿਸਾਖੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਮੇਤ ਚਾਰ ਵਾਰ ਸਿੱਖ ਸ਼ਰਧਾਲੂਆਂ ਦੇ ਜੱਥੇ ਪਾਕਿਸਤਾਨ ਜਾਂਦੇ ਸਨ। ਸਿੰਘ ਸਾਹਿਬ ਨੇ ਸਵਾਲ ਉਠਾਇਆ ਕਿ ਜਦੋਂ ਅਮਰਨਾਥ ਯਾਤਰਾ ਅੱਤਵਾਦੀ ਖਤਰਿਆਂ ਦੇ ਬਾਵਜੂਦ ਜਾਰੀ ਰਹਿੰਦੀ ਹੈ ਤਾਂ ਸਿੱਖ ਜਥਿਆਂ ਨੂੰ ਸੁਰੱਖਿਆ ਦੇ ਨਾਮ 'ਤੇ ਕਿਉਂ ਰੋਕਿਆ ਜਾ ਰਿਹਾ ਹੈ, ਜਦਕਿ ਹਰ ਯਾਤਰਾ ਦੌਰਾਨ ਪਾਕਿਸਤਾਨ ਵਿਚ ਸਿੱਖ ਯਾਤਰੀਆਂ ਨੂੰ ਉੱਚ ਪੱਧਰੀ ਸੁਰੱਖਿਆ ਮਿਲਦੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਫੈਸਲੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੇ ਹਨ ਅਤੇ ਭਾਰਤ-ਪਾਕਿਸਤਾਨ ਸਬੰਧਾਂ ਨੂੰ ਵੀ ਖਰਾਬ ਕਰਦੇ ਹਨ।

## ਭਾਰਤ ਸਰਕਾਰ ਆਪਣੇ ਫੈਸਲੇ ਤੇ ਮੁੜ ਵਿਚਾਰ ਕਰੇ: ਬਾਬਾ ਬਲਬੀਰ ਸਿੰਘ 96 ਕਰੋੜੀ

ਸ੍ਰੀ ਫਤਿਹਗੜ੍ਹ ਸਾਹਿਬ : ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਕਿਹਾ ਕਿ ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਵਿਖੇ ਮਨਾਏ ਜਾਂਦੇ ਵਿਸ਼ਾਲ ਪੱਧਰ ਤੇ ਪ੍ਰਕਾਸ਼ ਪੁਰਬ ਮੌਕੇ ਭਾਰਤ ਤੋਂ ਜਾਣ ਵਾਲੇ ਸਿੱਖ ਸ਼ਰਧਾਲੂਆਂ ਦੇ ਸਮੁੱਚੇ ਜਥੇ ਨੂੰ ਭੇਜਣ 'ਤੇ ਰੋਕ ਲਗਾਇਆ ਜਾਣਾ ਮੰਦਭਾਗਾ ਹੈ। ਪੰਜਾਬ, ਹਰਿਆਣਾ, ਦਿੱਲੀ, ਰਾਜਸਥਾਨ, ਗੁਜਰਾਤ, ਜੰਮੂ ਕਸ਼ਮੀਰ, ਉੱਤਰਾਖੰਡ, ਉੱਤਰ ਪ੍ਰਦੇਸ਼ ਸਮੇਤ ਹੋਰਨਾਂ ਰਾਜਾਂ ਤੋਂ ਇਕੱਤਰ ਹੋ ਕੇ ਭਾਰਤ ਤੋਂ ਪਾਕਿਸਤਾਨ ਜਾਣ ਵਾਲੇ ਸਿੱਖ ਸ਼ਰਧਾਲੂਆਂ ਦੇ ਸਮੁੱਚੇ ਜਥੇ ਨੂੰ ਪਾਕਿਸਤਾਨ ਅੰਦਰ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੱਤਾ। ਇਸ ਸੰਬੰਧੀ ਅੰਮ੍ਰਿਤਸਰ ਤੋਂ ਸਮੇਤ ਹੋਰ ਗੁਰਧਾਮਾਂ ਦੀ ਯਾਤਰਾ ਲਈ ਪਾਕਿਸਤਾਨ ਜਾਣ ਵਾਲੇ ਸਿੱਖ ਸ਼ਰਧਾਲੂਆਂ ਦੇ ਜਥੇ 'ਤੇ ਭਾਰਤ ਸਰਕਾਰ ਵਲੋਂ ਰੋਕ ਲਗਾਏ ਜਾਣ ਦੀ ਕਰੜੀ ਨਿੰਦਾ ਕੀਤੀ ਹੈ। ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਕਿਹਾ ਕਿ ਇਸ ਨਾਲ ਸਿੱਖ ਸ਼ਰਧਾਲੂਆਂ ਵਿੱਚ ਭਾਰੀ ਰੋਸ ਰੋਹ ਤੇ ਨਿਰਾਸ਼ਾ ਹੈ ਇਹ ਸਿੱਖ ਕੌਮ ਦੇ ਕੇਂਦਰੀ ਸਥਾਨ ਹਨ। ਇਸਦੀ ਧਾਰਮਿਕ ਮਹਾਨਤਾ ਨਿਵੇਕਲੀ ਤੇ ਮਾਣਯੋਗ ਹੈ ਇਹ ਸਿੱਖਾਂ ਦੇ ਹਿਰਦੇ ਤੇ ਭਾਰੀ ਸੱਟ ਮਾਰਨ ਵਾਲੀ ਕਾਰਵਾਈ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਭਾਰਤ ਪਾਕਿਸਤਾਨ ਦੀਆਂ ਟੀਮਾਂ ਵਿਚਕਾਰ ਮੈਚ ਖੇਡੇ ਜਾ ਰਹੇ ਹਨ ਪਰ ਆਪਣੇ ਧਾਰਮਿਕ ਅਸਥਾਨਾਂ ਦੀ ਯਾਤਰਾ ਕਰਨ ਦੀ ਭਾਵਨਾ ਰੱਖਣ ਵਾਲਿਆਂ ਨਾਲ ਸੁਰੱਖਿਆ ਦੇ ਨਾਂਅ 'ਤੇ ਵਿਤਕਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਸਿੱਖ ਸ਼ਰਧਾਲੂਆਂ ਦੀਆਂ ਭਾਵਨਾਵਾਂ ਨੂੰ ਧਿਆਨ 'ਚ ਰੱਖਦਿਆਂ ਬਿਨਾਂ ਦੇਰੀ ਜਥਾ ਭੇਜਣ ਦਾ ਐਲਾਨ ਕੀਤਾ ਜਾਵੇ।



# ਸ. ਸੁਖਜਿੰਦਰ ਸਿੰਘ ਰੰਧਾਵਾ ਵੱਲੋਂ ਕਰਤਾਰਪੁਰ ਸਾਹਿਬ ਕੋਰੀਡੋਰ ਖੋਲ੍ਹਣ ਅਤੇ ਪਾਕਿਸਤਾਨ ਵਿਚਲੇ ਗੁਰਧਾਮਾਂ ਲਈ ਯਾਤਰਾ ਮੁੜ ਕਰਨ ਲਈ ਕੇਂਦਰ ਸਰਕਾਰ ਨੂੰ ਪੱਤਰ



ਚੰਡੀਗੜ੍ਹ : ਕੇਂਦਰੀ ਗ੍ਰਹਿ ਮੰਤਰੀ ਸ਼੍ਰੀ ਅਮਿਤ ਸ਼ਾਹ ਜੀ ਨੂੰ ਪੱਤਰ ਲਿਖ ਕੇ ਲੋਕ ਸਭਾ ਮੈਂਬਰ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਨੇ ਸਿੱਖ ਸੰਗਤ ਲਈ ਕਰਤਾਰਪੁਰ ਕੋਰੀਡੋਰ ਖੋਲ੍ਹਣ ਸਮੇਤ ਪਾਕਿਸਤਾਨ ਵਿਚਲੇ ਸਮੁੱਚੇ ਸਿੱਖ ਗੁਰਧਾਮਾਂ ਦੀ ਯਾਤਰਾ ਮੁੜ ਬਹਾਲ ਕਰਨ ਦਾ ਮੁੱਦਾ ਉਠਾਇਆ। ਉਨ੍ਹਾਂ ਕਿਹਾ ਕਿ ਸਿੱਖਾਂ ਦੇ ਬਹੁਤ ਸਾਰੇ ਇਤਿਹਾਸਕ ਗੁਰਦੁਆਰੇ ਪਾਕਿਸਤਾਨ ਵਿੱਚ ਹਨ।

ਹਰ ਸਾਲ ਲੱਖਾਂ ਦੀ ਗਿਣਤੀ ਵਿੱਚ ਸੰਗਤ ਜਥਿਆਂ ਦੇ ਰੂਪ ਵਿੱਚ ਦੇਸ਼ ਵਿਦੇਸ਼ ਤੋਂ ਇਨ੍ਹਾਂ ਗੁਰਧਾਮਾਂ ਦੀ ਯਾਤਰਾ ਕਰਦੀ ਹੈ। ਹਰ ਸਿੱਖ ਦੀ ਇਹ ਦਿਲੀ ਸ਼ਰਧਾ ਅਤੇ ਇੱਛਾ ਹੁੰਦੀ ਹੈ ਕਿ ਨਵੰਬਰ ਵਿੱਚ ਆਉਣ ਵਾਲਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਵਨ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਵਿੱਚ ਜਾ ਕੇ ਮਨਾਵੇ। ਇਸ ਸਮੇਂ ਹਰ ਸਿੱਖ ਦਾ ਦਿਲ ਰੋ ਰਿਹਾ ਹੈ ਕਿ ਉਨ੍ਹਾਂ ਨੂੰ ਕਰਤਾਰਪੁਰ ਸਾਹਿਬ ਕੋਰੀਡੋਰ ਬੰਦ ਰੱਖ ਕੇ ਅਤੇ ਪਾਕਿਸਤਾਨ ਜਾਣ ਵਾਲੇ ਨਵੰਬਰ ਜਥੇ ਨੂੰ ਰੋਕਣ ਵਾਲੀ ਅਡਵਾਈਜ਼ਰੀ ਜਾਰੀ ਕਰਕੇ ਉਨ੍ਹਾਂ ਦਾ ਪਵਿੱਤਰ ਸੁਪਨਾ ਤੋੜਿਆ ਜਾ ਰਿਹਾ ਹੈ।

ਸਰਦਾਰ ਰੰਧਾਵਾ ਨੇ ਕਿਹਾ ਕਿ ਕਰਤਾਰਪੁਰ ਸਾਹਿਬ ਮੇਰੇ ਹਲਕੇ ਦੀ ਹੱਦ ਉੱਤੇ ਗੁਰੂ ਸਾਹਿਬ ਦਾ ਉਹ ਪਾਵਨ ਦਰ ਹੈ ਜਿਸਦੇ ਖੁੱਲ੍ਹਣ 'ਤੇ ਸਾਡੇ ਪਿੰਡਾਂ ਦੇ ਬਜ਼ੁਰਗਾਂ ਨੇ ਅੱਖਾਂ 'ਚ ਹੰਝੂ ਭਰ ਸ਼ੁਕਰਾਨੇ ਅਤੇ ਸਿਜਦੇ ਕੀਤੇ ਸਨ। ਅੱਜ ਉਸ ਦਰ ਕੋਲੋਂ ਦੂਰ ਹੋ ਕੇ ਇਨ੍ਹਾਂ ਲੋਕਾਂ ਦੀ ਵਿਆਕੁਲਤਾ ਦੇਖੀ ਨਹੀਂ ਜਾਂਦੀ।

ਉਨ੍ਹਾਂ ਕਿਹਾ ਕਿ ਦੇਸ਼ ਦੀਆਂ ਸਰਹੱਦਾਂ ਉੱਤੇ ਸਿੱਖ ਕੌਮ ਅੱਗੇ ਹੋ ਕੇ ਰੱਖਿਆ ਕਰਦੀ ਹੈ। ਅਸੀਂ ਸਿੱਖ ਅਮਨ ਪਸੰਦ ਅਤੇ ਸਰਬੱਤ ਦਾ ਭਲਾ ਮੰਗਣ ਵਾਲੀ ਕੌਮ ਹਾਂ। ਜਿਵੇਂ ਦੂਜੇ ਧਰਮਾਂ ਦੇ ਲੋਕਾਂ ਨੂੰ ਉਨ੍ਹਾਂ ਦੇ ਧਾਰਮਿਕ ਸਥਾਨਾਂ ਉੱਤੇ ਜਾਣ ਦੀ ਮਨਾਹੀ ਨਹੀਂ ਇਸੇ ਪ੍ਰਕਾਰ ਸਿੱਖ ਜਥਿਆਂ ਦੀ ਪਾਕਿਸਤਾਨ ਵਿਚਲੇ ਗੁਰਧਾਮਾਂ ਦੀ ਯਾਤਰਾ ਵੀ ਮੁੜ ਬਹਾਲ ਕੀਤੀ ਜਾਵੇ।

ਉਨ੍ਹਾਂ ਕਿਹਾ ਕਿ ਉਹ ਇਸ ਸੰਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੂੰ ਲੈ ਕੇ ਵੀ ਗ੍ਰਹਿ ਮੰਤਰੀ ਅਤੇ ਪ੍ਰਧਾਨ ਮੰਤਰੀ ਨੂੰ ਮਿਲਣ ਨੂੰ ਤਿਆਰ ਹਨ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਲਈ ਜਾਣ ਵਾਲੀਆਂ ਸੰਗਤਾਂ ਦੀ ਸ਼ਰਧਾ ਭਾਵਨਾ ਦੀ ਕਦਰ ਕਰਦੇ ਹੋਏ ਯਾਤਰੀਆਂ ਦੀ ਇੰਮੀਗ੍ਰੇਸ਼ਨ ਸੰਬੰਧੀ ਕਾਰਵਾਈ ਵਿੱਚ ਤੇਜੀ ਲਿਆ ਕੇ ਹਫ਼ਤੇ ਦੇ ਅੰਦਰ ਅੰਦਰ ਮਨਿਸਟਰੀ ਆਫ਼ ਐਕਸਟਰਨਲ ਅਫੇਅਰਸ, ਮਨਿਸਟਰੀ ਆਫ਼ ਹੋਮ ਅਫੇਅਰਸ, ਪੰਜਾਬ ਸਰਕਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਸੰਸਥਾਵਾਂ ਦੀ ਸਾਂਝੀ ਮੀਟਿੰਗ ਬੁਲਾਈ ਜਾਵੇ।

**Sukhjinder Singh Randhawa**
Member of Parliament (Loksabha)
Gurdaspur (Punjab)
Member.
Committee on Public Undertaking
Committee on Housing
C.C for Ministry of Rural Development

7 H.C Mathur Lane
New Delhi 110001
Phone 011-23311331
randhawa.sukhjinder@sansad.nic.in

Former Dy. Chief Minister of Punjab

16-09-2025
No. 171/03

Shri Amit Shah Ji,
Hon'ble Minister for Home Affairs,
Govt. of India- New Delhi

Subject: Reconsideration of the decision to stop Sikh jathas to historic Gurdwaras in Pakistan and restoration of Kartarpur Corridor access

Respected Sir,

I write to you in a spirit of respect, but with the forthrightness that my office, my conscience as a Sikh, and my duty as the elected Member of Parliament from Gurdaspur demand.

Your Ministry's communication dated 12 September 2025 advising States not to process applications for a Sikh jatha to Pakistan in November—on the most sacred occasion of Sri Guru Nanak Dev Ji's Parkash Purab—has caused deep hurt across Punjab and among Sikhs worldwide. It has shocked my constituents in Gurdaspur in particular, because our district is home to Dera Baba Nanak and the Indian terminal of the Kartarpur Corridor. Families here have, with folded hands and moist eyes, watched elders finally cross the international border—without visa, but with utmost security checks—to bow their heads at Sri Kartarpur Sahib, the very land tilled by Guru Nanak Dev Ji Himself. To now slam this door shut is to reopen an old wound.

With humility I submit: this decision cannot be justified on any ground—security, logistics, or optics—especially when the nation is willing and able to field our cricket team against Pakistan in a high-profile

**Continuance Sheet Page- 2**

fixture abroad, organized under ICC/BCCI arrangements. If the Government of India can facilitate the movement of players, officials, and broadcasters for a sporting event, surely it can also facilitate the strictly regulated, identity-verified movement of peaceful pilgrims for darshan. Cricket is a game; pilgrimage is faith. For us, it is not leisure—it is maryada.

As a Punjabi and a Sikh, I ask you to consider how this reads to the ordinary devotee: that in the name of security, a Sikh seeking matha tekna at Nankana Sahib or Panja Sahib is riskier than commercial spectacle on a global stage. Imagine if New Delhi were to tell Hindu citizens that the Kailash-Mansarovar Yatra stands banned "until further notice," or to tell Indian Muslims that Hajj or Umrah visas will not be processed—there would be nationwide anguish. Similarly, would we ever countenance preventing Indian Christians from visiting Bethlehem, the birthplace of Christ? Religious journeys possess a sanctity that should be insulated from day-to-day geopolitics.

There also exists established bilateral architecture. Under the 1974 Protocol on Visits to Religious Shrines—honoured for decades—Indian Sikh jathas have visited historic Gurdwaras in Pakistan on specified occasions, and Pakistan's pilgrims have visited shrines in India. This is not an ad hoc indulgence; it is a recognised, rules-based channel for managed religious travel. I urge the Government to uphold both the spirit and the letter of this framework.

I recognise and respect your responsibility for national security. But the correct answer to risk is not a blanket prohibition on faith—it is smarter regulation. If needed, please consider. Immediate review and reversal of the 12 September advisory for the November jatha, with a clear, time-bound SOP jointly issued by MHA (Bureau of Immigration) and MEA.

**Tightened operational controls:** capped daily quotas, advanced online registration, layered ID and biometrics, real-time manifests, and MHA-approved travel operators. Enhanced coordination with SGPC, state police, IB/BSF, and Pakistani counterparts for secure movement and medical/contingency cover.

**Continuance Sheet Page- 3**

**Transparent criteria:** if specific, articulable threats exist, define calibrated thresholds that trigger temporary, narrowly-tailored pauses—never indefinite bans that erode trust. Kartarpur Corridor: restore orderly, escorted, same-day pilgrim movement from Dera Baba Nanak at the earliest, with any flood-related or security-related closures lifted as soon as repairs and risk assessments permit.

Sir, This isn't about scoring points; it is about the State honouring the religious freedoms of its citizens under Articles 25 and 26, and upholding India's reputation for pluralism. As someone who has personally witnessed the transformative impact of the Kartarpur Corridor on elders in my constituency—the tears, the gratitude, the healing.

**I therefore request your urgent personal intervention to:**

Withdraw the advisory halting the November jatha; Announce a date for resumption of Kartarpur Corridor movement with updated security SOPs; and Convene, within the next week, a joint review with MEA, MHA, Government of Punjab, SGPC, and representatives of recognised Sikh bodies. I am ready to meet you at your earliest convenience with a small delegation of representatives from Gurdaspur and the SGPC. Please also place this letter before the Hon'ble Prime Minister and the Hon'ble External Affairs Minister; the matter touches foreign policy, border management, and the lived faith of millions.

Punjab has stood sentry for India—in war and peace. All we seek today is the State's gentleness towards our most cherished journeys of the soul.

With respectful regards,

Your's Sincerely
Sukhjinder Singh
(Sukhjinder Singh Randhawa)

Secret

F. No. 17014/24/2025-IS.VII
भारत सरकार/Government of India
गृह मंत्रालय/Ministry of Home Affairs
(आं. सु.-I प्रभाग/IS-I Division)
****

H.No. 35051J, 5th floor,
Kartavya Bhavan-3, New Delhi
Dated: 12 September, 2025

To

1. The Chief Secretary, Government of Punjab
2. The Chief Secretary, Government of Haryana
3. The Chief Secretary, Government of J&K
4. The Chief Secretary, Government of NCT of Delhi
5. The Chief Secretary, Government of Uttar Pradesh
6. The Chief Secretary, Government of Uttarakhand

**Subject: Visit of Sikh pilgrims to Pakistan on the occasion of Sri Guru Nanak Dev Ji in November, 2025.**

Sir,

I am directed to refer to the above-mentioned subject and to say that taking into account the prevailing security scenario with Pakistan, it would not be possible to send Sikh pilgrims Jatha to Pakistan on the occasion of Sri Guru Nanak Dev Ji in November, 2025.

2. Accordingly, it is requested to suitably advise Sikh organisations in your State and it may be ensured that no processing of applications for Jatha are undertaken.

3. This issues with the approval of Competent Authority.

Yours faithfully,

12/09/202
(Subodh Kumar Jayaswal)
Under Secretary to the Government of India
Tel No. 24010136

# 'ਮੈਚ ਨੂੰ ਖੁੱਲ੍ਹ, ਆਸਥਾ 'ਤੇ ਪਾਬੰਦੀ': ਬਾਬੇ ਦੇ ਦਰ 'ਤੇ ਜਾਣ 'ਤੇ ਪਾਬੰਦੀ ਲਾਉਣਾ ਘੋਰ ਜ਼ਿਆਦਤੀ : ਭਗਵੰਤ ਮਾਨ

## ਕੇਂਦਰ ਸਰਕਾਰ ਕਰਤਾਰਪੁਰ ਸਾਹਿਬ ਅਤੇ ਨਨਕਾਣਾ ਸਾਹਿਬ ਜਾਣ ਵਾਲੇ ਧਾਰਮਿਕ ਜੱਥਿਆਂ ਨੂੰ ਰੋਕ ਕੇ ਪੰਜਾਬੀਆਂ ਨਾਲ ਲੈ ਰਹੀ ਹੈ ਬਦਲਾ

ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੇ ਮੌਕੇ 'ਤੇ ਸਿੱਖ ਸ਼ਰਧਾਲੂਆਂ ਦੇ ਜਥਿਆਂ ਦੇ ਪਾਕਿਸਤਾਨ ਜਾਣ 'ਤੇ ਲਾਈ ਪਾਬੰਦੀ 'ਤੇ ਇਤਰਾਜ਼ ਕਰਦਿਆਂ ਕੇਂਦਰ ਸਰਕਾਰ ਨੂੰ ਨਿਸ਼ਾਨੇ 'ਤੇ ਲਿਆ ਹੈ। ਮੁੱਖ ਮੰਤਰੀ ਨੇ ਅੱਜ ਇੱਥੇ ਪ੍ਰੈੱਸ ਕਾਨਫ਼ਰੰਸ 'ਚ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਪੰਜਾਬੀਆਂ ਨਾਲ ਦੁਸ਼ਮਣੀ ਵਾਲਾ ਰਵੱਈਆ ਰੱਖ ਰਹੀ ਹੈ ਜਿਸ ਦੇ ਤਹਿਤ ਆਏ ਦਿਨ ਪੰਜਾਬ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹੁਣ ਕੇਂਦਰ ਸਰਕਾਰ ਨੇ ਪਾਕਿਸਤਾਨ 'ਚ ਪਹਿਲੀ ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮਨਾਉਣ ਵਾਸਤੇ ਜਾਣ ਵਾਲੇ ਸ਼ਰਧਾਲੂਆਂ 'ਤੇ ਪਾਬੰਦੀ ਲਗਾ ਦਿੱਤੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜਾਬੀਆਂ ਦੇ ਜਜ਼ਬਾਤਾਂ ਨਾਲ ਖੇਡ ਰਹੇ ਹਨ ਜਦੋਂ ਕਿ ਪੰਜਾਬੀ ਤਾਂ ਸਰਬੱਤ ਦਾ ਭਲਾ ਮੰਗਣ ਵਾਲੀ ਕੌਮ ਹੈ। ਉਨ੍ਹਾਂ ਕਿਹਾ ਕਿ ਜੇ ਪਾਕਿਸਤਾਨ ਨਾਲ ਲਾਈਵ ਕ੍ਰਿਕਟ ਮੈਚ ਤਾਂ ਖੇਡਿਆ ਜਾ ਸਕਦਾ ਹੈ ਤਾਂ ਫਿਰ ਸ਼ਰਧਾਲੂ ਬਾਬੇ ਦੇ ਦਰ 'ਤੇ ਮੱਥਾ ਟੇਕਣ ਕਿਉਂ ਨਹੀਂ ਜਾ ਸਕਦੇ। ਉਨ੍ਹਾਂ ਕਿਹਾ ਕਿ ਕ੍ਰਿਕਟ ਦਾ ਮੈਚ ਤੇ ਫ਼ ?ਲਮਾਂ ਦਾ ਇੰਤਜ਼ਾਰ ਵੀ ਕਰ ਸਕਦੀਆਂ ਹਨ ਪ੍ਰੰਤੂ ਗੁਰਪੁਰਬ ਜਾਂ ਧਾਰਮਿਕ ਦਿਹਾੜੇ ਮਨਾਉਣ ਲਈ ਪਾਬੰਦੀ ਨਹੀਂ ਲਗਾਈ ਜਾ ਸਕਦੀ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਸੁਆਲ ਕੀਤਾ ਕਿ ਸ਼ਰਧਾਲੂਆਂ ਤੋਂ ਕੀ ਕਸੂਰ ਹੋ ਗਿਆ




ਹੈ। ਮੈਚ 'ਤੇ ਸਹਿਮਤੀ ਬਣ ਜਾਂਦੀ ਹੈ ਪ੍ਰੰਤੂ ਆਸਥਾ 'ਤੇ ਪਾਬੰਦੀ ਲਗਾ ਦਿੱਤੀ ਜਾਂਦੀ ਹੈ।

ਭਗਵੰਤ ਮਾਨ ਨੇ ਕਿਹਾ ਕਿ ਕੀ ਹੁਣ ਸੁਨੀਲ ਜਾਖੜ ਅਤੇ ਰਵਨੀਤ ਬਿੱਟੂ ਪ੍ਰਧਾਨ ਮੰਤਰੀ ਨੂੰ ਸੁਆਲ ਪੁੱਛਣਗੇ ਕਿ ਕ੍ਰਿਕਟ ਮੈਚ ਕਰਾਉਣ ਦੀ ਕੀ ਮਜਬੂਰੀ ਸੀ। ਹੁਣ ਜਥਿਆਂ 'ਤੇ ਪਾਬੰਦੀ ਕਿਉਂ। ਉਨ੍ਹਾਂ ਕਿਹਾ ਕਿ ਕੇਂਦਰ ਦੀ ਪਾਲਿਸੀ ਪਾਕਿਸਤਾਨ ਦੇ ਖ਼ ?ਲਾਫ਼ ਹੈ ਜਾਂ ਲੋਕਾਂ ਦੇ ਖ਼ਿਲਾਫ਼ ਹੈ। ਇਹ ਵੀ ਕਿਹਾ ਕਿ ਪਾਕਿਸਤਾਨ ਨਾਲ ਜਾਂ ਤਾਂ ਸਾਰਾ ਕੁੱਝ ਬੰਦ ਕਰੋ ਜਾਂ ਫਿਰ ਸਭ ਕੁੱਝ ਖੋਲ੍ਹ ਦਿਓ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਗੁਜਰਾਤ ਅਤੇ ਮੁੰਬਈ ਦੇ ਪੋਰਟਾਂ ਨੂੰ ਵਪਾਰਕ ਤੌਰ ਤੇ ਖੋਲਿਆ ਗਿਆ ਹੈ, ਜਦੋਂ ਕਿ ਪੰਜਾਬ ਦੇ ਰਾਹ ਬੰਦ ਕੀਤੇ ਹੋਏ ਹਨ। ਸ੍ਰੀ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਤੋਂ ਭਾਜਪਾ ਨੂੰ ਵੋਟ ਨਾ ਪਾਉਣ ਲਈ ਅਤੇ ਕਿਸਾਨ ਅੰਦੋਲਨ ਦਾ ਬਦਲਾ ਲਿਆ ਜਾ ਰਿਹਾ ਹੈ।

ਇੱਕ ਸੁਆਲ ਦੇ ਜੁਆਬ 'ਚ ਮੁੱਖ ਮੰਤਰੀ ਨੇ ਕਿਹਾ ਕਿ ਟੋਕਨ ਮਨੀ ਤਾਂ ਦੂਰ ਦੀ ਗੱਲ, ਹਾਲੇ ਤੱਕ ਕੇਂਦਰ ਨੇ ਹੜ੍ਹਾਂ ਦੇ ਰਾਹਤ ਫ਼ੰਡ ਵਜੋਂ ਇੱਕ ਰੁਪਿਆ ਵੀ ਨਹੀਂ ਭੇਜਿਆ। ਉਨ੍ਹਾਂ ਕਿਹਾ ਕਿ ਅਫ਼ਗ਼ਾਨਿਸਤਾਨ ਨੂੰ ਤਾਂ ਰਾਹਤ ਫ਼ੰਡ ਕੇਂਦਰ ਨੇ ਫ਼ੌਰੀ ਭੇਜ ਦਿੱਤੇ ਪ੍ਰੰਤੂ ਪੰਜਾਬ ਨੂੰ ਹਾਲੇ ਤੱਕ ਕੋਈ ਪੈਸਾ ਨਹੀਂ ਦਿੱਤਾ ਗਿਆ। ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਕੋਈ ਸੰਕਟ ਪੈਂਦਾ ਹੈ ਤਾਂ ਪੰਜਾਬ ਚੇਤੇ ਆਉਂਦਾ ਹੈ ਪ੍ਰੰਤੂ ਬਾਅਦ ਵਿੱਚ ਪਾਬੰਦੀਆਂ ਲਗਾ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਪ੍ਰਧਾਨ ਮੰਤਰੀ ਰਾਹਤ ਫ਼ੰਡ 'ਤੇ ਵੀ ਸੁਆਲ ਉਠਾਏ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਅਤੇ ਪ੍ਰਧਾਨ ਮੰਤਰੀ ਰਾਹਤ ਫ਼ੰਡ ਦਾ ਨਾਮ ਲੈ ਕੇ ਜੋ ਇੱਕ ਸੰਸਥਾ ਵੱਲੋਂ ਪੈਸੇ ਮੰਗੇ ਜਾ ਰਹੇ ਹਨ, ਉਸ ਦੀ ਕੇਂਦਰ ਸਰਕਾਰ ਜਾਂਚ ਕਰੇ।

ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਦੀ ਜ਼ਿਆਦਤੀ ਨੂੰ ਪੰਜਾਬੀ ਯਾਦ ਰੱਖਣਗੇ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬੀ ਡਿੱਗਦੇ ਹਨ ਤੇ ਉੱਠਦੇ ਵੀ ਹਨ। ਇੱਕ ਹੋਰ ਸੁਆਲ ਦੇ ਜੁਆਬ ਵਿੱਚ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਨੂੰ ਬੀਜ ਦੀ ਵੰਡ ਵੀ ਕਰੇਗੀ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਇੱਧਰੋਂ ਉਧਰੋਂ ਬੀਜ ਲੈਣ ਦੀ ਥਾਂ ਪੰਜਾਬ ਸਰਕਾਰ ਕੋਲ ਬੀਜ ਲਈ ਪਹੁੰਚ ਕਰਨ।

# ਹੜ੍ਹਾਂ ਨਾਲ ਪ੍ਰਭਾਵਿਤ ਲੋਕਾਂ ਨੂੰ ਡੇਢ ਮਹੀਨੇ 'ਚ ਮੁਕੰਮਲ ਹੋਵੇਗੀ ਮੁਆਵਜ਼ੇ ਦੀ ਵੰਡ: ਭਗਵੰਤ ਮਾਨ

## ਕਿਸਾਨਾਂ ਨੂੰ ਮੁਆਵਜ਼ਾ ਮਿਲਣ ਤੱਕ ਚੈਨ ਨਾਲ ਨਹੀਂ ਸੌਂਵਾਂਗਾ: ਮੁੱਖ ਮੰਤਰੀ



ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਨੇ ਡਿਪਟੀ ਕਮਿਸ਼ਨਰਾਂ ਨਾਲ ਵਰਚੂਅਲ ਮੀਟਿੰਗ ਕਰਨ ਮਗਰੋਂ ਐਲਾਨ ਕੀਤਾ ਕਿ ਹੜ੍ਹਾਂ ਨਾਲ ਹੋਏ ਨੁਕਸਾਨ ਦੀ ਭਰਪਾਈ ਲਈ ਪ੍ਰਭਾਵਿਤ ਲੋਕਾਂ ਨੂੰ ਮੁਆਵਜ਼ਾ ਰਾਸ਼ੀ ਡੇਢ ਮਹੀਨੇ ਦੇ ਅੰਦਰ-ਅੰਦਰ ਵੰਡ ਦਿੱਤੀ ਜਾਵੇਗੀ ਅਤੇ ਪਹਿਲਾ ਚੈੱਕ ਇੱਕ ਮਹੀਨੇ 'ਚ ਤਿਆਰ ਹੋ ਜਾਵੇਗਾ। ਉਨ੍ਹਾਂ ਕਿਹਾ ਕਿ 30 ਤੋਂ 40 ਦਿਨਾਂ 'ਚ ਸਪੈਸ਼ਲ ਗਿਰਦਾਵਰੀ ਦਾ ਕੰਮ ਮੁਕੰਮਲ ਹੋ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਜਿਨ੍ਹਾਂ ਸਮਾਂ ਹੜ੍ਹਾਂ ਨਾਲ ਹੋਏ ਨੁਕਸਾਨ ਦੇ ਮੁਆਵਜ਼ੇ ਦਾ 'ਕੱਲਾ 'ਕੱਲਾ ਪੈਸਾ ਲੋਕਾਂ ਨੂੰ ਮਿਲ ਨਹੀਂ ਜਾਂਦਾ ਉਦੋਂ ਤੱਕ ਉਹ ਨਾ ਖ਼ੁਦ ਚੈਨ ਨਾਲ ਸੌਣਗੇ ਅਤੇ ਨਾ ਹੀ ਅਧਿਕਾਰੀਆਂ ਨੂੰ ਸੌਣ ਦੇਣਗੇ। ਮਾਨ ਨੇ ਅੱਜ ਇੱਥੇ ਪ੍ਰੈੱਸ ਕਾਨਫ਼ਰੰਸ ਕਰਕੇ ਦੱਸਿਆ ਕਿ ਦੀਵਾਲੀ ਤੱਕ ਮੁਆਵਜ਼ਾ ਰਾਸ਼ੀ ਲੋਕਾਂ ਤੱਕ ਪਹੁੰਚ ਜਾਵੇਗੀ ਅਤੇ ਕਿਸੇ ਵੀ ਘਰ ਦਾ ਚੁੱਲ੍ਹਾ ਬੁੱਝਣ ਨਹੀਂ ਦਿੱਤਾ ਜਾਵੇਗਾ।

ਮੁੱਖ ਮੰਤਰੀ ਨੇ ਦੱਸਿਆ ਕਿ ਫ਼ਸਲਾਂ ਦੇ ਨੁਕਸਾਨ ਦਾ 20 ਹਜ਼ਾਰ ਰੁਪਏ ਏਕੜ ਮੁਆਵਜ਼ਾ ਦਿੱਤਾ ਜਾਵੇਗਾ ਅਤੇ ਮਜ਼ਦੂਰਾਂ ਦੀ ਮਦਦ ਵੀ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਨੁਕਸਾਨੇ ਪਸ਼ੂ ਦਾ 37,500 ਰੁਪਏ ਅਤੇ ਡਿੱਗੇ ਮਕਾਨਾਂ ਦਾ 40 ਹਜ਼ਾਰ ਰੁਪਏ ਪ੍ਰਤੀ ਘਰ ਮੁਆਵਜ਼ਾ ਦਿੱਤਾ ਜਾਵੇਗਾ। ਉਨ੍ਹਾਂ ਅੱਜ ਡਿਪਟੀ ਕਮਿਸ਼ਨਰਾਂ ਨੂੰ ਪਾਣੀ ਘਟਣ 'ਤੇ ਫ਼ੌਰੀ ਵਿਸ਼ੇਸ਼ ਗਿਰਦਾਵਰੀ ਕਰਨ ਦੇ ਨਿਰਦੇਸ਼ ਦਿੱਤੇ।

ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨਾਂ ਦੇ ਖੇਤਾਂ 'ਚ ਚੜ੍ਹੀ ਰੇਤ ਨੂੰ ਹਟਾਉਣ ਲਈ ਪੰਜਾਬ ਸਰਕਾਰ ਨਵੀਆਂ ਜੇਸੀਬੀ ਮਸ਼ੀਨਾਂ ਖ਼ਰੀਦ ਰਹੀ ਹੈ ਅਤੇ ਇਹ ਮਸ਼ੀਨਾਂ ਨੂੰ ਰੇਤ ਹਟਾਉਣ ਲਈ ਦਿੱਤੀਆਂ ਜਾਣਗੀਆਂ। ਮੁੱਖ ਮੰਤਰੀ ਨੇ ਦੱਸਿਆ ਕਿ ਹੜ੍ਹਾਂ ਕਾਰਨ ਹੁਣ ਤੱਕ 55 ਮੌਤਾਂ ਹੋ ਚੁੱਕੀਆਂ ਹਨ ਜਿਨ੍ਹਾਂ ਚੋਂ 42 ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਦਿੱਤਾ ਜਾ ਚੁੱਕਾ ਹੈ ਉਨ੍ਹਾਂ ਦੱਸਿਆ ਕਿ ਘੱਗਰ ਦਾ ਹਾਲੇ ਖ਼ਤਰਾ ਬਰਕਰਾਰ ਹੈ ਅਤੇ ਸਰਕਾਰ ਨੇ ਨਜਿੱਠਣ ਲਈ ਇੱਕ ਲੱਖ ਬੋਰੀ ਰੇਤ ਦੀ ਭਰ ਕੇ ਰੱਖੀ ਹੋਈ ਹੈ।

ਉਹ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਪੂਰਾ ਲੇਖਾ ਜੋਖਾ ਤਿਆਰ ਕਰਕੇ ਪ੍ਰਧਾਨ ਮੰਤਰੀ ਨੂੰ ਮਿਲਣ ਜਾਣਗੇ।

# ਭਾਰਤ ਦਾ ਚਟਾਨ ਵਰਗਾ ਵੱਡਾ ਕਦਮ

# 200+ ਜਹਾਜ਼ਾਂ ਨਾਲ ਦੁਨੀਆ ਭਰ 'ਚ ਪਹੁੰਚਣ ਵਾਲੀ 'ਬਲੂ-ਵਾਟਰ' ਜਲ ਸੈਨਾ ਬਣਾਉਣ ਦਾ ਟੀਚਾ

**ਭਾਰਤ ਆਪਣੇ ਮਹੱਤਵਪੂਰਨ ਸਮੁੰਦਰੀ ਵਪਾਰਕ ਮਾਰਗਾਂ ਦੀ ਰਾਖੀ ਕਰਨ ਅਤੇ ਖਾਸ ਤੌਰ 'ਤੇ ਚੀਨ ਅਤੇ ਪਾਕਿਸਤਾਨ ਤੋਂ ਵੱਧ ਰਹੇ ਖੇਤਰੀ ਖਤਰਿਆਂ ਦਾ ਮੁਕਾਬਲਾ ਕਰਨ ਲਈ ਰਣਨੀਤਕ ਤੌਰ 'ਤੇ ਆਪਣੀ ਜਲ ਸੈਨਾ ਦੀ ਤਾਕਤ ਵਧਾ ਰਿਹਾ ਹੈ। ਭਾਰਤੀ ਜਲ ਸੈਨਾ ਨੇ 2035 ਤੱਕ ਆਪਣੇ ਬੇੜੇ ਵਿੱਚ ਵੱਡਾ ਵਾਧਾ ਕਰਨ ਦੀ ਯੋਜਨਾ ਬਣਾਈ ਹੈ, ਜਿਸ ਵਿੱਚ ਆਧੁਨਿਕ ਜੰਗੀ ਬੇੜੇ, ਪਣਡੁੱਬੀਆਂ ਅਤੇ ਜਹਾਜ਼ ਸ਼ਾਮਲ ਕੀਤੇ ਜਾਣਗੇ। ਸਵਦੇਸ਼ੀ ਨਿਰਮਾਣ ਅਤੇ ਅੰਤਰਰਾਸ਼ਟਰੀ ਸਹਿਯੋਗ ਭਾਰਤ ਦੀ ਸਮੁੰਦਰੀ ਸੁਰੱਖਿਆ ਨੂੰ ਮਜ਼ਬੂਤ ਕਰਨ ਵਾਲੇ ਇਨ੍ਹਾਂ ਵੱਡੇ ਆਧੁਨਿਕੀਕਰਨ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਅਤੇ ਭਵਿੱਖ ਵਿੱਚ ਕਿਸੇ ਵੀ ਅਣਸੁਖਾਵੀ ਚੁਣੌਤੀਆਂ ਦਾ ਚਟਾਨਾ ਵਾਂਗ ਮੁਕਾਬਲਾ ਕਰਨ ਲਈ ਮਜੂਦਾ ਸਮੇ ਦੀ ਅਤਿ ਜਰੂਰਤ ਹੈ।**



ਭਾਰਤ ਲਗਾਤਾਰ ਇੱਕ ਅਜਿਹੀ 'ਬਲੂ-ਵਾਟਰ' ਜਲ ਸੈਨਾ ਬਣਾ ਰਿਹਾ ਹੈ ਜੋ ਦੁਨੀਆ ਦੇ ਕਿਸੇ ਵੀ ਕੋਨੇ ਤੱਕ ਪਹੁੰਚ ਕੇ ਆਪਣੇ ਸਮੁੰਦਰੀ ਹਿੱਤਾਂ ਦੀ ਰੱਖਿਆ ਕਰ ਸਕੇ ਅਤੇ ਖੇਤਰੀ ਖਤਰਿਆਂ ਦਾ ਮੂੰਹ ਤੋੜ ਜਵਾਬ ਦੇ ਸਕੇ। ਜਲ ਸੈਨਾ ਦਾ ਸੰਚਾਲਨ ਖੇਤਰ ਫਾਰਸ ਦੀ ਖਾੜੀ ਤੋਂ ਲੈ ਕੇ ਮਲੱਕਾ ਸਟਰੇਟ ਤੱਕ ਅਤੇ ਉੱਤਰੀ ਬੰਗਾਲ ਦੀ ਖਾੜੀ ਤੋਂ ਲੈ ਕੇ ਦੱਖਣੀ ਹਿੰਦ ਮਹਾਸਾਗਰ ਤੱਕ ਫੈਲਿਆ ਹੋਇਆ ਹੈ, ਜੋ ਅਫਰੀਕਾ ਦੇ ਪੂਰਬੀ ਤੱਟ ਤੱਕ ਪਹੁੰਚਦਾ ਹੈ। ਇਨ੍ਹਾਂ ਪਾਣੀਆਂ ਵਿੱਚ ਚੀਨ ਅਤੇ ਪਾਕਿਸਤਾਨ ਦੀ ਸਾਂਝੀ ਜਲ ਸੈਨਾ ਸਮਰੱਥਾ ਇੱਕ ਮੁੱਖ ਚਿੰਤਾ ਦਾ ਵਿਸ਼ਾ ਹੈ।

ਵਣਜ ਮੰਤਰਾਲਾ ਭਾਰਤ ਦੇ ਸਮੁੰਦਰਾਂ ਦੀ ਰਣਨੀਤਕ ਮਹੱਤਤਾ 'ਤੇ ਜ਼ੋਰ ਦਿੰਦਾ ਹੈ, ਇਹ ਦੱਸਦੇ ਹੋਏ ਕਿ ਦੇਸ਼ ਦਾ 95% ਵਪਾਰ ਮਾਤਰਾ ਦੇ ਹਿਸਾਬ ਨਾਲ (855 ਮਿਲੀਅਨ ਟਨ) ਅਤੇ 77% ਮੁੱਲ ਦੇ ਹਿਸਾਬ ਨਾਲ ਸਮੁੰਦਰੀ ਮਾਰਗਾਂ ਰਾਹੀਂ ਹੁੰਦਾ ਹੈ। ਇਨ੍ਹਾਂ ਸਮੁੰਦਰੀ ਸੰਚਾਰ ਮਾਰਗਾਂ ਦੀ ਸੁਰੱਖਿਆ ਰਾਸ਼ਟਰੀ ਸੁਰੱਖਿਆ ਲਈ ਬੇਹੱਦ ਜ਼ਰੂਰੀ ਹੈ।

**ਬੇੜੇ ਦੇ ਵਿਸਥਾਰ ਦੀ ਵੱਡੀ ਯੋਜਨਾ**

ਇੱਕ ਜਲ ਸੈਨਾ ਅਧਿਕਾਰੀ ਨੇ ਦੱਸਿਆ ਕਿ ਭਾਰਤੀ ਜਲ ਸੈਨਾ ਦਾ ਟੀਚਾ 2035 ਤੱਕ ਆਪਣੇ ਬੇੜੇ ਨੂੰ 200 ਤੋਂ ਵੱਧ ਜਹਾਜ਼ਾਂ ਅਤੇ ਪਣਡੁੱਬੀਆਂ ਤੱਕ ਵਧਾਉਣਾ ਹੈ ਅਤੇ 2037 ਤੱਕ ਇਹ ਗਿਣਤੀ 230 ਤੱਕ ਪਹੁੰਚ ਸਕਦੀ ਹੈ। ਮੌਜੂਦਾ ਸਮੇਂ ਵਿੱਚ ਜਲ ਸੈਨਾ ਕੋਲ 140 ਜੰਗੀ ਬੇੜੇ ਹਨ, ਜਿਨ੍ਹਾਂ ਵਿੱਚ 17 ਡੀਜ਼ਲ-ਇਲੈਕਟ੍ਰਿਕ ਪਣਡੁੱਬੀਆਂ (ਜਿਨ੍ਹਾਂ ਵਿੱਚੋਂ 11 ਬਹੁਤ ਪੁਰਾਣੀਆਂ ਹਨ) ਅਤੇ ਦੋ ਪਰਮਾਣੂ-ਸ਼ਕਤੀ ਨਾਲ ਚੱਲਣ ਵਾਲੀਆਂ ਬੈਲਿਸਟਿਕ ਪਣਡੁੱਬੀਆਂ (SSBNs) ਸ਼ਾਮਲ ਹਨ। ਇਸਦੇ ਹਵਾਈ ਵਿੰਗ ਵਿੱਚ 250 ਤੋਂ ਵੱਧ ਜਹਾਜ਼ ਅਤੇ ਹੈਲੀਕਾਪਟਰ ਹਨ।

ਅਗਲੇ ਦਹਾਕੇ ਵਿੱਚ ਪੁਰਾਣੇ ਜਹਾਜ਼ਾਂ ਦੇ ਸੇਵਾਮੁਕਤ ਹੋਣ ਨੂੰ ਧਿਆਨ ਵਿੱਚ ਰੱਖਦੇ ਹੋਏ, ਬੇੜੇ ਨੂੰ 200 ਜੰਗੀ ਬੇੜਿਆਂ ਅਤੇ 350 ਜਹਾਜ਼ਾਂ ਅਤੇ ਹੈਲੀਕਾਪਟਰਾਂ ਤੱਕ ਵਧਾਉਣ ਦੀ ਯੋਜਨਾ ਹੈ। ਇਸੇ ਸਾਲ ਅਪ੍ਰੈਲ ਵਿੱਚ, ਭਾਰਤ ਨੇ ਫਰਾਂਸ ਨਾਲ 26 ਰਾਫੇਲ ਮਰੀਨ ਲੜਾਕੂ ਜਹਾਜ਼ਾਂ ਲਈ 63,000 ਕਰੋੜ ਰੁਪਏ ਦਾ ਸੌਦਾ ਕੀਤਾ ਹੈ, ਜੋ ਜਹਾਜ਼-ਵਾਹਕ ਬੇੜਿਆਂ (Aircraft Carriers) ਤੋਂ ਸੰਚਾਲਿਤ ਹੋਣਗੇ। ਇਸਦੇ ਨਾਲ ਹੀ, ਭਾਰਤ ਆਪਣੀ ਸਵਦੇਸ਼ੀ ਸਮਰੱਥਾ ਨੂੰ ਵਧਾਉਣ ਲਈ ਆਪਣਾ ਕੈਰੀਅਰ-ਅਧਾਰਤ ਲੜਾਕੂ ਜਹਾਜ਼, TEDBF (ਟਵਿਨ ਇੰਜਣ ਡੈੱਕ-ਬੇਸਡ ਫਾਈਟਰ) ਵੀ ਵਿਕਸਤ ਕਰ ਰਿਹਾ ਹੈ।

**ਨਿਰਮਾਣ ਅਤੇ ਖਰੀਦ ਦੀ ਮੌਜੂਦਾ ਸਥਿਤੀ**

ਇਸ ਸਮੇਂ 99,500 ਕਰੋੜ ਰੁਪਏ ਦੀ ਲਾਗਤ ਨਾਲ 55 ਜੰਗੀ ਬੇੜੇ ਭਾਰਤੀ ਸ਼ਿਪਯਾਰਡਾਂ ਵਿੱਚ ਬਣਾਏ ਜਾ ਰਹੇ ਹਨ। ਜਲ ਸੈਨਾ ਨੂੰ 2.35 ਲੱਖ ਕਰੋੜ ਰੁਪਏ ਦੇ 74 ਹੋਰ ਜੰਗੀ ਬੇੜਿਆਂ ਲਈ ਲੋੜ ਦੀ ਸਵੀਕ੍ਰਿਤੀ (Acceptance of Necessity - AoN) ਵੀ ਮਿਲ ਚੁੱਕੀ ਹੈ। ਕੁਝ ਮੁੱਖ ਪਲੇਟਫਾਰਮ ਜਿਨ੍ਹਾਂ ਲਈ ਠੇਕੇ ਅਜੇ ਬਾਕੀ ਹਨ:

- 9 ਡੀਜ਼ਲ-ਇਲੈਕਟ੍ਰਿਕ ਪਣਡੁੱਬੀਆਂ
- 7 ਅਗਲੀ ਪੀੜ੍ਹੀ ਦੇ ਬਹੁ-ਮੰਤਵੀ ਫ੍ਰੀਗੇਟ
- 8 ਪਣਡੁੱਬੀ-ਵਿਰੋਧੀ ਜੰਗੀ ਕਾਰਵੇਟ
- 12 ਮਾਈਨ ਕਾਊਂਟਰਮੇਜ਼ਰ ਵੈਸਲ (ਸਮੁੰਦਰੀ ਸੁਰੰਗਾਂ ਨੂੰ ਨਕਾਰਾ ਕਰਨ ਵਾਲੇ ਜਹਾਜ਼)

ਇਸ ਤੋਂ ਇਲਾਵਾ, ਚਾਰ 10,000-ਟਨ ਦੇ ਅਗਲੀ ਪੀੜ੍ਹੀ ਦੇ ਡਿਸਟ੍ਰੋਇਰ ਅਤੇ ਪੁਰਾਣੇ 40,000-ਟਨ ਦੇ INS ਵਿਕਰਮਾਦਿੱਤਯ ਦੀ ਥਾਂ ਲੈਣ ਲਈ ਇੱਕ ਨਵਾਂ ਜਹਾਜ਼-ਵਾਹਕ ਬੇੜਾ ਵੀ ਪ੍ਰਵਾਨਗੀ ਦੀ ਉਡੀਕ ਕਰ ਰਹੇ ਹਨ।

**ਲੰਬੀ-ਮਿਆਦ ਦੀ ਖਰੀਦ ਯੋਜਨਾ**

ਪਿਛਲੇ ਹਫ਼ਤੇ, ਰੱਖਿਆ ਮੰਤਰਾਲੇ ਨੇ ਤਿੰਨਾਂ ਸੈਨਾਵਾਂ ਲਈ 15-ਸਾਲਾ ਖਰੀਦ ਯੋਜਨਾ ਜਾਰੀ ਕੀਤੀ, ਜਿਸ ਵਿੱਚ ਜਲ ਸੈਨਾ ਲਈ ਕਈ ਪਲੇਟਫਾਰਮ ਸ਼ਾਮਲ ਹਨ:

- 4 ਲੈਂਡਿੰਗ ਪਲੇਟਫਾਰਮ ਡੌਕਸ (29,000 ਟਨ ਤੱਕ)
- 5 ਫਲੀਟ ਸਪੋਰਟ ਸ਼ਿਪ (ਹਰੇਕ 40,000 ਟਨ ਦਾ)
- 100 ਅਗਲੀ ਪੀੜ੍ਹੀ ਦੀਆਂ ਤੇਜ਼ ਇੰਟਰਸੈਪਟਰ ਕਿਸ਼ਤੀਆਂ
- 20 ਰਿਮੋਟ-ਸੰਚਾਲਿਤ ਤੇਜ਼ ਇੰਟਰਸੈਪਟਰ ਜਹਾਜ਼
- 10 ਪਰਮਾਣੂ-ਸ਼ਕਤੀ ਵਾਲੇ ਜੰਗੀ ਬੇੜੇ
- 20 ਉੱਚ-ਸਮਰੱਥਾ ਵਾਲੇ ਅੰਡਰਵਾਟਰ ਵਾਹਨ (ਪਣਡੁੱਬੀ-ਵਿਰੋਧੀ ਜੰਗ ਲਈ)
- 2,000 ਲੰਬੀ-ਰੇਂਜ ਵਾਲੇ ASW ਰਾਕੇਟ
- 120+ ਮੀਡੀਅਮ-ਐਲਟੀਟਿਊਡ ਲੌਂਗ-ਐਂਡਿਊਰੈਂਸ (MALE) ਡਰੋਨ
- 50+ ਰਿਮੋਟ-ਪਾਇਲਟ ਸਿਸਟਮ (ਹਰੇਕ ਵਿੱਚ 3 ਡਰੋਨ)

**ਸਵਦੇਸ਼ੀ ਸਮਰੱਥਾ ਅਤੇ ਆਰਥਿਕ ਪ੍ਰਭਾਵ**

ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ, "ਇੱਕ ਵੱਡਾ ਜਲ ਸੈਨਾ ਦਾ ਬੇੜਾ ਰਾਤੋ-ਰਾਤ ਬਣਾਉਣਾ ਸੰਭਵ ਨਹੀਂ ਹੈ, ਕਿਉਂਕਿ ਇਸ ਲਈ ਸਾਲਾਂ ਦੀ ਯੋਜਨਾਬੰਦੀ ਅਤੇ ਨਿਰਮਾਣ ਦੀ ਲੋੜ ਹੁੰਦੀ ਹੈ। P5 ਦੇਸ਼ਾਂ (ਅਮਰੀਕਾ, ਰੂਸ, ਚੀਨ, ਫਰਾਂਸ ਅਤੇ ਯੂ.ਕੇ.) ਤੋਂ ਇਲਾਵਾ, ਭਾਰਤ ਇਕਲੌਤਾ ਦੇਸ਼ ਹੈ ਜੋ ਜਹਾਜ਼-ਵਾਹਕ ਬੇੜੇ ਅਤੇ SSBNs ਦਾ ਡਿਜ਼ਾਈਨ, ਨਿਰਮਾਣ ਅਤੇ ਸੰਚਾਲਨ ਕਰ ਸਕਦਾ ਹੈ।

ਉਨ੍ਹਾਂ ਅੱਗੇ ਕਿਹਾ, 'ਇੱਕ ਸ਼ਿਪਯਾਰਡ ਵਿੱਚ ਇੱਕ ਨੌਕਰੀ ਨਾਲ ਸਹਾਇਕ ਉਦਯੋਗਾਂ ਵਿੱਚ ਪੰਜ ਤੋਂ ਛੇ ਵਾਧੂ ਨੌਕਰੀਆਂ ਪੈਦਾ ਹੁੰਦੀਆਂ ਹਨ, ਅਤੇ ਜੰਗੀ ਬੇੜਿਆਂ 'ਤੇ ਖਰਚ ਕਰਨ ਨਾਲ ਘਰੇਲੂ ਆਰਥਿਕਤਾ 'ਤੇ 1.8 ਗੁਣਾ ਦਾ ਗੁਣਾਤਮਕ ਪ੍ਰਭਾਵ ਪੈਂਦਾ ਹੈ।'

**ਖੇਤਰੀ ਜਲ ਸੈਨਾ ਚੁਣੌਤੀਆਂ**

ਇਸ ਸਮੇਂ ਚੀਨ ਕੋਲ 370 ਜੰਗੀ ਬੇੜਿਆਂ ਅਤੇ ਪਣਡੁੱਬੀਆਂ ਨਾਲ ਦੁਨੀਆ ਦੀ ਸਭ ਤੋਂ ਵੱਡੀ ਜਲ ਸੈਨਾ ਹੈ, ਜਦਕਿ ਕੁੱਲ ਟਨੇਜ (ਭਾਰ) ਵਿੱਚ ਅਮਰੀਕਾ ਸਭ ਤੋਂ ਅੱਗੇ ਹੈ। ਚੀਨ ਤੇਜ਼ੀ ਨਾਲ ਹਿੰਦ ਮਹਾਸਾਗਰ ਖੇਤਰ ਵਿੱਚ ਆਪਣੀ ਮੌਜੂਦਗੀ ਵਧਾ ਰਿਹਾ ਹੈ, ਅਤੇ ਜਿਬੂਟੀ, ਪਾਕਿਸਤਾਨ ਦੇ ਗਵਾਦਰ, ਅਤੇ ਕੰਬੋਡੀਆ ਦੇ ਰੀਮ ਵਿੱਚ ਬੇਸ ਸੁਰੱਖਿਅਤ ਕਰ ਰਿਹਾ ਹੈ।

ਚੀਨ ਪਾਕਿਸਤਾਨ ਨੂੰ ਏਅਰ-ਇੰਡੀਪੈਂਡੈਂਟ ਪ੍ਰੋਪਲਸ਼ਨ (AIP) ਨਾਲ ਲੈਸ ਅੱਠ ਹੈਂਗੋਰ/ਯੂਆਨ-ਸ਼੍ਰੇਣੀ ਦੀਆਂ ਡੀਜ਼ਲ-ਇਲੈਕਟ੍ਰਿਕ ਪਣਡੁੱਬੀਆਂ ਦੇ ਕੇ ਮਦਦ ਕਰ ਰਿਹਾ ਹੈ। AIP ਤਕਨੀਕ ਪਣਡੁੱਬੀਆਂ ਨੂੰ ਲੰਬੇ ਸਮੇਂ ਤੱਕ ਪਾਣੀ ਦੇ ਹੇਠਾਂ ਰਹਿਣ ਦੀ ਆਗਿਆ ਦਿੰਦੀ ਹੈ। ਇੱਕ ਜਲ ਸੈਨਾ ਅਧਿਕਾਰੀ ਅਨੁਸਾਰ, ਪਾਕਿਸਤਾਨ ਕੋਲ ਇਸ ਸਮੇਂ ਪੰਜ ਪੁਰਾਣੀਆਂ ਅਗੋਸਟਾ-ਸ਼੍ਰੇਣੀ ਦੀਆਂ ਪਣਡੁੱਬੀਆਂ ਹਨ, ਪਰ ਇਹਨਾਂ ਨਵੀਆਂ ਪਣਡੁੱਬੀਆਂ ਦੇ ਸ਼ਾਮਲ ਹੋਣ ਨਾਲ ਉਸਦੀ ਸਮੁੰਦਰ ਵਿੱਚ ਦੁਸ਼ਮਣ ਨੂੰ ਰੋਕਣ ਦੀ ਸਮਰੱਥਾ ਵਿੱਚ ਕਾਫ਼ੀ ਵਾਧਾ ਹੋਵੇਗਾ।

**ਪਣਡੁੱਬੀ ਸੌਦੇ ਅਤੇ ਦੇਰੀ**

ਆਪਣੀ ਪਾਣੀ-ਹੇਠਲੀ ਲੜਾਕੂ ਸਮਰੱਥਾ ਨੂੰ ਮਜ਼ਬੂਤ ਕਰਨ ਲਈ, ਭਾਰਤ AIP ਅਤੇ ਜ਼ਮੀਨ 'ਤੇ ਹਮਲਾ ਕਰਨ ਵਾਲੀਆਂ ਕਰੂਜ਼ ਮਿਜ਼ਾਈਲਾਂ ਨਾਲ ਲੈਸ ਛੇ ਡੀਜ਼ਲ-ਇਲੈਕਟ੍ਰਿਕ ਪਣਡੁੱਬੀਆਂ ਲਈ ਗੱਲਬਾਤ ਕਰ ਰਿਹਾ ਹੈ। 70,000 ਕਰੋੜ ਰੁਪਏ ਦਾ ਇਹ ਸੌਦਾ ਮਜ਼ਾਗਾਂਵ ਡੌਕ ਸ਼ਿਪਬਿਲਡਰਜ਼ ਦੁਆਰਾ ਜਰਮਨੀ ਦੀ ਥਾਈਸਨਕਰੱਪ ਮਰੀਨ ਸਿਸਟਮਜ਼ ਨਾਲ ਸਾਂਝੇਦਾਰੀ ਵਿੱਚ ਕੀਤਾ ਜਾਵੇਗਾ।

ਇਸ ਦੌਰਾਨ, ਤਿੰਨ ਹੋਰ ਫਰਾਂਸੀਸੀ ਮੂਲ ਦੀਆਂ ਸਕਾਰਪੀਨ ਪਣਡੁੱਬੀਆਂ ਦੇ ਨਿਰਮਾਣ ਦਾ 32,000 ਕਰੋੜ ਰੁਪਏ ਦਾ ਪ੍ਰੋਜੈਕਟ ਰੁਕਿਆ ਹੋਇਆ ਹੈ। ਜਲ ਸੈਨਾ ਕੋਲ ਇਸ ਸਮੇਂ ਛੇ ਸਕਾਰਪੀਨ ਪਣਡੁੱਬੀਆਂ ਹਨ, ਜਿਨ੍ਹਾਂ ਵਿੱਚ INS ਵਾਗਸ਼ੀਰ 2022 ਵਿੱਚ ਸੌਂਪੀ ਗਈ ਸੀ, ਅਤੇ ਇਸਦੇ ਨਾਲ ਚਾਰ ਜਰਮਨ HDW ਅਤੇ ਸੱਤ ਪੁਰਾਣੀਆਂ ਰੂਸੀ ਕਿਲੋ-ਸ਼੍ਰੇਣੀ ਦੀਆਂ ਪਣਡੁੱਬੀਆਂ ਵੀ ਹਨ।

# ਲਾਹੌਰ ਦੇ ਪੁੰਛ ਹਾਊਸ 'ਚ ਸੁਰੱਖਿਅਤ ਹਨ ਸ਼ਹੀਦ ਭਗਤ ਸਿੰਘ ਨਾਲ ਸੰਬੰਧਿਤ ਦੁਰਲੱਭ ਨਿਸ਼ਾਨੀਆਂ



ਅੰਮ੍ਰਿਤਸਰ : ਲਾਹੌਰ 'ਚ ਮੁਲਤਾਨ ਰੋਡ 'ਤੇ ਚੌਕ ਚੁਬੁਰਜੀ ਦੇ ਨਜ਼ਦੀਕ 'ਪੁੰਛ ਹਾਊਸ' ਵਿਚ ਲਹਿੰਦੇ ਪੰਜਾਬ ਦੇ ਉਦਯੋਗ ਵਿਭਾਗ ਅਤੇ ਸੈਰ-ਸਪਾਟਾ ਵਿਭਾਗ ਦੇ ਸਾਂਝੇ ਯਤਨਾਂ ਨਾਲ ਸਥਾਪਿਤ 'ਭਗਤ ਸਿੰਘ ਗੈਲਰੀ' ਵਿਚ ਸ਼ਹੀਦ ਦੀਆਂ ਤਸਵੀਰਾਂ ਅਤੇ ਉਸ ਨਾਲ ਸੰਬੰਧਿਤ ਮੁਕੱਦਮੇ ਦੀ ਕਾਰਵਾਈ ਦੇ ਦਸਤਾਵੇਜ਼ਾਂ ਨੂੰ ਸਥਾਈ ਪ੍ਰਦਰਸ਼ਨੀ ਹਿਤ ਰੱਖਿਆ ਗਿਆ ਹੈ। ਇਸ ਗੈਲਰੀ 'ਚ ਸ਼ਹੀਦ ਭਗਤ ਸਿੰਘ 'ਤੇ ਲਿਖੀਆਂ ਪੁਸਤਕਾਂ ਵੀ ਰੱਖੀਆਂ ਜਾਣਗੀਆਂ। ਗੈਲਰੀ ਦੇ ਇਕ ਕਮਰੇ 'ਚ ਜਨਮ ਤੋਂ ਲੈ ਕੇ ਫ਼ਾਂਸੀ ਤੱਕ ਦੀ ਭਗਤ ਸਿੰਘ ਦੀ ਜੀਵਨੀ ਨੂੰ ਚਿੱਤਰਕਾਰੀ ਰਾਹੀਂ ਪ੍ਰਦਰਸ਼ਿਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਕ ਹੋਰ ਕਮਰੇ 'ਚ ਭਗਤ ਸਿੰਘ ਦੇ ਜੇਲ੍ਹ 'ਚੋਂ ਲਿਖੇ ਪੱਤਰ ਅਤੇ ਉਸ ਨਾਲ ਸੰਬੰਧਿਤ ਜੇਲ੍ਹ ਦਾ ਰਿਕਾਰਡ ਰੱਖਿਆ ਗਿਆ ਹੈ। ਇਸ ਪ੍ਰੋਜੈਕਟ ਦੀ ਨਿਗਰਾਨੀ ਕਰਨ ਵਾਲੇ ਪੁਰਾਤਤਵ ਵਿਭਾਗ ਲਾਹੌਰ ਦੇ ਸਾਬਕਾ ਨਿਰਦੇਸ਼ਕ ਮੁਹੰਮਦ ਹਸਨ ਨੇ ਕਿਹਾ ਕਿ ਇਸ ਗੈਲਰੀ ਦਾ ਉਦੇਸ਼ ਭਵਿੱਖ ਦੀਆਂ ਪੀੜ੍ਹੀਆਂ ਲਈ ਸ਼ਹੀਦ ਭਗਤ ਸਿੰਘ ਦੀ ਵਿਰਾਸਤ ਨੂੰ ਸੁਰੱਖਿਅਤ ਰੱਖਣਾ ਹੈ। ਦੱਸਣਯੋਗ ਹੈ ਕਿ 5 ਮਈ, 1930 ਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ, ਸੁਖਦੇਵ ਥਾਪਰ ਅਤੇ ਸ਼ਿਵਰਾਮ ਰਾਜਗੁਰੂ ਦੀ ਲਾਹੌਰ ਸਾਜ਼ਿਸ਼ ਕੇਸ 'ਚ ਸੁਣਵਾਈ (ਟ੍ਰਾਇਲ) ਅਧਿਕਾਰਤ ਤੌਰ 'ਤੇ ਵਿਸ਼ੇਸ਼ ਟ੍ਰਿਬਿਊਨਲ 'ਚ ਸ਼ੁਰੂ ਕੀਤੀ ਗਈ ਅਤੇ 12 ਮਈ, 1930 ਨੂੰ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਮੁੜ ਸੁਣਵਾਈ ਲਈ ਇਸੇ 'ਪੁੰਛ ਹਾਊਸ' ਵਿਚ ਲਿਆਂਦਾ ਗਿਆ। ਜਿਥੇ ਉਨ੍ਹਾਂ 'ਤੇ ਮੁਕੱਦਮਾ ਚੱਲਿਆ ਪਰ ਉਸ ਦਿਨ ਤਿੰਨ ਮੈਂਬਰੀ ਜਿਊਰੀ ਦੇ ਇਕਲੌਤੇ ਭਾਰਤੀ ਜੱਜ ਜਸਟਿਸ ਆਗਾ ਹੈਦਰ ਨੇ ਟ੍ਰਿਬਿਊਨਲ ਦੇ ਮੁਖੀ ਦੇ ਹੁਕਮਾਂ ਤੋਂ ਆਪਣੇ ਆਪ ਨੂੰ ਵੱਖ ਕਰ ਲਿਆ। ਜ਼ਿਕਰਯੋਗ ਹੈ ਕਿ ਪੁੰਛ ਹਾਊਸ ਲਾਹੌਰ ਦੀ ਇਕ ਤਾਰੀਖ਼ੀ ਇਮਾਰਤ ਹੈ, ਜਿਸ ਦੀ ਉਸਾਰੀ 'ਚ ਪੰਜਾਬ ਦੇ ਆਖ਼ਰੀ ਸਿੱਖ ਸ਼ਾਸਕ ਮਹਾਰਾਜਾ ਦਲੀਪ ਸਿੰਘ ਦੇ ਕਾਰਜਕਾਲ ਦੌਰਾਨ ਸਿੱਖ ਫ਼ੌਜ ਦੇ ਕਮਾਂਡਰ ਲਾਰਡ ਲਾਰੈਂਸ ਲਈ ਸੰਨ 1849 'ਚ ਕੀਤੀ ਗਈ। ਲਗਭਗ 199 ਵਰਗ ਫ਼ੁੱਟ 'ਚ ਬਣੀ ਪੁੰਛ ਹਾਊਸ ਦੀ ਇਹ ਇਮਾਰਤ ਅਸਲ 'ਚ ਰਾਜਾ ਜਗਤ ਸਿੰਘ ਦੀ ਜਾਇਦਾਦ ਸੀ। ਪਾਕਿਸਤਾਨ ਦੇ ਹੋਂਦ 'ਚ ਆਉਣ ਤੋਂ ਬਾਅਦ ਸੰਨ 1950 'ਚ ਇਸ ਇਮਾਰਤ 'ਚ ਉਦਯੋਗਿਕ ਵਿਭਾਗ ਦੇ ਦਫ਼ਤਰ ਤਬਦੀਲ ਕਰ ਦਿੱਤੇ ਗਏ ਸਨ।

# ਪ੍ਰਧਾਨ ਮੰਤਰੀ ਮੋਦੀ ਨੇ ਦਾਰੰਗ 'ਚ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦੀ ਕੀਤੀ ਸ਼ੁਰੂਆਤ



ਦਾਰੰਗ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਅਸਾਮ ਦੇ ਦਾਰੰਗ ਜ਼ਿਲ੍ਹੇ ਵਿੱਚ ਕਈ ਵਿਕਾਸ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ ਅਤੇ ਉਦਘਾਟਨ ਕੀਤਾ। ਇਸ ਮੌਕੇ 'ਤੇ ਉਨ੍ਹਾਂ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਪ੍ਰੋਜੈਕਟ ਖੇਤਰ ਦੇ ਵਿਕਾਸ ਨੂੰ ਨਵੀਂ ਗਤੀ ਦੇਣਗੇ।

ਇਸ ਸਮਾਗਮ ਵਿੱਚ ਅਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਅਤੇ ਹੋਰ ਪਤਵੰਤੇ ਵੀ ਮੌਜੂਦ ਸਨ। ਪ੍ਰਧਾਨ ਮੰਤਰੀ ਮੋਦੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਹ ਵਿਕਾਸ ਪ੍ਰੋਜੈਕਟ ਸਿਹਤ ਸੰਭਾਲ, ਸੰਪਰਕ ਅਤੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਗੇ, ਜਿਸ ਨਾਲ ਸਥਾਨਕ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ।

ਪ੍ਰਧਾਨ ਮੰਤਰੀ ਦੁਆਰਾ ਸ਼ੁਰੂ ਕੀਤੇ ਗਏ ਪ੍ਰਮੁੱਖ ਪ੍ਰੋਜੈਕਟਾਂ ਵਿੱਚ ਦਾਰੰਗ ਮੈਡੀਕਲ ਕਾਲਜ ਅਤੇ ਹਸਪਤਾਲ, ਗੁਹਾਟੀ ਰਿੰਗ ਰੋਡ ਅਤੇ ਕੁਰੂਆ-ਨਾਰੇਂਗੀ ਪੁਲ ਸ਼ਾਮਲ ਹਨ, ਜਿਨ੍ਹਾਂ ਦੀ ਕੁੱਲ ਲਾਗਤ ਲਗਭਗ 6,500 ਕਰੋੜ ਰੁਪਏ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਉਨ੍ਹਾਂ ਦੀ ਸਰਕਾਰ 'ਸਬਕਾ ਸਾਥ, ਸਬਕਾ ਵਿਕਾਸ, ਸਬਕਾ ਵਿਸ਼ਵਾਸ ਅਤੇ ਸਬਕਾ ਪ੍ਰਯਾਸ' ਦੇ ਮੰਤਰ ਨਾਲ ਦੇਸ਼ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪੂਰਬੀ ਅਤੇ ਉੱਤਰ-ਪੂਰਬੀ ਭਾਰਤ ਦੇ ਵਿਕਾਸ ਨੂੰ ਸਰਕਾਰ ਵੱਲੋਂ ਵਿਸ਼ੇਸ਼ ਤਰਜੀਹ ਦਿੱਤੀ ਜਾ ਰਹੀ ਹੈ।

ਇਸ ਮੌਕੇ 'ਤੇ ਬੋਲਦਿਆਂ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇ ਪ੍ਰਧਾਨ ਮੰਤਰੀ ਮੋਦੀ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਹ ਪ੍ਰੋਜੈਕਟ ਅਸਾਮ ਦੇ ਵਿਕਾਸ ਵਿੱਚ ਇੱਕ ਮੀਲ ਪੱਥਰ ਸਾਬਤ ਹੋਣਗੇ।

# ਭਗਵੰਤ ਮਾਨ ਸਰਕਾਰ ਖਿਲਾਫ ਭਾਜਪਾ ਦਾ ਰੋਸ, ਰਾਹਤ ਫੰਡਾਂ ਦੀ ਦੁਰਵਰਤੋਂ ਦੇ ਦੋਸ਼ ਹੇਠ ਫੂਕਿਆ ਪੁਤਲਾ




ਅੰਮ੍ਰਿਤਸਰ: ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਅੱਜ ਪੰਜਾਬ ਦੀ ਭਗਵੰਤ ਮਾਨ ਸਰਕਾਰ ਖਿਲਾਫ ਜ਼ੋਰਦਾਰ ਪ੍ਰਦਰਸ਼ਨ ਕਰਦਿਆਂ ਸਰਕਾਰ ਦਾ ਪੁਤਲਾ ਫੂਕਿਆ। ਭਾਜਪਾ ਨੇ ਦੋਸ਼ ਲਗਾਇਆ ਹੈ ਕਿ ਕੇਂਦਰ ਸਰਕਾਰ ਵੱਲੋਂ ਹੜ੍ਹ ਪੀੜਤਾਂ ਲਈ ਭੇਜੇ ਗਏ ਕਰੋੜਾਂ ਰੁਪਏ ਦੇ ਰਾਹਤ ਫੰਡ ਨੂੰ ਪੰਜਾਬ ਸਰਕਾਰ ਲੋੜਵੰਦ ਕਿਸਾਨਾਂ ਅਤੇ ਲੋਕਾਂ ਤੱਕ ਪਹੁੰਚਾਉਣ ਵਿੱਚ ਨਾਕਾਮ ਰਹੀ ਹੈ। ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਹਰਵਿੰਦਰ ਸਿੰਘ ਸੰਧੂ ਅਤੇ ਸਾਬਕਾ ਰਾਜ ਸਭਾ ਮੈਂਬਰ ਸ਼ਵੇਤ ਮਲਿਕ ਨੇ ਕਿਹਾ ਕਿ ਕੇਂਦਰ ਵੱਲੋਂ 292 ਕਰੋੜ, ਫਿਰ 12,000 ਕਰੋੜ ਅਤੇ ਬਾਅਦ ਵਿੱਚ ਪ੍ਰਧਾਨ ਮੰਤਰੀ ਵੱਲੋਂ 1600 ਕਰੋੜ ਰੁਪਏ ਦੀ ਰਾਸ਼ੀ ਭੇਜਣ ਦੇ ਬਾਵਜੂਦ ਪੰਜਾਬ ਸਰਕਾਰ ਨੇ ਪੀੜਤਾਂ ਨੂੰ ਕੋਈ ਰਾਹਤ ਨਹੀਂ ਦਿੱਤੀ। ਉਨ੍ਹਾਂ ਕਿਹਾ ਕਿ ਜਦੋਂ ਪੰਜਾਬ ਹੜ੍ਹਾਂ ਦੀ ਮਾਰ ਝੱਲ ਰਿਹਾ ਸੀ ਤਾਂ ਮੁੱਖ ਮੰਤਰੀ ਭਗਵੰਤ ਮਾਨ ਅਤੇ ਰਾਹੁਲ ਗਾਂਧੀ ਗਾਇਬ ਸਨ, ਜਦਕਿ ਕੇਂਦਰੀ ਮੰਤਰੀ ਲਗਾਤਾਰ ਸਥਿਤੀ ਦਾ ਜਾਇਜ਼ਾ ਲੈ ਰਹੇ ਸਨ। ਪ੍ਰਦਰਸ਼ਨਕਾਰੀਆਂ ਨੇ ਮੰਗ ਕੀਤੀ ਕਿ ਸਰਕਾਰ ਤੁਰੰਤ ਪ੍ਰਭਾਵਿਤ ਲੋਕਾਂ ਨੂੰ ਮੁਆਵਜ਼ਾ ਜਾਰੀ ਕਰੇ, ਜਿਨ੍ਹਾਂ ਦੇ ਘਰ, ਫਸਲਾਂ ਅਤੇ ਪਸ਼ੂ ਹੜ੍ਹਾਂ ਕਾਰਨ ਤਬਾਹ ਹੋ ਗਏ ਹਨ।

# ਸੈਨ ਵਾਕੀਨ ਕਾਉਂਟੀ ਸ਼ੈਰਿਫ ਦਫ਼ਤਰ (SJCO) ਵੱਲੋਂ : ਗਿਰੋਹ-ਸਬੰਧਤ ਗ੍ਰਿਫ਼ਤਾਰੀਆਂ

ਭਾਰਤੀ ਗਿਰੋਹ ਨਾਲ ਸਬੰਧਤ ਅਗਵਾ ਅਤੇ ਤਸ਼ੱਦਦ ਦੇ ਮਾਮਲੇ ਦੀ ਚੱਲ ਰਹੀ ਜਾਂਚ ਦੇ ਹਿੱਸੇ ਵਜੋਂ, ਸੈਨ ਵਾਕੀਨ ਕਾਉਂਟੀ ਸ਼ੈਰਿਫ ਦਫ਼ਤਰ ਸਾਡੇ ਭਾਈਚਾਰੇ ਨੂੰ ਹੇਠ ਲਿਖੀ ਤਾਜ਼ਾ ਜਾਣਕਾਰੀ ਪ੍ਰਦਾਨ ਕਰ ਰਿਹਾ ਹੈ:

ਅਰਸ਼ਪ੍ਰੀਤ ਸਿੰਘ ਅਤੇ ਦਿਲਪ੍ਰੀਤ ਸਿੰਘ ਨੂੰ ਅਦਾਲਤੀ ਹੁਕਮ 'ਤੇ $50,000 ਦੀ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਹੈ ਅਤੇ ਇਸ ਵੇਲੇ ਉਨ੍ਹਾਂ ਦੇ ਗਿੱਟਿਆਂ 'ਤੇ ਮਾਨੀਟਰ ਬਰੇਸਲੈੱਟ ਲਗਾ ਕੇ ਨਿਗਰਾਨੀ ਕੀਤੀ ਜਾ ਰਹੀ ਹੈ।

ਦੋਵੇਂ ਵਿਅਕਤੀਆਂ 'ਤੇ ਹਿੰਸਕ ਗਿਰੋਹ ਦੀਆਂ ਗਤੀਵਿਧੀਆਂ ਨਾਲ ਜੁੜੇ ਗੰਭੀਰ ਸੰਗੀਨ ਅਪਰਾਧਾਂ ਦੇ ਦੋਸ਼ ਅਜੇ ਵੀ ਕਾਇਮ ਹਨ।

ਅਸੀਂ ਜਨਤਾ ਨੂੰ ਭਰੋਸਾ ਦਿਵਾਉਣਾ ਚਾਹੁੰਦੇ ਹਾਂ ਕਿ ਅਸੀਂ ਇਨ੍ਹਾਂ ਵਿਅਕਤੀਆਂ ਨੂੰ ਜਨਤਕ ਸੁਰੱਖਿਆ ਲਈ ਇੱਕ ਵੱਡਾ ਖ਼ਤਰਾ ਮੰਨਦੇ ਹਾਂ। ਸੈਨ ਵਾਕੀਨ ਕਾਉਂਟੀ ਸ਼ੈਰਿਫ ਦਫ਼ਤਰ, ਸਾਡੇ ਸਹਿਯੋਗੀ ਭਾਈਵਾਲਾਂ ਨਾਲ ਮਿਲ ਕੇ, ਇਸ ਮਾਮਲੇ ਦੀ ਨੇੜਿਓਂ ਨਿਗਰਾਨੀ ਕਰਨਾ ਜਾਰੀ ਰੱਖੇਗਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ ਸਾਰੇ ਜ਼ਰੂਰੀ ਕਦਮ ਚੁੱਕੇਗਾ।




ਅਸੀਂ ਆਪਣੇ 'ਭਾਈਚਾਰਾ ਪਹਿਲਾਂ' (Community First) ਮਿਸ਼ਨ ਲਈ ਵਚਨਬੱਧ ਹਾਂ। ਜੇ ਤੁਸੀਂ ਸਾਡੇ ਨਿਵਾਸੀਆਂ ਨੂੰ ਨੁਕਸਾਨ ਪਹੁੰਚਾਉਣ, ਧਮਕਾਉਣ, ਜਾਂ ਸ਼ਿਕਾਰ ਬਣਾਉਣ ਲਈ ਇੱਥੇ ਆਉਂਦੇ ਹੋ, ਤਾਂ ਇਹ ਸਮਝ ਲਵੋ: ਅਸੀਂ ਤੁਹਾਨੂੰ ਲੱਭ ਲਵਾਂਗੇ, ਅਤੇ ਅਸੀਂ ਤੁਹਾਨੂੰ ਰੋਕਾਂਗੇ।

# ਹੜ ਪੀੜਤ ਪਰਿਵਾਰਾਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ : ਰਜਿੰਦਰ ਮਾਰਸ਼ਲ ਸੁਖਵਿੰਦਰ ਅਰੋੜਾ



ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਜਿੰਦਰ ਮਾਰਸ਼ਲ ਅਤੇ ਸੁਖਵਿੰਦਰ ਅਰੋੜਾ ਜੀ ਨੇ ਦੱਸਿਆ ਕਿ ਹੜਾਂ ਕਾਰਨ ਪੰਜਾਬ ਦੇ ਕਿਸਾਨਾਂ ਦਾ ਬਹੁਤ ਨੁਕਸਾਨ ਹੋਇਆ ਹੈ। ਬੜੇ ਘਰਾਂ ਦਾ ਨੁਕਸਾਨ ਹੋਇਆ ਹੈ ਅਤੇ ਜਾਨਵਰਾਂ ਦਾ ਵੀ ਨੁਕਸਾਨ ਹੋਇਆ ਲਗਾਤਾਰ ਸਾਰੀਆਂ ਜਥੇਬੰਦੀਆਂ ਵੱਲੋਂ ਹੜ ਪੀੜਤਾਂ ਦੀ ਮਦਦ ਕੀਤੀ ਜਾ ਰਹੀ ਉਸ ਦੇ ਲਈ ਸਾਰੇ ਜਥੇਬੰਦੀਆਂ ਦਾ ਬਹੁਤ ਬਹੁਤ ਧੰਨਵਾਦ ਅੱਜ ਸ. ਰਜਿੰਦਰ ਸਿੰਘ ਮਾਰਸ਼ਲ ਸ. ਸੁਖਵਿੰਦਰ ਸਿੰਘ ਅਰੋੜਾ ਸ. ਗੁਰਮੀਤ ਸਿੰਘ ਰਲਣਾ ਵੱਲੋਂ ਹੜ ਪੀੜਤਾਂ ਨੂੰ ਰਾਸ਼ਨ ਭੇਜਿਆ ਗਿਆ ਹੈ ਅਤੇ ਹੋਰ ਇੱਕ ਦੋ ਦਿਨ ਤੱਕ ਪਸ਼ੂਆਂ ਲਈ ਚਾਰਾ ਵੀ ਭੇਜਿਆ ਜਾ ਰਿਹਾ ਹੈ ਅਸੀਂ ਸਰਕਾਰ ਅਤੇ ਪ੍ਰਸ਼ਾਸਨ ਨੂੰ ਅਪੀਲ ਕਰਦੇ ਹਾਂ ਕਿ ਹਰ ਲੋੜਵੰਦ ਹੜ ਪੀੜਿਤ ਤੱਕ ਮਦਦ ਪਹੁੰਚਣੀ ਚਾਹੀਦੀ ਹੈ ਅਤੇ ਇਸ ਮੌਕੇ ਕਿਸਾਨਾਂ ਦੀ ਵੱਧ ਤੋਂ ਵੱਧ ਮਦਦ ਕਰਨੀ ਬਨਦੀ ਹੈ ਤਾਂ ਜੋ ਉਹ ਦੁਬਾਰਾ ਆਪਣੇ ਖੇਤਾਂ ਨੂੰ ਤਿਆਰ ਕਰ ਸਕਣ ਤੇ ਭਵਿੱਖ ਲਈ ਅਨਾਜ ਪੈਦਾ ਕਰ ਸਕਣ ਅਤੇ ਸਰਕਾਰ ਵੱਧ ਤੋਂ ਵੱਧ ਮੁਆਵਜ਼ਾ ਦੇਵੇ ਤਾਂ ਜੋ ਕਿਸਾਨਾਂ ਦੇ ਨੁਕਸਾਨ ਦੀ ਭਰਭਾਈ ਹੋ ਸਕੇ ਤਾਂ ਜੋ ਕਿਸਾਨ ਨੂੰ ਫਿਰ ਤੋਂ ਆਪਣੀਆਂ ਜਮੀਨਾਂ ਨੂੰ ਹਰੀਆਂ ਭਰੀਆਂ ਤੇ ਆਬਾਦ ਕਰ ਸਕਣ। ਅੱਜ ਹੜ ਪੀੜਤਾਂ ਨੂੰ ਅਨਾਜ ਭੇਜਣ ਦੇ ਮੌਕੇ ਇਲਾਕੇ ਦੀਆਂ ਨਾਮਵਰ ਸ਼ਖ਼ਸ਼ੀਅਤਾਂ ਹਾਜ਼ਰ ਸਨ ਸਰਦਾਰ ਕੁਲਵੰਤ ਸਿੰਘ ਮਾਰਸ਼ਲ ਸਰਦਾਰ ਮਨਜੀਤ ਸਿੰਘ ਸਰਦਾਰ ਤਰਸੇਮ ਸਿੰਘ ਬਾਜਵਾ ਸਰਦਾਰ ਕਿਸ਼ਨ ਸਿੰਘ ਨੱਥੂਪੁਰ ਆਦ ਹਾਜ਼ਰ ਸਨ।



ਡਾ. ਗੁਰਪਾਲ ਸਿੰਘ ਸੰਧੂ

## ਪੰਜਾਬੀ ਸਾਹਿਤ ਸਭਿਆਚਾਰ ਦੀ ਦੁਨੀਆਂ 'ਚ ਜਾਣੀ ਪਹਿਚਾਣੀ ਸ਼ਖ਼ਸੀਅਤ - ਡਾ. ਗੁਰਪਾਲ ਸਿੰਘ ਸੰਧੂ: ਇੱਕ ਜਾਣ-ਪਛਾਣ

ਡਾ. ਗੁਰਪਾਲ ਸਿੰਘ ਸੰਧੂ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਖੇਤਰ ਵਿੱਚ ਇੱਕ ਜਾਣਿਆ-ਪਛਾਣਿਆ ਨਾਮ ਹਨ। ਵਰਤਮਾਨ ਵਿੱਚ ਉਹ ਚੰਡੀਗੜ੍ਹ ਯੂਨੀਵਰਸਿਟੀ, ਘੜੂੰਆਂ ਵਿਖੇ ਪੰਜਾਬੀ ਵਿਭਾਗ ਵਿੱਚ ਬਤੌਰ ਪ੍ਰੋਫੈਸਰ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ। ਉਨ੍ਹਾਂ ਨੇ ਆਪਣੀ ਉੱਚ ਸਿੱਖਿਆ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਹਾਸਲ ਕੀਤੀ ਅਤੇ ਪੰਜਾਬੀ ਅਧਿਐਨ ਦੇ ਖੇਤਰ ਵਿੱਚ ਡੂੰਘੀ ਮੁਹਾਰਤ ਰੱਖਦੇ ਹਨ। ਡਾ. ਸੰਧੂ ਇੱਕ ਉੱਘੇ ਖੋਜਕਾਰ, ਆਲੋਚਕ ਅਤੇ ਇੱਕ ਪ੍ਰੇਰਣਾਦਾਇਕ ਅਧਿਆਪਕ ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ ਦੀ ਖੋਜ ਦੇ ਮੁੱਖ ਵਿਸ਼ਿਆਂ ਵਿੱਚ ਪੰਜਾਬੀ ਲੋਕਧਾਰਾ, ਮੱਧਕਾਲੀ ਸਾਹਿਤ ਅਤੇ ਆਧੁਨਿਕ ਪੰਜਾਬੀ ਕਵਿਤਾ ਸ਼ਾਮਲ ਹਨ। ਉਹਨਾਂ ਨੇ ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਅਤੇ ਕਾਨਫਰੰਸਾਂ ਵਿੱਚ ਆਪਣੇ ਖੋਜ ਪੱਤਰ ਪੇਸ਼ ਕੀਤੇ ਹਨ ਅਤੇ ਉਹਨਾਂ ਦੇ ਲੇਖ ਵੱਖ-ਵੱਖ ਵੱਕਾਰੀ ਰਸਾਲਿਆਂ ਵਿੱਚ ਛਪ ਚੁੱਕੇ ਹਨ। ਆਪਣੇ ਅਧਿਆਪਨ ਅਤੇ ਖੋਜ ਕਾਰਜਾਂ ਰਾਹੀਂ, ਡਾ. ਸੰਧੂ ਨੌਜਵਾਨ ਪੀੜ੍ਹੀ ਵਿੱਚ ਪੰਜਾਬੀ ਭਾਸ਼ਾ ਅਤੇ ਵਿਰਸੇ ਪ੍ਰਤੀ ਚੇਤਨਾ ਅਤੇ ਪਿਆਰ ਪੈਦਾ ਕਰਨ ਲਈ ਲਗਾਤਾਰ ਯਤਨਸ਼ੀਲ ਹਨ। ਉਨ੍ਹਾਂ ਦੀ ਅਗਵਾਈ ਹੇਠ ਕਈ ਵਿਦਿਆਰਥੀ ਐਮ.ਫਿਲ ਅਤੇ ਪੀਐਚ.ਡੀ. ਦੀਆਂ ਡਿਗਰੀਆਂ ਹਾਸਲ ਕਰ ਚੁੱਕੇ ਹਨ। ਪੰਜਾਬੀ ਅਕਾਦਮਿਕਤਾ ਵਿੱਚ ਉਨ੍ਹਾਂ ਦਾ ਯੋਗਦਾਨ ਬਹੁਤ ਹੀ ਸ਼ਲਾਘਾਯੋਗ ਹੈ। ਅਸੀਂ ਉਨ੍ਹਾਂ ਦੇ ਅਮਰੀਕੀ ਤੇ ਪੰਜਾਬੀ ਸਾਹਿਤ ਦੇ ਰੰਗ ਨੂੰ 'ਸਾਡੇ ਲੋਕ' ਦੇ ਪਾਠਕਾਂ ਲਈ ਲੜੀਵਾਰ ਛਾਪਕੇ ਅਸੀਮ ਖੁਸ਼ੀ ਪ੍ਰਾਪਤ ਕਰ ਰਹੇ ਹਾ : ਸਤਨਾਮ ਸਿੰਘ ਖਾਲਸਾ

### ਅਮਰੀਕੀ ਜ਼ਮੀਨ 'ਤੇ ਪੰਜਾਬੀ ਸਾਹਿਤ ਦਾ ਨਵਾਂ ਰੰਗ:

ਪੇਸ਼ ਹੈ ਪ੍ਰਸਿੱਧ ਵਿਦਵਾਨ ਡਾ. ਗੁਰਪਾਲ ਸਿੰਘ ਸੰਧੂ ਦਾ ਖੋਜ ਭਰਪੂਰ ਲੇਖ, ਜੋ ਅਮਰੀਕੀ ਪੰਜਾਬੀ ਸਾਹਿਤ ਦੇ ਇੱਕ ਦਿਲਚਸਪ ਅਤੇ ਉੱਭਰ ਰਹੇ ਰੁਝਾਨ 'ਤੇ ਚਾਨਣਾ ਪਾਉਂਦਾ ਹੈ। ਜਿੱਥੇ ਪੰਜਾਬ ਵਿੱਚ ਇੱਕੋ ਲੇਖਕ ਦੁਆਰਾ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ (ਜਿਵੇਂ ਕਵਿਤਾ, ਕਹਾਣੀ, ਨਾਵਲ ਆਦਿ) ਵਿੱਚ ਇੱਕੋ ਸਮੇਂ ਲਿਖਣ ਦੀ ਪਰੰਪਰਾ ਮੱਧਮ ਪੈ ਰਹੀ ਹੈ, ਉੱਥੇ ਹੀ ਅਮਰੀਕਾ ਵਿੱਚ ਵੱਸਦੇ ਪੰਜਾਬੀ ਲੇਖਕ ਇਸ 'ਬਹੁ-ਵਿਧਾਈ ਸਿਰਜਣਾ' ਨੂੰ ਨਵੀਂ ਊਰਜਾ ਪ੍ਰਦਾਨ ਕਰ ਰਹੇ ਹਨ। ਇਸ ਲੇਖ ਵਿੱਚ, ਲੇਖਕ ਨੇ ਚਾਰ ਪ੍ਰਮੁੱਖ ਅਮਰੀਕੀ ਪੰਜਾਬੀ ਲੇਖਕਾਂ ਦੀਆਂ ਰਚਨਾਵਾਂ ਦਾ ਡੂੰਘਾਈ ਨਾਲ ਵਿਸ਼ਲੇਸ਼ਣ ਕਰਦੇ ਹੋਏ ਇਹ ਦਰਸਾਇਆ ਹੈ ਕਿ ਕਿਵੇਂ ਉਹ ਵੱਖ-ਵੱਖ ਸਾਹਿਤਕ ਰੂਪਾਂ ਨੂੰ ਇੱਕੋ ਸਮੇਂ ਵਰਤ ਕੇ ਪੰਜਾਬੀ ਸਾਹਿਤ ਲਈ ਨਵੀਆਂ ਸੰਭਾਵਨਾਵਾਂ ਸਿਰਜ ਰਹੇ ਹਨ। ਆਓ ਪੜ੍ਹੀਏ ਇਹ ਵਿਸਤ੍ਰਿਤ ਵਿਸ਼ਲੇਸ਼ਣ...

# ਅਮਰੀਕੀ ਪੰਜਾਬੀ ਸਾਹਿਤ ਦੀ ਬਹੁ-ਵਿਧਾਈ ਸਿਰਜਣਾਤਮਕ ਬਣਤਰ

ਪੰਜਾਬੀ ਸਾਹਿਤ ਵਿੱਚ ਬਹੁ-ਵਿਧਾਈ ਸਿਰਜਣਾਤਮਕਤਾ ਅਤੇ ਲੇਖਣੀ ਦੀ ਇੱਕ ਲੰਮੀ ਪਰੰਪਰਾ ਹੈ। ਇੱਕ ਬਹੁ-ਵਿਧਾਈ ਲੇਖਕ ਉਹ ਹੁੰਦਾ ਹੈ ਜੋ ਤਿੰਨ ਤੋਂ ਵੱਧ ਸਾਹਿਤਕ ਵਿਧਾਵਾਂ ਵਿੱਚ ਰਚਨਾ ਕਰਦਾ ਹੈ ਅਤੇ ਨਾ ਸਿਰਫ਼ ਉਹਨਾਂ ਦੀ ਵਰਤੋਂ ਵਿੱਚ ਮੁਹਾਰਤ ਦਾ ਪ੍ਰਦਰਸ਼ਨ ਕਰਦਾ ਹੈ, ਬਲਕਿ ਉਹਨਾਂ ਲਈ ਵਿਲੱਖਣ ਤਕਨੀਕਾਂ ਅਤੇ ਢੰਗਾਂ ਨੂੰ ਵੀ ਵਰਤਦਾ ਹੈ। ਹਾਲਾਂਕਿ, ਉਸਦੇ ਸਮੁੱਚੇ ਕੰਮ ਦੀ ਨੀਂਹ ਇੱਕ ਨਿਰੰਤਰ ਸਿਰਜਣਾਤਮਕ ਦ੍ਰਿਸ਼ਟੀ ਅਤੇ ਇੱਕ ਵਿਲੱਖਣ ਵਿਸ਼ਾਗਤ ਦ੍ਰਿਸ਼ਟੀਕੋਣ ਵਿੱਚ ਹੁੰਦੀ ਹੈ ਜੋ ਵੱਖ-ਵੱਖ ਵਿਧਾਵਾਂ ਵਿੱਚ ਸਥਿਰ ਰਹਿੰਦੀ ਹੈ। ਇਹ ਮੁੱਖ ਗੁਣ ਭਾਸ਼ਾਈ ਵਿਭਿੰਨਤਾ ਅਤੇ ਸੁਹਜਾਤਮਕ ਅਮੀਰੀ ਰਾਹੀਂ ਝਲਕਦੇ ਹਨ ਜੋ ਲੇਖਕ ਹਰ ਵਿਧਾ ਵਿੱਚ ਲਿਆਉਂਦਾ ਹੈ, ਨਾਲ ਹੀ ਸ਼ੈਲੀਗਤ ਅਤੇ ਪ੍ਰਤੀਕਾਤਮਕ ਢਾਂਚਿਆਂ ਦੀ ਵਿਆਪਕ ਵਰਤੋਂ ਵੀ ਕਰਦਾ ਹੈ। ਇਸ ਅਰਥ ਵਿਚ, ਬਹੁ-ਵਿਧਾਈ ਲੇਖਣੀ ਸਿਰਫ਼ ਇੱਕ, ਦੋ ਜਾਂ ਕਈ ਵਿਧਾਵਾਂ ਵਿਚ ਰਚਨਾ ਕਰਨ ਬਾਰੇ ਨਹੀਂ ਹੈ - ਇਹ ਇੱਕ ਸੁਨਿਸ਼ਚਿਤ ਦ੍ਰਿਸ਼ਟੀ ਅਤੇ ਢਾਂਚਾਗਤ ਸੋਚ-ਪ੍ਰਕਿਰਿਆ ਨੂੰ ਵੱਖ-ਵੱਖ ਵਿਧਾਵਾਂ ਵਿਚ, ਇੱਕ ਵਿਲੱਖਣ ਸਿਰਜਣਾਤਮਕ ਨਜ਼ਰੀਏ ਅਤੇ ਵਿਸ਼ਾਗਤ ਇਕਸਾਰਤਾ ਦੁਆਰਾ ਪ੍ਰਗਟਾਉਣ ਬਾਰੇ ਹੈ। ਇਹੀ ਕਾਰਨ ਹੈ ਕਿ ਬਹੁ-ਵਿਧਾਈ ਲੇਖਕ ਉਹ ਮੰਨੇ ਜਾਂਦੇ ਹਨ ਜੋ ਆਪਣੇ ਆਪ ਨੂੰ ਇੱਕ ਸਾਹਿਤਕ ਰੂਪ ਤੱਕ ਸੀਮਤ ਕਰਨ ਦੀ ਬਜਾਏ, ਨਾਵਲ, ਨਿੱਕੀ ਕਹਾਣੀਆਂ, ਕਵਿਤਾ, ਲੇਖ ਅਤੇ ਗੈਰ-ਗਲਪ ਵਰਗੀਆਂ ਕਈ ਵਿਧਾਵਾਂ ਵਿੱਚ ਲਿਖਦੇ ਹਨ। ਉਹ ਆਪਣੀ ਸਿਰਜਣਾਤਮਕ ਰਚਨਾ ਦੇ ਆਧਾਰ ਵਜੋਂ ਕਲਪਨਾ (fantasy) ਅਤੇ ਵਿਗਿਆਨ ਗਲਪ ਤੋਂ ਲੈ ਕੇ ਰੋਮਾਂਸ, ਮਨੋਰੰਜਨ ਅਤੇ ਇਤਿਹਾਸਕ ਗਲਪ ਤੱਕ ਦੀਆਂ ਸ਼ੈਲੀਆਂ ਨੂੰ ਵੀ ਸ਼ਾਮਲ ਕਰਦੇ ਹਨ। ਇੱਕ ਬਹੁ-ਵਿਧਾਈ ਲੇਖਕ ਲਈ, ਆਪਣੇ ਕੰਮ ਦੌਰਾਨ ਇੱਕ ਵਿਲੱਖਣ ਦ੍ਰਿਸ਼ਟੀਕੋਣ ਅਤੇ ਸਿਰਜਣਾਤਮਕ ਇਕਸੁਰਤਾ ਨੂੰ ਬਰਕਰਾਰ ਰੱਖਦੇ ਹੋਏ ਵੱਖ-ਵੱਖ ਰੂਪਾਂ ਦੇ ਗੁਣਾਂ ਅਤੇ ਰਵਾਇਤਾਂ ਨੂੰ ਕੁਸ਼ਲਤਾ ਨਾਲ ਸੰਭਾਲਣਾ ਜ਼ਰੂਰੀ ਹੈ।(1)

ਮੱਧਕਾਲ ਤੋਂ ਲੈ ਕੇ ਵਰਤਮਾਨ ਤੱਕ, ਬਹੁਤ ਸਾਰੇ ਪੰਜਾਬੀ ਲੇਖਕਾਂ ਨੇ ਇੱਕੋ ਸਮੇਂ ਵੱਖ-ਵੱਖ ਸਾਹਿਤਕ ਵਿਧਾਵਾਂ ਵਿੱਚ ਰਚਨਾਵਾਂ ਕੀਤੀਆਂ ਹਨ। ਗੁਰਬਾਣੀ ਦੇ ਕਈ ਰਚਨਹਾਰਾਂ ਨੇ ਇੱਕੋ ਸਮੇਂ ਕਈ ਰੂਪਾਂ ਦੀ ਵਰਤੋਂ ਕੀਤੀ, ਜਿਵੇਂ ਕਿ ਸ਼ਬਦ, ਵਾਰ, ਸਲੋਕ, ਚੌਪਈ, ਬਾਵਨ ਅੱਖਰੀ, ਬਾਰਹ ਮਾਹਾ ਅਤੇ ਹੋਰ। ਇਹ ਗੱਲ ਕਿੱਸਾਕਾਰਾਂ ਅਤੇ ਸੂਫ਼ੀ ਸੰਤਾਂ/ਕਵੀਆਂ ਲਈ ਵੀ ਸੱਚ ਹੈ। ਉਦਾਹਰਨ ਲਈ, ਕਾਦਰ ਯਾਰ ਨੇ ਪੂਰਨ ਭਗਤ ਦਾ ਕਿੱਸਾ, ਮਹਿਰਾਜਨਾਮਾ, ਅਤੇ ਹਰੀ ਸਿੰਘ ਨਲਵਾ ਦੀ ਵਾਰ ਲਿਖੀ। ਹਾਸ਼ਮ ਸ਼ਾਹ ਨੇ ਸੱਸੀ ਦੇ ਕਿੱਸੇ ਅਤੇ ਹੋਰ ਕਹਾਣੀਆਂ ਦੀ ਰਚਨਾ ਕਰਨ ਤੋਂ ਇਲਾਵਾ, ਅਧਿਆਤਮਕ ਦੋਹੜੇ, ਦੋਹੇ ਅਤੇ ਸੀ-ਹਰਫ਼ੀਆਂ ਵੀ ਲਿਖੀਆਂ। ਮੁਹੰਮਦ ਬਖ਼ਸ਼ ਆਪਣੇ ਸੈਫ਼-ਉਲ-ਮਲੂਕ ਦੇ ਕਿੱਸੇ, ਆਪਣੀ ਮਸਨਵੀ ਅਤੇ ਆਪਣੇ ਦੋਹੜਿਆਂ ਲਈ ਪ੍ਰਸਿੱਧ ਹੈ। ਇਸੇ ਤਰ੍ਹਾਂ, ਭਾਈ ਗੁਰਦਾਸ ਨੇ ਨਾ ਸਿਰਫ਼ ਵਾਰਾਂ ਲਿਖੀਆਂ ਸਗੋਂ ਕਬਿੱਤ ਅਤੇ ਸਵੱਯੇ ਵੀ ਲਿਖੇ। ਇਹ ਰੁਝਾਨ ਆਧੁਨਿਕ ਪੰਜਾਬੀ ਸਾਹਿਤ ਵਿੱਚ ਵੀ ਜਾਰੀ ਹੈ। ਭਾਈ ਵੀਰ ਸਿੰਘ ਵਰਗੇ ਲੇਖਕਾਂ ਨੇ ਕਵਿਤਾ, ਨਾਵਲ, ਨਾਟਕ ਅਤੇ ਚਮਤਕਾਰਾਂ ਵਿੱਚ ਇੱਕੋ ਸਮੇਂ ਰਚਨਾਵਾਂ ਕੀਤੀਆਂ। ਇਸ ਪਰੰਪਰਾ ਨੂੰ ਅੱਗੇ ਵਧਾਉਂਦੇ ਹੋਏ, ਨਾਨਕ ਸਿੰਘ ਅਤੇ ਜਸਵੰਤ ਸਿੰਘ ਕੰਵਲ ਵਰਗੇ ਲੇਖਕਾਂ ਨੇ ਕਵਿਤਾ, ਨਿੱਕੀਆਂ ਕਹਾਣੀਆਂ, ਨਾਵਲ ਅਤੇ ਸਵੈ-ਜੀਵਨੀਆਂ ਵਰਗੀਆਂ ਵਿਧਾਵਾਂ ਵਿੱਚ ਲਿਖਿਆ। ਸੰਤ ਸਿੰਘ ਸੇਖੋਂ ਨੇ ਨਿੱਕੀ ਕਹਾਣੀ, ਨਾਵਲ ਅਤੇ ਨਾਟਕਾਂ ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ, ਜਦੋਂ ਕਿ ਦਲੀਪ ਕੌਰ ਟਿਵਾਣਾ ਅਤੇ ਗੁਰਦਿਆਲ ਸਿੰਘ ਨੇ ਨਾਵਲ, ਨਿੱਕੀਆਂ ਕਹਾਣੀਆਂ ਅਤੇ ਲੇਖਾਂ ਵਿੱਚ ਪ੍ਰਭਾਵਸ਼ਾਲੀ ਰਚਨਾਵਾਂ ਕੀਤੀਆਂ। ਇਸ ਸੂਚੀ ਨੂੰ ਹੋਰ ਵਧਾਇਆ ਜਾ ਸਕਦਾ ਹੈ, ਪਰ ਇੱਕ ਦਿਲਚਸਪ ਸੱਚਾਈ ਸਾਹਮਣੇ ਆਉਂਦੀ ਹੈ: ਸਮਕਾਲੀ ਪੰਜਾਬੀ ਸਾਹਿਤ ਵਿੱਚ, ਬਹੁ-ਵਿਧਾਈ ਲੇਖਣੀ ਵਿੱਚ ਦਿਲਚਸਪੀ ਘਟਦੀ ਜਾ ਰਹੀ ਹੈ। ਅੱਜ ਦੇ ਪੰਜਾਬੀ ਲੇਖਕਾਂ ਵਿੱਚੋਂ, ਪੰਜਾਬ ਤੋਂ ਬਲਦੇਵ ਸਿੰਘ, ਮਨਮੋਹਨ ਅਤੇ ਜਿੰਦਰ; ਯੂ.ਕੇ. ਤੋਂ ਹਰਜੀਤ ਅਟਵਾਲ ਅਤੇ ਕੈਨੇਡਾ ਤੋਂ ਅਜਮੇਰ ਰੋਡੇ ਵਰਗੇ ਕੁਝ ਹੀ ਲੇਖਕਾਂ ਨੂੰ ਸੱਚੇ ਬਹੁ-ਵਿਧਾਈ ਲੇਖਕ ਮੰਨਿਆ ਜਾ ਸਕਦਾ ਹੈ।



ਇਸਦੇ ਉਲਟ, ਅਮਰੀਕੀ ਪੰਜਾਬੀ ਸਾਹਿਤ ਦੇ ਅੰਦਰ, ਬਹੁ-ਵਿਧਾਈ ਲੇਖਣੀ ਇੱਕ ਵੱਖਰੇ ਰੁਝਾਨ ਵਜੋਂ ਉੱਭਰ ਰਹੀ ਹੈ। (ਚਲਦਾ)

# ਨੇਪਾਲ ਵਿੱਚ ਇਤਿਹਾਸਕ ਬਦਲਾਅ

## ਸੁਸ਼ੀਲਾ ਕਰਕੀ ਨੇ ਦੇਸ਼ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ





ਕਾਠਮੰਡੂ : ਨੇਪਾਲ ਦੇ ਇਤਿਹਾਸ ਵਿੱਚ ਇੱਕ ਨਵਾਂ ਅਧਿਆਏ ਲਿਖਿਆ ਗਿਆ ਹੈ। ਦੇਸ਼ ਭਰ ਵਿੱਚ ਹੋਏ ਵੱਡੇ ਅਤੇ ਹਿੰਸਕ ਨੌਜਵਾਨ ਅੰਦੋਲਨ ਤੋਂ ਬਾਅਦ, ਸਾਬਕਾ ਚੀਫ਼ ਜਸਟਿਸ ਸੁਸ਼ੀਲਾ ਕਰਕੀ ਨੂੰ ਦੇਸ਼ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਨੇ ਸ਼ੁੱਕਰਵਾਰ ਨੂੰ ਇੱਕ ਅੰਤ੍ਰਿਮ ਸਰਕਾਰ ਦੀ ਮੁਖੀ ਵਜੋਂ ਸਹੁੰ ਚੁੱਕ ਕੇ ਆਪਣਾ ਕਾਰਜਭਾਰ ਸੰਭਾਲ ਲਿਆ ਹੈ।

**'ਜੈਨ-ਜ਼ੈੱਡ ਅੰਦੋਲਨ' ਨੇ ਬਦਲਿਆ ਦੇਸ਼ ਦਾ ਭਵਿੱਖ :** ਇਹ ਇਤਿਹਾਸਕ ਤਬਦੀਲੀ ਨੌਜਵਾਨ ਪੀੜ੍ਹੀ, ਖਾਸ ਕਰਕੇ 'ਜੈਨ-ਜ਼ੈੱਡ' (Gen-Z) ਵੱਲੋਂ ਕੀਤੇ ਗਏ ਜ਼ਬਰਦਸਤ ਪ੍ਰਦਰਸ਼ਨਾਂ ਦਾ ਨਤੀਜਾ ਹੈ। ਇਹ ਅੰਦੋਲਨ ਸਰਕਾਰ ਦੁਆਰਾ ਸੋਸ਼ਲ ਮੀਡੀਆ 'ਤੇ ਪਾਬੰਦੀ ਲਗਾਉਣ ਦੇ ਫੈਸਲੇ ਤੋਂ ਬਾਅਦ ਸ਼ੁਰੂ ਹੋਇਆ ਸੀ, ਪਰ ਜਲਦੀ ਹੀ ਇਸ ਨੇ ਭ੍ਰਿਸ਼ਟਾਚਾਰ ਅਤੇ ਬੇਰੁਜ਼ਗਾਰੀ ਦੇ ਖਿਲਾਫ ਇੱਕ ਵਿਸ਼ਾਲ ਰੂਪ ਧਾਰਨ ਕਰ ਲਿਆ। ਪ੍ਰਦਰਸ਼ਨਾਂ ਦੌਰਾਨ ਹੋਈ ਹਿੰਸਾ ਅਤੇ ਦਬਾਅ ਕਾਰਨ ਤਤਕਾਲੀ ਪ੍ਰਧਾਨ ਮੰਤਰੀ ਕੇ.ਪੀ. ਸ਼ਰਮਾ ਓਲੀ ਨੂੰ ਅਸਤੀਫਾ ਦੇਣਾ ਪਿਆ।

**ਸੁਸ਼ੀਲਾ ਕਰਕੀ 'ਤੇ ਕਿਉਂ ਖੇਡਿਆ ਗਿਆ ਦਾਅ ? :** ਦੇਸ਼ ਵਿੱਚ ਪੈਦਾ ਹੋਏ ਰਾਜਨੀਤਿਕ ਸੰਕਟ ਨੂੰ ਦੂਰ ਕਰਨ ਲਈ, ਅੰਦੋਲਨ ਦੇ ਆਗੂਆਂ ਅਤੇ ਰਾਸ਼ਟਰਪਤੀ ਨੇ ਮਿਲ ਕੇ ਸੁਸ਼ੀਲਾ ਕਰਕੀ ਦੇ ਨਾਮ 'ਤੇ ਸਹਿਮਤੀ ਜਤਾਈ। ਉਨ੍ਹਾਂ ਦਾ ਚੀਫ਼ ਜਸਟਿਸ ਵਜੋਂ ਸਾਫ਼-ਸੁਥਰਾ ਅਤੇ ਭ੍ਰਿਸ਼ਟਾਚਾਰ-ਵਿਰੋਧੀ ਅਕਸ ਇਸ ਫੈਸਲੇ ਦਾ ਮੁੱਖ ਕਾਰਨ ਬਣਿਆ।

**ਅੱਗੇ ਕੀ ਹੋਵੇਗਾ ? :** ਪ੍ਰਧਾਨ ਮੰਤਰੀ ਕਰਕੀ ਦੀ ਅੰਤ੍ਰਿਮ ਸਰਕਾਰ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਦੇਸ਼ ਵਿੱਚ ਸ਼ਾਂਤੀ ਅਤੇ ਕਾਨੂੰਨ ਵਿਵਸਥਾ ਨੂੰ ਮੁੜ ਸਥਾਪਿਤ ਕਰਨਾ ਅਤੇ ਅਗਲੇ ਛੇ ਮਹੀਨਿਆਂ ਦੇ ਅੰਦਰ ਨਿਰਪੱਖ ਚੋਣਾਂ ਕਰਵਾਉਣਾ ਹੈ। ਉਨ੍ਹਾਂ ਦੇ ਪਹਿਲੇ ਫੈਸਲਿਆਂ ਵਿੱਚੋਂ ਇੱਕ ਸੰਸਦ ਨੂੰ ਭੰਗ ਕਰਨ ਦੀ ਸਿਫਾਰਸ਼ ਕਰਨਾ ਸੀ, ਤਾਂ ਜੋ ਨਵੇਂ ਸਿਰੇ ਤੋਂ ਜਨਤਾ ਦਾ ਫਤਵਾ ਲਿਆ ਜਾ ਸਕੇ। ਇਸ ਘਟਨਾ ਨੂੰ ਇੱਕ ਨਾਗਰਿਕ ਕ੍ਰਾਂਤੀ ਵਜੋਂ ਦੇਖਿਆ ਜਾ ਰਿਹਾ ਹੈ ਜਿਸ ਨੇ ਨੇਪਾਲ ਦੀ ਰਾਜਨੀਤੀ ਨੂੰ ਹਮੇਸ਼ਾ ਲਈ ਬਦਲ ਦਿੱਤਾ ਹੈ।

# ਕੁਰੂਕਸ਼ੇਤਰ ਦੀ ਧਰਤੀ ’ਤੇ ਗੂੰਜਿਆ ‘ਗੁਰੂ ਮਾਨਿਓ ਗ੍ਰੰਥ’ ਦਾ ਜੈਕਾਰਾ, ਸ਼ਰਧਾ ਦੇ ਮਹਾਂਕੁੰਭ ’ਚ ਉਮੜਿਆ ਸੰਗਤਾਂ ਦਾ ਸੈਲਾਬ

## ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਿਤ ਚੇਤਨਾ ਸਮਾਗਮ ’ਚ ਹਜ਼ਾਰਾਂ ਸੰਗਤਾਂ ਨੇ ਭਰੀ ਹਾਜ਼ਰੀ









ਕੁਰੂਕਸ਼ੇਤਰ, ਹਰਿਆਣਾ: (ਸਾਡੇ ਲੋਕ) ਇਤਿਹਾਸਕ ਧਰਤੀ ਕੁਰੂਕਸ਼ੇਤਰ ਦੀ ਅਨਾਜ ਮੰਡੀ ਵਿਖੇ ‘ਗੁਰੂ ਮਾਨਿਓ ਗ੍ਰੰਥ’ ਚੇਤਨਾ ਸਮਾਗਮ ਪੂਰੇ ਖਾਲਸਾਈ ਜਾਹੋ-ਜਲਾਲ ਅਤੇ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ। ਇਸ ਮੌਕੇ ਇਲਾਕੇ ਦੀਆਂ ਹਜ਼ਾਰਾਂ ਸੰਗਤਾਂ ਨੇ ਆਪਣੀ ਹਾਜ਼ਰੀ ਭਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਆਪਣੀ ਅਥਾਹ ਸ਼ਰਧਾ ਅਤੇ ਸਤਿਕਾਰ ਦਾ ਪ੍ਰਗਟਾਵਾ ਕੀਤਾ। ਸਮਾਗਮ ਦਾ ਦ੍ਰਿਸ਼ ਦੇਖਣਯੋਗ ਸੀ, ਜਿੱਥੇ ਹਰ ਪਾਸੇ ਕੇਸਰੀ ਨਿਸ਼ਾਨ ਝੂਲ ਰਹੇ ਸਨ ਅਤੇ ਸੰਗਤ ਦਾ ਉਤਸ਼ਾਹ ਅਸਮਾਨ ਨੂੰ ਛੂਹ ਰਿਹਾ ਸੀ। ਸਮਾਗਮ ਦੌਰਾਨ ਪੰਥ ਦੀਆਂ ਮਹਾਨ ਸ਼ਖ਼ਸੀਅਤਾਂ ਨੇ ਸੰਗਤਾਂ ਨਾਲ ਗੁਰਮਤਿ ਅਤੇ ਇਤਿਹਾਸਕ ਵਿਚਾਰਾਂ ਦੀ ਸਾਂਝ ਪਾਈ। ਉਨ੍ਹਾਂ ਨੇ ਸਿੱਖ ਕੌਮ ਨੂੰ ਇਕਜੁੱਟ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਬਉੱਚਤਾ ਦੇ ਸਿਧਾਂਤ ’ਤੇ ਪਹਿਰਾ ਦੇਣ ਅਤੇ ਗੁਰੂ ਸਾਹਿਬ ਦੇ ਦਰਸਾਏ ਮਾਰਗ ’ਤੇ ਚੱਲਣ ਲਈ ਪ੍ਰੇਰਿਤ ਕੀਤਾ। ਖ਼ਾਸ ਤੌਰ ’ਤੇ ਨੌਜਵਾਨ ਪੀੜ੍ਹੀ ਨੂੰ ਬਾਣੀ ਅਤੇ ਬਾਣੇ ਨਾਲ ਜੁੜਨ ਅਤੇ ਰਹਿਤ ਮਰਯਾਦਾ ਅਨੁਸਾਰ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨ ਦਾ ਸੱਦਾ ਦਿੱਤਾ ਗਿਆ।

ਇਸ ਮੌਕੇ ’ਤੇ ਹਿੰਦ ਦੀ ਚਾਦਰ, ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਆ ਰਹੀ 350 ਸਾਲਾ ਸ਼ਹੀਦੀ ਸ਼ਤਾਬਦੀ ਦਾ ਜ਼ਿਕਰ ਕਰਦਿਆਂ, ਸੰਗਤਾਂ ਨੂੰ ਇਸ ਇਤਿਹਾਸਕ ਦਿਹਾੜੇ ਨੂੰ ਚੜ੍ਹਦੀ ਕਲਾ ਅਤੇ ਪੂਰੇ ਉਤਸ਼ਾਹ ਨਾਲ ਮਨਾਉਣ ਦੀ ਅਪੀਲ ਕੀਤੀ ਗਈ।

ਇਸ ਪਵਿੱਤਰ ਸਮਾਗਮ ਵਿੱਚ ਪੰਥ ਪ੍ਰਚਾਰਕ ਭਾਈ ਰਣਜੀਤ ਸਿੰਘ ਜੀ ਢੱਡਰੀਆਂ ਵਾਲੇ ਅਤੇ ਉੱਘੇ ਵਿਦਵਾਨ ਗਿਆਨੀ ਸਾਹਿਬ ਸਿੰਘ ਜੀ ਸ਼ਾਹਬਾਦ ਮਾਰਕੰਡੇ ਵਾਲੇ ਵਿਸ਼ੇਸ਼ ਤੌਰ ’ਤੇ ਸ਼ਾਮਲ ਹੋਏ, ਜਿਨ੍ਹਾਂ ਦੀ ਮੌਜੂਦਗੀ ਨੇ ਸਮਾਗਮ ਦੀ ਸ਼ੋਭਾ ਨੂੰ ਹੋਰ ਵਧਾ ਦਿੱਤਾ। ਪ੍ਰਬੰਧਕ ਕਮੇਟੀ ਵੱਲੋਂ ਪਹੁੰਚੀਆਂ ਸਾਰੀਆਂ ਸਤਿਕਾਰਯੋਗ ਸ਼ਖ਼ਸੀਅਤਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਪ੍ਰਬੰਧਕਾਂ ਵੱਲੋਂ ਕੀਤੇ ਗਏ ਸੁਚੱਜੇ ਪ੍ਰਬੰਧਾਂ ਦੀ ਹਰ ਪਾਸੇ ਸ਼ਲਾਘਾ ਹੋ ਰਹੀ ਸੀ। ਇਹ ਸਮਾਗਮ ਸਿਰਫ਼ ਇੱਕ ਧਾਰਮਿਕ ਇਕੱਠ ਹੀ ਨਹੀਂ, ਸਗੋਂ ਗੁਰੂ ਸਾਹਿਬ ਦੇ ਸਿਧਾਂਤਾਂ ਨੂੰ ਘਰ-ਘਰ ਪਹੁੰਚਾਉਣ ਅਤੇ ਸੰਗਤ ਵਿੱਚ ਨਵੀਂ ਰੂਹਾਨੀ ਚੇਤਨਾ ਪੈਦਾ ਕਰਨ ਦਾ ਇੱਕ ਸਫ਼ਲ ਉਪਰਾਲਾ ਸਾਬਤ ਹੋਇਆ।

# ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਕਰਤਾਰਪੁਰ ਲਾਂਘੇ ਨੇੜੇ ਸਿੱਖ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨਾਂ ਲਈ ਅਰਦਾਸ

## ਗੁਰੂ ਨਾਨਕ ਦੇਵ ਦੇ ਜੋਤੀ ਜੋਤਿ ਦਿਵਸ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਗੁਰਮਤਿ ਸਮਾਗਮ



ਸ੍ਰੀ ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅੱਜ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤਿ ਦਿਵਸ ਮੌਕੇ ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ ਸਥਿਤ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦੇ ਨਜ਼ਦੀਕ ਪਹੁੰਚ ਕੇ ਗੁਰੂ ਸਾਹਿਬ ਦੇ ਸਨਮੁਖ ਲਾਂਘਾ ਛੇਤੀ ਖੁੱਲ੍ਹਣ, ਸਿੱਖ ਜਥੇ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਣ ਅਤੇ ਪੰਜਾਬ ਨੂੰ ਹੜ੍ਹਾਂ ਦੀ ਸਥਿਤੀ ਵਿੱਚੋਂ ਉਭਰਨ ਦਾ ਬਲ ਬਖ਼ਸ਼ਣ ਲਈ ਅਰਦਾਸ ਬੇਨਤੀ ਕੀਤੀ।

ਇਸ ਤੋਂ ਪਹਿਲਾਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਡੇਰਾ ਬਾਬਾ ਨਾਨਕ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤਿ ਦਿਵਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੱਡੇ ਪੱਧਰ ਉੱਤੇ ਕਰਵਾਏ ਗਏ ਗੁਰਮਤਿ ਸਮਾਗਮ ਵਿੱਚ ਸ਼ਮੂਲੀਅਤ ਕੀਤੀ। ਇਸ ਦੌਰਾਨ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਜਿਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀ ਸ਼ਮੂਲੀਅਤ ਕੀਤੀ।

ਉਪਰੰਤ ਜਥੇਦਾਰ ਗੜਗੱਜ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦੇ ਮੌਜੂਦਾ ਹਾਲਾਤ ਦੇਖਣ ਲਈ ਗਏ, ਜਿਥੇ ਉਨ੍ਹਾਂ ਨੇ ਗੁਰੂ ਸਾਹਿਬ ਦੇ ਸਨਮੁਖ ਸਿੱਖਾਂ ਦੀ ਭਾਵਨਾਵਾਂ ਅਨੁਸਾਰ ਅਰਦਾਸ ਬੇਨਤੀ ਕੀਤੀ। ਉਨ੍ਹਾਂ ਅਰਦਾਸ ਕਰਦਿਆਂ ਗੁਰੂ ਸਾਹਿਬ ਦੇ ਸਨਮੁਖ ਬੇਨਤੀ ਕੀਤੀ ਕਿ ਆਪ ਦੇ ਦਰ ਘਰ ਦੇ ਸੇਵਕ ਡੇਰਾ ਬਾਬਾ ਨਾਨਕ ਵਾਲੇ ਪਾਸੇ ਖੜ੍ਹ ਕੇ ਆਪ ਦੇ ਪਾਵਨ ਅਸਥਾਨ ਸ੍ਰੀ ਦਰਬਾਰ ਸਾਹਿਬ, ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਦੇ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ ਸ੍ਰੀ ਕਰਤਾਰਪੁਰ ਸਾਹਿਬ ਦੀ ਧਰਤੀ ਉੱਤੇ ਜੋਤਿ ਜੋਤਿ ਸਮਾਏ ਸਨ ਅਤੇ ਇਸ ਦਿਨ ਵਿਸ਼ਵਭਰ ਦੀ ਸਿੱਖ ਸੰਗਤ ਸ੍ਰੀ ਕਰਤਾਰਪੁਰ ਸਾਹਿਬ ਦੇ ਪਾਵਨ ਅਸਥਾਨ ਦੇ ਦਰਸ਼ਨਾਂ ਦੀ ਤਾਂਘ ਰੱਖਦੀ ਹੈ। ਪਰੰਤੂ ਅੱਜ ਬਣੇ ਹੋਏ ਹਾਲਾਤ ਦੇ ਮੱਦੇਨਜ਼ਰ ਚੜ੍ਹਦੇ ਪੰਜਾਬ ਵਾਲੇ ਪਾਸਿਓਂ ਸ਼ਰਧਾਲੂ ਸਿੱਖ ਸੰਗਤ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਤੋਂ ਵਾਂਝੀ ਹੈ ਅਤੇ ਦੂਰੋਂ ਹੀ ਦਰਸ਼ਨ ਦੀਦਾਰ ਕਰ ਪਾਉਂਦੀ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਸਮੁੱਚੇ ਖ਼ਾਲਸਾ ਪੰਥ ਦੀਆਂ ਭਾਵਨਾਵਾਂ ਅਨੁਸਾਰ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਉੱਤੇ ਅਰਦਾਸ ਬੇਨਤੀ ਕੀਤੀ ਗਈ ਹੈ ਕਿ ਇਹ ਲਾਂਘਾ ਜਲਦ ਖੁੱਲ੍ਹੇ, ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ, ਗੁਰਦੁਆਰਾ ਸ੍ਰੀ ਪੰਜਾ ਸਾਹਿਬ ਸਮੇਤ ਜਿਹੜੇ ਵੀ ਗੁਰਧਾਮਾਂ ਤੋਂ ਸਿੱਖਾਂ ਨੂੰ ਵਿਛੋੜਿਆ ਗਿਆ ਹੈ ਉਨ੍ਹਾਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਸਿੱਖ ਕਰ ਸਕਣ, ਸਿੱਖ ਜਥੇ ਪਹਿਲਾਂ ਦੀ ਤਰ੍ਹਾਂ ਹੀ ਗੁਰਧਾਮਾਂ ਦੇ ਦਰਸ਼ਨਾਂ ਲਈ ਜਾ ਸਕਣ ਅਤੇ ਦੋਵੇਂ ਪਾਸੇ ਆਉਣਾ ਜਾਣਾ ਬਣੇ। ਉਨ੍ਹਾਂ ਕਿਹਾ ਕਿ ਪੰਜਾਬ ਹੜ੍ਹ ਦੀ ਸਥਿਤੀ ਵਿੱਚੋਂ ਉਭਰੇ ਤੇ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹੇ, ਇਸ ਸਬੰਧੀ ਅਰਦਾਸ ਵੀ ਕੀਤੀ ਗਈ ਹੈ।

# ਸ੍ਰੀ ਅਨੰਦਪੁਰ ਸਾਹਿਬ: ਹੜ੍ਹਾਂ ਪਿੱਛੋਂ ਡੇਂਗੂ ਅਤੇ ਮਲੇਰੀਆ ਦੀ ਰੋਕਥਾਮ ਲਈ ਫੌਗਿੰਗ ਸ਼ੁਰੂ




ਸ੍ਰੀ ਅਨੰਦਪੁਰ ਸਾਹਿਬ: ਹਾਲ ਹੀ ਵਿੱਚ ਆਏ ਹੜ੍ਹਾਂ ਅਤੇ ਭਾਰੀ ਬਾਰਿਸ਼ ਕਾਰਨ ਖੜ੍ਹੇ ਪਾਣੀ ਨਾਲ ਡੇਂਗੂ, ਮਲੇਰੀਆ ਅਤੇ ਚਿਕਨਗੁਨੀਆ ਵਰਗੀਆਂ ਬਿਮਾਰੀਆਂ ਦੇ ਵਧਦੇ ਖ਼ਤਰੇ ਨੂੰ ਦੇਖਦਿਆਂ ਸ਼ਹਿਰ ਵਿੱਚ ਫੌਗਿੰਗ ਮੁਹਿੰਮ ਸ਼ੁਰੂ ਕਰ ਦਿੱਤੀ ਗਈ ਹੈ। ਇਹ ਕਾਰਵਾਈ ਕੈਬਨਿਟ ਮੰਤਰੀ ਹਰਜੋਤ ਬੈਂਸ ਦੀ ਦੇਖ-ਰੇਖ ਹੇਠ ਕੀਤੀ ਜਾ ਰਹੀ ਹੈ।

ਪਹਿਲੇ ਪੜਾਅ ਵਿੱਚ ਸ੍ਰੀ ਕੀਰਤਪੁਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਵਿੱਚ ਫੌਗਿੰਗ ਦਾ ਕੰਮ ਸ਼ੁਰੂ ਕੀਤਾ ਗਿਆ ਹੈ, ਜਿਸ ਤੋਂ ਬਾਅਦ ਇਸ ਮੁਹਿੰਮ ਨੂੰ ਪਿੰਡਾਂ ਤੱਕ ਵਧਾਇਆ ਜਾਵੇਗਾ। ਇਸ ਕੰਮ ਲਈ ਤਿੰਨ ਤਰ੍ਹਾਂ ਦੀਆਂ ਮਸ਼ੀਨਾਂ ਦੀ ਵਰਤੋਂ ਕੀਤੀ ਜਾ ਰਹੀ ਹੈ: ਮੁੱਖ ਸੜਕਾਂ ਲਈ ਵੱਡੀਆਂ ਹਾਈਡ੍ਰੌਲਿਕ ਮਸ਼ੀਨਾਂ, ਦਰਮਿਆਨੇ ਆਕਾਰ ਦੀਆਂ ਮਸ਼ੀਨਾਂ, ਅਤੇ ਪੇਂਡੂ ਖੇਤਰਾਂ ਅਤੇ ਤੰਗ ਗਲੀਆਂ ਲਈ ਛੋਟੀਆਂ ਮਸ਼ੀਨਾਂ।

ਅਧਿਕਾਰੀਆਂ ਮੁਤਾਬਕ, ਇਹ ਫੌਗਿੰਗ ਮੁਹਿੰਮ ਅਗਲੇ ਪੰਦਰਾਂ ਦਿਨਾਂ ਤੱਕ ਜਾਰੀ ਰਹੇਗੀ ਤਾਂ ਜੋ ਮੱਛਰਾਂ ਦੇ ਪੈਦਾ ਹੋਣ ਨੂੰ ਰੋਕਿਆ ਜਾ ਸਕੇ।

ENGLISH EDITION

# From Punjab to the Potomac: A Sikh Martyr's Fight for Justice Reaches the U.S. Capitol Beyond Borders

## How a Sikh Martyr's Legacy is Fueling the Fight Against Modern Repression

SACRAMENTO, CA (DAILY USA) - The Sikh Coalition, a leading organization advocating for Sikh rights, is organizing a significant event to highlight the legacy of the great human rights defender, Shaheed Bhai Jaswant Singh Khalra, and to shed light on the growing threat of transnational repression in the current era.

The organization will hold a special briefing tomorrow, September 18th, on Capitol Hill titled, "Revisiting the Work of Bhai Jaswant Singh Khalra in an Era of Transnational Repression." The session will run from 2:00 PM to 3:30 PM (Eastern Time). Its primary objective is to educate congressional staff members and policymakers about the life, sacrifice, and contemporary relevance of Bhai Khalra's work.

**Key Speakers on the Briefing Panel:**

This informative session will feature distinguished personalities from various fields who will share their insights, including:

- Navkiran Kaur Khalra - Daughter of Bhai Jaswant Singh Khalra
- Sukhman Singh Dhami - Executive Director, Ensaaf
- Dr. Gunisha Kaur - Medical Director, Weill Cornell Center for Human Rights
- Dr. Stephen Schneck - Former Chair, U.S. Commission on International Religious Freedom
- Harman Singh - Executive Director, The Sikh Coalition

Live Stream for the Public:

Although this briefing is primarily for a Capitol Hill audience, people from around the world will be able to watch it live. The live broadcast will be available at the following links:

-Website: thesikh.co/jsk-stream

-Instagram: Live on The Sikh Coalition's Instagram page

# A Legacy of Courage: Panjab University Remembers Jaswant Singh Khalsa

## New PU Vice President Makes a Statement with Punjabi Oath and Tribute to a Martyr

CHANDIGARH, (SADE LOK) : Ashmeet Singh of the student organization 'Sath' officially took charge as the Vice President of the Panjab University Student Council. In a significant gesture, Singh took his oath of office in the Punjabi language. Following the formal ceremony, a portrait of martyred human rights activist Bhai Jaswant Singh Khalra was installed in the council office. The event was attended by noted Sikh scholar Sardar Ajmer Singh, who was invited as the chief guest by the student organization.

Upon taking office, Singh affirmed his commitment to serving the student community and addressing their issues.





# Days after Charlier Kirk murder, Trump says he'll designate Antifa as terror group

## Trump, who is on a state visit to the United Kingdom, makes the announcement in a social media post

Washington (Daily USA) President Donald Trump said on Thursday that he plans to designate Antifa as a "major terrorist organisation".

Antifa, short for "anti-fascists", is an umbrella term for far-left-leaning militant groups and is not a singular entity. They consist of groups that resist fascists and neo-Nazis, especially at demonstrations.

It's unclear how the administration would label what is effectively a decentralised movement as a terrorist organisation, and the White House on Wednesday did not immediately offer more details.

Trump, who is on a state visit to the United Kingdom, made the announcement in a social media post shortly before 1.30 am on Thursday local time. He called Antifa a "SICK, DANGEROUS, RADICAL LEFT DISASTER". He said he will be "strongly recommending" that funders of Antifa be investigated.

Antifa is a domestic entity and, as such, is not a candidate for inclusion on the State Department's list of foreign terror organisations. Dozens of groups, including extremist organisations like the Islamic State and al-Qaida, are included on that list.

The designation matters in part because it enables the Justice Department to prosecute those who give material support to



entities on that list even if that support does not result in violence.

There is no domestic equivalent to that list in part because of broad First Amendment protections enjoyed by organisations operating within the United States. And despite periodic calls, particularly after mass shootings by white supremacists, to establish a domestic terrorism law, no singular statute now exists.

In an exchange with reporters in the Oval Office on Monday, Trump said he would pursue a domestic terrorism designation for Antifa if such a move had the support of Attorney General Pam Bondi and others in his Cabinet.

"It's something I would do, yeah," Trump said. "I would do that 100%. Antifa is terrible."

Sen. Bill Cassidy, R-La., praised Trump's announcement, saying: "Antifa seized upon a movement of legitimate grievances to promote violence and anarchy, working against justice for all. The President is right to recognise the destructive role of Antifa by designating them domestic terrorists."

In July 2019, Cassidy and Sen. Ted Cruz, R-Texas, introduced a resolution in the Senate to condemn the violent acts of Antifa and to designate the group a domestic terror organisation.

In 2020, in the midst of the George Floyd protests, Trump also raised the idea of designating Antifa as a terror organisation.

Trump's previous FBI director, Christopher Wray, said in testimony that year that Antifa is an ideology, not an organisation, lacking the hierarchical structure that would usually allow it to be designated as a terror group by the federal government.

# Punjab Will Rise Again : Rahul Gandhi Demands Massive Relief Package in Powerful Letter to PM Modi







Amritsar:- (SADE LOK) A prominent voice has emerged to advocate for the people of Punjab following the devastating floods in the state. Leader of the Opposition in the Lok Sabha, Rahul Gandhi, has written a letter to Prime Minister Narendra Modi, urging for a comprehensive relief package for Punjab. He emphasized that now is the time for the entire nation to stand in solidarity with Punjab's farmers, soldiers, and every family.

Recalling his recent visit, Gandhi praised the resilience and unity of the people of Punjab. "In this hour of crisis, I witnessed the very best of humanity. Communities came together to help those who had lost everything. People opened their homes to strangers and shared what little they had. Their generosity and spirit of service were commendable," he stated.

In the letter, Gandhi highlighted that the floods have destroyed over 4 lakh acres of paddy crops and resulted in the deaths of more than 10 lakh cattle, causing an estimated loss of nearly 20,000 crore. While acknowledging the initial 1,600 crore package announced by the central government, he stressed the need for a much larger and more comprehensive package, given the immense scale of the damage.

He appealed to the Prime Minister to ensure a swift and accurate assessment of the losses and to release a special relief package for the people of Punjab. Expressing his confidence, Gandhi said, "Punjab will rise again." He added, "In this difficult time, we must assure every farmer, every soldier, and every family in Punjab that the whole of India stands with them. Let us all come together to help rebuild their future."

# Crops Abandoned, Livelihoods at Risk in Punjab's Mismanaged Mandis

## Gross Negligence in Patiala: Government Procurement Failure Leaves Harvest to Spoil




Patiala, (Daily USA) With the commencement of government procurement of paddy, scenes of administrative negligence have started to emerge in the mandis (grain markets). At the grain market located near Sirhind Road in Patiala, hundreds of quintals of farmers' paddy lying under the open sky have become a feast for pigeons and crows, leading to the blatant wastage of the crop cultivated through the hard work of farmers.

According to information, large piles of paddy were seen in the mandi on Wednesday, for which no proper arrangements had been made for covering. Taking advantage of this negligence, hundreds of pigeons and crows were seen sitting on these piles, feeding on the grains without any hindrance. This scene raises serious questions about the arrangements made by the Mandi Board and procurement agencies.

# ਅਮਰੀਕਾ ਵਿਚ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਖੇਤਰ ਵਿਚ ਸਰਗਰਮ ਸੰਸਥਾ 'ਵਿਸ਼ਵ ਪੰਜਾਬੀ ਸਾਹਿਤ ਅਕਾਦਮੀ'

ਕੈਲੀਫੋਰਨੀਆ (ਵਿਪਸਾਅ) ਵੱਲੋਂ ਆਪਣੀ 25 ਸਾਲਾ ਸਿਲਵਰ ਜੁਬਲੀ ਮਨਾਉਣ ਲਈ ਤਿੰਨ ਰੋਜ਼ਾ ਸਾਲਾਨਾ ਪੰਜਾਬੀ ਸਾਹਿਤਕ ਕਾਨਫਰੰਸ 3, 4, 5 ਅਕਤੂਬਰ 2025 ਨੂੰ ਹੇਵਰਡ (ਕੈਲੀਫੋਰਨੀਆ) ਵਿਖੇ ਕਰਵਾਈ ਜਾ ਰਹੀ ਹੈ। ਇਹ ਜਾਣਕਾਰੀ ਦਿੰਦਿਆਂ ਅਕਾਦਮੀ ਦੇ ਪ੍ਰਧਾਨ ਕੁਲਵਿੰਦਰ ਅਤੇ ਸਕੱਤਰ ਜਗਜੀਤ ਨੌਸ਼ਹਿਰਵੀ ਨੇ ਦੱਸਿਆ ਹੈ ਕਿ ਇਸ ਕਾਨਫਰੰਸ ਵਿਚ ਭਾਰਤ, ਪਾਕਿਸਤਾਨ, ਇੰਗਲੈਂਡ, ਜਾਪਾਨ, ਕੈਨੇਡਾ ਅਤੇ ਅਮਰੀਕਾ ਤੋਂ ਵੱਡੀ ਗਿਣਤੀ ਵਿਚ ਲੇਖਕ, ਸ਼ਾਇਰ ਅਤੇ ਚਿੰਤਕ ਸ਼ਾਮਲ ਹੋ ਰਹੇ ਹਨ।

ਕਾਨਫਰੰਸ ਦਾ ਆਗਾਜ਼ 3 ਅਕਤੂਬਰ ਨੂੰ ਸ਼ਾਮ 5 ਵਜੇ ਸੰਗੀਤਕ ਮਹਿਫਲ ਨਾਲ ਹੋਵੇਗਾ ਜਿਸ ਵਿਚ ਪ੍ਰਸਿੱਧ ਗ਼ਜ਼ਲ ਗਾਇਕ ਸੁਖਦੇਵ ਸਾਹਿਲ, ਅਲੀ ਇਮਰਾਨ ਸ਼ੌਕਤ ਅਤੇ ਪਰਮਿੰਦਰ ਗੁਰੀ ਗ਼ਜ਼ਲਾਂ, ਗੀਤਾਂ ਨੂੰ ਆਪਣੇ ਸੁਰੀਲੇ ਸੁਰ ਪ੍ਰਦਾਨ ਕਰਨਗੇ। 4 ਅਤੇ 5 ਅਕਤੂਬਰ ਨੂੰ ਸਾਹਿਤਕ ਸੈਸ਼ਨਾਂ ਦੌਰਾਨ ਵਿਦਵਾਨ ਅਤੇ ਚਿੰਤਕ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵੱਖ-ਵੱਖ ਪੱਖਾਂ, ਆਰਟੀਫੀਸ਼ਲ ਇੰਟੈਲੀਜੈਂਸੀ ਦੇ ਪੰਜਾਬੀ ਭਾਸ਼ਾ ਤੇ ਸਾਹਿਤ ਉੱਪਰ ਪੈਣ ਵਾਲੇ ਪ੍ਰਭਾਵ ਬਾਰੇ ਬਾਰੇ ਗੰਭੀਰ ਵਿਚਾਰ ਚਰਚਾ ਕਰਨਗੇ, 'ਲਿਖਤ ਦਾ ਸਫ਼ਰ-ਲੇਖਕ, ਪਾਠਕ ਤੇ ਸੰਪਾਦਨਾ' ਬਾਰੇ ਸੰਵਾਦ ਰਚਾਇਆ ਜਾਵੇਗਾ ਅਤੇ ਕਵੀ ਦਰਬਾਰ ਵਿਚ ਦੇਸ਼ ਵਿਦੇਸ਼ ਤੋਂ ਆਏ ਕਵੀ ਆਪਣੀ ਸ਼ਾਇਰੀ ਪੇਸ਼ ਕਰਨਗੇ। 4 ਅਕਤੂਬਰ ਨੂੰ ਪੰਜਾਬ ਲੋਕ ਰੰਗਮੰਚ ਵੱਲੋਂ ਸੁਰਿੰਦਰ ਸਿੰਘ ਧਨੋਆ ਦਾ ਲਿਖਿਆ ਨਾਟਕ 'ਜ਼ਫ਼ਰਨਾਮਾ - ਕਲਮ ਦੀ ਤਲਵਾਰ ਉੱਪਰ ਜਿੱਤ' ਖੇਡਿਆ ਜਾਵੇਗਾ।

ਇਸ ਕਾਨਫਰੰਸ ਵਿੱਚ ਚੰਡੀਗੜ੍ਹ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਮਨਪ੍ਰੀਤ ਸਿੰਘ ਮੰਨਾ, ਡਾ. ਵਰਿਆਮ ਸਿੰਘ ਸੰਧੂ, ਦਰਸ਼ਨ ਬੁੱਟਰ, ਜਸਵਿੰਦਰ, ਡਾ. ਜਸਵਿੰਦਰ ਸਿੰਘ, ਡਾ. ਧਨਵੰਤ ਕੌਰ, ਡਾ. ਗੁਰਪਾਲ ਸਿੰਘ ਸੰਧੂ, ਡਾ. ਲਖਵਿੰਦਰ ਜੌਹਲ, ਡਾ. ਰਾਜੇਸ਼ ਸ਼ਰਮਾ, ਡਾ. ਬਲਦੇਵ




ਧਾਲੀਵਾਲ, ਬਾਬਾ ਨਜਮੀ, ਅਲੀ ਇਮਰਾਨ ਸ਼ੌਕਤ, ਬਲਦੇਵ ਗਰੇਵਾਲ, ਅਰਤਿੰਦਰ ਸੰਧੂ, ਸਤੀਸ਼ ਗੁਲਾਟੀ, ਸੁਰਜੀਤ ਟੋਰਾਂਟੋ, ਸੁਰਿੰਦਰ ਸੋਹਲ, ਪਰਮਿੰਦਰ ਸੋਢੀ, ਰਾਜਵੰਤ ਰਾਜ, ਪਿਆਰਾ ਸਿੰਘ ਕੁੱਦੋਵਾਲ, ਦਵਿੰਦਰ ਗੌਤਮ, ਪ੍ਰੀਤ ਮਨਪ੍ਰੀਤ, ਦਲਵੀਰ ਕੌਰ, ਤਾਹਿਰਾ ਸਰਾ, ਕੁਲਵਿੰਦਰ ਖਹਿਰਾ, ਭੁਪਿੰਦਰ ਦੂਲੇ, ਗੁਰਦੇਵ ਚੌਹਾਨ, ਗੁਰਮੀਤ ਪਨਾਗ, ਡਾ. ਬਲਜੀਤ ਕੌਰ, ਡਾ. ਮਨਜਿੰਦਰ ਸਿੰਘ, ਹਰਦਮ ਮਾਨ ਅਤੇ ਹੋਰ ਕਈ ਸ਼ਖ਼ਸੀਅਤਾਂ ਸ਼ਾਮਲ ਹੋਣਗੀਆਂ। ਕਾਨਫਰੰਸ ਦੇ ਪ੍ਰਬੰਧਕਾਂ ਨੇ ਲੇਖਕਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਇਸ ਕਾਨਫਰੰਸ ਵਿੱਚ ਸ਼ਾਮਿਲ ਹੋਣ ਦਾ ਖੁੱਲ੍ਹਾ ਸੱਦਾ ਦਿੱਤਾ ਹੈ।

# ਡੈਲਸ ਵਿੱਚ 50 ਸਾਲਾ ਭਾਰਤੀ ਦਾ ਕਿਊਬਾ ਦੇ ਇੱਕ ਹੈਵਾਨ ਵਲੋਂ ਬੇਰਹਿਮੀ ਨਾਲ ਸਿਰ ਕਲਮ

- ਅਮਰੀਕਾ 'ਚ ਮਚਿਆ ਤਹਿਲਕਾ ਰਾਸ਼ਟਰਪਤੀ ਟਰੰਪ ਨੇ ਕਿਹਾ ਇਸ ਕੇਸ ਨੇ ਤੋੜਿਆ ਸਾਣੇ ਸਬਰ ਦਾ ਪਿਆਲਾ
- ਭਾਰਤੀ ਦੂਤਾਵਾਸ ਟੈਕਸਾਸ ਅਤੇ ਦੁਨੀਆਂ ਭਰ ਤੋਂ ਭਾਰਤੀ ਭਾਈਚਾਰੇ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ

ਡੈਲਸ, (ਸਾਡੇ ਲੋਕ) : ਅਮਰੀਕਾ ਦੇ ਟੈਕਸਾਸ ਰਾਜ ਦੇ ਡੈਲਸ ਸ਼ਹਿਰ ਵਿੱਚ ਇੱਕ ਦਿਲ ਦਹਿਲਾ ਦੇਣ ਵਾਲੀ ਘਟਨਾ ਵਿੱਚ, ਭਾਰਤੀ ਮੂਲ ਦੇ 50 ਸਾਲਾ ਵਿਅਕਤੀ ਚੰਦਰ ਮੌਲੀ ਨਾਗਾਮਲੱਈਆ ਦਾ ਉਨ੍ਹਾਂ ਦੇ ਹੀ ਇੱਕ ਕਰਮਚਾਰੀ ਨੇ ਬੇਰਹਿਮੀ ਨਾਲ ਸਿਰ ਕਲਮ ਕਰ ਦਿੱਤਾ। ਇਹ ਘਟਨਾ ਪਿਛਲੇ ਹਫ਼ਤੇ ਡਾਊਨਟਾਊਨ ਸੂਟਸ ਮੋਟਲ ਵਿੱਚ ਵਾਪਰੀ, ਜਿੱਥੇ ਨਾਗਾਮਲੱਈਆ ਮੈਨੇਜਰ ਵਜੋਂ ਕੰਮ ਕਰਦੇ ਸਨ। ਕਤਲ ਦਾ ਦੋਸ਼ੀ, 37 ਸਾਲਾ ਯੋਰਡਾਨਿਸ ਕੋਬੋਸ-ਮਾਰਟੀਨੇਜ਼, ਕਿਊਬਾ ਦਾ ਰਹਿਣ ਵਾਲਾ ਹੈ ਅਤੇ ਉਸੇ ਮੋਟਲ ਵਿੱਚ ਕੰਮ ਕਰਦਾ ਸੀ।

ਅਮਰੀਕਾ ਦੇ ਡੈਲਸ ਵਿੱਚ ਕਰਨਾਟਕ ਦੇ ਰਹਿਣ ਵਾਲੇ 50 ਸਾਲਾ ਚੰਦਰ ਮੌਲੀ ਨਾਗਾਮਲੱਈਆ ਦਾ ਬੇਰਹਿਮੀ ਨਾਲ ਕਤਲ।

ਕਤਲ ਦਾ ਦੋਸ਼ੀ ਉਸਦਾ ਹੀ ਕਰਮਚਾਰੀ, ਕਿਊਬਾ ਦਾ ਨਾਗਰਿਕ ਯੋਰਡਾਨਿਸ ਕੋਬੋਸ-ਮਾਰਟੀਨੇਜ਼।

ਇੱਕ ਟੁੱਟੀ ਹੋਈ ਵਾਸ਼ਿੰਗ ਮਸ਼ੀਨ ਨੂੰ ਲੈ ਕੇ ਹੋਈ ਬਹਿਸ ਤੋਂ ਬਾਅਦ ਵਾਰਦਾਤ ਨੂੰ ਦਿੱਤਾ ਗਿਆ ਅੰਜਾਮ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਘਟਨਾ 'ਤੇ ਦੁੱਖ ਪ੍ਰਗਟਾਇਆ ਅਤੇ ਸਖ਼ਤ ਕਾਰਵਾਈ ਦਾ ਭਰੋਸਾ ਦਿੱਤਾ।

**ਕੀ ਸੀ ਪੂਰਾ ਮਾਮਲਾ?**

ਪੁਲਿਸ ਰਿਪੋਰਟਾਂ ਅਨੁਸਾਰ, ਇਹ ਭਿਆਨਕ ਵਾਰਦਾਤ ਇੱਕ ਟੁੱਟੀ ਹੋਈ ਵਾਸ਼ਿੰਗ ਮਸ਼ੀਨ ਨੂੰ ਲੈ ਕੇ ਹੋਈ ਮਾਮੂਲੀ ਬਹਿਸ ਤੋਂ ਬਾਅਦ ਹੋਈ। ਗ੍ਰਿਫਤਾਰੀ ਹਲਫਨਾਮੇ ਵਿੱਚ ਖੁਲਾਸਾ ਹੋਇਆ ਹੈ ਕਿ ਨਾਗਾਮਲੱਈਆ ਨੇ ਮਾਰਟੀਨੇਜ਼ ਨੂੰ ਟੁੱਟੀ ਹੋਈ ਵਾਸ਼ਿੰਗ ਮਸ਼ੀਨ ਦੀ ਵਰਤੋਂ ਨਾ ਕਰਨ ਲਈ ਕਿਹਾ ਸੀ। ਪਰ ਉਨ੍ਹਾਂ ਨੇ ਇਹ ਹਦਾਇਤਾਂ ਸਿੱਧੇ ਮਾਰਟੀਨੇਜ਼ ਨੂੰ ਦੇਣ ਦੀ ਬਜਾਏ, ਇੱਕ ਹੋਰ ਸਟਾਫ ਮੈਂਬਰ ਨੂੰ ਅਨੁਵਾਦ ਕਰਨ ਲਈ ਕਿਹਾ, ਜਿਸ ਤੋਂ ਮਾਰਟੀਨੇਜ਼ ਗੁੱਸੇ ਵਿੱਚ ਆ ਗਿਆ। ਇਸ ਤੋਂ ਬਾਅਦ, ਦੋਸ਼ੀ ਨੇ ਦਾਤਰ (machete) ਨਾਲ ਨਾਗਾਮਲੱਈਆ 'ਤੇ ਹਮਲਾ ਕਰ ਦਿੱਤਾ। ਘਟਨਾ ਦੀਆਂ ਵੀਡੀਓਜ਼ ਵਿੱਚ ਦੋਸ਼ੀ ਨੂੰ ਮੋਟਲ ਦੇ ਗਲਿਆਰੇ ਵਿੱਚ ਨਾਗਾਮਲੱਈਆ ਦਾ ਪਿੱਛਾ ਕਰਦੇ ਦੇਖਿਆ ਗਿਆ। ਪੀੜਤ ਦੇ ਪਰਿਵਾਰ ਨੇ ਉਸਨੂੰ ਬਚਾਉਣ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਕਾਤਲ ਨੇ ਉਸਨੂੰ ਫੜ ਲਿਆ ਅਤੇ ਲਗਾਤਾਰ ਵਾਰ ਕਰਦਾ ਰਿਹਾ ਜਦੋਂ ਤੱਕ ਉਸਦਾ ਸਿਰ ਧੜ ਤੋਂ ਵੱਖ ਨਹੀਂ ਹੋ ਗਿਆ। ਇਸ ਦੌਰਾਨ ਦੋਸ਼ੀ ਨੇ ਨਾਗਾਮਲੱਈਆ ਦੀਆਂ ਜੇਬਾਂ ਵਿੱਚੋਂ ਉਸਦਾ ਮੋਬਾਈਲ ਫੋਨ ਅਤੇ ਇੱਕ ਕੀ-ਕਾਰਡ ਵੀ ਕੱਢ ਲਿਆ। ਇਸ ਤੋਂ ਵੀ ਵੱਧ, ਇੱਕ ਹੋਰ ਵੀਡੀਓ ਵਿੱਚ ਦੋਸ਼ੀ ਕੱਟੇ ਹੋਏ ਸਿਰ ਨੂੰ ਸੜਕ 'ਤੇ ਲੱਤ ਮਾਰਦਾ ਅਤੇ ਫਿਰ ਉਸਨੂੰ ਚੁੱਕ ਕੇ ਕੂੜੇਦਾਨ ਵਿੱਚ ਸੁੱਟਦਾ ਦਿਖਾਈ ਦਿੰਦਾ ਹੈ।

ਪੁਲਿਸ ਨੇ 37 ਸਾਲਾ ਦੋਸ਼ੀ ਨੂੰ ਗ੍ਰਿਫਤਾਰ ਕਰਕੇ ਉਸ 'ਤੇ ਕਤਲ ਦਾ ਗੰਭੀਰ ਦੋਸ਼ (capital murder) ਲਗਾਇਆ ਹੈ।

**ਕੌਣ ਸਨ ਚੰਦਰ ਮੌਲੀ ਨਾਗਾਮਲੱਈਆ?**

50 ਸਾਲਾ ਚੰਦਰ ਨਾਗਾਮਲੱਈਆ, ਜਿਨ੍ਹਾਂ ਨੂੰ ਦੋਸਤ ਅਤੇ ਪਰਿਵਾਰ 'ਬੌਬ' ਕਹਿ ਕੇ ਬੁਲਾਉਂਦੇ ਸਨ, ਮੂਲ ਰੂਪ ਵਿੱਚ ਕਰਨਾਟਕ ਦੇ ਰਹਿਣ ਵਾਲੇ ਸਨ। ਉਨ੍ਹਾਂ ਨੇ ਬੈਂਗਲੁਰੂ ਦੇ ਨੈਸ਼ਨਲ ਕਾਲਜ ਤੋਂ ਪੜ੍ਹਾਈ ਕੀਤੀ ਸੀ ਅਤੇ ਸਾਲ 2018 ਵਿੱਚ ਅਮਰੀਕਾ ਆਏ ਸਨ। ਪਿਛਲੇ ਪੰਜ ਸਾਲਾਂ ਤੋਂ ਉਹ ਡੈਲਸ ਦੇ ਇਸ ਮੋਟਲ ਵਿੱਚ ਮੈਨੇਜਰ ਵਜੋਂ ਕੰਮ ਕਰ ਰਹੇ ਸਨ।

ਉਨ੍ਹਾਂ ਦੇ ਪਰਿਵਾਰ ਵਿੱਚ ਪਤਨੀ ਨਿਸ਼ਾ ਅਤੇ 18 ਸਾਲਾ ਪੁੱਤਰ ਗੌਰਵ ਹਨ, ਜਿਸਨੇ ਹਾਲ ਹੀ ਵਿੱਚ ਹਾਈ ਸਕੂਲ ਪੂਰਾ ਕੀਤਾ ਹੈ ਅਤੇ ਕਾਲਜ ਜਾਣ ਦੀ ਤਿਆਰੀ ਕਰ ਰਿਹਾ ਹੈ। ਪਰਿਵਾਰ ਦੀ ਮਦਦ ਲਈ ਸ਼ੁਰੂ ਕੀਤੇ ਗਏ ਇੱਕ ਫੰਡਰੇਜ਼ਰ ਰਾਹੀਂ ਹੁਣ ਤੱਕ ਲਗਭਗ 3 ਕਰੋੜ ਰੁਪਏ ਇਕੱਠੇ ਕੀਤੇ ਜਾ ਚੁੱਕੇ ਹਨ।

**ਡੋਨਾਲਡ ਟਰੰਪ ਦੀ ਪ੍ਰਤੀਕਿਰਿਆ**

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਮਵਾਰ ਨੂੰ ਇਸ ਘਟਨਾ 'ਤੇ ਸਖ਼ਤ ਪ੍ਰਤੀਕਿਰਿਆ ਦਿੱਤੀ। ਉਨ੍ਹਾਂ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' 'ਤੇ ਲਿਖਿਆ, 'ਮੈਨੂੰ



ਡੈਲਸ, ਟੈਕਸਾਸ ਵਿੱਚ ਇੱਕ ਸਤਿਕਾਰਤ ਵਿਅਕਤੀ, ਚੰਦਰ ਨਾਗਾਮਲੱਈਆ ਦੇ ਕਤਲ ਦੀਆਂ ਭਿਆਨਕ ਖਬਰਾਂ ਬਾਰੇ ਪਤਾ ਹੈ, ਜਿਸਦਾ ਉਸਦੀ ਪਤਨੀ ਅਤੇ ਪੁੱਤਰ ਦੇ ਸਾਹਮਣੇ, ਕਿਊਬਾ ਦੇ ਇੱਕ ਗੈਰ-ਕਾਨੂੰਨੀ ਪ੍ਰਵਾਸੀ ਦੁਆਰਾ ਬੇਰਹਿਮੀ ਨਾਲ ਸਿਰ ਕਲਮ ਕਰ ਦਿੱਤਾ ਗਿਆ, ਜੋ ਕਦੇ ਵੀ ਸਾਡੇ ਦੇਸ਼ ਵਿੱਚ ਨਹੀਂ ਹੋਣਾ ਚਾਹੀਦਾ ਸੀ।'

ਟਰੰਪ ਨੇ ਦੋਸ਼ੀ ਨੂੰ ਰਿਹਾਅ ਕਰਨ ਲਈ ਪਿਛਲੀ ਜੋ ਬਾਈਡਨ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਕਿਹਾ, 'ਇਸ ਵਿਅਕਤੀ ਨੂੰ ਪਹਿਲਾਂ ਬਾਲ ਜਿਨਸੀ ਸ਼ੋਸ਼ਣ, ਗੱਡੀ ਦੀ ਚੋਰੀ ਅਤੇ ਝੂਠੀ ਕੈਦ ਸਮੇਤ ਭਿਆਨਕ ਅਪਰਾਧਾਂ ਲਈ ਗ੍ਰਿਫਤਾਰ ਕੀਤਾ ਗਿਆ ਸੀ, ਪਰ ਜੋ ਬਾਈਡਨ ਦੇ ਅਯੋਗ ਪ੍ਰਸ਼ਾਸਨ ਅਧੀਨ ਸਾਡੇ ਦੇਸ਼ ਵਿੱਚ ਵਾਪਸ ਛੱਡ ਦਿੱਤਾ ਗਿਆ ਸੀ ਕਿਉਂਕਿ ਕਿਊਬਾ ਆਪਣੇ ਦੇਸ਼ ਵਿੱਚ ਅਜਿਹੇ ਦੁਸ਼ਟ ਵਿਅਕਤੀ ਨੂੰ ਨਹੀਂ ਚਾਹੁੰਦਾ ਸੀ।'

ਉਨ੍ਹਾਂ ਨੇ 'ਅਮਰੀਕਾ ਨੂੰ ਦੁਬਾਰਾ ਸੁਰੱਖਿਅਤ ਬਣਾਉਣ' ਦਾ ਵਾਅਦਾ ਕਰਦਿਆਂ ਕਿਹਾ ਕਿ ਇਸ ਅਪਰਾਧੀ 'ਤੇ ਕਾਨੂੰਨ ਦੀ ਪੂਰੀ ਹੱਦ ਤੱਕ ਮੁਕੱਦਮਾ ਚਲਾਇਆ ਜਾਵੇਗਾ ਅਤੇ ਉਸਨੂੰ ਫਸਟ-ਡਿਗਰੀ ਕਤਲ ਦਾ ਦੋਸ਼ੀ ਠਹਿਰਾਇਆ ਜਾਵੇਗਾ।

# ਲਾਹੌਰ ਮਿਊਜ਼ੀਅਮ ਵਿਖੇ ਕੀਤਾ ਗਿਆ 1775 ਈ. ਦੇ ਹੱਥ ਲਿਖਤ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦਾ ਪ੍ਰਕਾਸ਼




ਅੰਮ੍ਰਿਤਸਰ : ਸ੍ਰੀ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲਾਹੌਰ ਮਿਊਜ਼ੀਅਮ ਵਿਖੇ ਸਿੰਘ ਸਟੂਡੈਂਟਸ ਆਫ਼ ਪਾਕਿਸਤਾਨ ਵਲੋਂ 1775 ਈ. ਦੇ ਹੱਥ ਲਿਖਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦਾ ਪ੍ਰਕਾਸ਼ ਵਿਧੀ ਪੂਰਵਕ ਅਰਦਾਸ ਕਰਨ ਉਪਰੰਤ 8 ਫੁੱਟ ਚੌੜੇ ਅਤੇ 8 ਫੁੱਟ ਉੱਚੇ ਪਾਲਕੀ ਸਾਹਿਬ 'ਚ ਕੀਤਾ ਗਿਆ। ਇਸ ਮੌਕੇ ਉਕਤ ਜਥੇਬੰਦੀ ਵਲੋਂ ਧਾਰਮਿਕ ਸਮਾਗਮ ਵੀ ਕਰਵਾਇਆ ਗਿਆ। ਸ੍ਰੀ ਨਨਕਾਣਾ ਸਾਹਿਬ ਤੋਂ ਜਾਣਕਾਰੀ ਸਾਂਝੀ ਕਰਦਿਆਂ ਸਿੰਘ ਸਟੂਡੈਂਟਸ ਆਫ਼ ਪਾਕਿਸਤਾਨ ਦੇ ਆਗੂ ਤੇ ਕ੍ਰਿਕਟਰ ਮਹਿੰਦਰਪਾਲ ਸਿੰਘ ਨੇ ਦੱਸਿਆ ਕਿ ਪਾਲਕੀ ਸਾਹਿਬ ਉਨ੍ਹਾਂ ਦੀ ਜਥੇਬੰਦੀ ਵਲੋਂ ਪਾਕਿਸਤਾਨ ਦੀ ਸਿੱਖ ਸੰਗਤ ਦੇ ਸਹਿਯੋਗ ਨਾਲ ਪਿਛਲੇ ਵਰ੍ਹੇ ਭੇਟ ਕੀਤੀ ਗਈ ਸੀ। ਪਾਲਕੀ ਸਾਹਿਬ 'ਚ ਸੁਸ਼ੋਭਿਤ ਕੀਤੇ ਜਾਣ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੁਰਾਤਨ ਸਰੂਪ ਲਾਹੌਰ ਮਿਊਜ਼ੀਅਮ ਦੀ 'ਸਿੱਖ ਗੈਲਰੀ' ਦੇ ਅੰਦਰ ਪ੍ਰਦਰਸ਼ਨੀ ਲਈ ਰੱਖੀਆਂ ਹੋਰਨਾਂ ਇਤਿਹਾਸਕ ਵਸਤੂਆਂ ਅਤੇ ਸ਼ਸਤਰਾਂ ਦੀ ਤਰ੍ਹਾਂ ਇਕ ਕੈਬਿਨ 'ਚ ਰੱਖਿਆ ਗਿਆ ਸੀ। ਇਸ ਮੌਕੇ ਰੱਖੇ ਸਮਾਗਮ 'ਚ ਰਣਜੀਤ ਸਿੰਘ ਰਾਣਾ ਦੀ ਅਗਵਾਈ 'ਚ ਗੁਰਮਤਿ ਸੇਵਾ ਜਥਾ ਯੂ. ਕੇ. ਦੇ 80 ਯਾਤਰੂ ਵੀ ਸ਼ਾਮਿਲ ਹੋਏ। ਇਸ ਮੌਕੇ ਸਿੰਘ ਸਟੂਡੈਂਟਸ ਆਫ਼ ਪਾਕਿਸਤਾਨ ਦੇ ਮਹਿੰਦਰਪਾਲ ਸਿੰਘ, ਵਰਿੰਦਰ ਸਿੰਘ, ਹਰਮਿੰਦਰ ਸਿੰਘ, ਕੁਲਬੀਰ ਸਿੰਘ, ਮਹਿੰਦਰ ਸਿੰਘ ਖ਼ਾਲਸਾ ਆਦਿ ਤੋਂ ਇਲਾਵਾ ਗੁਰਦੁਆਰਾ ਜਨਮ ਅਸਥਾਨ ਦੇ ਗ੍ਰੰਥੀ ਭਾਈ ਬਲਵੰਤ ਸਿੰਘ, ਗੁਰਦੁਆਰਾ ਡੇਰਾ ਸਾਹਿਬ ਲਾਹੌਰ ਦੇ ਗ੍ਰੰਥੀ ਰਣਜੀਤ ਸਿੰਘ, ਗਿਆਨੀ ਮਨਜੀਤ ਸਿੰਘ ਵੀ ਹਾਜ਼ਰ ਸਨ।

# ਸ਼ਹੀਦ ਦੀ ਵਿਰਾਸਤ, ਕੌਮ ਦੀ ਲੜਾਈ : ਭਾਈ ਖਾਲੜਾ ਦੇ ਮੁੱਦੇ 'ਤੇ ਅਮਰੀਕੀ ਸਰਕਾਰ ਨੂੰ ਜਗਾਉਣਗੇ ਸਿੱਖ

## ਸ਼ਹਾਦਤ ਦੇ 30 ਸਾਲ ਬਾਅਦ: ਕੈਪੀਟਲ ਹਿੱਲ 'ਚ ਗੂੰਜੇਗੀ ਸ਼ਹੀਦ ਭਾਈ ਖਾਲੜਾ ਦੀ ਆਵਾਜ਼

ਸੈਕਰਾਮੈਂਟੋ/ਕੈਲੀਫੋਰਨੀਆਂ (ਸਾਡੇ ਲੋਕ) : ਸਿੱਖਾਂ ਦੇ ਹੱਕਾਂ ਲਈ ਕੰਮ ਕਰਨ ਵਾਲੀ ਪ੍ਰਮੁੱਖ ਸੰਸਥਾ, ਸਿੱਖ ਕੁਲੀਸ਼ਨ, ਮਨੁੱਖੀ ਅਧਿਕਾਰਾਂ ਦੇ ਮਹਾਨ ਰਾਖੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਵਿਰਾਸਤ ਅਤੇ ਮੌਜੂਦਾ ਦੌਰ ਵਿੱਚ ਵੱਧ ਰਹੇ ਸਰਹੱਦ ਪਾਰ ਦਮਨ (Transnational Repression) ਦੇ ਖਤਰੇ 'ਤੇ ਚਾਨਣਾ ਪਾਉਣ ਲਈ ਇੱਕ ਅਹਿਮ ਸਮਾਗਮ ਦਾ ਆਯੋਜਨ ਕਰਨ ਜਾ ਰਹੀ ਹੈ।




ਸੰਸਥਾ ਵੱਲੋਂ ਭਲਕੇ, 18 ਸਤੰਬਰ ਨੂੰ, ਅਮਰੀਕੀ ਸੰਸਦ ਕੈਪੀਟਲ ਹਿੱਲ ਵਿਖੇ 'ਭਾਈ ਜਸਵੰਤ ਸਿੰਘ ਖਾਲੜਾ ਦੇ ਕੰਮ ਨੂੰ ਸਰਹੱਦ ਪਾਰ ਦਮਨ ਦੇ ਯੁੱਗ ਵਿੱਚ ਮੁੜ ਵਿਚਾਰਨਾ' ਵਿਸ਼ੇ 'ਤੇ ਇੱਕ ਵਿਸ਼ੇਸ਼ ਬ੍ਰੀਫਿੰਗ ਰੱਖੀ ਗਈ ਹੈ। ਇਹ ਸੈਸ਼ਨ ਦੁਪਹਿਰ 2:00 ਵਜੇ ਤੋਂ 3:30 ਵਜੇ (ਈਸਟਰਨ ਸਮਾਂ) ਤੱਕ ਚੱਲੇਗਾ। ਇਸ ਦਾ ਮੁੱਖ ਉਦੇਸ਼ ਕਾਂਗਰਸ ਦੇ ਸਟਾਫ਼ ਮੈਂਬਰਾਂ ਅਤੇ ਨੀਤੀ-ਘਾੜਿਆਂ ਨੂੰ ਭਾਈ ਖਾਲੜਾ ਦੇ ਜੀਵਨ, ਕੁਰਬਾਨੀ ਅਤੇ ਉਨ੍ਹਾਂ ਦੇ ਕੰਮ ਦੀ ਅਜੋਕੇ ਸਮੇਂ ਵਿੱਚ ਮਹੱਤਤਾ ਤੋਂ ਜਾਣੂ ਕਰਵਾਉਣਾ ਹੈ।

**ਬ੍ਰੀਫਿੰਗ ਪੈਨਲ ਦੇ ਪ੍ਰਮੁੱਖ ਬੁਲਾਰੇ:** ਇਸ ਜਾਣਕਾਰੀ ਭਰਪੂਰ ਸੈਸ਼ਨ ਵਿੱਚ ਵੱਖ-ਵੱਖ ਖੇਤਰਾਂ ਦੀਆਂ ਨਾਮਵਰ ਸ਼ਖਸੀਅਤਾਂ ਆਪਣੇ ਵਿਚਾਰ ਸਾਂਝੇ ਕਰਨਗੀਆਂ, ਜਿਨ੍ਹਾਂ ਵਿੱਚ ਸ਼ਾਮਲ ਹਨ:

- ਨਵਕਿਰਨ ਕੌਰ ਖਾਲੜਾ - ਭਾਈ ਜਸਵੰਤ ਸਿੰਘ ਖਾਲੜਾ ਦੀ ਸਪੁੱਤਰੀ, ਸੁਖਮਨ ਸਿੰਘ ਧਾਮੀ - ਕਾਰਜਕਾਰੀ ਨਿਰਦੇਸ਼ਕ, ਇਨਸਾਫ਼, ਡਾ. ਗੁਨੀਸ਼ਾ ਕੌਰ - ਮੈਡੀਕਲ ਡਾਇਰੈਕਟਰ, ਵੇਲ ਕਾਰਨੇਲ ਸੈਂਟਰ ਫਾਰ ਹਿਊਮਨ ਰਾਈਟਸ, ਡਾ. ਸਟੀਫਨ ਸ਼ਨੈਕ - ਸਾਬਕਾ ਚੇਅਰ, ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ 'ਤੇ ਅਮਰੀਕੀ ਕਮਿਸ਼ਨ, ਹਰਮਨ ਸਿੰਘ - ਕਾਰਜਕਾਰੀ ਨਿਰਦੇਸ਼ਕ, ਸਿੱਖ ਕੁਲੀਸ਼ਨ।

ਸੰਗਤ ਲਈ ਸਿੱਧਾ ਪ੍ਰਸਾਰਣ (Live Stream): ਹਾਲਾਂਕਿ ਇਹ ਬ੍ਰੀਫਿੰਗ ਮੁੱਖ ਤੌਰ 'ਤੇ ਕੈਪੀਟਲ ਹਿੱਲ ਦੇ ਸਰੋਤਿਆਂ ਲਈ ਹੈ, ਪਰ ਦੁਨੀਆ ਭਰ ਵਿੱਚ ਵਸਦੀ ਸੰਗਤ ਇਸ ਨੂੰ ਲਾਈਵ ਦੇਖ ਸਕੇਗੀ। ਇਸ ਦਾ ਸਿੱਧਾ ਪ੍ਰਸਾਰਣ ਹੇਠ ਲਿਖੇ ਲਿੰਕਾਂ 'ਤੇ ਉਪਲਬਧ ਹੋਵੇਗਾ:

ਵੈੱਬਸਾਈਟ: thesikh.co/jsk-stream

ਇੰਸਟਾਗ੍ਰਾਮ: ਸਿੱਖ ਕੁਲੀਸ਼ਨ ਦੇ ਇੰਸਟਾਗ੍ਰਾਮ ਪੇਜ 'ਤੇ ਲਾਈਵ

# ਭਾਰਤ ਤੇ ਚੀਨ ਸਣੇ 23 ਮੁਲਕ ਗ਼ੈਰਕਾਨੂੰਨੀ ਨਸ਼ਿਆਂ ਦੇ ਉਤਪਾਦਕ: ਡੋਨਲਡ ਟਰੰਪ

ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਦਾਅਵਾ ਕੀਤਾ ਹੈ ਕਿ ਭਾਰਤ, ਚੀਨ, ਅਫ਼ਗਾਨਿਸਤਾਨ ਅਤੇ ਪਾਕਿਸਤਾਨ ਸਮੇਤ 23 ਮੁਲਕ ਨਸ਼ੀਲੇ ਪਦਾਰਥਾਂ ਦੀ ਗ਼ੈਰਕਾਨੂੰਨੀ ਤਸਕਰੀ ਅਤੇ ਉਤਪਾਦਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਮੁਲਕ ਗ਼ੈਰਕਾਨੂੰਨੀ ਨਸ਼ੀਲੇ ਪਦਾਰਥਾਂ ਅਤੇ ਰਸਾਇਣਾਂ ਦਾ ਨਿਰਮਾਣ ਅਤੇ ਤਸਕਰੀ ਕਰਕੇ ਅਮਰੀਕਾ ਅਤੇ ਉਸ ਦੇ ਨਾਗਰਿਕਾਂ ਦੀ ਸੁਰੱਖਿਆ ਲਈ ਖ਼ਤਰਾ ਬਣ ਰਹੇ ਹਨ। ਕਾਂਗਰਸ ਨੂੰ ਸੌਂਪੇ ਗਏ 'ਰਾਸ਼ਟਰਪਤੀ ਦੇ ਅਹਿਦ' ਵਿੱਚ ਟਰੰਪ ਨੇ ਕਿਹਾ ਕਿ ਉਨ੍ਹਾਂ 23 ਦੇਸ਼ਾਂ ਦੀ 'ਪ੍ਰਮੁੱਖ ਨਸ਼ੀਲੇ ਪਦਾਰਥਾਂ ਦੀ ਆਵਾਜਾਈ ਜਾਂ ਪ੍ਰਮੁੱਖ ਗ਼ੈਰਕਾਨੂੰਨੀ ਨਸ਼ੀਲੇ ਪਦਾਰਥ ਉਤਪਾਦਕ' ਦੇਸ਼ਾਂ ਵਜੋਂ ਪਛਾਣ ਕੀਤੀ ਹੈ। ਵਿਦੇਸ਼ ਵਿਭਾਗ ਨੇ ਪੰਜ ਦੇਸ਼ਾਂ ਅਫ਼ਗਾਨਿਸਤਾਨ, ਬੋਲਿਵੀਆ, ਬਰਮਾ, ਕੋਲੰਬੀਆ ਅਤੇ ਵੈਨਜ਼ੁਏਲਾ ਨੂੰ 'ਲੋੜੀਂਦੀਆਂ ਕੋਸ਼ਿਸ਼ਾਂ ਵਿੱਚ ਨਾਕਾਮ' ਰਹਿਣ ਵਜੋਂ ਸੂਚੀਬੱਧ ਕੀਤਾ ਹੈ। ਇਨ੍ਹਾਂ ਮੁਲਕਾਂ ਨੂੰ ਨਸ਼ੀਲੇ ਪਦਾਰਥ ਵਿਰੋਧੀ ਯਤਨਾਂ ਨੂੰ ਬਿਹਤਰ ਬਣਾਉਣ ਦਾ ਸੱਦਾ ਦਿੱਤਾ ਗਿਆ ਹੈ।

ਅਮਰੀਕੀ ਕਾਂਗਰਸ ਨੂੰ ਸੌਂਪੀ ਗਈ 'ਰਾਸ਼ਟਰਪਤੀ ਨਿਰਧਾਰਨ ਰਿਪੋਰਟ' ਵਿਚ ਟਰੰਪ ਨੇ ਕਿਹਾ ਕਿ ਇਨ੍ਹਾਂ ਦੇਸ਼ਾਂ ਵਿਚ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦਾ ਉਤਪਾਦਨ ਅਤੇ ਤਸਕਰੀ ਅਮਰੀਕਾ ਅਤੇ ਇਸ ਦੇ ਨਾਗਰਿਕਾਂ ਦੀ ਸੁਰੱਖਿਆ ਲਈ ਖ਼ਤਰਾ ਹੈ।



ਟਰੰਪ ਨੇ ਕਿਹਾ ਕਿ ਨਸ਼ੀਲੇ ਪਦਾਰਥਾਂ ਦੀ ਤਸਕਰੀ ਖਾਸ ਕਰਕੇ ਫੈਂਟਾਨਿਲ ਵਰਗੇ ਘਾਤਕ ਨਸ਼ੀਲੇ ਪਦਾਰਥਾਂ ਨੇ ਅਮਰੀਕਾ ਵਿਚ ਇਕ ਰਾਸ਼ਟਰੀ ਐਮਰਜੈਂਸੀ ਪੈਦਾ ਕਰ ਦਿੱਤੀ ਹੈ। ਇਹ ਇਕ ਜਨਤਕ ਸਿਹਤ ਸੰਕਟ ਪੈਦਾ ਕਰ ਰਿਹਾ ਹੈ ਅਤੇ 18 ਤੋਂ 44 ਸਾਲ ਦੀ ਉਮਰ ਦੇ ਅਮਰੀਕੀਆਂ ਵਿਚ ਮੌਤ ਦਾ ਮੁੱਖ ਕਾਰਨ ਹੈ। ਟਰੰਪ ਨੇ ਕਿਹਾ ਕਿ ਚੀਨ ਫੈਂਟਾਨਿਲ ਵਰਗੇ ਖਤਰਨਾਕ ਨਸ਼ੇ ਬਣਾਉਣ ਲਈ ਵਰਤੇ ਜਾਣ ਵਾਲੇ ਰਸਾਇਣਾਂ ਦਾ ਸਭ ਤੋਂ ਵੱਡਾ ਸਰੋਤ ਹੈ। ਇਹ ਮੇਥਾਮਫੇਟਾਮਾਈਨ ਵਰਗੇ ਹੋਰ ਨਸ਼ੀਲੇ ਪਦਾਰਥਾਂ ਨੂੰ ਵੀ ਉਤਸ਼ਾਹਿਤ ਕਰ ਰਿਹਾ ਹੈ। ਟਰੰਪ ਨੇ ਚੀਨ ਨੂੰ ਇਨ੍ਹਾਂ ਰਸਾਇਣਾਂ ਨੂੰ ਰੋਕਣ ਅਤੇ ਨਸ਼ੀਲੇ ਪਦਾਰਥਾਂ ਦੇ ਤਸਕਰਾਂ ਵਿਰੁੱਧ ਕਾਰਵਾਈ ਕਰਨ ਦੀ ਅਪੀਲ ਕੀਤੀ।

ਅਮਰੀਕੀ ਵਿਦੇਸ਼ ਵਿਭਾਗ ਨੇ ਕਿਹਾ ਕਿ ਅਫ਼ਗਾਨਿਸਤਾਨ, ਬੋਲੀਵੀਆ, ਮਿਆਂਮਾਰ, ਕੋਲੰਬੀਆ ਅਤੇ ਵੈਨੇਜ਼ੁਏਲਾ ਵਰਗੇ ਦੇਸ਼ ਨਸ਼ਿਆਂ ਵਿਰੁੱਧ ਠੋਸ ਕਾਰਵਾਈ ਕਰਨ ਵਿਚ ਪੂਰੀ ਤਰ੍ਹਾਂ ਅਸਫ਼ਲ ਰਹੇ ਹਨ। ਇਨ੍ਹਾਂ ਦੇਸ਼ਾਂ ਨੂੰ ਹੋਰ ਸਖ਼ਤ ਨਸ਼ੀਲੇ ਪਦਾਰਥਾਂ ਦੇ ਨਿਯੰਤਰਣ ਉਪਾਅ ਕਰਨ ਦੀ ਅਪੀਲ ਕੀਤੀ ਗਈ ਹੈ।

ਹਾਲਾਂਕਿ ਵਿਭਾਗ ਨੇ ਸਪੱਸ਼ਟ ਕੀਤਾ ਕਿ ਇਸ ਸੂਚੀ ਵਿਚ ਕਿਸੇ ਦੇਸ਼ ਦੇ ਸ਼ਾਮਿਲ ਹੋਣ ਦਾ ਮਤਲਬ ਇਹ ਨਹੀਂ ਹੈ ਕਿ ਉਸ ਦੀ ਸਰਕਾਰ ਨਸ਼ਿਆਂ ਵਿਰੁੱਧ ਕਾਰਵਾਈ ਨਹੀਂ ਕਰ ਰਹੀ ਹੈ।

# ਇਸ ਕੇਸ ਨੇ ਸਾਡੇ ਸਬਰ ਦਾ ਪਿਆਲਾ ਭਰ ਦਿੱਤਾ ਟੈਕਸਾਸ 'ਚ ਭਾਰਤੀ ਮੂਲ ਦੇ ਮੋਟਲ ਮੈਨੇਜਰ ਦਾ ਬੇਰਹਿਮੀ ਨਾਲ ਕਤਲ

## ਟਰੰਪ ਨੇ ਸਖ਼ਤ ਕਾਰਵਾਈ ਦਾ ਦਿੱਤਾ ਭਰੋਸਾ

ਡੈਲਸ, (ਸਾਡੇ ਲੋਕ) : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਟੈਕਸਾਸ ਦੇ ਡੈਲਸ ਸ਼ਹਿਰ ਵਿੱਚ ਭਾਰਤੀ ਮੂਲ ਦੇ ਮੋਟਲ ਮੈਨੇਜਰ ਚੰਦਰ ਮੌਲੀ 'ਬੌਬ' ਨਾਗਾਮਲੱਈਆ ਦੀ ਬੇਰਹਿਮੀ ਨਾਲ ਸਿਰ ਕਲਮ ਕਰਕੇ ਕੀਤੀ ਗਈ ਹੱਤਿਆ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਹੈਵਾਨੀਅਤ ਦੇ ਇਸ ਕੇਸ ਨੇ ਸਾਡੇ ਸਬਰ ਦਾ ਪਿਆਲਾ ਭਰ ਦਿੱਤਾ।



ਰਿਪੋਰਟਾਂ ਮੁਤਾਬਕ, 37 ਸਾਲਾ ਦੋਸ਼ੀ, ਕਿਊਬਾਈ ਨਾਗਰਿਕ ਯੋਰਡਾਨਿਸ ਕੋਬੋਸ-ਮਾਰਟੀਨੇਜ਼ ਨੇ ਕਥਿਤ ਤੌਰ 'ਤੇ ਨਾਗਾਮਲੱਈਆ 'ਤੇ ਉਨ੍ਹਾਂ ਦੀ ਪਤਨੀ ਅਤੇ ਨੌਜਵਾਨ ਪੁੱਤਰ ਦੇ ਸਾਹਮਣੇ ਹਮਲਾ ਕਰ ਦਿੱਤਾ। ਇਹ ਝਗੜਾ ਇੱਕ ਟੁੱਟੀ ਹੋਈ ਵਾਸ਼ਿੰਗ ਮਸ਼ੀਨ ਨੂੰ ਲੈ ਕੇ ਹੋਏ ਵਿਵਾਦ ਤੋਂ ਬਾਅਦ ਹੋਇਆ।

ਰਾਸ਼ਟਰਪਤੀ ਟਰੰਪ ਨੇ ਵਾਅਦਾ ਕੀਤਾ ਹੈ ਕਿ ਸ਼ੱਕੀ ਵਿਅਕਤੀ 'ਤੇ ਕਾਨੂੰਨ ਦੀ ਪੂਰੀ ਸਖ਼ਤੀ ਨਾਲ ਮੁਕੱਦਮਾ ਚਲਾਇਆ ਜਾਵੇਗਾ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਉਨ੍ਹਾਂ ਦਾ ਪ੍ਰਸ਼ਾਸਨ ਗੈਰ-ਕਾਨੂੰਨੀ ਪ੍ਰਵਾਸੀ ਅਪਰਾਧੀਆਂ ਪ੍ਰਤੀ ਕੋਈ ਨਰਮੀ ਨਹੀਂ ਵਰਤੇਗਾ।

ਦੱਸਿਆ ਜਾ ਰਿਹਾ ਹੈ ਕਿ ਕੋਬੋਸ-ਮਾਰਟੀਨੇਜ਼ ਦਾ ਪਹਿਲਾਂ ਵੀ ਅਪਰਾਧਿਕ ਰਿਕਾਰਡ ਹੈ ਅਤੇ ਉਸਨੂੰ ਬਾਈਡਨ ਪ੍ਰਸ਼ਾਸਨ ਦੇ ਸਮੇਂ ਰਿਹਾਅ ਕਰ ਦਿੱਤਾ ਗਿਆ ਸੀ ਕਿਉਂਕਿ ਕਿਊਬਾ ਨੇ ਉਸਨੂੰ ਵਾਪਸ ਲੈਣ ਤੋਂ ਇਨਕਾਰ ਕਰ ਦਿੱਤਾ ਸੀ।

ਹਿਊਸਟਨ ਵਿੱਚ ਸਥਿਤ ਭਾਰਤੀ ਕੌਂਸਲੇਟ ਇਸ ਮੁਸ਼ਕਲ ਸਮੇਂ ਵਿੱਚ ਪੀੜਤ ਪਰਿਵਾਰ ਦੀ ਪੂਰੀ ਸਹਾਇਤਾ ਕਰ ਰਿਹਾ ਹੈ।

# ਮੇਅਰ ਦੇ ਮੁੱਦੇ 'ਤੇ ਟਰੰਪ ਨੇ ਨਿਊਯਾਰਕ ਦੇ ਫੰਡ ਰੋਕਣ ਦੀ ਦਿੱਤੀ ਚਿਤਾਵਨੀ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ) : ਰਾਸ਼ਟਰਪਤੀ ਡੋਨਾਲਡ ਟਰੰਪ ਨੇ ਗਵਰਨਰ ਕੈਥੀ ਹੋਛਲ ਦੁਆਰਾ ਨਿਊਯਾਰਕ ਸ਼ਹਿਰ ਦੇ ਮੇਅਰ ਦੇ ਅਹੁਦੇ ਲਈ ਜੌਹਰਾਨ ਮਮਡਾਨੀ ਦੇ ਨਾਂਅ ਦੀ ਪੁਸ਼ਟੀ ਕਰਨ 'ਤੇ ਸਖਤ ਪ੍ਰਤੀਕਿਰਿਆ ਪ੍ਰਗਟ ਕੀਤੀ ਹੈ ਤੇ ਕਿਹਾ ਕਿ ਸੰਘੀ ਸਰਕਾਰ ਸ਼ਹਿਰ ਨੂੰ ਫੰਡ ਭੇਜਣ 'ਤੇ ਪੁਨਰ ਵਿਚਾਰ ਕਰ ਸਕਦੀ ਹੈ। ਹੋਛਲ ਨੇ ਨਿਊਯਾਰਕ ਟਾਈਮਜ਼ ਦੇ ਵਿਸ਼ੇਸ਼ ਟਿਪਣੀ ਸਫੇ ਉਪਰ ਪੁਸ਼ਟੀ ਕਰਦਿਆਂ ਕਿਹਾ ਕਿ ਮਮਡਾਨੀ ਇਕ ਅਜਿਹਾ ਆਗੂ ਹੈ ਜੋ ਨੁਕਸਾਨਦੇਹ ਨੀਤੀਆਂ ਤੋਂ ਨਿਊਯਾਰਕ ਵਾਸੀਆਂ ਨੂੰ ਬਚਾਉਣ ਦੀ ਸਮਰਥਾ ਰੱਖਦਾ ਹੈ। ਇਸ ਦੇ ਪ੍ਰਤੀਕਰਮ ਵਿਚ ਟਰੰਪ ਨੇ ਸੋਸ਼ਲ ਮੀਡੀਆ ਉਪਰ ਲਿਖਿਆ ਹੈ 'ਨਿਊਯਾਰਕ ਲਈ ਬਹੁਤ ਬੁਰੀ ਖਬਰ, ਵਾਸ਼ਿੰਗਟਨ ਸਥਿਤੀ ਉਪਰ ਨੇੜਿਉਂ ਨਜ਼ਰ ਰੱਖ ਰਿਹਾ ਹੈ। ਇਸ ਬੁਰੀ ਖਬਰ ਤੋਂ ਬਾਅਦ ਫੰਡ ਭੇਜਣ ਦਾ ਕੋਈ ਕਾਰਨ ਨਹੀਂ ਹੈ।'




ਇਸ ਉਪਰੰਤ ਗਵਰਨਰ ਨੇ ਕਿਹਾ ਕਿ ਟਰੰਪ ਦੀ ਜਨਤਕ ਦਖਲਅੰਦਾਜੀ ਨੇ ਉਸ ਨੂੰ ਮੁੜ ਮਮਡਾਨੀ ਦਾ ਜ਼ੋਰਦਾਰ ਸਮਰਥਨ ਕਰਨ ਲਈ ਪ੍ਰੇਰਿਤ ਕੀਤਾ ਹੈ। ਗਵਰਨਰ ਨੇ ਦੋਸ਼ ਲਾਇਆ ਹੈ ਕਿ ਰਾਸ਼ਟਰਪਤੀ ਸਥਾਨਕ ਚੋਣਾਂ 'ਚ ਦਖਲ ਦੇ ਰਿਹਾ ਹੈ। ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਉਹ ਟਰੰਪ ਪ੍ਰਸ਼ਾਸਨ ਦੁਆਰਾ ਨਾਮਜ਼ਦ ਗਲਤ ਵਿਅਕਤੀ ਦੇ ਨਾਂਅ ਦੀ ਮੇਅਰ ਵਜੋਂ ਪੁਸ਼ਟੀ ਨਹੀਂ ਕਰੇਗੀ। ਗਵਰਨਰ ਨੇ ਜਾਰੀ ਬਿਆਨ 'ਚ ਕਿਹਾ ਹੈ ਕਿ ਮਮਡਾਨੀ ਦੀ ਪੁਸ਼ਟੀ ਨਿਊਯਾਰਕ ਸ਼ਹਿਰ ਦੀ ਸੁਰੱਖਿਆ ਲਈ ਜ਼ਰੂਰੀ ਕਦਮ ਹੈ।

# ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ

- ਜੈਕਾਰਿਆਂ ਦੀ ਗੂੰਜ 'ਚ ਪਟਨਾ ਸਾਹਿਬ ਤੋਂ 'ਸ਼ਹੀਦੀ ਜਾਗ੍ਰਿਤੀ ਯਾਤਰਾ' ਆਰੰਭ
- ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ, ਉਪ ਮੁੱਖ ਮੰਤਰੀ ਸਮਰਾਟ ਚੌਧਰੀ ਨੇ ਕੀਤੀ ਰਸਮੀ ਸ਼ੁਰੂਆਤ









ਪਟਨਾ ਸਾਹਿਬ : ਮਨੁੱਖਤਾ ਦੀ ਖਾਤਰ ਆਪਣਾ ਬਲੀਦਾਨ ਦੇਣ ਵਾਲੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ 'ਸ਼ਹੀਦੀ ਜਾਗ੍ਰਿਤੀ ਯਾਤਰਾ' ਖ਼ਾਲਸਾਈ ਪਰੰਪਰਾਵਾਂ ਅਨੁਸਾਰ ਜੈਕਾਰਿਆਂ ਦੀ ਗੂੰਜ 'ਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪਾਵਨ ਧਰਤੀ ਗੁ: ਗੁਰੂ ਕਾ ਬਾਗ ਪਟਨਾ ਸਾਹਿਬ (ਬਿਹਾਰ) ਤੋਂ ਪੰਜ ਪਿਆਰਿਆਂ ਦੀ ਅਗਵਾਈ ਹੇਠ ਆਰੰਭ ਹੋਈ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਵਲੋਂ ਬਿਹਾਰ ਸਰਕਾਰ ਦੇ ਸਹਿਯੋਗ ਨਾਲ ਆਰੰਭ ਹੋਈ ਇਸ ਯਾਤਰਾ ਦੀ ਰਸਮੀ ਸ਼ੁਰੂਆਤ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ, ਬਿਹਾਰ ਦੇ ਉਪ ਮੁੱਖ ਮੰਤਰੀ ਸਮਰਾਟ ਚੌਧਰੀ, ਪ੍ਰਧਾਨ ਜਗਜੋਤ ਸਿੰਘ ਸੋਹੀ, ਸਿੰਘ ਸਾਹਿਬ ਗਿਆਨੀ ਬਲਦੇਵ ਸਿੰਘ ਜਥੇਦਾਰ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਵਿਧਾਨ ਸਭਾ ਸਪੀਕਰ ਬਿਹਾਰ ਨੰਦ ਕਿਸ਼ੋਰ ਯਾਦਵ, ਸਾਬਕਾ ਕੇਂਦਰੀ ਮੰਤਰੀ ਐਸ. ਐਸ. ਆਹਲੂਵਾਲੀਆ ਨੇ ਕੀਤੀ। ਇਸ ਯਾਤਰਾ 'ਚ ਸ਼ਾਮਿਲ ਹੋਣ ਲਈ ਜਿੱਥੇ ਵੱਖ-ਵੱਖ ਪੰਥਕ ਤੇ ਸਿਆਸੀ ਸ਼ਖ਼ਸੀਅਤਾਂ ਸਮੇਤ ਦੂਰ-ਦੁਰਾਡੇ ਇਲਾਕਿਆਂ ਤੋਂ ਵੱਡੀ ਗਿਣਤੀ 'ਚ ਸੰਗਤ ਨੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ, ਉੱਥੇ ਹੀ ਪ੍ਰਸਿੱਧ ਗਾਇਕ ਸੁਖਵਿੰਦਰ ਸਿੰਘ ਨੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਗਾਏ ਧਾਰਮਿਕ ਥੀਮ ਗੀਤ ਦੀ ਪ੍ਰਭਾਵਸ਼ਾਲੀ ਪੇਸ਼ਕਾਰੀ ਦਿੱਤੀ। ਇਸ ਤੋਂ ਪਹਿਲਾਂ ਗੁ: ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸ਼ੁੱਭਦੀਪ ਸਿੰਘ ਦੇ ਜਥੇ ਨੇ ਰਸਭਿੰਨਾ ਕੀਰਤਨ ਅਤੇ ਭਾਈ ਗੁਰਮੀਤ ਸਿੰਘ ਖੋਸਾ ਕੋਟਲਾ ਨੇ ਗੁਰ ਇਤਿਹਾਸ ਦੀ ਸਾਂਝ ਪਾਈ, ਜਦਕਿ ਵਧੀਕ ਹੈੱਡ ਗ੍ਰੰਥੀ ਗਿਆਨੀ ਦਲੀਪ ਸਿੰਘ ਨੇ ਆਰੰਭਤਾ ਦੀ ਅਰਦਾਸ ਕੀਤੀ ਅਤੇ ਸਿੰਘ ਸਾਹਿਬ ਗਿਆਨੀ ਬਲਦੇਵ ਸਿੰਘ ਨੇ ਹੁਕਮਨਾਮਾ ਲਿਆ। ਇਸ ਮੌਕੇ ਪ੍ਰਧਾਨ ਜਗਜੋਤ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਆਰੰਭ ਹੋਈ ਸ਼ਹੀਦੀ ਜਾਗ੍ਰਿਤੀ ਯਾਤਰਾ ਦੇਸ਼ ਦੇ ਵੱਖ-ਵੱਖ 9 ਸੂਬਿਆਂ ਤੋਂ ਹੁੰਦੀ ਹੋਈ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੁੱਜ ਕੇ 45 ਦਿਨਾਂ ਬਾਅਦ ਸੰਪੂਰਨ ਹੋਵੇਗੀ। ਇਸ ਮੌਕੇ ਬਾਬਾ ਬਲਬੀਰ ਸਿੰਘ 96 ਕਰੋੜੀ ਮੁਖੀ ਬੁੱਢਾ ਦਲ, ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ, ਸਾਬਕਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ, ਹਰਮੀਤ ਸਿੰਘ ਕਾਲਕਾ ਪ੍ਰਧਾਨ ਦਿੱਲੀ ਕਮੇਟੀ, ਬਾਬਾ ਸੁਖਵਿੰਦਰ ਸਿੰਘ ਭੂਰੀ ਵਾਲੇ, ਬਾਬਾ ਬਚਨ ਸਿੰਘ ਕਾਰ ਸੇਵਾ ਦਿੱਲੀ, ਬਾਬਾ ਅਮਰੀਕ ਸਿੰਘ ਕਾਰ ਸੇਵਾ ਪਟਿਆਲਾ, ਦਲੀਪ ਜੈਸਵਾਲ ਸੂਬਾ ਪ੍ਰਧਾਨ ਭਾਜਪਾ ਬਿਹਾਰ, ਕੈਬਨਿਟ ਮੰਤਰੀ ਅਸ਼ੋਕ ਚੌਧਰੀ, ਜਨਰਲ ਸਕੱਤਰ ਇੰਦਰਜੀਤ ਸਿੰਘ, ਜਾਗ੍ਰਿਤੀ ਯਾਤਰਾ ਦੇ ਕੋਆਰਡੀਨੇਟਰ ਤੇ ਪ੍ਰਬੰਧਕ ਕਮੇਟੀ ਦੇ ਐਸੋਸੀਏਟ ਮੈਂਬਰ ਜਸਬੀਰ ਸਿੰਘ ਧਾਮ, ਬਾਬਾ ਗੁਰਵਿੰਦਰ ਸਿੰਘ ਭੂਰੀ ਵਾਲੇ, ਬਾਬਾ ਸੁੱਖਾ ਸਿੰਘ ਗਵਾਲੀਅਰ, ਮੀਤ ਪ੍ਰਧਾਨ ਗੁਰਵਿੰਦਰ ਸਿੰਘ, ਬਾਬਾ ਅਵਤਾਰ ਸਿੰਘ, ਬਾਬਾ ਜਸਪਾਲ ਸਿੰਘ, ਬਾਬਾ ਸੁਖਵਿੰਦਰ ਸਿੰਘ ਹਜ਼ੂਰ ਸਾਹਿਬ, ਸਕੱਤਰ ਹਰਬੰਸ ਸਿੰਘ ਖਨੂਜਾ, ਬੁਲਾਰਾ ਹਰਪਾਲ ਸਿੰਘ ਜੌਹਲ, ਮੀਡੀਆ ਇੰਚਾਰਜ ਸੁਦੀਪ ਸਿੰਘ, ਸੁਪਰਡੈਂਟ ਦਲਜੀਤ ਸਿੰਘ, ਮਹਿੰਦਰਪਾਲ ਸਿੰਘ ਢਿੱਲੋਂ, ਰਾਜਾ ਸਿੰਘ, ਮਾਲਵਿੰਦਰ ਸਿੰਘ ਬੈਨੀਵਾਲ, ਅਵਤਾਰ ਸਿੰਘ ਆਦਿ ਹਾਜ਼ਰ ਸਨ।

**ਤਖ਼ਤ ਸਾਹਿਬ ਵਿਖੇ ਸ਼ਹੀਦੀ ਜਾਗ੍ਰਿਤੀ ਯਾਤਰਾ ਦਾ ਨਿੱਘਾ ਸਵਾਗਤ :** ਗੁ: ਗੁਰੂ ਕਾ ਬਾਗ ਤੋਂ ਆਰੰਭ ਹੋਈ ਜਾਗ੍ਰਿਤੀ ਯਾਤਰਾ ਵੱਖ-ਵੱਖ ਪੜਾਵਾਂ ਤੋਂ ਹੁੰਦੀ ਹੋਈ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਪਹੁੰਚੀ। ਇਸ ਦੌਰਾਨ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਜੋਤ ਸਿੰਘ ਸੋਹੀ, ਸਿੰਘ ਸਾਹਿਬ ਗਿਆਨੀ ਬਲਦੇਵ ਸਿੰਘ, ਮੀਤ ਵਧੀਕ ਹੈੱਡ ਗ੍ਰੰਥੀ ਗਿਆਨੀ ਗੁਰਦਿਆਲ ਸਿੰਘ ਸਮੇਤ ਵੱਡੀ ਗਿਣਤੀ 'ਚ ਸੰਗਤ ਵਲੋਂ ਫੁੱਲਾਂ ਦੀ ਵਰਖਾ ਅਤੇ ਜੈਕਾਰਿਆਂ ਨਾਲ ਯਾਤਰਾ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਦੌਰਾਨ ਪੰਜ ਪਿਆਰੇ ਸਾਹਿਬਾਨ ਨੂੰ ਸਿਰੋਪਾਓ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁੰਦਰ ਰੁਮਾਲਾ ਸਾਹਿਬ ਭੇਟ ਕਰ ਕੇ ਅਗਲੇ ਪੜਾਅ ਲਈ ਰਵਾਨਾ ਕੀਤਾ ਗਿਆ। ਗੁ: ਗਊ ਘਾਟ ਤੋਂ ਹੁੰਦੀ ਹੋਈ ਜਾਗ੍ਰਿਤੀ ਯਾਤਰਾ ਰਾਤ ਨੂੰ ਰਾਜਗੀਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਗੁਰਦੁਆਰਾ ਸੀਤਲ ਕੁੰਡ ਵਿਖੇ ਪਹੁੰਚ ਕੇ ਸਮਾਪਤ ਹੋਈ, ਜਿਥੇ ਰਾਤ ਵਿਸ਼ਰਾਮ ਕਰ ਕੇ ਭਲਕੇ ਰਾਮਗੜ੍ਹ ਝਾਰਖੰਡ ਲਈ ਰਵਾਨਾ ਹੋਵੇਗੀ। ਜਗਜੋਤ ਸਿੰਘ ਸੋਹੀ ਨੇ ਦੱਸਿਆ ਕਿ 19 ਸਤੰਬਰ ਤੋਂ 3 ਅਕਤੂਬਰ ਤੱਕ ਇਹ ਯਾਤਰਾ ਕ੍ਰਮਵਾਰ ਧੰਨਬਾਦ, ਪਾਨਾਗੜ੍ਹ, ਕਲਕੱਤਾ, ਆਲਮਪੁਰ, ਖੜਗਪੁਰ, ਜਮਸ਼ੇਦਪੁਰ, ਭੁਵਨੇਸ਼ਵਰ, ਕਟਕ, ਸੰਭਲਪੁਰ, ਰਾਊਰਕੇਲਾ, ਰਾਂਚੀ, ਹਜ਼ਾਰੀਬਾਗ, ਸਾਸਾਰਾਮ ਵਿਖੇ ਰਾਤਰੀ ਦਾ ਵਿਸ਼ਰਾਮ ਕਰੇਗੀ।



## ਨੌਵੇਂ ਗੁਰੂ ਜੀ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਅਸਾਮ ਤੋਂ ਹੋਵੇਗਾ ਸ਼ੁਰੂ: ਐੱਸਜੀਪੀਸੀ



ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਐਲਾਨ ਕੀਤਾ ਕਿ ਨੌਵੇਂ ਪਾਤਸ਼ਾਹ ਨਾਲ ਸਬੰਧਤ ਪਵਿੱਤਰ ਅਸਥਾਨ ਗੁਰਦੁਆਰਾ ਧੋਬੜੀ ਸਾਹਿਬ, ਅਸਾਮ ਤੋਂ ਇੱਕ ਵਿਸ਼ਾਲ ਨਗਰ ਕੀਰਤਨ ਸ਼ੁਰੂ ਹੋਵੇਗਾ।

ਮੀਡੀਆ ਨੂੰ ਸੰਬੋਧਨ ਕਰਦਿਆਂ ਧਾਮੀ ਨੇ ਕਿਹਾ ਕਿ 'ਧਰਮ ਹੇਤ ਸਾਕਾ ਜਿਨੀ ਕੀਆ' ਦੇ ਥੀਮ 'ਤੇ ਸਜਾਇਆ ਗਿਆ ਇਹ ਨਗਰ ਕੀਰਤਨ 20 ਸੂਬਿਆਂ ਵਿੱਚੋਂ ਦੀ ਹੁੰਦਾ ਹੋਇਆ 23 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਮਾਪਤ ਹੋਵੇਗਾ। ਉਨ੍ਹਾਂ ਕਿਹਾ ਕਿ 350ਵਾਂ ਸ਼ਹੀਦੀ ਦਿਹਾੜਾ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸੰਗਤ ਦੇ ਸਹਿਯੋਗ ਨਾਲ ਖਾਲਸਾਈ ਪ੍ਰੰਪਰਾਵਾਂ ਅਨੁਸਾਰ ਮਨਾਇਆ ਜਾ ਰਿਹਾ ਹੈ।

ਦੇਸ਼ ਭਰ ਦੇ ਪ੍ਰਮੁੱਖ ਸ਼ਹਿਰਾਂ ਵਿੱਚ ਵੱਡੇ ਗੁਰਮਤਿ ਸਮਾਗਮਾਂ ਤੋਂ ਇਲਾਵਾ ਵਿਸ਼ੇਸ਼ ਨਗਰ ਕੀਰਤਨ ਵੀ ਸਜਾਏ ਜਾਣਗੇ। ਇਸੇ ਤਰ੍ਹਾਂ, ਇੱਕ ਦੂਜਾ ਨਗਰ ਕੀਰਤਨ 5 ਅਕਤੂਬਰ ਨੂੰ ਗੁਰਦੁਆਰਾ ਸ੍ਰੀ ਮੱਟਨ ਸਾਹਿਬ, ਜੰਮੂ-ਕਸ਼ਮੀਰ ਤੋਂ ਸਜਾਇਆ ਜਾਵੇਗਾ, ਜੋ ਵੱਖ-ਵੱਖ ਥਾਵਾਂ ਤੋਂ ਹੁੰਦਾ ਹੋਇਆ ਸ੍ਰੀ ਅਨੰਦਪੁਰ ਸਾਹਿਬ ਪਹੁੰਚੇਗਾ। ਤੀਜਾ ਨਗਰ ਕੀਰਤਨ 25 ਨਵੰਬਰ ਨੂੰ ਗੁਰਦੁਆਰਾ ਸੀਸ ਗੰਜ ਸਾਹਿਬ, ਦਿੱਲੀ ਤੋਂ ਸ਼ੁਰੂ ਹੋਵੇਗਾ ਅਤੇ 29 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਮਾਪਤ ਹੋਵੇਗਾ।

**ਪੁਰਾਤਨ ਸ਼ਸਤਰਾਂ ਅਤੇ ਹੱਥ ਲਿਖਤ ਪਾਵਨ ਸਰੂਪ ਦੇ ਦਰਸ਼ਨ :** ਸ਼ਹੀਦੀ ਜਾਗ੍ਰਿਤੀ ਯਾਤਰਾ ਲਈ ਤਿਆਰ ਕੀਤੀ ਗਈ ਸੁੰਦਰ ਪਾਲਕੀ ਸਾਹਿਬ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੱਥ ਲਿਖਤ ਪਾਵਨ ਸਰੂਪ ਅਤੇ ਗੁਰੂ ਕਾਲ ਦੀਆਂ ਇਤਿਹਾਸਕ ਨਿਸ਼ਾਨੀਆਂ ਸੰਗਤ ਦੇ ਦਰਸ਼ਨ ਲਈ ਸੁਸ਼ੋਭਿਤ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ ਗੁਰੂ ਤੇਗ਼ ਬਹਾਦਰ ਸਾਹਿਬ ਦੇ ਜੀਵਨ ਅਤੇ ਸਿੱਖਿਆਵਾਂ ਨਾਲ ਸੰਬੰਧਿਤ ਵੱਖ-ਵੱਖ ਭਾਸ਼ਾਵਾਂ 'ਚ ਪ੍ਰਕਾਸ਼ਿਤ ਸਾਹਿਤ ਵੰਡਿਆ ਗਿਆ ਅਤੇ ਆਧੁਨਿਕ ਵੱਡ ਅਕਾਰੀ ਸਕਰੀਨ 'ਤੇ ਸੰਗਤ ਨਾਲ ਇਤਿਹਾਸ ਵੀ ਸਾਂਝਾ ਕੀਤਾ ਗਿਆ। ਇਸ ਦੌਰਾਨ ਨਿਹੰਗ ਸਿੰਘ ਫ਼ੌਜਾਂ ਨੇ ਗਤਕੇ ਦੇ ਜੌਹਰ ਦਿਖਾਏ ਤੇ ਸਕੂਲੀ ਵਿਦਿਆਰਥੀਆਂ ਨੇ ਬੈਂਡ ਦੀਆਂ ਪ੍ਰਭਾਵਸ਼ਾਲੀ ਪੇਸ਼ਕਾਰੀਆਂ ਦਿੱਤੀਆਂ।

ਖ਼ਾਲਸਾਈ ਰੰਗ 'ਚ ਰੰਗਿਆ ਪਟਨਾ ਸਾਹਿਬ ਸ਼ਹੀਦੀ ਜਾਗ੍ਰਿਤੀ ਯਾਤਰਾ 'ਚ ਸ਼ਾਮਿਲ ਹੋਣ ਲਈ ਵੱਖ-ਵੱਖ ਸੂਬਿਆਂ ਤੋਂ ਗੁ: ਗੁਰੂ ਕਾ ਬਾਗ ਵਿਖੇ ਵੱਡੀ ਗਿਣਤੀ 'ਚ ਪਹੁੰਚੇ ਸ਼ਰਧਾਲੂ ਬੇਹੱਦ ਉਤਸ਼ਾਹਿਤ ਨਜ਼ਰ ਆਏ ਅਤੇ ਇਸ ਸ਼ਤਾਬਦੀ ਯਾਤਰਾ ਦੇ ਇਤਿਹਾਸਕ ਪਲਾਂ ਨੂੰ ਦੇਖਦੇ ਉਹ ਜਿਥੇ ਜਜ਼ਬਾਤੀ ਹੋ ਗਏ ਉੱਥੇ ਹੀ ਉਨ੍ਹਾਂ ਨੇ ਇਨ੍ਹਾਂ ਪਲਾਂ ਨੂੰ ਯਾਦਗਾਰ ਵਜੋਂ ਆਪਣੇ ਕੈਮਰਿਆਂ 'ਚ ਕੈਦ ਕੀਤਾ। ਸੰਗਤ ਨੇ ਆਪਣੀਆਂ ਭਾਵਨਾਵਾਂ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਉਹ ਅੱਜ ਪਟਨਾ ਸਾਹਿਬ 'ਚ ਸ਼ਤਾਬਦੀ ਯਾਤਰਾ 'ਚ ਖ਼ਾਲਸਾਈ ਜਾਹੋ ਜਲਾਲ ਦੇਖ ਕੇ ਆਪਣੇ-ਆਪ ਨੂੰ ਵਡਭਾਗਾ ਮਹਿਸੂਸ ਕਰ ਰਹੇ ਹਨ। ਇਸ ਦੌਰਾਨ ਪਟਨਾ ਸਾਹਿਬ ਦੇ ਵੱਡੇ ਬਾਜ਼ਾਰ ਖ਼ਾਲਸਾਈ ਰੰਗ 'ਚ ਰੰਗੇ ਹੋਏ ਨਜ਼ਰ ਆਏ। ਸ਼ਹਿਰ ਦੀਆਂ ਵੱਖ-ਵੱਖ ਥਾਵਾਂ 'ਤੇ ਵੱਖ-ਵੱਖ ਧਰਮਾਂ ਨਾਲ ਸੰਬੰਧਿਤ ਸ਼ਰਧਾਲੂਆਂ ਵਲੋਂ ਯਾਤਰਾ ਦਾ ਸਤਿਕਾਰ ਸਹਿਤ ਸਵਾਗਤ ਕੀਤਾ ਗਿਆ। ਇਸ ਦੌਰਾਨ ਸਥਾਨਿਕ ਲੋਕਾਂ 'ਚ ਵੀ ਉਤਸ਼ਾਹ ਦੇਖਣ ਨੂੰ ਮਿਲਿਆ, ਜਿਨ੍ਹਾਂ ਇਸ ਯਾਤਰਾ 'ਚ ਭਰਵੀਂ ਸ਼ਮੂਲੀਅਤ ਕੀਤੀ।

# ਰਮਦਾਸ ਦੇ ਗੁਰੂ ਘਰ 'ਚ ਰਾਹੁਲ ਗਾਂਧੀ ਨੂੰ ਸਿਰੋਪਾਓ ਦੇਣ ਦੇ ਮਾਮਲੇ 'ਚ SGPC ਦੀ ਵੱਡੀ ਕਾਰਵਾਈ

## ਕਥਾਵਾਚਕ ਭਾਈ ਪਲਵਿੰਦਰ ਸਿੰਘ ਤੇ ਸੇਵਾਦਾਰ ਭਾਈ ਹਰਵਿੰਦਰ ਸਿੰਘ ਨੂੰ ਕਰ ਦਿੱਤਾ ਗਿਆ ਮੁਅੱਤਲ



ਅੰਮ੍ਰਿਤਸਰ: ਗੁਰਦੁਆਰਾ ਬਾਬਾ ਬੁੱਢਾ ਸਾਹਿਬ ਜੀ ਰਮਦਾਸ ਵਿਖੇ ਕਾਂਗਰਸ ਆਗੂ ਦੇ ਆਉਣ ਮੌਕੇ ਗੁਰਦੁਆਰਾ ਸਾਹਿਬ ਅੰਦਰ ਹੋਈ ਮਰਯਾਦਾ ਦੀ ਉਲੰਘਣਾ ਅਤੇ ਸਨਮਾਨ ਸਬੰਧੀ ਸ਼੍ਰੋਮਣੀ ਕਮੇਟੀ ਦੇ ਫੈਸਲੇ ਦੇ ਵਿਰੁੱਧ ਜਾਣ ਕਰਕੇ ਦੋਸ਼ੀ ਮੁਲਾਜ਼ਮਾਂ ਖ਼ਿਲਾਫ਼ ਕਾਰਵਾਈ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਦਫ਼ਤਰ ਤੋਂ ਜਾਰੀ ਅਧਿਕਾਰਤ ਪ੍ਰੈੱਸ ਬਿਆਨ ਰਾਹੀਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਲੰਘੇ ਦਿਨੀਂ ਕਾਂਗਰਸ ਆਗੂ ਦੇ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਜੀ ਰਮਦਾਸ ਵਿਖੇ ਆਉਣ ਸਮੇਂ ਹੋਈ ਮਰਯਾਦਾ ਦੀ ਉਲੰਘਣਾ ਸਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ 'ਤੇ ਪੜਤਾਲ ਕਰਵਾਈ ਗਈ ਸੀ, ਜਿਸ ਦੀ ਅੱਜ ਰਿਪੋਰਟ ਪ੍ਰਾਪਤ ਹੋਣ ਮਗਰੋਂ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕੀਤੀ ਗਈ ਹੈ। ਇਸ ਵਿਚ ਕਥਾਵਾਚਕ ਭਾਈ ਪਲਵਿੰਦਰ ਸਿੰਘ ਤੇ ਸੇਵਾਦਾਰ ਭਾਈ ਹਰਵਿੰਦਰ ਸਿੰਘ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ, ਜਦਕਿ ਇਵਜ਼ੀ ਤੌਰ 'ਤੇ ਸੇਵਾ ਨਿਭਾਅ ਰਹੇ ਗ੍ਰੰਥੀ ਭਾਈ ਕੁਲਵਿੰਦਰ ਸਿੰਘ ਦੀਆਂ ਸੇਵਾਵਾਂ ਸਮਾਪਤ ਕਰ ਦਿੱਤੀਆਂ ਹਨ। ਇਸ ਦੇ ਨਾਲ ਹੀ ਮੈਨੇਜਰ ਸ. ਪ੍ਰਗਟ ਸਿੰਘ ਨੂੰ ਵਾਰਨਿੰਗ ਕਰਦਿਆਂ ਤਬਦੀਲੀ ਕੀਤੀ ਗਈ ਹੈ।

ਪ੍ਰਤਾਪ ਸਿੰਘ ਨੇ ਦੱਸਿਆ ਕਿ ਪੜਤਾਲੀਆਂ ਰਿਪੋਰਟ ਵਿਚ ਇਹ ਪੱਖ ਸਾਹਮਣੇ ਆਇਆ ਹੈ ਕਿ ਕਾਂਗਰਸ ਦੇ ਆਗੂ ਗੁਰਦੁਆਰਾ ਸਾਹਿਬ ਦੇ ਦਰਬਾਰ ਵਿਚ ਨਿਰਧਾਰਤ ਜੰਗਲੇ ਦੇ ਅੰਦਰ ਗਏ ਸਨ, ਜੋ ਮਰਯਾਦਾ ਦਾ ਸਿੱਧੇ ਤੌਰ 'ਤੇ ਉਲੰਘਣ ਹੈ। ਉਨ੍ਹਾਂ ਕਿਹਾ ਕਿ ਇਸ ਨਿਰਧਾਰਤ ਅਸਥਾਨ 'ਤੇ ਜਾਣ ਲਈ ਇਕ ਨੀਯਤ ਬਾਣਾ ਵੀ ਲਾਜ਼ਮੀ ਹੁੰਦਾ ਹੈ ਅਤੇ ਅੰਦਰ ਦੀ ਸੇਵਾ ਨਿਭਾਉਣ ਵਾਲੇ ਗ੍ਰੰਥੀ, ਸੇਵਾਦਾਰਾਂ ਅਤੇ ਸਬੰਧਤ ਮੁਲਾਜ਼ਮਾਂ ਤੋਂ ਇਲਾਵਾ ਕੋਈ ਵੀ ਬਾਹਰੀ ਵਿਅਕਤੀ ਜੰਗਲੇ ਦੇ ਅੰਦਰ ਨਹੀਂ ਜਾ ਸਕਦਾ।

ਇਸ ਤੋਂ ਇਲਾਵਾ ਕਾਂਗਰਸ ਆਗੂਆਂ ਨੂੰ ਦਰਬਾਰ ਦੇ ਅੰਦਰ ਸਿਰੋਪਾਓ ਦੇਣ ਸਮੇਂ ਵੀ ਬੀਤੇ ਵਿਚ ਅੰਤ੍ਰਿੰਗ ਕਮੇਟੀ ਵੱਲੋਂ ਕੀਤੇ ਫੈਸਲੇ ਦੀ ਉਲੰਘਣਾ ਹੋਈ ਹੈ। ਸ਼੍ਰੋਮਣੀ ਕਮੇਟੀ ਦੇ ਇਸ ਫੈਸਲੇ ਅਨੁਸਾਰ ਦਰਬਾਰ ਦੇ ਅੰਦਰ ਕਿਸੇ ਵੀ ਵੀਆਈਪੀ (ਵਿਸ਼ੇਸ਼ ਵਿਅਕਤੀਆਂ) ਨੂੰ ਸਿਰੋਪਾਓ ਨਹੀਂ ਦਿੱਤਾ ਜਾ ਸਕਦਾ। ਇਨ੍ਹਾਂ ਦੋਹਾਂ ਕਾਰਨਾਂ ਦੇ ਮੱਦੇਨਜ਼ਰ ਪੜਤਾਲੀਆ ਰਿਪੋਰਟ ਦੇ ਆਧਾਰ 'ਤੇ ਮੁਲਾਜ਼ਮਾਂ 'ਤੇ ਕਾਰਵਾਈ ਨੂੰ ਅਮਲ ਵਿਚ ਲਿਆਂਦਾ ਗਿਆ ਹੈ।

# ਵਾਈਟਰੌਕ ਨਗਰ ਪਾਲਿਕਾ ਦੀ ਉਪ ਚੋਣ ਵਿਚ 4 ਪੰਜਾਬੀ ਉਮੀਦਵਾਰ ਮੈਦਾਨ 'ਚ ਨਿੱਤਰੇ



ਐਬਟਸਫੋਰਡ : ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਅਮੀਰਾਂ ਦੀ ਨਗਰੀ ਵਜੋਂ ਜਾਣੇ ਜਾਂਦੇ ਸ਼ਹਿਰ ਵਾਈਟਰੌਕ ਨਗਰਪਾਲਿਕਾ ਦੇ 2 ਕੌਂਸਲਰਾਂ ਵਾਸਤੇ ਹੋ ਰਹੀ ਉਪ ਚੋਣ ਵਿਚ 21 ਉਮੀਦਵਾਰ ਕੌਂਸਲਰ ਬਣਨ ਵਾਸਤੇ ਆਪਣੀ ਕਿਸਮਤ ਅਜ਼ਮਾ ਰਹੇ ਹਨ ਜਿਨ੍ਹਾਂ ਵਿਚ 2 ਪੰਜਾਬੀ ਜੈਸ ਸਿੰਘ ਧਾਲੀਵਾਲ ਤੇ ਮਨਦੀਪ ਸੰਧੂ ਅਤੇ 2 ਪੰਜਾਬਣਾਂ ਸੂਜ਼ਨ ਬੈਂਸ ਤੇ ਇੰਦਰ ਬੁੱਟਰ ਵੀ ਚੋਣ ਜਿੱਤਣ ਲਈ ਸਖ਼ਤ ਮਿਹਨਤ ਕਰ ਰਹੇ ਹਨ। ਇਹ ਉਪ ਚੋਣ 2 ਕੌਂਸਲਰਾਂ ਵਲੋਂ ਦਿੱਤੇ ਅਸਤੀਫ਼ੇ ਕਾਰਨ ਖਾਲੀ ਹੋਈਆਂ ਸੀਟਾਂ 'ਤੇ ਹੋ ਰਹੀ ਹੈ। ਵੋਟਾਂ 27 ਸਤੰਬਰ ਨੂੰ ਪੈਣਗੀਆਂ। ਤਕਰੀਬਨ 24 ਹਜ਼ਾਰ ਦੀ ਆਬਾਦੀ ਵਾਲੇ ਵਾਈਟਰੌਕ ਸ਼ਹਿਰ ਦਾ ਕਦੇ ਕੋਈ ਪੰਜਾਬੀ ਕੌਂਸਲਰ ਨਹੀਂ ਬਣਿਆ ਪਰ ਇਸ ਵਾਰ ਪੰਜਾਬੀਆਂ 'ਚ ਇਸ ਉਪ ਚੋਣ ਪ੍ਰਤੀ ਭਾਰੀ ਦਿਲਚਸਪੀ ਪਾਈ ਜਾ ਰਹੀ ਹੈ। ਈਕੁਅਲ ਐਕਸੈੱਸ ਕੁਲੈਕਟਿਵ ਦੀ ਪ੍ਰਧਾਨ ਸੂਜ਼ਨ ਬੈਂਸ ਸਪਾਈਨਲ ਕੋਰਡ ਇੰਜਰੀ ਬ੍ਰਿਟਿਸ਼ ਕੋਲੰਬੀਆ ਦੇ ਬੋਰਡ ਆਫ਼ ਡਾਇਰੈਕਟਰਜ਼ ਦੀ ਮੈਂਬਰ ਹੈ ਤੇ ਕਿੱਤੇ ਵਜੋਂ ਨਰਸ ਇੰਦਰ ਬੁੱਟਰ ਐਜੂਕੇਟਰ ਤੇ ਕਮਿਊਨਟੀ ਐਡਵੋਕੇਟ ਹੈ। ਕੈਨੇਡਾ ਦੇ ਜੰਮਪਲ ਜੈਸ ਸਿੰਘ ਧਾਲੀਵਾਲ ਉੱਘੇ ਵਕੀਲ ਹਨ ਜਦ ਕਿ ਮਨਦੀਪ ਸੰਧੂ ਚਾਰਟਰਡ ਪ੍ਰੋਫੈਸ਼ਨਲ ਅਕਾਊਂਟੈਂਟ ਹੈ। ਇਹ 27 ਸਤੰਬਰ ਨੂੰ ਹੀ ਪਤਾ ਲੱਗੇਗਾ ਕਿ ਕਿਹੜਾ ਉਮੀਦਵਾਰ ਵਾਈਟਰੌਕ ਦਾ ਕੌਂਸਲਰ ਬਣਨ ਵਿਚ ਸਫਲ ਹੁੰਦਾ ਹੈ।

# ਅਮਰੀਕਾ ਵਾਸੀ ਔਰਤ ਦਾ 50 ਲੱਖ ਦੇ ਲਾਲਚ 'ਚ ਕਤਲ-ਦੋਸ਼ੀ ਗ੍ਰਿਫ਼ਤਾਰ



ਡੇਹਲੋਂ (ਖੰਨਾ) : ਅਮਰੀਕਾ ਵਾਸੀ 72 ਸਾਲਾ ਔਰਤ ਰੁਪਿੰਦਰ ਕੌਰ ਪੰਧੇਰ ਨੂੰ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਕਿਲ੍ਹਾ ਰਾਏਪੁਰ ਦੇ ਇਕ ਘਰ ਅੰਦਰ ਕਰੀਬ ਦੋ ਮਹੀਨੇ ਪਹਿਲਾਂ ਕਤਲ ਕਰਕੇ ਉਸ ਦੀ ਲਾਸ਼ ਸਾੜੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਸੰਬੰਧੀ ਡੇਹਲੋਂ ਪੁਲਿਸ ਵਲੋਂ ਸੁਖਜੀਤ ਸਿੰਘ ਸੋਨੂੰ ਵਾਸੀ ਕਿਲ੍ਹਾ ਰਾਏਪੁਰ ਅਤੇ ਚਰਨਜੀਤ ਸਿੰਘ ਪਿੰਡ ਮਹਿਮਾ ਸਿੰਘ ਵਾਲਾ ਹਾਲ ਵਾਸੀ ਇੰਗਲੈਂਡ ਨੂੰ ਕਤਲ ਵਿਚ ਨਾਮਜ਼ਦ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਉਕਤ ਔਰਤ ਮਈ ਮਹੀਨੇ ਕਿਲ੍ਹਾ ਰਾਏਪੁਰ ਵਿਖੇ ਸੁਖਜੀਤ ਸਿੰਘ ਸੋਨੂੰ ਪੁੱਤਰ ਰਾਮ ਸਿੰਘ ਵਾਸੀ ਮੱਲਾ ਪੱਤੀ ਕਿਲ੍ਹਾ ਰਾਏਪੁਰ ਦੇ ਘਰ ਆਈ ਹੋਈ ਸੀ, ਜਿਸ ਦੇ ਲਾਪਤਾ ਹੋਣ ਸੰਬੰਧੀ 18 ਅਗਸਤ, 2025 ਨੂੰ ਥਾਣਾ ਡੇਹਲੋਂ ਵਿਖੇ ਰਿਪੋਰਟ ਵੀ ਖ਼ੁਦ ਸੁਖਜੀਤ ਸਿੰਘ ਸੋਨੂੰ ਵਲੋਂ ਦਰਜ ਕਰਵਾਈ ਗਈ। ਲਾਪਤਾ ਹੋਣ ਦੀ ਸ਼ਿਕਾਇਤ ਵਿਚ ਸੁਖਜੀਤ ਸਿੰਘ ਸੋਨੂੰ ਨੇ ਪੁਲਿਸ ਨੂੰ ਦੱਸਿਆ ਕਿ ਰੁਪਿੰਦਰ ਕੌਰ ਤਣਾਅ (ਡਿਪਰੈਸ਼ਨ) ਦੀ ਮਰੀਜ਼ ਹੈ, ਜਿਸ ਨੇ ਇਕ ਕੇਸ ਸੰਬੰਧੀ ਪਾਵਰ ਆਫ਼ ਅਟਾਰਨੀ ਮੈਨੂੰ ਛੇ ਮਹੀਨੇ ਪਹਿਲਾਂ ਦਿੱਤੀ ਸੀ ਅਤੇ ਹੁਣ 10 ਦਿਨ ਪਹਿਲਾਂ ਮੇਰੇ ਕੋਲ ਰਹਿ ਕੇ ਕੈਨੇਡਾ ਵਿਆਹ 'ਚ ਸ਼ਾਮਿਲ ਹੋਣ ਲਈ ਦਿੱਲੀ ਹਵਾਈ ਅੱਡੇ ਚਲੇ ਗਈ ਅਤੇ ਦਿੱਲੀ ਜਾਣ ਤੋਂ ਬਾਅਦ ਕੋਈ ਅਤਾ ਪਤਾ ਨਹੀਂ ਹੈ। ਇਸ ਸੰਬੰਧੀ ਡੇਹਲੋਂ ਪੁਲਿਸ ਵਲੋਂ ਮੁਕੱਦਮਾ ਦਰਜ ਕੀਤਾ ਗਿਆ ਸੀ। ਪੁਲਿਸ ਜਾਣਕਾਰੀ ਅਨੁਸਾਰ ਰੁਪਿੰਦਰ ਕੌਰ ਪੁੱਤਰੀ ਹਰਭਜਨ ਸਿੰਘ ਵਾਸੀ ਮਕਾਨ ਨੰਬਰ 4465 ਗਲੀ ਨੰਬਰ 07 ਸ਼ਿਮਲਾਪੁਰੀ ਹਾਲ ਵਾਸੀ ਸਿਆਟਲ ਅਮਰੀਕਾ ਨੂੰ ਸੁਖਜੀਤ ਸਿੰਘ ਸੋਨੂੰ ਨੇ ਆਪਣੇ ਘਰ ਦੇ ਸਟੋਰ ਵਿਚ ਹੀ ਕਤਲ ਕਰ ਦਿੱਤਾ ਅਤੇ ਉਥੇ ਹੀ ਲਾਸ਼ ਅਤੇ ਸਾਰਾ ਸਾਮਾਨ ਸਾੜ ਕੇ ਬਾਹਰ ਟਿਕਾਣੇ ਲਾ ਦਿੱਤਾ। ਇਸ ਤੋਂ ਬਾਅਦ ਕਥਿਤ ਦੋਸ਼ੀ ਨੇ ਘਰ ਦੇ ਸਟੋਰ ਨੂੰ ਰੰਗ ਵੀ ਕਰਵਾ ਦਿੱਤਾ। ਏ. ਸੀ. ਪੀ. ਗਿੱਲ ਹਰਜਿੰਦਰ ਸਿੰਘ ਗਿੱਲ ਨੇ ਦੱਸਿਆ ਤਫ਼ਤੀਸ਼ ਦੌਰਾਨ ਪੁਲਿਸ ਵਲੋਂ ਉਕਤ ਮੁਕੱਦਮੇ ਵਿਚ ਜੁਰਮ ਦੀ ਧਾਰਾ ਦਾ ਵਾਧਾ ਕਰਕੇ ਮੁੱਖ ਮੁਲਜ਼ਮ ਸੁਖਜੀਤ ਸਿੰਘ ਸੋਨੂੰ ਵਾਸੀ ਕਿਲ੍ਹਾ ਰਾਏਪੁਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਏ. ਸੀ. ਪੀ. ਗਿੱਲ ਨੇ ਦੱਸਿਆ ਕਿ ਕਥਿਤ ਦੋਸ਼ੀ ਨੇ ਮੰਨਿਆ ਕਿ ਉਸ ਨੇ ਇਹ ਕਤਲ ਚਰਨਜੀਤ ਸਿੰਘ ਪੁੱਤਰ ਸਰਦਾਰਾ ਸਿੰਘ ਵਾਸੀ ਪਿੰਡ ਮਹਿਮਾ ਸਿੰਘ ਵਾਲਾ ਥਾਣਾ ਡੇਹਲੋਂ ਹਾਲ ਵਾਸੀ ਇੰਗਲੈਂਡ ਵਲੋਂ 50 ਲੱਖ ਰੁਪਏ ਨਗਦ ਮਿਲਣ ਦੇ ਲਾਲਚ ਵਿਚ ਕੀਤਾ ਹੈ। ਥਾਣਾ ਮੁਖੀ ਡੇਹਲੋਂ ਇੰਸਪੈਕਟਰ ਸੁਖਜਿੰਦਰ ਸਿੰਘ, ਏ. ਸੀ. ਪੀ. ਗਿੱਲ ਹਰਜਿੰਦਰ ਸਿੰਘ ਸਮੇਤ ਟੀਮ ਨੇ ਘਰ ਦੇ ਬਾਥਰੂਮ ਵਿਚੋਂ ਇਕ ਹਥੌੜਾ ਅਤੇ ਪੋਰਚ ਵਿਚ ਵਾਰਦਾਤ ਵਿਚ ਵਰਤਿਆ ਮੋਟਰਸਾਈਕਲ ਬਰਾਮਦ ਕਰਵਾਇਆ, ਜਦਕਿ ਸਾੜ ਕੇ ਸੁੱਟੇ ਸਰੀਰ ਦੇ ਕੁੱਝ ਹਿੱਸੇ ਪੁਲਿਸ ਵਲੋਂ ਮੁਲਜ਼ਮ ਦੀ ਨਿਸ਼ਾਨਦੇਹੀ 'ਤੇ ਇਕ ਸੂਏ ਵਿਚੋਂ ਬਰਾਮਦ ਵੀ ਕਰਵਾਏ ਹਨ। ਦੱਸਣਯੋਗ ਹੈ ਕਿ ਅਮਰੀਕਾ ਵਾਸੀ ਉਕਤ ਔਰਤ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਮਹਿਮਾ ਸਿੰਘਵਾਲਾ ਦੇ ਇੰਗਲੈਂਡ ਵੱਸਦੇ ਚਰਨਜੀਤ ਸਿੰਘ ਨਾਲ ਵਿਆਹ ਕਰਵਾਉਣ ਲਈ ਭਾਰਤ ਆਈ ਸੀ, ਜੋ ਉਕਤ ਵਿਅਕਤੀ ਦੇ ਕਹਿਣ 'ਤੇ ਹੀ ਕਿਲ੍ਹਾ ਰਾਏਪੁਰ ਸਥਿਤ ਉਕਤ ਘਰ ਅੰਦਰ ਰਹਿ ਰਹੀ ਸੀ। ਇਸ ਸੰਬੰਧੀ ਭਾਵੇਂ ਡੇਹਲੋਂ ਪੁਲਿਸ ਵਲੋਂ ਮੁਕੱਦਮਾ ਦਰਜ਼ ਕਰ ਕੇ ਕਥਿਤ ਦੋਸ਼ੀ ਨੂੰ ਕਾਬੂ ਵੀ ਕੀਤਾ ਹੈ ਪਰ ਮ੍ਰਿਤਕਾ ਰੁਪਿੰਦਰ ਕੌਰ ਪੰਧੇਰ ਦੀ ਅਮਰੀਕਾ ਵਸਦੀ ਭੈਣ ਕਮਲਜੀਤ ਕੌਰ ਖਹਿਰਾ ਨੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਕਾਤਲ ਸੁਖਜੀਤ ਸਿੰਘ ਸੋਨੂੰ ਸਮੇਤ ਉਸ ਦੇ ਭਰਾ ਅਤੇ ਚਰਨਜੀਤ ਸਿੰਘ ਗਰੇਵਾਲ ਨਾਲ ਕਥਿਤ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿਵਾਈ ਜਾਵੇ। ਜ਼ਿਕਰਯੋਗ ਹੈ ਕਿ ਮ੍ਰਿਤਕਾ ਰੁਪਿੰਦਰ ਕੌਰ ਪੰਧੇਰ ਵਲੋਂ ਕਰੀਬ 36 ਲੱਖ ਤੋਂ ਵੱਧ ਦੀ ਰਾਸ਼ੀ ਮੁੱਖ ਮੁਲਜ਼ਮ ਸੁਖਜੀਤ ਸਿੰਘ ਅਤੇ ਉਸ ਦੇ ਭਰਾ ਦੇ ਖਾਤਿਆਂ ਵਿਚ ਪਾਉਣ ਦੇ ਸਬੂਤ ਵੀ ਮ੍ਰਿਤਕਾ ਦੇ ਪਰਿਵਾਰ ਵਲੋਂ ਜਾਰੀ ਕੀਤੇ ਗਏ ਹਨ।

# ਅੰਮ੍ਰਿਤਸਰ 'ਚ ਪਰਵਾਸੀਆਂ ਨੇ ਦੋ ਸਰਦਾਰ ਭਰਾਵਾਂ ਦੀ ਕੀਤੀ ਕੁੱਟਮਾਰ, ਦਸਤਾਰਾਂ ਦੀ ਕੀਤੀ ਬੇਅਦਬੀ

## ਪੀੜਤਾਂ ਵਲੋਂ ਇਨਸਾਫ਼ ਦੀ ਕੀਤੀ ਗਈ ਮੰਗ



ਅੰਮ੍ਰਿਤਸਰ : ਅੰਮ੍ਰਿਤਸਰ ਦੇ ਰਾਮ ਨਗਰ ਇਲਾਕੇ 'ਚ ਇਕ ਗੰਭੀਰ ਘਟਨਾ ਸਾਹਮਣੀ ਆਈ ਹੈ ਜਿਸ 'ਚ ਦੋ ਨੌਜਵਾਨ ਸਿੱਖ ਭਰਾਵਾਂ ਨਾਲ ਕੁਝ ਪਰਵਾਸੀ ਨੌਜਵਾਨਾਂ ਵੱਲੋਂ ਨਾਂ ਸਿਰਫ ਕੁੱਟਮਾਰ ਕੀਤੀ ਗਈ, ਸਗੋਂ ਉਹਨਾਂ ਦੀਆਂ ਦਸਤਾਰਾਂ ਨੂੰ ਲਾਹ ਕੇ ਉਨ੍ਹਾਂ ਦੀ ਬੇਅਦਬੀ ਵੀ ਕੀਤੀ ਗਈ। ਇਹ ਘਟਨਾ ਸੋਮਵਾਰ ਰਾਤ ਕਰੀਬ 9:30 ਵਜੇ ਦੀ ਹੈ ਜਦੋਂ ਦੋ ਭਰਾ, ਆਪਣੇ ਕੰਮ ਤੋਂ ਵਾਪਸ ਘਰ ਆ ਰਹੇ ਸਨ ਤਾਂ ਕੁਝ ਪਰਵਾਸੀ ਨੌਜਵਾਨਾਂ ਨੇ ਰਸਤੇ ਵਿਚ ਰੋਕ ਕੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਪੀੜਤ ਮੁੰਡਿਆਂ ਦੇ ਪਰਿਵਾਰਿਕ ਮੈਂਬਰਾਂ ਅਨੁਸਾਰ, ਇਹ ਸਿਰਫ ਇਕ ਆਮ ਗੱਲਬਾਤ ਤੋਂ ਸ਼ੁਰੂ ਹੋਇਆ ਝਗੜਾ ਸੀ, ਪਰ ਜਲਦੀ ਹੀ ਇਸ ਨੇ ਹਿੰਸਾਤਮਕ ਰੂਪ ਧਾਰ ਲਿਆ। ਗੁਆਂਢੀਆਂ ਤੇ ਮੌਕੇ 'ਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਪਰਵਾਸੀ ਨੌਜਵਾਨਾਂ ਦੀ ਗਿਣਤੀ 15-20 ਦੇ ਲਗਭਗ ਸੀ ਅਤੇ ਉਨ੍ਹਾਂ ਨੇ ਸਰਦਾਰ ਮੁੰਡਿਆਂ ਦੀ ਦਸਤਾਰ ਲਾਹ ਕੇ ਨਾਂ ਸਿਰਫ ਉਨ੍ਹਾਂ ਨੂੰ ਧੱਕਾ ਦਿੱਤਾ, ਸਗੋਂ ਕਿਰਪਾਨਾ ਅਤੇ ਕੜਿਆਂ ਨਾਲ ਵੀ ਹਮਲਾ ਕੀਤਾ। ਪੀੜਤ ਪਰਿਵਾਰ ਨੇ ਦੱਸਿਆ ਕਿ ਇਹ ਸਾਡਾ ਨਿੱਜੀ ਝਗੜਾ ਨਹੀਂ ਸੀ, ਸਗੋਂ ਇੱਕ ਸਾਜ਼ਿਸ਼ ਤਹਿਤ ਕੀਤਾ ਗਿਆ ਹਮਲਾ ਸੀ, ਜਿਸ 'ਚ ਨੌਜਵਾਨਾਂ ਨੂੰ ਧਮਕਾ ਕੇ, ਉਨ੍ਹਾਂ ਦੇ ਸਨਮਾਨ ਨੂੰ ਠੇਸ ਪਹੁੰਚਾਈ ਗਈ। ਇਲਾਕਾ ਨਿਵਾਸੀਆਂ ਨੇ ਕਿਹਾ ਕਿ ਇਹ ਕੋਈ ਪਹਿਲੀ ਵਾਰ ਨਹੀਂ ਹੈ ਕਿ ਇਲਾਕੇ ਵਿੱਚ ਰਹਿ ਰਹੇ ਪਰਵਾਸੀ ਨੌਜਵਾਨ ਗੁੰਡਾਗਰਦੀ ਵਾਲੀਆਂ ਹਰਕਤਾਂ 'ਚ ਸ਼ਾਮਲ ਹੋਏ ਹਨ।

ਮੁਹੱਲਾ ਵਾਸੀਆਂ ਤੇ ਜਥੇਬੰਦੀਆਂ ਨੇ ਪੁਲਿਸ ਪ੍ਰਸ਼ਾਸਨ ਤੋਂ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਲੋਕਾਂ ਨੇ ਕਿਹਾ ਕਿ ਕਈ ਪਰਵਾਸੀ ਬਿਨਾਂ ਦਸਤਾਵੇਜ਼ਾਂ ਦੇ ਇਥੇ ਕਿਰਾਏ ਦੇ ਘਰਾਂ 'ਚ ਰਹਿ ਰਹੇ ਹਨ ਅਤੇ ਇਲਾਕੇ ਦੀ ਸ਼ਾਂਤੀ ਨੂੰ ਭੰਗ ਕਰ ਰਹੇ ਹਨ। ਇਸ ਮਾਮਲੇ 'ਤੇ ਪੁਲਿਸ ਵੱਲੋਂ ਹਾਲੇ ਤੱਕ ਕੋਈ ਵੱਡੀ ਕਾਰਵਾਈ ਨਹੀਂ ਕੀਤੀ ਗਈ। ਸਿਰਫ਼ ਇਹ ਕਿਹਾ ਗਿਆ ਹੈ ਕਿ 'ਕਿਸੇ ਵੀ ਤਰ੍ਹਾਂ ਦੀ ਲਿਖਤੀ ਸ਼ਿਕਾਇਤ ਮਿਲਣ 'ਤੇ ਸਖ਼ਤ ਕਾਰਵਾਈ ਕੀਤੀ ਜਾਵੇਗੀ।'

ਪਰਿਵਾਰ ਨੇ ਪੁਲਿਸ ਤੋਂ ਇਨਸਾਫ ਦੀ ਮੰਗ ਕੀਤੀ ਹੈ ਅਤੇ ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਜਥੇਬੰਦੀਆਂ ਨੂੰ ਵੀ ਮਦਦ ਲਈ ਅਪੀਲ ਕੀਤੀ ਹੈ। ਇਲਾਕਾ ਨਿਵਾਸੀਆਂ ਨੇ ਸੂਬਾਈ ਸਰਕਾਰ ਅਤੇ ਪੁਲਿਸ ਅਧਿਕਾਰੀਆਂ ਨੂੰ ਕਿਹਾ ਕਿ ਉਹ ਪਰਵਾਸੀਆਂ ਦੀ ਜਾਂਚ ਕਰਕੇ ਜੋ ਵੀ ਵਿਅਕਤੀ ਗ਼ੈਰ ਕਾਨੂੰਨੀ ਤਰੀਕੇ ਨਾਲ ਇਥੇ ਰਹਿ ਰਹੇ ਹਨ, ਉਨ੍ਹਾਂ ਨੂੰ ਤੁਰੰਤ ਬਾਹਰ ਕੱਢਿਆ ਜਾਵੇ ਅਤੇ ਇਲਾਕੇ ਵਿੱਚ ਸਥਾਪਤ ਸਾਂਤੀ ਨੂੰ ਬਰਕਰਾਰ ਰੱਖਿਆ ਜਾਵੇ।




ਪਟਨਾ ਮੈਡੀਕਲ ਕਾਲਜ ਅਤੇ ਹਸਪਤਾਲ ਦੇ ਜੂਨੀਅਰ ਡਾਕਟਰਾਂ ਨੇ ਪਟਨਾ ਵਿੱਚ ਆਪਣੀਆਂ ਵੱਖ-ਵੱਖ ਮੰਗਾਂ ਨੂੰ ਲੈ ਕੇ ਵਿਰੋਧ ਪ੍ਰਦਰਸ਼ਨ ਕੀਤਾ।

# ਪਾਬੰਦੀਸ਼ੁਦਾ ਭਾਰਤੀ ਮਾਓਵਾਦੀ ਬਾਗ਼ੀਆਂ ਵੱਲੋਂ ਹਥਿਆਰ ਸੁੱਟਣ ਦੇ ਸੰਕੇਤ

## ਆਤਮ-ਸਮਰਪਣ ਤੇ ਸਰਕਾਰ ਨਾਲ ਸ਼ਾਂਤੀ ਵਾਰਤਾ 'ਚ ਸ਼ਾਮਲ ਹੋਣ ਦੀ ਜਿਤਾਈ ਇੱਛਾ






ਨਵੀਂ ਦਿੱਲੀ, (ਸਾਡੇ ਲੋਕ) ਭਾਰਤ ਦੇ ਲੰਮੇ ਸਮੇਂ ਤੋਂ ਚੱਲ ਰਹੇ ਅੰਦਰੂਨੀ ਸੰਘਰਸ਼ ਵਿੱਚ ਇੱਕ ਵੱਡੇ ਘਟਨਾਕ੍ਰਮ ਵਿੱਚ, ਪਾਬੰਦੀਸ਼ੁਦਾ ਅੱਤਵਾਦੀ ਸੰਗਠਨ, ਭਾਰਤੀ ਕਮਿਊਨਿਸਟ ਪਾਰਟੀ (ਮਾਓਵਾਦੀ) ਦੀ ਲੀਡਰਸ਼ਿਪ ਨੇ ਆਪਣਾ ਹਥਿਆਰਬੰਦ ਸੰਘਰਸ਼ ਖਤਮ ਕਰਨ ਅਤੇ ਸਰਕਾਰ ਨਾਲ ਸ਼ਾਂਤੀ ਵਾਰਤਾ ਵਿੱਚ ਸ਼ਾਮਲ ਹੋਣ ਦੀ ਇੱਛਾ ਦੇ ਸੰਕੇਤ ਦਿੱਤੇ ਹਨ। ਇਹ ਬੇਮਿਸਾਲ ਪੇਸ਼ਕਸ਼, ਜਿਸ ਵਿੱਚ ਦੁਸ਼ਮਣੀ ਨੂੰ ਅਸਥਾਈ ਤੌਰ 'ਤੇ ਰੋਕਣਾ ਵੀ ਸ਼ਾਮਲ ਹੈ, ਵਿਦਰੋਹ-ਵਿਰੋਧੀ ਕਾਰਵਾਈਆਂ ਅਤੇ ਨਿਰਾਸ਼ ਕਾਡਰਾਂ ਦੁਆਰਾ ਲਗਾਤਾਰ ਕੀਤੇ ਜਾ ਰਹੇ ਆਤਮ-ਸਮਰਪਣ ਦੇ ਦੌਰ ਵਿੱਚ ਸਾਹਮਣੇ ਆਈ ਹੈ।

ਸੀਪੀਆਈ (ਮਾਓਵਾਦੀ) ਨੇ ਹਾਲ ਹੀ ਵਿੱਚ ਇੱਕ ਜਨਤਕ ਬਿਆਨ ਜਾਰੀ ਕਰਕੇ ਆਪਣੀਆਂ ਹਥਿਆਰਬੰਦ ਗਤੀਵਿਧੀਆਂ ਨੂੰ ਅਸਥਾਈ ਤੌਰ 'ਤੇ ਰੋਕਣ ਦਾ ਐਲਾਨ ਕੀਤਾ ਅਤੇ ਗੱਲਬਾਤ ਦੀ ਸਹੂਲਤ ਲਈ ਇੱਕ ਮਹੀਨੇ ਦੀ ਜੰਗਬੰਦੀ ਦਾ ਪ੍ਰਸਤਾਵ ਰੱਖਿਆ ਹੈ। ਇਸ ਕਦਮ ਨੂੰ ਸਮੂਹ ਦੀ ਕਮਜ਼ੋਰ ਸਥਿਤੀ ਦੇ ਸੰਕੇਤ ਵਜੋਂ ਦੇਖਿਆ ਜਾ ਰਿਹਾ ਹੈ, ਖਾਸ ਕਰਕੇ ਮਈ 2025 ਵਿੱਚ ਇਸਦੇ ਚੋਟੀ ਦੇ ਕਮਾਂਡਰ, ਨਾਂਬਾਲਾ ਕੇਸ਼ਵ ਰਾਓ, ਉਰਫ਼ ਬਾਸਵਰਾਜੂ ਦੀ ਮੌਤ ਤੋਂ ਬਾਅਦ। ਭਾਰਤ ਸਰਕਾਰ ਨੇ ਇਸ 'ਤੇ ਸਾਵਧਾਨੀ ਨਾਲ ਆਸ਼ਾਵਾਦੀ ਪ੍ਰਤੀਕਿਰਿਆ ਦਿੱਤੀ ਹੈ। ਹਾਲਾਂਕਿ ਸੰਘਰਸ਼-ਗ੍ਰਸਤ ਰਾਜ ਛੱਤੀਸਗੜ੍ਹ ਦੇ ਅਧਿਕਾਰੀ ਮਾਓਵਾਦੀ ਬਿਆਨ ਦੀ ਪ੍ਰਮਾਣਿਕਤਾ ਦੀ ਜਾਂਚ ਕਰ ਰਹੇ ਹਨ, ਉਨ੍ਹਾਂ ਨੇ ਸੰਕੇਤ ਦਿੱਤਾ ਹੈ ਕਿ ਉਹ ਬਾਗ਼ੀਆਂ ਦੇ ਹਥਿਆਰ ਸੁੱਟਣ ਅਤੇ ਸਥਾਪਤ ਮੁੜ-ਵਸੇਬਾ ਨੀਤੀਆਂ ਰਾਹੀਂ ਮੁੱਖ ਧਾਰਾ ਵਿੱਚ ਸ਼ਾਮਲ ਹੋਣ ਲਈ ਤਿਆਰ ਹਨ। ਹਾਲਾਂਕਿ, 'ਜੰਗਬੰਦੀ' ਦੀ ਪੇਸ਼ਕਸ਼ ਬਾਰੇ ਕੁਝ ਸ਼ੱਕ ਹੈ, ਕਿਉਂਕਿ ਸਰਕਾਰ ਇਸ ਸਥਿਤੀ ਨੂੰ ਆਤਮ-ਸਮਰਪਣ ਦੇ ਮੌਕੇ ਵਜੋਂ ਵੇਖਣਾ ਪਸੰਦ ਕਰਦੀ ਹੈ।

ਸਾਲਾਂ ਤੋਂ ਭਾਰਤੀ ਰਾਜ ਮਾਓਵਾਦੀ ਵਿਦਰੋਹ, ਜਿਸ ਨੂੰ ਨਕਸਲੀ ਲਹਿਰ ਵੀ ਕਿਹਾ ਜਾਂਦਾ ਹੈ, ਨਾਲ ਜੂਝ ਰਿਹਾ ਹੈ, ਜੋ ਦੇਸ਼ ਦੇ ਕਈ ਹਿੱਸਿਆਂ, ਖਾਸ ਕਰਕੇ ਕੇਂਦਰੀ ਅਤੇ ਪੂਰਬੀ ਭਾਰਤ ਦੇ ਜੰਗਲੀ ਅਤੇ ਕਬਾਇਲੀ-ਪ੍ਰਭਾਵੀ ਖੇਤਰਾਂ ਵਿੱਚ ਸਰਗਰਮ ਹੈ। ਇਸ ਸੰਘਰਸ਼ ਵਿੱਚ ਆਮ ਨਾਗਰਿਕਾਂ, ਸੁਰੱਖਿਆ ਕਰਮਚਾਰੀਆਂ ਅਤੇ ਖੁਦ ਵਿਦਰੋਹੀਆਂ ਸਮੇਤ ਹਜ਼ਾਰਾਂ ਜਾਨਾਂ ਗਈਆਂ ਹਨ।

ਗੱਲਬਾਤ ਦੀ ਇਹ ਤਾਜ਼ਾ ਪੇਸ਼ਕਸ਼ ਮਾਓਵਾਦੀਆਂ ਦੇ ਭਾਰਤੀ ਰਾਜ ਵਿਰੁੱਧ ਲੰਮੀ ਜੰਗ ਦੇ ਪੁਰਾਣੇ ਰੁਖ ਤੋਂ ਵੱਖਰੀ ਹੈ। ਇਸ ਤਬਦੀਲੀ ਦਾ ਕਾਰਨ ਕਈ ਕਾਰਕਾਂ ਨੂੰ ਮੰਨਿਆ ਜਾ ਰਿਹਾ ਹੈ, ਜਿਨ੍ਹਾਂ ਵਿੱਚ ਸ਼ਾਮਲ ਹਨ:

**ਸੁਰੱਖਿਆ ਬਲਾਂ ਦੀਆਂ ਤੇਜ਼ ਕਾਰਵਾਈਆਂ:** ਭਾਰਤੀ ਸੁਰੱਖਿਆ ਬਲਾਂ ਦੁਆਰਾ ਇੱਕ ਨਿਰੰਤਰ ਅਤੇ ਖੁਫੀਆ-ਅਧਾਰਤ ਮੁਹਿੰਮ ਦੇ ਨਤੀਜੇ ਵਜੋਂ ਪ੍ਰਮੁੱਖ ਮਾਓਵਾਦੀ ਨੇਤਾਵਾਂ ਦਾ ਖਾਤਮਾ ਹੋਇਆ ਹੈ ਅਤੇ ਉਨ੍ਹਾਂ ਦੇ ਗੜ੍ਹਾਂ ਨੂੰ ਤਬਾਹ ਕੀਤਾ ਗਿਆ ਹੈ।

**ਸਮਰਥਨ ਵਿੱਚ ਕਮੀ:** ਖ਼ਬਰਾਂ ਅਨੁਸਾਰ, ਬਾਗ਼ੀਆਂ ਨੂੰ ਉਨ੍ਹਾਂ ਦੀਆਂ ਹਿੰਸਕ ਰਣਨੀਤੀਆਂ ਅਤੇ ਪਹਿਲਾਂ ਅਣਗੌਲੇ ਖੇਤਰਾਂ ਵਿੱਚ ਸਰਕਾਰ ਦੀਆਂ ਵਿਕਾਸ ਪਹਿਲਕਦਮੀਆਂ ਕਾਰਨ ਸਥਾਨਕ ਸਮਰਥਨ ਵਿੱਚ ਗਿਰਾਵਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

**ਕਾਡਰਾਂ ਵਿੱਚ ਨਿਰਾਸ਼ਾ:** ਬਹੁਤ ਸਾਰੇ ਕਾਡਰ ਵਿਦਰੋਹੀਆਂ ਵਜੋਂ ਜੀਵਨ ਦੀਆਂ ਕਠੋਰ ਹਕੀਕਤਾਂ ਤੋਂ ਥੱਕ ਗਏ ਹਨ ਅਤੇ ਸਰਕਾਰ ਦੇ ਆਤਮ-ਸਮਰਪਣ ਅਤੇ ਮੁੜ-ਵਸੇਬਾ ਪ੍ਰੋਗਰਾਮਾਂ ਵੱਲ ਆਕਰਸ਼ਿਤ ਹੋ ਰਹੇ ਹਨ, ਜੋ ਵਿੱਤੀ ਸਹਾਇਤਾ ਅਤੇ ਇੱਕ ਆਮ ਜੀਵਨ ਦਾ ਰਾਹ ਪ੍ਰਦਾਨ ਕਰਦੇ ਹਨ।

2023 ਅਤੇ 2025 ਦੌਰਾਨ, ਖਾਸ ਕਰਕੇ ਛੱਤੀਸਗੜ੍ਹ ਵਰਗੇ ਰਾਜਾਂ ਵਿੱਚ ਨਕਸਲੀ ਬਾਗ਼ੀਆਂ ਦੇ ਵਿਅਕਤੀਗਤ ਅਤੇ ਸਮੂਹਕ ਆਤਮ-ਸਮਰਪਣ ਦਾ ਸਿਲਸਿਲਾ ਜਾਰੀ ਰਿਹਾ ਹੈ। ਇਨ੍ਹਾਂ ਆਤਮ-ਸਮਰਪਣਾਂ ਨੇ ਲਹਿਰ ਨੂੰ ਅੰਦਰੋਂ ਹੋਰ ਕਮਜ਼ੋਰ ਕਰ ਦਿੱਤਾ ਹੈ।

ਸਰਕਾਰੀ ਅੰਕੜੇ ਪਿਛਲੇ ਦਹਾਕੇ ਵਿੱਚ ਮਾਓਵਾਦੀ ਹਿੰਸਾ ਵਿੱਚ ਮਹੱਤਵਪੂਰਨ ਕਮੀ ਦਰਸਾਉਂਦੇ ਹਨ, ਜਿਸ ਵਿੱਚ ਘਟਨਾਵਾਂ ਅਤੇ ਮੌਤਾਂ ਦੀ ਗਿਣਤੀ ਵਿੱਚ ਕਮੀ ਦੇ ਨਾਲ-ਨਾਲ ਬਾਗ਼ੀਆਂ ਦੇ ਪ੍ਰਭਾਵ ਵਾਲੇ ਭੂਗੋਲਿਕ ਖੇਤਰ ਵਿੱਚ ਵੀ ਕਮੀ ਆਈ ਹੈ। ਹਾਲਾਂਕਿ ਵਿਦਰੋਹ ਅਜੇ ਖਤਮ ਹੋਣ ਤੋਂ ਦੂਰ ਹੈ, ਪਰ ਤਾਜ਼ਾ ਘਟਨਾਕ੍ਰਮ ਭਾਰਤ ਦੀਆਂ ਸਭ ਤੋਂ ਲੰਮੀਆਂ ਅੰਦਰੂਨੀ ਸੁਰੱਖਿਆ ਚੁਣੌਤੀਆਂ ਵਿੱਚੋਂ ਇੱਕ ਵਿੱਚ ਇੱਕ ਸੰਭਾਵੀ ਮੋੜ ਦਾ ਸੁਝਾਅ ਦਿੰਦਾ ਹੈ। ਆਉਣ ਵਾਲੇ ਹਫ਼ਤੇ ਇਹ ਨਿਰਧਾਰਤ ਕਰਨ ਵਿੱਚ ਮਹੱਤਵਪੂਰਨ ਹੋਣਗੇ ਕਿ ਕੀ ਸ਼ਾਂਤੀ ਵਾਰਤਾ ਦੀ ਇਹ ਪੇਸ਼ਕਸ਼ ਸੰਘਰਸ਼ ਦੇ ਇੱਕ ਠੋਸ ਅਤੇ ਸਥਾਈ ਹੱਲ ਵਿੱਚ ਬਦਲਦੀ ਹੈ ਜਾਂ ਨਹੀਂ।

### ਗ੍ਰਹਿ ਮੰਤਰੀ ਸ਼੍ਰੀ ਅਮਿਤ ਸ਼ਾਹ ਨੇ ਦਿੱਤੀ ਸੀ ਮਾਓਵਾਦੀਆਂ ਨੂੰ ਸਖ਼ਤ ਚੇਤਾਵਨੀ ਅਤੇ ਡੈਡ ਲਾਈਨ

ਇਥੇ ਇਹ ਜਿਕਰਯੋਗ ਹੈ ਕੀ ਪਿਛਲੇ ਦਿਨਾ ਵਿੱਚ ਭਾਰਤ ਦੇ ਗ੍ਰਹਿ ਮੰਤਰੀ ਸ਼੍ਰੀ ਅਮਿਤ ਸ਼ਾਹ ਨੇ ਮਾਓਵਾਦੀਆਂ (ਨਕਸਲੀਆਂ) ਨੂੰ ਸਖ਼ਤ ਚੇਤਾਵਨੀ ਜਾਰੀ ਕਰਦੇ ਹੋਏ ਕਿਹਾ ਸੀ ਕਿ ਉਹ ਜਾਂ ਤਾਂ ਹਥਿਆਰ ਸੁੱਟ ਕੇ ਮੁੱਖ ਧਾਰਾ ਵਿੱਚ ਸ਼ਾਮਲ ਹੋ ਜਾਣ ਜਾਂ ਫਿਰ ਖ਼ਾਤਮੇ ਲਈ ਤਿਆਰ ਰਹਿਣ।

ਸ਼ਾਹ ਨੇ ਆਪਣੇ ਬਿਆਨਾਂ ਵਿੱਚ ਵਾਰ-ਵਾਰ ਕਿਹਾ ਹੈ ਕਿ ਸਰਕਾਰ ਦਾ ਟੀਚਾ 31 ਮਾਰਚ, 2026 ਤੱਕ ਭਾਰਤ ਨੂੰ ਨਕਸਲਵਾਦ ਤੋਂ ਪੂਰੀ ਤਰ੍ਹਾਂ ਮੁਕਤ ਕਰਨਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਹਥਿਆਰਬੰਦ ਗੁੱਟਾਂ ਨਾਲ ਕੋਈ ਗੱਲਬਾਤ ਨਹੀਂ ਕੀਤੀ ਜਾਵੇਗੀ ਅਤੇ ਹਿੰਸਾ ਜਾਰੀ ਰੱਖਣ ਵਾਲਿਆਂ ਖਿਲਾਫ਼ 'ਜ਼ੀਰੋ-ਟੌਲਰੈਂਸ' ਦੀ ਨੀਤੀ ਨਾਲ ਸਖ਼ਤ ਕਾਰਵਾਈ ਹੋਵੇਗੀ।

ਹਾਲਾਂਕਿ, ਉਨ੍ਹਾਂ ਇਹ ਵੀ ਭਰੋਸਾ ਦਿੱਤਾ ਕਿ ਜਿਹੜੇ ਮਾਓਵਾਦੀ ਹਿੰਸਾ ਦਾ ਰਾਹ ਛੱਡ ਕੇ ਆਤਮ-ਸਮਰਪਣ ਕਰਨਗੇ, ਸਰਕਾਰ ਉਨ੍ਹਾਂ ਦੇ ਮੁੜ-ਵਸੇਬੇ ਅਤੇ ਵਿਕਾਸ ਵਿੱਚ ਪੂਰੀ ਮਦਦ ਕਰੇਗੀ।

ਸੋ ਇਸ ਤਰਾਂ ਲਗਦਾ ਕੀ ਲੰਭੇ ਸਮੇ ਤੋਂ ਮਾਰਕਾਟ ਦੀ ਨੀਤੀ ਤੋਂ ਤੰਗ ਆਏ ਮਾਓਵਾਦੀਆਂ (ਨਕਸਲੀਆਂ) ਨੇ ਅਖਿਰ ਚ ਇਸ ਨਰਕ ਭਰੀ ਜਿੰਦਗੀ ਨੂੰ ਤਿਲਾਜਲੀ ਦੇਕੇ ਮੁੱਖ ਧਾਰਾ ਚ ਆਉਣ ਦਾ ਮੰਨ ਬਣਾ ਲਿਆ।

ਧੰਨਵਾਦ ਸਾਹਿਤ ਫੋਟੋ ਸੋਸ਼ਲ ਮੀਡੀਆ

# ਪੰਜਾਬ ਤੇ ਇੱਥੋਂ ਦੇ ਸਿੱਖ ਭਾਰਤ ਸਰਕਾਰ ਦੀ ਸਮਝ ਤੋਂ ਬਾਹਰ



ਡਾ. ਪਰਮਿੰਦਰ ਸਿੰਘ ਸ਼ੌਂਕੀ

ਪ੍ਰਸਿੱਧ ਭਾਰਤੀ ਪੱਤਰਕਾਰ ਸ਼ੇਖਰ ਗੁਪਤਾ ਦਾ ਪੰਜਾਬ ਬਾਰੇ ਲਿਖਿਆ ਤੇ ਕਈ ਰਾਸ਼ਟਰੀ ਮੀਡੀਆ ਪਲੇਟਫ਼ਾਰਮਾਂ ਤੇ ਪ੍ਰਕਾਸ਼ਿਤ ਤਾਜਾ ਲੇਖ ਕਾਫੀ ਧਿਆਨ ਮੰਗਦਾ ਹੈ। ਜਿੱਥੇ ਗੁਪਤਾ ਨੇ ਭਾਰਤ ਸਰਕਾਰ ਨੂੰ ਸੁਚੇਤ ਕੀਤਾ ਹੈ ਕਿ ਪੰਜਾਬ ਇੱਕ ਵਾਰ ਮੁੜ ਤੋਂ ਭਾਰਤ ਦੇ ਹੱਥਾਂ ਵਿਚੋਂ ਨਿਕਲਣ ਦੀ ਕਾਗਾਰ ਤੇ ਹੈ। ਇਸ ਲਈ ਉਹ ਮਨੀਪੁਰ ਦੀ ਉਦਾਹਰਨ ਦਿੰਦਾ ਹੈ ਤੇ ਇਕ ਤਰ੍ਹਾਂ ਨਾਲ ਭਾਰਤ ਸਰਕਾਰ ਦੁਆਰਾ ਪੰਜਾਬ ਪ੍ਰਤੀ ਅਪਣਾਏ ਜਾਣ ਵਾਲੇ ਦੋਹਰੇ ਪੈਂਤੜਿਆਂ ਦੀ ਗੱਲ ਕਰਦਾ ਹੈ। ਉਹ ਸਰਕਾਰ ਨੂੰ ਸੁਚੇਤ ਕਰਦਾ ਹੈ ਕਿ ਚੁਰਾਸੀ ਤੋਂ ਬਾਅਦ ਪਾਕਿਸਤਾਨੀ ਖੁਫੀਆ ਏਜੰਸੀ ਆਈਐਸਆਈ ਸਿੱਖਾਂ ਨੂੰ ਮੁੜ ਇਸਤੇਮਾਲ ਕਰਨ ਤੁਰ ਪਈ ਹੈ। ਹਾਲਾਂਕਿ ਇਹ ਉਸ ਦਾ ਦਹਾਕਿਆਂ ਪੁਰਾਣਾ ਘਿਸਿਆ ਪਿਟਿਆ ਤਰਕ ਤੇ ਦੋਸ਼ ਹੈ, ਪਰ ਇਕ ਗੱਲ ਸਾਫ ਹੈ ਕਿ ਸ਼ੇਖਰ ਗੁਪਤਾ ਇਸ ਗੱਲ ਨੂੰ ਭਲੀ-ਭਾਂਤ ਸਮਝਦਾ ਹੈ ਕਿ ਪੰਜਾਬ ਤੇ ਇੱਥੋਂ ਦੇ ਸਿੱਖ ਭਾਰਤ ਸਰਕਾਰ ਅਤੇ ਭਾਜਪਾ ਦੀ ਸਮਝ ਤੋਂ ਬਾਹਰ ਹਨ। ਉਹ ਕਿਸਾਨ ਅੰਦੋਲਨ ਤੇ ਲੈਂਡ ਪੂਲਿੰਗ ਪਾਲਿਸੀ ਨੂੰ ਮੁੱਖ ਰੱਖਕੇ ਆਪਣੀ ਗੱਲ ਕਰਦਾ ਹੋਇਆ ਪੰਜਾਬ ਵਿਚਲੇ ਅਕਾਲੀ ਦਲਾਂ, ਖਾਸ ਕਰਕੇ ਗਿਆਨੀ ਹਰਪ੍ਰੀਤ ਸਿੰਘ ਦੇ ਟਵੀਟਾਂ ਅਤੇ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਰਾਜਸੀ ਪੈਂਤੜੇ ਪ੍ਰਤੀ ਫਿਕਰਮੰਦੀ ਜ਼ਾਹਰ ਕਰਦਾ ਹੈ। ਇਸ ਲੇਖ ਨੂੰ ਉਸ ਨੇ ਕਿੰਨੀ ਤਵੱਜੋਂ ਦਿੱਤੀ ਹੈ, ਉਹ ਇਸ ਗੱਲ ਤੋਂ ਵੀ ਸਾਫ ਹੁੰਦਾ ਹੈ ਕਿ ਇਹ ਲੇਖ ਪਿਛਲੇ ਇੱਕ ਹਫ਼ਤੇ ਤੋਂ ਲਗਾਤਾਰ ਕਿਤੇ ਨਾ ਕਿਤੇ ਪ੍ਰਕਾਸ਼ਿਤ ਹੁੰਦਾ ਆ ਰਿਹਾ ਹੈ। ਇਸ ਲਈ ਇਹ ਦੇਖਣਾ ਬੇਹੱਦ ਜ਼ਰੂਰੀ ਹੈ ਕਿ ਸ਼ੇਖਰ ਗੁਪਤਾ ਜਿਹੇ ਪੱਤਰਕਾਰ ਹੁਣ ਪੰਜਾਬ ਨੂੰ ਲੈ ਕੇ ਕਿਹੜਾ ਬਿਰਤਾਂਤ ਉਭਾਰਦੇ ਹਨ।

ਇੱਕ ਗੱਲ ਤੇ ਸਪੱਸ਼ਟ ਹੈ ਕਿ ਸਿੱਖਾਂ ਦੇ ਹਰ ਕਿਸਮ ਦੇ ਉਥਾਨ ਨੂੰ ਪਾਕਿਸਤਾਨ ਨਾਲ ਜੋੜ ਕੇ ਤੇ ਮੁਸਲਮਾਨਾਂ ਨਾਲ ਮਿਲਾ ਕੇ ਦੇਖਣਾ ਭਾਰਤੀ ਬਿਰਤਾਂਤ ਵਿਵਸਥਾ ਦਾ ਇੱਕ ਜਾਣਿਆ ਪਛਾਣਿਆ ਪੈਂਤੜਾ ਹੈ। ਪਾਕਿਸਤਾਨ ਭਾਰਤੀ ਹਿੰਦੂਤਵਾ ਰਾਜਨੀਤੀ ਲਈ ਸੰਤਾਲੀਵਿਆਂ ਤੋਂ ਲੈ ਕੇ ਹੁਣ ਤੱਕ ਇਕ ਜ਼ਰੂਰੀ ਲੋੜ ਵਜੋਂ ਸਾਹਮਣੇ ਆਇਆ ਹੈ। ਹਾਲਾਂਕਿ ਇਹੀ ਭਾਰਤੀ ਬਿਰਤਾਂਤਕ ਵਿਵਸਥਾ ਇਕ ਪਾਸੇ ਪਾਕਿਸਤਾਨ ਨੂੰ ਭੁੱਖਾ-ਨੰਗਾ ਤੇ ਕੰਗਾਲ ਦੇਸ ਦੱਸਦੀ ਹੈ ਤੇ ਦੂਜੇ ਪਾਸੇ ਉਸ ਨੂੰ ਏਨਾ ਮਜ਼ਬੂਤ ਵੀ ਦਰਸਾਉਂਦੀ ਹੈ ਕਿ ਉਹ ਭਾਰਤ ਅੰਦਰ ਆਪਣੀਆਂ ਨੀਤੀਆਂ ਦਾ ਖੁੱਲੇਆਮ ਪ੍ਰਦਰਸ਼ਨ ਕਰ ਸਕੇ ਤੇ ਇੱਥੋਂ ਦੀ ਇਕ ਪ੍ਰਮੁੱਖ ਆਬਾਦੀ ਸਿੱਖਾਂ ਨੂੰ ਆਪਣੇ ਇਸ਼ਾਰਿਆਂ ਤੇ ਨਚਾ ਸਕੇ। ਭਾਰਤੀ ਬਿਰਤਾਂਤ ਦਾ ਹਾਲਾਂਕਿ ਤੁਹਾਨੂੰ ਇਹ ਲੱਚਰਪਣ ਲੱਗ ਸਕਦਾ ਹੈ, ਪਰ ਅਜਿਹਾ ਕਰਕੇ ਉਹ ਇਕ ਤੀਰ ਨਾਲ ਦੋ ਨਿਸ਼ਾਨੇ ਸਾਧਦਾ ਹੈ-


1. ਸਿੱਖਾਂ ਨੂੰ ਪਾਕਿਸਤਾਨ ਨਾਲ ਜੋੜ ਕੇ ਤੇ ਪਾਕਿਸਤਾਨ ਪ੍ਰਸਤ ਸਾਬਤ ਕਰਕੇ ਭਾਰਤ ਹਿੰਦੂਤਵੀ ਮਾਨਸਿਕਤਾ ਅੰਦਰ ਸਿੱਖਾਂ ਦੀ ਦੇਸ਼ ਵਿਰੋਧੀ ਦਿੱਖ ਨੂੰ ਸਥਾਪਤ ਕਰਨਾ ਚਾਹੁੰਦਾ ਹੈ ਤਾਂ ਜੋ ਭਵਿੱਖ ਵਿਚ ਜਦ ਵੀ ਕਦੀ ਸਿੱਖ ਦਮਨ ਦਾ ਦਿਸਦਾ ਚਿਹਰਾ ਉਭਾਰਿਆ ਜਾਏ ਤਾਂ ਦੇਸ਼ ਦੀ ਜਨਤਾ ਉਸ ਦਾ ਉਸੇ ਤਰ੍ਹਾਂ ਸਾਥ ਦੇਵੇ, ਜਿਵੇਂ ਇੰਦਰਾ ਗਾਂਧੀ ਵੇਲੇ ਭਾਰਤੀ ਹਿੰਦੂਆਂ ਨੇ ਸਿੱਖ ਕਤਲੇਆਮ ਦਾ ਦਿੱਤਾ ਸੀ।
2. ਅਜਿਹਾ ਕਰਦਿਆਂ ਉਹ ਬਾਕੀ ਭਾਰਤੀਆਂ ਅੱਗੇ ਇਹ ਪੱਖ ਰੱਖਣਾ ਚਾਹੁੰਦਾ ਹੈ ਕਿ ਭਾਰਤ ਤਾਂ ਸਿੱਖਾਂ ਦਾ ਭਲਾ ਕਰਨਾ ਚਾਹੁੰਦਾ ਹੈ, ਪਰ ਕੁਝ ਖਾਲਿਸਤਾਨੀ ਕਿਸਮ ਦੇ ਲੋਕ ਪਾਕਿਸਤਾਨ ਨਾਲ ਮਿਲ ਕੇ ਭਾਰਤ ਵਿਰੋਧੀ ਮੁਹਿੰਮ ਚਲਾ ਰਹੇ ਹਨ ਪਰ ਭਾਰਤ ਸਰਕਾਰ ਕਦੀ ਵੀ ਦੇਸ਼ ਅੱਗੇ ਇਹ ਅੰਕੜੇ ਨਹੀਂ ਰੱਖਦੀ ਕਿ ਇਹ "ਕੁਝ" ਖਾਲਿਸਤਾਨੀ ਲੋਕ ਦਰਅਸਲ ਹਨ ਕਿੰਨੇ? ਕਿਉਂਕਿ ਸਰਕਾਰ ਇਹ ਚੰਗੀ ਤਰ੍ਹਾਂ ਜਾਣਦੀ ਹੈ ਕਿ ਇਹ ਅਸਲ ਵਿੱਚ ਕੁਝ ਹਨ ਹੀ ਨਹੀਂ। ਇਹ ਇੱਕ ਵੱਡਾ ਹਿੱਸਾ ਹੈ ਤੇ ਇਸ ਨੂੰ ਕਾਬੂ ਕਰਨ ਲਈ ਇਸ ਦੀਆਂ ਹਰ ਇਕ ਗਤੀਵਿਧੀਆਂ ਨੂੰ ਵਿਰੋਧੀ ਦੇਸ਼ ਨਾਲ ਜੋੜਨਾ ਜ਼ਰੂਰੀ ਹੈ ਤਾਂ ਜੋ ਇਸ ਹਿੱਸੇ ਪ੍ਰਤੀ ਸਾਹਮਣੇ ਲਿਆਂਦੇ ਜਾ ਰਹੇ ਦਮਨ ਤੇ ਅਣਮਨੁੱਖਤਾ ਨੂੰ ਸਹੀ ਸਾਬਤ ਕੀਤਾ ਜਾ ਸਕੇ।

ਸ਼ੇਖਰ ਗੁਪਤਾ ਇਸ ਮਸਲੇ 'ਚ ਸਰਕਾਰ ਦੀ ਪੂਰੀ ਤਰ੍ਹਾਂ ਮਦਦ ਕਰ ਰਿਹਾ ਹੈ। ਕਿਸਾਨ ਅੰਦੋਲਨ ਸਮੇਤ ਪੰਜਾਬ ਤੇ ਸਿੱਖਾਂ ਬਾਰੇ ਉਸ ਦਾ ਸਾਰਾ ਬਿਰਤਾਂਤ ਇਸੇ ਜੜ 'ਚੋਂ ਰੂਪ ਧਾਰਨ ਕਰਦਾ ਹੈ। ਉਹ ਬੇਸ਼ੱਕ ਆਪਣੇ ਲਿਬਰਲ ਨਕਾਬ ਹੇਠ ਸਰਕਾਰ ਦਾ ਆਲੋਚਕ ਬਣਦਾ ਪ੍ਰਤੀਤ ਹੋਏ, ਪਰ ਉਹ ਮੁੱਖ ਧਾਰਾ ਦੀ ਰਾਜਨੀਤੀ ਦਾ ਸ਼ੁਰੂ ਤੋਂ ਪੱਖੀ ਰਿਹਾ ਹੈ। ਇਸੇ ਲਈ ਉਹ ਆਖਦਾ ਹੈ ਕਿ ਭਾਜਪਾ ਨੂੰ ਪੰਜਾਬ ਬਾਰੇ ਸਮਝਣ ਦੀ ਲੋੜ ਹੈ ਕਿ ਇੱਥੇ ਕਿਵੇਂ ਜਿੱਤ ਪ੍ਰਾਪਤ ਕਰਨੀ ਹੈ। ਉਹ ਲਿਖਦਾ ਵੀ ਹੈ ਕਿ ਸਿੱਖ ਵੋਟ ਨੂੰ ਵੰਡ ਕੇ ਤੇ ਹਿੰਦੂ ਵੋਟ ਨੂੰ ਇੱਕ ਥਾਂ ਲਿਆ ਕੇ ਹੀ ਭਾਜਪਾ ਅਜਿਹਾ ਕਰ ਸਕਦੀ ਹੈ। ਪਰ ਉਹ ਇਹ ਵੀ ਨਹੀਂ ਭੁੱਲਦਾ ਕਿ ਸਿੱਖਾਂ ਦੀ ਗਰਮ ਦਲ ਵੋਟ ਉਸ ਦਾ ਖੇਡ ਵਿਗਾੜਨ ਦੀ ਸਮਰੱਥਾ ਰੱਖਦੀ ਹੈ। ਇਸ ਲਈ ਉਹ ਗਰਮ ਦਲੀ ਸਿੱਖਾਂ ਤੋਂ ਬਚਣ ਦਾ ਅਸਿੱਧਾ ਰਾਹ ਵੀ ਭਾਜਪਾ ਨੂੰ ਸੁਝਾਉਂਦਾ ਹੈ।

ਇਹੀ ਨਹੀਂ, ਜਦ ਬਹੁਗਿਣਤੀ ਮਾਨਵਤਾ ਪਸੰਦ ਲੋਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਪੰਜਾਬ ਹੜ੍ਹਾਂ ਦੌਰਾਨ ਦਿਖਾਈ ਬੇਰੁਖ਼ੀ ਕਾਰਨ ਉਸ ਦੀ ਆਲੋਚਨਾ ਕਰਦੇ ਹਨ, ਗੁਪਤਾ ਇਹ ਤੱਥ ਦੇ ਕੇ ਲੋਕਾਂ ਨੂੰ ਭਰਮਾਉਂਦਾ ਹੈ ਕਿ ਆਪਣੇ ਵਿਦੇਸ਼ ਦੌਰ ਤੋਂ ਭਾਰਤ ਮੁੜਨ ਤੇ ਮੋਦੀ ਉਸੇ ਵਕਤ ਭਗਵੰਤ ਮਾਨ ਨਾਲ ਇਸ ਬਾਬਤ ਮਿਲਣੀ ਕਰਦਾ ਹੈ। ਪਰ ਇਸ ਮਿਲਣੀ ਦਾ ਅਮਲੀ ਨਤੀਜਾ ਕੀ ਸੀ? ਉਸ ਬਾਰੇ ਉਹ ਚੁੱਪ ਹੈ। ਉਹ ਇਹ ਵੀ ਨਹੀਂ ਦੱਸਦਾ ਕਿ ਜਦ ਪ੍ਰਧਾਨ ਮੰਤਰੀ ਹੜ੍ਹਾਂ ਦੇ ਮਾਮਲੇ 'ਚ ਹੀ ਬਾਕੀ ਭਾਰਤ ਨੂੰ ਮੁਖ਼ਾਤਬ ਸੀ, ਉਦੋਂ ਪੰਜਾਬ ਬਾਰੇ ਚੁੱਪ ਕਿਉਂ ਰਿਹਾ, ਪਰ ਉਹ ਇਹ ਜ਼ਰੂਰ ਬਿਆਨ ਕਰਦਾ ਹੈ ਕਿ ਭਾਜਪਾ ਨੇਤਾ ਇਨ੍ਹਾਂ ਹੜ੍ਹਾਂ ਦੌਰਾਨ ਲਗਾਤਾਰ ਪੰਜਾਬ ਵਿੱਚ ਰਹੇ। ਬੇਸ਼ਰਮੀ ਤੇ ਉਹ ਉਦੋਂ ਧਾਰਨ ਕਰਦਾ ਹੈ, ਜਦ ਸ਼ਿਵਰਾਜ ਚੌਹਾਨ ਦੇ ਸਕਿਰਪਟਡ ਡਰਾਮੇ ਨੂੰ ਝੋਨੇ ਦੀ ਪਨੀਰੀ ਮੁੜ ਲਾਉਣ ਦੇ ਯਤਨ ਵਜੋਂ ਪੇਸ਼ ਕਰਦਾ ਹੈ। ਉਹ ਕਹਿੰਦਾ ਹੈ ਕਿ ਚੌਹਾਨ ਨੂੰ ਪੰਜਾਬ ਹੜ੍ਹਾਂ ਦਾ ਏਨਾ ਦਰਦ ਮਾਰਿਆ ਕਿ ਉਸ ਨੇ ਖਰਾਬ ਹੋਈ ਫਸਲ ਮੁੜ ਲਗਾਉਣ ਤੱਕ ਦੀ ਕੋਸ਼ਸ਼ ਕੀਤੀ। ਅੱਧਾ ਸਰੀਰ ਪਾਣੀ ਵਿੱਚ ਡੋਬਿਆ। ਪਰ ਉਹ ਇਹ ਨਹੀਂ ਦੱਸਦਾ ਕਿ ਇਹ ਹੜ ਪੰਜਾਬ ਵਿੱਚ ਲਿਆਂਦੇ ਕਿਉਂ ਗਏ। ਇਸ ਤਰ੍ਹਾਂ ਉਹ ਭਾਜਪਾ ਦੀ ਇੱਕ ਹਾਂ ਪੱਖੀ ਤਸਵੀਰ ਉਭਾਰ ਕੇ ਨਾ ਸਿਰਫ ਲੋਕਾਂ ਨੂੰ ਗੁੰਮਰਾਹ ਕਰ ਰਿਹਾ ਹੈ, ਬਲਕਿ ਗਲਤ ਤੱਥ ਵੀ ਪੇਸ਼ ਕਰ ਰਿਹਾ ਹੈ।

ਸ਼ੇਖਰ ਗੁਪਤਾ ਦੀ ਇਹ ਬੇਈਮਾਨਾ ਕੋਸ਼ਿਸ਼ ਦੱਸਦੀ ਹੈ ਕਿ ਭਾਰਤ ਸਰਕਾਰ ਅੰਦਰ ਵੀ ਸਿੱਖਾਂ ਦੇ ਲਗਾਤਾਰ ਉਭਾਰ ਨੇ ਦਿੱਕਤ ਪੈਦਾ ਕੀਤੀ ਹੈ ਪਰ ਇਸ ਦਿੱਕਤ ਨੂੰ ਸਿੱਖ ਕਿਵੇਂ ਸਮਝਦੇ ਹਨ, ਇਹ ਵੀ ਵਿਚਾਰਨ ਵਾਲੀ ਗੱਲ ਹੈ।

# ਰਾਹੁਲ ਗਾਂਧੀ ਦਾ ਚੋਣ ਕਮਿਸ਼ਨ ’ਤੇ ਵੱਡਾ ਹਮਲਾ, ‘ਵੋਟ ਚੋਰੀ’ ਦੇ ਲਾਏ ਗੰਭੀਰ ਦੋਸ਼



ਨਵੀਂ ਦਿੱਲੀ, (ਸਾਡੇ ਲੋਕ) : ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਅਤੇ ਕਾਂਗਰਸ ਦੇ ਸੰਸਦ ਮੈਂਬਰ ਸ਼੍ਰੀ ਰਾਹੁਲ ਗਾਂਧੀ ਨੇ ਵੀਰਵਾਰ ਨੂੰ ਇੱਕ ਪ੍ਰੈਸ ਕਾਨਫਰੰਸ ਵਿੱਚ ਮੁੱਖ ਚੋਣ ਕਮਿਸ਼ਨਰ (CEC) ਗਿਆਨੇਸ਼ ਕੁਮਾਰ ’ਤੇ ਸਿੱਧਾ ਹਮਲਾ ਬੋਲਦਿਆਂ ਦੋਸ਼ ਲਾਇਆ ਕਿ ਉਹ ਭਾਰਤੀ ਲੋਕਤੰਤਰ ਨੂੰ ‘ਨਸ਼ਟ’ ਕਰਨ ਵਾਲਿਆਂ ਨੂੰ ਬਚਾ ਰਹੇ ਹਨ। ਕਾਂਗਰਸ ਦੇ ਮੁੱਖ ਦਫ਼ਤਰ ਵਿਖੇ, ਰਾਹੁਲ ਗਾਂਧੀ ਨੇ ‘ਵੋਟ ਚੋਰੀ’ ਦੇ ਦਾਅਵਿਆਂ ਨੂੰ ਲੈ ਕੇ ਨਵੇਂ ਸਬੂਤ ਪੇਸ਼ ਕੀਤੇ ਅਤੇ ਕਿਹਾ ਕਿ ਦੇਸ਼ ਵਿੱਚ ਯੋਜਨਾਬੱਧ ਤਰੀਕੇ ਨਾਲ ਵੋਟਰ ਸੂਚੀਆਂ ਵਿੱਚੋਂ ਨਾਮ ਕੱਟੇ ਜਾ ਰਹੇ ਹਨ।

**ਕਰਨਾਟਕ ਦੇ ਆਲੰਦ ਦਾ ਮਾਮਲਾ ਉਠਾਇਆ**

ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਰਾਹੁਲ ਗਾਂਧੀ ਨੇ ਕਰਨਾਟਕ ਦੇ ਆਲੰਦ ਵਿਧਾਨ ਸਭਾ ਹਲਕੇ ਦੀ ਉਦਾਹਰਣ ਦਿੰਦਿਆਂ ਦਾਅਵਾ ਕੀਤਾ ਕਿ ਉੱਥੇ 6,018 ਵੋਟਾਂ ਨੂੰ ਨਿਸ਼ਾਨਾ ਬਣਾ ਕੇ ਕੱਟਣ ਦੀ ਕੋਸ਼ਿਸ਼ ਕੀਤੀ ਗਈ। ਉਨ੍ਹਾਂ ਦੋਸ਼ ਲਾਇਆ ਕਿ ਇਹ ਕੰਮ ਇੱਕ ਕੇਂਦਰੀਕ੍ਰਿਤ ਸਾਫਟਵੇਅਰ ਦੀ ਵਰਤੋਂ ਕਰਕੇ ਕੀਤਾ ਗਿਆ ਸੀ, ਜਿਸ ਵਿੱਚ ਕਰਨਾਟਕ ਤੋਂ ਬਾਹਰ ਦੇ ਮੋਬਾਈਲ ਨੰਬਰਾਂ ਦੀ ਵਰਤੋਂ ਕਰਕੇ ਵੋਟਰਾਂ ਦੇ ਨਾਂ ’ਤੇ ਫਰਜ਼ੀ ਅਰਜ਼ੀਆਂ (ਫਾਰਮ 7) ਦਾਖਲ ਕੀਤੀਆਂ ਗਈਆਂ।

ਉਨ੍ਹਾਂ ਕਿਹਾ, ‘ਇਹ ਕੋਈ ਇੱਕ ਵਿਅਕਤੀ ਦਾ ਕੰਮ ਨਹੀਂ ਹੈ, ਸਗੋਂ ਇਹ ਇੱਕ ਸੰਗਠਿਤ ਤਰੀਕੇ ਨਾਲ ਕੀਤਾ ਗਿਆ ਹੈ। ਦਲਿਤਾਂ, ਪੱਛੜੀਆਂ ਸ਼੍ਰੇਣੀਆਂ, ਆਦਿਵਾਸੀਆਂ ਅਤੇ ਘੱਟ ਗਿਣਤੀਆਂ ਨੂੰ ਖਾਸ ਤੌਰ ’ਤੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਕਿਉਂਕਿ ਇਹ ਭਾਈਚਾਰੇ ਵਿਰੋਧੀ ਧਿਰ ਨੂੰ ਵੋਟ ਦਿੰਦੇ ਹਨ।’ ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਇਸ ਮਾਮਲੇ ਦੀ ਜਾਂਚ ਕਰ ਰਹੀ ਕਰਨਾਟਕ ਸੀਆਈਡੀ (CID) ਨੂੰ ਚੋਣ ਕਮਿਸ਼ਨ ਵੱਲੋਂ ਲੋੜੀਂਦਾ ਡਾਟਾ ਮੁਹੱਈਆ ਨਹੀਂ ਕਰਵਾਇਆ ਜਾ ਰਿਹਾ ਹੈ।

**‘ਅੰਦਰੋਂ ਮਿਲ ਰਹੀ ਹੈ ਜਾਣਕਾਰੀ’ – ਰਾਹੁਲ ਗਾਂਧੀ**

ਰਾਹੁਲ ਗਾਂਧੀ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਕੋਲ ਠੋਸ ਸਬੂਤ ਹਨ ਅਤੇ ਇਹ ਜਾਣਕਾਰੀ ਉਨ੍ਹਾਂ ਨੂੰ ਚੋਣ ਕਮਿਸ਼ਨ ਦੇ ਅੰਦਰੋਂ ਹੀ ਮਿਲ ਰਹੀ ਹੈ। ਉਨ੍ਹਾਂ ਕਿਹਾ, ‘ਮੈਂ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਆਪਣਾ ਕੰਮ ਕਰਨ ਅਤੇ ਜਾਂਚ ਵਿੱਚ ਸਹਿਯੋਗ ਦੇਣ।÷ ਹਾਲਾਂਕਿ, ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਉਹ ÷ਹਾਈਡ੍ਰੋਜਨ ਬੰਬ÷ ਨਹੀਂ ਹੈ ਜਿਸਦਾ ਉਨ੍ਹਾਂ ਨੇ ਪਹਿਲਾਂ ਜ਼ਿਕਰ ਕੀਤਾ ਸੀ, ਅਤੇ ਹੋਰ ਵੱਡੇ ਖੁਲਾਸੇ ਆਉਣ ਵਾਲੇ ਸਮੇਂ ਵਿੱਚ ਕੀਤੇ ਜਾਣਗੇ।

**ਚੋਣ ਕਮਿਸ਼ਨ ਅਤੇ ਭਾਜਪਾ ਨੇ ਦੋਸ਼ਾਂ ਨੂੰ ਨਕਾਰਿਆ**

ਦੂਜੇ ਪਾਸੇ, ਭਾਰਤੀ ਚੋਣ ਕਮਿਸ਼ਨ (539) ਨੇ ਰਾਹੁਲ ਗਾਂਧੀ ਦੇ ਸਾਰੇ ਦੋਸ਼ਾਂ ਨੂੰ ÷ਬੇਬੁਨਿਆਦ ਅਤੇ ਗਲਤ÷ ਕਰਾਰ ਦਿੱਤਾ ਹੈ। ਕਮਿਸ਼ਨ ਨੇ ਇੱਕ ਬਿਆਨ ਵਿੱਚ ਕਿਹਾ ਕਿ ਕੋਈ ਵੀ ਆਮ ਨਾਗਰਿਕ ਆਨਲਾਈਨ ਕਿਸੇ ਦੀ ਵੋਟ ਨਹੀਂ ਕੱਟ ਸਕਦਾ ਅਤੇ ਆਲੰਦ ਮਾਮਲੇ ਵਿੱਚ ਕਮਿਸ਼ਨ ਨੇ ਖੁਦ 2023 ਵਿੱਚ ਇੱਕ ਐਫਆਈਆਰ (69♣) ਦਰਜ ਕਰਵਾਈ ਸੀ।

ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਵੀ ਰਾਹੁਲ ਗਾਂਧੀ ’ਤੇ ਪਲਟਵਾਰ ਕੀਤਾ ਹੈ। ਭਾਜਪਾ ਦੇ ਸੰਸਦ ਮੈਂਬਰ ਅਨੁਰਾਗ ਠਾਕੁਰ ਨੇ ਕਿਹਾ ਕਿ ਚੋਣਾਂ ਵਿੱਚ ਲਗਾਤਾਰ ਹਾਰ ਤੋਂ ਨਿਰਾਸ਼ ਹੋ ਕੇ ਰਾਹੁਲ ਗਾਂਧੀ ਸੰਵਿਧਾਨਕ ਸੰਸਥਾਵਾਂ ’ਤੇ ਬੇਬੁਨਿਆਦ ਦੋਸ਼ ਲਗਾ ਰਹੇ ਹਨ, ਜੋ ਉਨ੍ਹਾਂ ਦੀ ਆਦਤ ਬਣ ਗਈ ਹੈ।

### ਮਾਮਲਾ ਸੰਦੀਪ ਸਿੰਘ ਸਨੀ ’ਤੇ ਜੇਲ੍ਹ ਵਿੱਚ ਤਸ਼ੱਦਦ ਦਾ

# ਸਿੱਖ ਜਥੇਬੰਦੀਆਂ ਵੱਲੋਂ ਜੇਲ੍ਹ ਅੱਗੇ ਪੱਕਾ ਮੋਰਚਾ



ਪਟਿਆਲਾ : ਪਟਿਆਲਾ ਜੇਲ੍ਹ ਵਿੱਚ ਬੰਦ ਸੰਦੀਪ ਸਿੰਘ ਸੋਨੀ ਨਾਲ ਮੁਲਾਕਾਤ ਅਤੇ ਉਸ ਨੂੰ ਇਨਸਾਫ਼ ਦਿਵਾਉਣ ਦੇ ਮਾਮਲੇ ਵਿੱਚ ਸਿੱਖ ਜਥੇਬੰਦੀਆਂ ਵੱਲੋਂ ਗੁਰਦੁਆਰਾ ਦੂਖਨਿਵਾਰਨ ਸਾਹਿਬ ਤੋਂ ਲੈ ਕੇ ਪਟਿਆਲਾ ਜੇਲ੍ਹ ਤੱਕ ਰੋਸ ਮਾਰਚ ਕੀਤਾ ਗਿਆ ਤੇ ਉਸ ਤੋਂ ਬਾਅਦ ਜੇਲ੍ਹ ਦੇ ਬਾਹਰ ਪੱਕਾ ਮੋਰਚਾ ਲਾ ਦਿੱਤਾ। ਜਾਣਕਾਰੀ ਅਨੁਸਾਰ ਸੰਗਰੂਰ ਜੇਲ੍ਹ ਵਿੱਚ ਤਬਦੀਲ ਕੀਤੇ ਸੰਦੀਪ ਸਿੰਘ ਸੋਨੀ ਨਾਲ ਵਕੀਲ ਜੀ ਪੀ ਐੱਸ ਘੁੰਮਣ ਦੀ ਮੁਲਾਕਾਤ ਕਰਵਾਈ ਗਈ ਜਿਸ ਨੇ ਮੋਰਚੇ ਵਿਚ ਆਕੇ ਸੰਦੀਪ ਸਿੰਘ ਦੀ ਹਾਲਤ ਬਿਆਨ ਕੀਤੀ। ਜ਼ਿਕਰਯੋਗ ਹੈ ਕਿ ਅੰਮ੍ਰਿਤਸਰ ਵਿੱਚ ਸ਼ਿਵ ਸੈਨਾ ਆਗੂ ਸੰਜੀਵ ਸੂਰੀ ਦੇ ਕਥਿਤ ਕਤਲ ਦੇ ਦੋਸ਼ ਵਿਚ ਪਟਿਆਲਾ ਜੇਲ੍ਹ ਵਿਚ ਬੰਦ ਸੰਦੀਪ ਸਿੰਘ ਸੋਨੀ ’ਤੇ ਇਲਜ਼ਾਮ ਹੈ ਕਿ ਉਸ ਨੇ ਜੇਲ੍ਹ ਵਿਚ ਬੰਦ ਸਾਬਕਾ ਪੁਲਿਸ ਅਧਿਕਾਰੀਆਂ ਸੇਵਾਮੁਕਤ ਡੀ ਐੱਸ ਪੀ ਗੁਰਬਚਨ ਸਿੰਘ, ਇੰਸਪੈਕਟਰ ਸੂਬਾ ਸਿੰਘ ਅਤੇ ਇੰਸਪੈਕਟਰ ਇੰਦਰਜੀਤ ਸਿੰਘ ’ਤੇ ਹਮਲਾ ਕੀਤਾ ਸੀ ਜਿਨ੍ਹਾਂ ਨੂੰ ਝੂਠੇ ਪੁਲਿਸ ਮੁਕਾਬਲੇ ਵਿੱਚ ਸਜ਼ਾ ਸੁਣਾਈ ਗਈ ਹੈ। ਅੱਜ ਪੱਕੇ ਮੋਰਚਾ ਵਿਚ ਉੱਘੇ ਵਕੀਲ ਜੀਪੀਐੱਸ ਘੁੰਮਣ, ਹਵਾਰਾ ਕਮੇਟੀ ਦੇ ਆਗੂ ਬਾਪੂ ਗੁਰਚਰਨ ਸਿੰਘ ਬੈਨੀਵਾਲ, ਸ਼੍ਰੋਮਣੀ ਕਮੇਟੀ ਦੇ ਮੈਂਬਰ ਸਤਵਿੰਦਰ ਸਿੰਘ ਟੌਹੜਾ, ਕਰਨੈਲ ਸਿੰਘ ਪੰਜੋਲੀ, ਬਰਖ਼ਾਸਤ ਕੀਤੇ ਪੰਜ ਪਿਆਰੇ ਸਤਨਾਮ ਸਿੰਘ ਖੰਡਾ, ਸਤਨਾਮ ਸਿੰਘ ਝੱਜੀਆਂ, ਭਾਈ ਤਰਲੋਕ ਸਿੰਘ, ਭਾਈ ਗੁਰਮੀਤ ਸਿੰਘ, ਸੁਖਜੀਤ ਸਿੰਘ ਖੋਸਾ ਸਤਿਕਾਰ ਕਮੇਟੀ, ਭਾਈ ਅਮਰਜੀਤ ਸਿੰਘ ਮਰਿਆਦਾ, ਡਾ. ਦਰਸ਼ਨਪਾਲ ਸਿੰਘ ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਜੰਗ ਸਿੰਘ ਭਟੇੜੀ, ਸਤਨਾਮ ਸਿੰਘ ਬਹਿਰੂ, ਅਮਿਤੋਜ ਮਾਨ ਮਾਨ ਮਰਾੜਾਂ ਵਾਲੇ ਦਾ ਬੇਟਾ, ਕੌਮੀ ਇਨਸਾਫ਼ ਮੋਰਚੇ ਤੋਂ ਸੰਗਤ, ਮਾਨ ਦਲ ਦੇ ਪ੍ਰੋ. ਮਹਿੰਦਰਪਾਲ ਸਿੰਘ ਤੇ ਹਰਭਜਨ ਸਿੰਘ ਕਸ਼ਮੀਰੀ, ਗੁਰਦੀਪ ਸਿੰਘ ਬਠਿੰਡਾ, ਸ਼੍ਰੋਮਣੀ ਅਕਾਲੀ ਦਲ ਵਾਰਸ ਪੰਜਾਬ ਦੇ ਪਾਰਟੀ ਵੱਲੋਂ ਜਸਵਿੰਦਰ ਸਿੰਘ ਡਰੋਲੀ, ਬੀਬੀ ਸਤਨਾਮ ਕੌਰ ਬੁਲਾਰਾ, ਸ਼ਰਨਜੀਤ ਜੋਗੀਪੁਰ, ਸੁਖਜੀਤ ਸਿੰਘ ਸਰਪੰਚ ਰਾਠੀਆ ਅਤੇ ਭਾਈ ਸੁਖਬੀਰ ਸਿੰਘ ਬਲਬੇੜਾ ਤੇ ਗੁਰਦੀਪ ਸਿੰਘ ਮਰਦਾਂਪੁਰ ਆਦਿ ਮੌਜੂਦ ਸਨ।

# ਪੰਜਾਬ ਦੀਆਂ ਮੰਡੀਆਂ ’ਚ ’ਚ ਰੁਲਦੀ ਫਸਲ ਕਬੂਤਰਾਂ ਤੇ ਕਾਵਾਂ ਦੀ ਖੁਰਾਕ ਬਣਨ ਲੱਗੀ





ਆਪਣੀ ਰੁਲਦੀ ਫਸਲ ਨੂੰ ਨਿਹਾਰ ਰਿਹਾ ਕਿਸਾਨ

ਪਟਿਆਲਾ, (ਸਾਡੇ ਲੋਕ) : ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਹੁੰਦਿਆਂ ਹੀ ਮੰਡੀਆਂ ਵਿੱਚ ਪ੍ਰਸ਼ਾਸਨਿਕ ਲਾਪ੍ਰਵਾਹੀ ਦੀ ਤਸਵੀਰ ਸਾਹਮਣੇ ਆਉਣੀ ਸ਼ੁਰੂ ਹੋ ਗਈ ਹੈ। ਪਟਿਆਲਾ ਦੀ ਸਰਹਿੰਦ ਰੋਡ ਨੇੜੇ ਸਥਿਤ ਅਨਾਜ ਮੰਡੀ ਵਿੱਚ ਖੁੱਲ੍ਹੇ ਅਸਮਾਨ ਹੇਠ ਪਿਆ ਕਿਸਾਨ ਦਾ ਸੈਂਕੜੇ ਕੁਇੰਟਲ ਝੋਨਾ ਕਬੂਤਰਾਂ ਅਤੇ ਕਾਵਾਂ ਲਈ ਦਾਅਵਤ ਬਣ ਗਿਆ ਹੈ, ਜਿਸ ਨਾਲ ਕਿਸਾਨਾਂ ਦੀ ਮਿਹਨਤ ਨਾਲ ਉਗਾਈ ਫਸਲ ਦੀ ਸ਼ਰੇਆਮ ਬਰਬਾਦੀ ਹੋ ਰਹੀ ਹੈ।

ਜਾਣਕਾਰੀ ਅਨੁਸਾਰ, ਮੰਡੀ ਵਿੱਚ ਝੋਨੇ ਦੀਆਂ ਵੱਡੀਆਂ-ਵੱਡੀਆਂ ਢੇਰੀਆਂ ਲੱਗੀਆਂ ਹੋਈਆਂ ਸਨ, ਜਿਨ੍ਹਾਂ ਨੂੰ ਢੱਕਣ ਲਈ ਕੋਈ ਢੁਕਵਾਂ ਪ੍ਰਬੰਧ ਨਹੀਂ ਕੀਤਾ ਗਿਆ ਸੀ। ਇਸੇ ਲਾਪ੍ਰਵਾਹੀ ਦਾ ਫਾਇਦਾ ਚੁੱਕਦਿਆਂ ਸੈਂਕੜਿਆਂ ਦੀ ਗਿਣਤੀ ਵਿੱਚ ਕਬੂਤਰ ਅਤੇ ਕਾਂ ਇਨ੍ਹਾਂ ਢੇਰੀਆਂ ’ਤੇ ਬੈਠ ਕੇ ਬਿਨਾਂ ਕਿਸੇ ਰੋਕ-ਟੋਕ ਦੇ ਦਾਣਾ ਚੁਗ ਰਹੇ ਸਨ। ਇਹ ਦ੍ਰਿਸ਼ ਮੰਡੀ ਬੋਰਡ ਅਤੇ ਖਰੀਦ ਏਜੰਸੀਆਂ ਦੇ ਪ੍ਰਬੰਧਾਂ ’ਤੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ।

ਮੰਡੀ ਵਿੱਚ ਮੌਜੂਦ ਕੁਝ ਕਿਸਾਨਾਂ ਨੇ ਆਪਣੀ ਨਿਰਾਸ਼ਾ ਜ਼ਾਹਰ ਕਰਦਿਆਂ ਕਿਹਾ ਕਿ ਉਹ ਪਹਿਲਾਂ ਹੀ ਆਪਣੀ ਫ਼ਸਲ ਨੂੰ ਮੌਸਮ ਦੀ ਮਾਰ ਤੋਂ ਬਚਾ ਕੇ ਅਤੇ ਸਹੀ ਨਮੀ ਦੀ ਮਾਤਰਾ ਨਾਲ ਮੰਡੀ ਤੱਕ ਲੈ ਕੇ ਆਉਂਦੇ ਹਨ। ਇੱਥੇ ਆ ਕੇ ਜਦੋਂ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਉਨ੍ਹਾਂ ਦੀ ਕਮਾਈ ਪੰਛੀ ਖਾ ਜਾਂਦੇ ਹਨ ਤਾਂ ਬਹੁਤ ਦੁੱਖ ਹੁੰਦਾ ਹੈ। ਉਨ੍ਹਾਂ ਮੰਗ ਕੀਤੀ ਕਿ ਖਰੀਦ ਪ੍ਰਕਿਰਿਆ ਵਿੱਚ ਤੇਜ਼ੀ ਲਿਆਂਦੀ ਜਾਵੇ ਅਤੇ ਫਸਲ ਨੂੰ ਸਾਂਭਣ ਲਈ ਤੁਰੰਤ ਤਰਪਾਲਾਂ ਦਾ ਪ੍ਰਬੰਧ ਕੀਤਾ ਜਾਵੇ। ਜ਼ਿਕਰਯੋਗ ਹੈ ਕਿ ਹਰ ਸਾਲ ਖਰੀਦ ਸੀਜ਼ਨ ਦੌਰਾਨ ਅਜਿਹੀਆਂ ਤਸਵੀਰਾਂ ਸਾਹਮਣੇ ਆਉਂਦੀਆਂ ਹਨ, ਜਿੱਥੇ ਪ੍ਰਬੰਧਾਂ ਦੀ ਘਾਟ ਕਾਰਨ ਅਨਾਜ ਦੀ ਬਰਬਾਦੀ ਹੁੰਦੀ ਹੈ। ਜਿੱਥੇ ਇੱਕ ਪਾਸੇ ਸਰਕਾਰ ਅਨਾਜ ਦੇ ਇੱਕ-ਇੱਕ ਦਾਣੇ ਨੂੰ ਬਚਾਉਣ ਦੇ ਦਾਅਵੇ ਕਰਦੀ ਹੈ, ਉੱਥੇ ਹੀ ਦੂਜੇ ਪਾਸੇ ਮੰਡੀਆਂ ਵਿੱਚ ਅਜਿਹੀ ਲਾਪਰਵਾਹੀ ਸਰਕਾਰੀ ਦਾਅਵਿਆਂ ਦੀ ਪੋਲ ਖੋਲ੍ਹਦੀ ਹੈ। ਹੁਣ ਵੇਖਣਾ ਇਹ ਹੋਵੇਗਾ ਕਿ ਪ੍ਰਸ਼ਾਸਨ ਇਸ ਮਾਮਲੇ ਦਾ ਨੋਟਿਸ ਲੈ ਕੇ ਇਸ ਬੇਲੋੜੀ ਬਰਬਾਦੀ ਨੂੰ ਰੋਕਣ ਲਈ ਕੀ ਠੋਸ ਕਦਮ ਚੁੱਕਦਾ ਹੈ।

# ‘ਖ਼ਾਲਸਾ ਏਡ’ ਵੱਲੋਂ ਪੰਜਾਬ ਹੜ੍ਹ ਪੀੜਤਾਂ ਲਈ ਢਾਈ ਲੱਖ ਡਾਲਰ ਦੀ ਰਾਸ਼ੀ ਇਕੱਤਰ

## ਮੈਨੀਟੋਬਾ ਸਰਕਾਰ ਵੱਲੋਂ ਮੁੱਖ ਮੰਤਰੀ ਨੇ ਮਨੁੱਖਤਾ ਦੀ ਸੇਵਾ ਲਈ ਸੰਸਥਾ ਨੂੰ ਇਕ ਲੱਖ ਡਾਲਰ ਦਾ ਚੈੱਕ ਸੌਂਪਿਆ; ਸਿੱਖ ਸੰਗਤਾਂ ਨੇ ਡੇਢ ਲੱਖ ਡਾਲਰ ਦੀ ਰਾਸ਼ੀ ਦਿੱਤੀ




ਵਿਨੀਪੈਗ: ਵਿਸ਼ਵ ਭਰ ਵਿੱਚ ਮਨੁੱਖਤਾ ਦੀ ਸੇਵਾ ਕਰ ਰਹੀ ਸੰਸਥਾ ‘ਖ਼ਾਲਸਾ ਏਡ’ ਨੇ ਕੈਨੇਡਾ ਦੇ ਸੂਬੇ ਮੈਨੀਟੋਬਾ ਦੇ ਵਿਨੀਪੈਗ ਸ਼ਹਿਰ ਵਿਚ ਪੰਜਾਬ ਹੜ੍ਹ ਪੀੜਤਾਂ ਲਈ ਢਾਈ ਲੱਖ ਡਾਲਰ ਇਕੱਤਰ ਕੀਤੇ ਹਨ। ਇਸ ਵਿਚ ਮੈਨੀਟੋਬਾ ਸਰਕਾਰ ਵੱਲੋਂ ਜਾਰੀ ਕੀਤੀ ਗਈ ਇਕ ਲੱਖ ਡਾਲਰ ਦੀ ਸਹਾਇਤਾ ਰਾਸ਼ੀ ਵੀ ਸ਼ਾਮਲ ਹੈ। ਮੈਨੀਟੋਬਾ ਸੂਬੇ ਦੀਆਂ ਸਿੱਖ ਸੰਗਤਾਂ ਵੱਲੋਂ ਵੱਖਰੇ ਤੌਰ ’ਤੇ ਡੇਢ ਲੱਖ ਦੀ ਰਾਸ਼ੀ ਇਕੱਠੀ ਕਰਕੇ ਖ਼ਾਲਸਾ ਏਡ ਨੂੰ ਦਿੱਤੀ ਗਈ ਹੈ। ਇਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਖ਼ਾਲਸਾ ਏਡ ਦੇ ਮੁਖੀ ਸ੍ਰ. ਰਵੀ ਸਿੰਘ ਨੂੰ ਸੂਬੇ ਦੇ ਮੁੱਖ ਮੰਤਰੀ ਵੈੱਬ ਕਿਨਉ ਅਤੇ ਉਨ੍ਹਾਂ ਦੇ ਮੰਤਰੀ ਮੰਡਲ ਵੱਲੋਂ ਇਕ ਲੱਖ ਡਾਲਰ ਦਾ ਚੈੱਕ ਸੌਂਪਿਆ ਗਿਆ। ਮੁੱਖ ਮੰਤਰੀ ਵੈੱਬ ਕਿਨਉ ਨੇ ਖ਼ਾਲਸ ਏਡ ਵੱਲੋਂ ਪੂਰੀ ਦੁਨੀਆ ਵਿੱਚ ਮਾਨਵਤਾ ਦੀ ਭਲਾਈ ਲਈ ਵੱਖ-ਵੱਖ ਸਮਿਆਂ ’ਤੇ ਕੀਤੇ ਗਏ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸੰਸਥਾ ਵੱਲੋਂ ਕੁਦਰਤੀ ਆਫ਼ਤਾਂ ਜਾਂ ਹੋਰ ਮੁਸੀਬਤਾਂ ਵਿੱਚ ਕੀਤੇ ਜਾਂਦੇ ਯਤਨਾਂ ਨੇ ਪੂਰੀ ਦੁਨੀਆ ਵਾਸਤੇ ਇਕ ਮਿਸਾਲ ਕਾਇਮ ਕੀਤੀ ਹੈ। ਉਨ੍ਹਾਂ ਕਿਹਾ ਇਸ ਸਹਾਇਤਾ ਰਾਸ਼ੀ ਨਾਲ ਭਾਰਤ ਅਤੇ ਪਾਕਿਸਤਾਨ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਤਾਲਮੇਲ ਵਾਲੇ ਐਮਰਜੈਂਸੀ ਰਾਹਤ ਯਤਨਾਂ ਵਿਚ ਸਹਾਇਤਾ ਮਿਲੇਗੀ।

ਕੁਲਜੀਤ ਘੁੰਮਣ ਨੇ ਦੱਸਿਆ ਕਿ ਵਿਨੀਪੈਗ ਦੀ ਸੰਗਤ ਵੱਲੋਂ ਤਕਰੀਬਨ ਡੇਢ ਲੱਖ ਡਾਲਰ ਇਕੱਠਾ ਕੀਤਾ ਗਿਆ ਹੈ ਜਿਸ ਵਿਚ ਸਿੱਖ ਮੋਟਰਸਾਈਕਲ ਕਲੱਬ ਮੈਨੀਟੋਬਾ ਵੱਲੋਂ 26 ਹਜ਼ਾਰ ਡਾਲਰ, ਸਿੱਖ ਸੁਸਾਇਟੀ ਆਫ਼ ਮੈਨੀਟੋਬਾ ਗੁਰੂ ਘਰ ਵੱਲੋਂ 21 ਹਜ਼ਾਰ ਡਾਲਰ, ਸਾਊਥ ਸਿੱਖ ਸੈਂਟਰ ਗੁਰੂਘਰ ਵੱਲੋਂ 10 ਹਜ਼ਾਰ ਡਾਲਰ, ਕਲਗ਼ੀਧਰ ਦਰਬਾਰ ਗੁਰੂ ਘਰ ਵੱਲੋਂ 31 ਸੌ, ਵਿਨੀਪੈਗ ਕਬੱਡੀ ਐਸੋਸੀਏਸ਼ਨ ਵੱਲੋਂ 5100, unicity ਟੈਕਸੀ ਵੱਲੋਂ 7500 ਡਾਲਰ ਦਾ ਯੋਗਦਾਨ ਪਾਇਆ ਗਿਆ ਹੈ।

ਇਸ ਮੌਕੇ ਮੁੱਖ ਮੰਤਰੀ ਤੋਂ ਇਲਾਵਾ ਉਨ੍ਹਾਂ ਦਾ ਮੰਤਰੀ ਮੰਡਲ ਅਤੇ ਪੰਜਾਬੀ ਮੂਲ ਦੇ ਐੱਮਐੱਲਏ ਵੀ ਮੌਜੂਦ ਸਨ। ਸਮਾਗਮ ਵਿਚ ਵਿਨੀਪੈਗ ਸ਼ਹਿਰ ਦੇ ਮੇਅਰ, ਵਿਨੀਪੈਗ ਪੁਲੀਸ ਚੀਫ਼ ਅਤੇ ਮੁੱਖ ਵਿਰੋਧੀ ਪਾਰਟੀ ਦੇ ਪ੍ਰਧਾਨ ਓਬੇ ਖ਼ਾਨ ਆਪਣੇ ਐੱਮਐੱਲਏ ਨਾਲ ਮੌਜੂਦ ਸਨ। ਇਸ ਪ੍ਰੋਗਰਾਮ ਵਿਚ ਤਕਰੀਬਨ ਸ਼ਹਿਰ ਦੇ ਪੰਜ ਸੌ ਤੋਂ ਵੀ ਵੱਧ ਲੋਕਾਂ ਨੇ ਸ਼ਮੂਲੀਅਤ ਕੀਤੀ।

ਖ਼ਾਲਸਾ ਏਡ ਦੇ ਸੰਸਥਾਪਕ ਰਵੀ ਸਿੰਘ ਨੇ ਮੈਨੀਟੋਬਾ ਸਰਕਾਰ ਵੱਲੋਂ ਦਿੱਤੇ ਗਏ ਸਹਿਯੋਗ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸੰਸਥਾ ਵੱਲੋਂ ਮਨੁੱਖਤਾ ਦੀ ਭਲਾਈ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ। ਖ਼ਾਲਸਾ ਏਡ ਮੈਨੀਟੋਬਾ ਦੀ ਇੰਚਾਰਜ ਪਿੰਕੀ ਘੁੰਮਣ ਨੇ ਕਿਹਾ, “ਅਸੀਂ ਮੈਨੀਟੋਬਾ ਸਰਕਾਰ ਵੱਲੋਂ ਮਿਲੇ ਸਮਰਥਨ ਲਈ ਧੰਨਵਾਦ ਕਰਦੇ ਹਾਂ।”



ਚੀ.ਫ ਆ.ਫ ਡਿਫੈਂਸ ਸਟਾ.ਫ ਜਨਰਲ ਅਨਿਲ ਚੌਹਾਨ ਅਤੇ ਹਵਾਈ ਸੈਨਾ ਦੇ ਮੁਖੀ, ਏਅਰ ਚੀ.ਫ ਮਾਰਸ਼ਲ ਏਪੀ ਸਿੰਘ, ਕੋਲਕਾਤਾ ਵਿੱਚ ਸੰਯੁਕਤ ਕਮਾਂਡਰਜ਼ ਕਾਨਫਰੰਸ 2025 ਦੇ ਆਖਰੀ ਦਿਨ ਇੱਕ ਸਮੂਹ ਤਸਵੀਰ ਵਿੱਚ।

# ਇਜ਼ਰਾਈਲ ਨੇ ਗਾਜ਼ਾ ਸ਼ਹਿਰ ’ਤੇ ਜ਼ਮੀਨੀ ਹਮਲਾ ਕੀਤਾ ਸ਼ੁਰੂ





ਜ਼ਮੀਨੀ ਕਾਰਵਾਈ ਅਤੇ ਤੇਜ਼ ਹੁੰਦੀ ਇਜ਼ਰਾਈਲੀ ਬੰਬਾਰੀ ਇੱਕ ਅਜਿਹੀ ਜੰਗ ਵਿੱਚ ਮਾਨਵਤਾਵਾਦੀ ਸੰਕਟ ਨੂੰ ਹੋਰ ਡੂੰਘਾ ਕਰਨ ਦਾ ਖ਼ਤਰਾ ਪੈਦਾ ਕਰ ਰਹੀ ਹੈ, ਜਿਸ ਵਿੱਚ ਪਹਿਲਾਂ ਹੀ ਹਜ਼ਾਰਾਂ ਫਲਸਤੀਨੀ ਮਾਰੇ ਜਾ ਚੁੱਕੇ ਹਨ।

ਇਜ਼ਰਾਈਲੀ ਫੌਜ ਨੇ ਮੰਗਲਵਾਰ ਨੂੰ ਕਿਹਾ ਕਿ ਉਸਨੇ ਰਾਤੋ-ਰਾਤ ਗਾਜ਼ਾ ਸ਼ਹਿਰ ਵਿੱਚ ਜ਼ਮੀਨੀ ਘੁਸਪੈਠ ਸ਼ੁਰੂ ਕਰ ਦਿੱਤੀ ਹੈ, ਇੱਕ ਪ੍ਰਮੁੱਖ ਸ਼ਹਿਰੀ ਖੇਤਰ ’ਤੇ ਕਬਜ਼ਾ ਕਰਨ ਲਈ ਇੱਕ ਜੋਖਮ ਭਰੀ ਕਾਰਵਾਈ ਸ਼ੁਰੂ ਕੀਤੀ ਹੈ, ਭਾਵੇਂ ਕਿ ਲੱਖਾਂ ਫਲਸਤੀਨੀ ਨਿਵਾਸੀ ਅਜੇ ਵੀ ਉੱਥੇ ਮੌਜੂਦ ਹਨ।

ਇਹ ਜ਼ਮੀਨੀ ਕਾਰਵਾਈ ਅਤੇ ਤੇਜ਼ ਹੁੰਦੀ ਇਜ਼ਰਾਈਲੀ ਬੰਬਾਰੀ ਗਾਜ਼ਾ ਵਿੱਚ ਮਾਨਵਤਾਵਾਦੀ ਸੰਕਟ ਨੂੰ ਹੋਰ ਡੂੰਘਾ ਕਰਨ ਦਾ ਖ਼ਤਰਾ ਪੈਦਾ ਕਰਦੀ ਹੈ, ਇੱਕ ਅਜਿਹੀ ਜੰਗ ਵਿੱਚ ਜੋ ਲਗਭਗ ਦੋ ਸਾਲਾਂ ਤੋਂ ਚੱਲ ਰਹੀ ਹੈ ਅਤੇ ਜਿਸ ਵਿੱਚ ਹਜ਼ਾਰਾਂ ਲੋਕ ਮਾਰੇ ਜਾ ਚੁੱਕੇ ਹਨ। ਗਾਜ਼ਾ ਸ਼ਹਿਰ ਵਿੱਚ ਫਲਸਤੀਨੀਆਂ ਨੇ ਦਹਿਸ਼ਤ ਦੇ ਦ੍ਰਿਸ਼ਾਂ ਦਾ ਵਰਣਨ ਕੀਤਾ ਕਿਉਂਕਿ ਇਜ਼ਰਾਈਲ ਨੇ ਇਸ ਖੇਤਰ ਵਿੱਚ ਭਾਰੀ ਹਵਾਈ ਹਮਲੇ ਕੀਤੇ।

ਪੱਛਮੀ ਗਾਜ਼ਾ ਸ਼ਹਿਰ ਵਿੱਚ ਤੱਟ ਦੇ ਨੇੜੇ ਇੱਕ ਅਪਾਰਟਮੈਂਟ ਵਿੱਚ ਪਨਾਹ ਲੈ ਰਹੇ ਇੱਕ ਸਾਬਕਾ ਸਕੂਲ ਅਧਿਆਪਕ, ਮੋਂਟਾਸਰ ਬਾਹਜਾ ਨੇ ਕਿਹਾ, “ਅਸੀਂ ਸਾਰੇ ਡਰੇ ਹੋਏ ਹਾਂ।” “ਜਿਸ ਹਾਲਤ ਵਿੱਚ ਅਸੀਂ ਜੀ ਰਹੇ ਹਾਂ, ਉਸ ਤੋਂ ਤਾਂ ਮੌਤ ਵਧੇਰੇ ਰਹਿਮਦਿਲ ਹੋਵੇਗੀ।”

ਇਸ ਕਾਰਵਾਈ ਦੀ ਤਿਆਰੀ ਕਈ ਹਫ਼ਤਿਆਂ ਤੋਂ ਚੱਲ ਰਹੀ ਸੀ, ਇਜ਼ਰਾਈਲ ਦਾ ਕਹਿਣਾ ਹੈ ਕਿ ਹਮਾਸ ਨੂੰ ਮੁੜ ਸੰਗਠਿਤ ਹੋਣ ਅਤੇ ਭਵਿੱਖੀ ਹਮਲਿਆਂ ਦੀ ਯੋਜਨਾ ਬਣਾਉਣ ਤੋਂ ਰੋਕਣ ਲਈ ਸ਼ਹਿਰ ’ਤੇ ਕਬਜ਼ਾ ਕਰਨਾ ਜ਼ਰੂਰੀ ਸੀ। ਜ਼ਮੀਨੀ ਹਮਲੇ ਦੀਆਂ ਯੋਜਨਾਵਾਂ ਨੇ ਤਿੱਖੀ ਅੰਤਰਰਾਸ਼ਟਰੀ ਆਲੋਚਨਾ ਕੀਤੀ ਅਤੇ ਹਮਾਸ ਨਾਲ ਜੰਗਬੰਦੀ ਸਮਝੌਤੇ ਦੀਆਂ ਉਮੀਦਾਂ ਨੂੰ ਧੁੰਦਲਾ ਕਰ ਦਿੱਤਾ ਜਿਸ ਨਾਲ ਕੁਝ ਬੰਧਕਾਂ ਨੂੰ ਰਿਹਾਅ ਕੀਤਾ ਜਾ ਸਕਦਾ ਸੀ ਜਿਨ੍ਹਾਂ ਨੂੰ ਅੱਤਵਾਦੀਆਂ ਨੇ ਫੜਿਆ ਹੋਇਆ ਹੈ।

ਹਾਲ ਹੀ ਦੇ ਦਿਨਾਂ ਵਿੱਚ ਹਵਾਈ ਹਮਲਿਆਂ ਨੂੰ ਤੇਜ਼ ਕਰਨ ਤੋਂ ਬਾਅਦ, ਮੰਗਲਵਾਰ ਸਵੇਰੇ ਇਜ਼ਰਾਈਲੀ ਫੌਜ ਨੇ ਕਿਹਾ ਕਿ ਐਕਟਿਵ ਡਿਊਟੀ ਅਤੇ ਰਿਜ਼ਰਵ ਫੌਜਾਂ ਦੀਆਂ ਤਿੰਨ ਡਿਵੀਜ਼ਨਾਂ ਨੇ ਹਮਾਸ ਨੂੰ ਨਿਸ਼ਾਨਾ ਬਣਾਉਣ ਲਈ ਪਿਛਲੇ ਦਿਨ ‘ਗਾਜ਼ਾ ਸ਼ਹਿਰ ਵਿੱਚ ਵਿਸਤ੍ਰਿਤ ਜ਼ਮੀਨੀ ਕਾਰਵਾਈਆਂ’ ਸ਼ੁਰੂ ਕਰ ਦਿੱਤੀਆਂ ਹਨ।

ਇਜ਼ਰਾਈਲ ਦੇ ਰੱਖਿਆ ਮੰਤਰੀ, ਇਜ਼ਰਾਈਲ ਕਾਟਜ਼ ਨੇ ਕਿਹਾ ਕਿ ਜ਼ਮੀਨੀ ਕਾਰਵਾਈ ਹਮਾਸ ਦੇ ਖਿਲਾਫ ‘ਇਸ ਮੁਹਿੰਮ ਨੂੰ ਪੂਰਾ ਕਰਨ ਅਤੇ ਹਰਾਉਣ ਲਈ ਸਭ ਤੋਂ ਮਹੱਤਵਪੂਰਨ ਪ੍ਰੀਖਣ ਬਿੰਦੂ ’ਤੇ’ ਸ਼ੁਰੂ ਕੀਤੀ ਗਈ ਸੀ।

ਉਨ੍ਹਾਂ ਨੇ ਇੱਕ ਬਿਆਨ ਵਿੱਚ ਕਿਹਾ, ‘ਇੱਥੇ ਹਮਲੇ ਦੀ ਤੀਬਰਤਾ ਜਿੰਨੀ ਜ਼ਿਆਦਾ ਹੋਵੇਗੀ, ਓਨਾ ਹੀ ਇਹ ਹਮਾਸ ਨੂੰ ਸਿੱਧੇ ਤੌਰ ’ਤੇ ਕਮਜ਼ੋਰ ਕਰੇਗਾ ਅਤੇ ਇਹ ਬੰਧਕਾਂ ਦੀ ਰਿਹਾਈ ਲਈ ਵਧੇਰੇ ਦਬਾਅ ਵੀ ਬਣਾਏਗਾ।’

ਗਾਜ਼ਾ ਸ਼ਹਿਰ ਦੇ ਇੱਕ ਪ੍ਰਮੁੱਖ ਮੈਡੀਕਲ ਸੈਂਟਰ, ਅਲ-ਸ਼ਿਫਾ ਹਸਪਤਾਲ ਦੇ ਡਾਇਰੈਕਟਰ ਮੁਹੰਮਦ ਅਬੂ ਸਲਮੀਆ ਦੇ ਅਨੁਸਾਰ, ਰਾਤੋ-ਰਾਤ ਹਮਲੇ ਤੇਜ਼ ਹੋਣ ਤੋਂ ਬਾਅਦ 20 ਤੋਂ ਵੱਧ ਮ੍ਰਿਤਕ ਅਤੇ ਦਰਜਨਾਂ ਹੋਰ ਜ਼ਖਮੀ ਲੋਕਾਂ ਨੂੰ ਹਸਪਤਾਲ ਲਿਆਂਦਾ ਗਿਆ ਹੈ। ਗਾਜ਼ਾ ਦੇ ਸਿਹਤ ਮੰਤਰਾਲੇ ਦੇ ਇੱਕ ਅਧਿਕਾਰੀ, ਜ਼ਾਹਰ ਅਲ-ਵਾਹੀਦੀ ਨੇ ਪੁਸ਼ਟੀ ਕੀਤੀ ਕਿ ਹਸਪਤਾਲ ਨੇ ਅੱਧੀ ਰਾਤ ਤੋਂ ਬਾਅਦ 20 ਤੋਂ ਵੱਧ ਲਾਸ਼ਾਂ ਪ੍ਰਾਪਤ ਕਰਨ ਦੀ ਰਿਪੋਰਟ ਦਿੱਤੀ ਹੈ।

ਸਥਾਨਕ ਸਿਹਤ ਅਧਿਕਾਰੀਆਂ ਨੇ ਕਿਹਾ ਕਿ ਐਂਬੂਲੈਂਸ ਅਤੇ ਐਮਰਜੈਂਸੀ ਕਰਮਚਾਰੀ ਸੜਕਾਂ ’ਤੇ ਫਸੇ ਜਾਂ ਇਜ਼ਰਾਈਲੀ ਹਮਲਿਆਂ ਦੇ ਮਲਬੇ ਹੇਠ ਦੱਬੇ ਹੋਏ ਜ਼ਖਮੀ ਲੋਕਾਂ ਤੱਕ ਪਹੁੰਚਣ ਵਿੱਚ ਅਸਮਰੱਥ ਸਨ।

ਹਮਾਸ ਨੇ ਜ਼ਮੀਨੀ ਕਾਰਵਾਈ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਇਹ ਗਾਜ਼ਾ ਨੂੰ ਘੇਰਨ ਵਾਲੀ ਮਾਨਵਤਾਵਾਦੀ ‘ਤਬਾਹੀ’ ਨੂੰ ਹੋਰ ਬਦਤਰ ਬਣਾ ਦੇਵੇਗੀ। ਇੱਕ ਬਿਆਨ ਵਿੱਚ, ਅੱਤਵਾਦੀ ਸਮੂਹ ਨੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਇਜ਼ਰਾਈਲ ਅਤੇ ਨਵੇਂ ਜ਼ਮੀਨੀ ਹਮਲੇ ਦੇ ਵਿਰੁੱਧ ਦਖਲ ਦੇਣ ਦੀ ਮੰਗ ਕੀਤੀ, ਜਿਸਦਾ ਦੋਸ਼ ਉਸਨੇ ਸੰਯੁਕਤ ਰਾਜ ਅਮਰੀਕਾ ’ਤੇ ਲਗਾਇਆ ਹੈ।

**ਇੱਥੇ ਹੋਰ ਕੀ ਜਾਣਨ ਵਾਲੀ ਗੱਲ ਹੈ:**

- ਇਜ਼ਰਾਈਲ ਦੇ ਉਦੇਸ਼: ਇਜ਼ਰਾਈਲੀ



ਅਧਿਕਾਰੀਆਂ ਨੇ ਕਿਹਾ ਹੈ ਕਿ ਗਾਜ਼ਾ ਸ਼ਹਿਰ ’ਤੇ ਕਬਜ਼ਾ ਕਰਨ ਦੀ ਯੋਜਨਾ ਦਾ ਉਦੇਸ਼ ਹਮਾਸ ਨੂੰ ਮੁੜ ਸੰਗਠਿਤ ਹੋਣ ਅਤੇ ਭਵਿੱਖੀ ਹਮਲਿਆਂ ਦੀ ਯੋਜਨਾ ਬਣਾਉਣ ਤੋਂ ਰੋਕਣਾ ਹੈ, ਜਿਵੇਂ ਕਿ 7 ਅਕਤੂਬਰ, 2023 ਨੂੰ ਦੱਖਣੀ ਇਜ਼ਰਾਈਲ ’ਤੇ ਹੋਇਆ ਘਾਤਕ ਹਮਲਾ ਜਿਸਨੇ ਜੰਗ ਨੂੰ ਭੜਕਾਇਆ ਸੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਹਮਲੇ ਦੌਰਾਨ ਲਗਭਗ 1,200 ਲੋਕ ਮਾਰੇ ਗਏ ਸਨ ਅਤੇ ਲਗਭਗ 250 ਹੋਰਾਂ ਨੂੰ ਅਗਵਾ ਕਰ ਲਿਆ ਗਿਆ ਸੀ।
- **ਸੰਯੁਕਤ ਰਾਸ਼ਟਰ ਦੀ ਜਾਂਚ:** ਗਾਜ਼ਾ ਵਿੱਚ ਜੰਗ ਦੀ ਜਾਂਚ ਕਰ ਰਹੇ ਸੰਯੁਕਤ ਰਾਸ਼ਟਰ ਦੇ ਇੱਕ ਕਮਿਸ਼ਨ ਨੇ ਮੰਗਲਵਾਰ ਨੂੰ ਕਿਹਾ ਕਿ ਇਜ਼ਰਾਈਲ ਫਲਸਤੀਨੀਆਂ ਵਿਰੁੱਧ ਨਸਲਕੁਸ਼ੀ ਕਰ ਰਿਹਾ ਹੈ, ਜੋ ਕਿ ਇਸ ਸੰਘਰਸ਼ ਵਿੱਚ ਇਜ਼ਰਾਈਲੀ ਸਰਕਾਰ ਦੇ ਆਚਰਣ ਬਾਰੇ ਪੈਨਲ ਦੀ ਹੁਣ ਤੱਕ ਦੀ ਸਭ ਤੋਂ ਵਿਆਪਕ ਖੋਜ ਹੈ। ਇਜ਼ਰਾਈਲ ਨੇ ਵਿਦਵਾਨਾਂ ਅਤੇ ਮਨੁੱਖੀ ਅਧਿਕਾਰ ਸਮੂਹਾਂ ਦੁਆਰਾ ਨਸਲਕੁਸ਼ੀ ਦੇ ਦੋਸ਼ਾਂ ਨੂੰ ਵਾਰ-ਵਾਰ ਖਾਰਜ ਕੀਤਾ ਹੈ, ਇਹ ਕਹਿੰਦੇ ਹੋਏ ਕਿ ਉਸਦੀ ਫੌਜੀ ਮੁਹਿੰਮ ਦਾ ਨਿਸ਼ਾਨਾ ਹਮਾਸ ਹੈ।
- **ਮਾਨਵਤਾਵਾਦੀ ਸੰਕਟ:** ਸੰਯੁਕਤ ਰਾਸ਼ਟਰ ਦੀ ਇੱਕ ਤਾਜ਼ਾ ਰਿਪੋਰਟ ਦੇ ਅਨੁਸਾਰ, ਹਮਾਸ ਵਿਰੁੱਧ ਇਜ਼ਰਾਈਲ ਦੀ ਲਗਭਗ ਦੋ ਸਾਲਾਂ ਦੀ ਜਵਾਬੀ ਜੰਗ ਤੋਂ ਬਾਅਦ, ਗਾਜ਼ਾ ਪੱਟੀ ਵੱਡੇ ਪੱਧਰ ’ਤੇ ਤਬਾਹ ਹੋ ਗਈ ਹੈ ਅਤੇ ਇਸਦੇ ਕੁਝ ਹਿੱਸਿਆਂ ਵਿੱਚ ਅਕਾਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਗਾਜ਼ਾ ਦੇ ਸਿਹਤ ਮੰਤਰਾਲੇ ਦੇ ਅਨੁਸਾਰ, 64,000 ਤੋਂ ਵੱਧ ਫਲਸਤੀਨੀ ਮਾਰੇ ਗਏ ਹਨ, ਜੋ ਲੜਾਕਿਆਂ ਅਤੇ ਨਾਗਰਿਕਾਂ ਵਿੱਚ ਫਰਕ ਨਹੀਂ ਕਰਦਾ।
- **ਕੂਟਨੀਤੀ:** ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਮੰਗਲਵਾਰ ਨੂੰ ਚੇਤਾਵਨੀ ਦਿੱਤੀ ਕਿ ਗਾਜ਼ਾ ਵਿੱਚ ਜੰਗ ਦੇ ਗੱਲਬਾਤ ਰਾਹੀਂ ਅੰਤ ਲਈ ‘ਸਮਾਂ ਖਤਮ ਹੋ ਰਿਹਾ ਹੈ’। ਉਹ ਕਤਰ ਲਈ ਇਜ਼ਰਾਈਲ ਤੋਂ ਰਵਾਨਾ ਹੋਣ ਤੋਂ ਕੁਝ ਮਿੰਟ ਪਹਿਲਾਂ ਬੋਲੇ, ਅਤੇ ਠੀਕ ਉਸੇ ਸਮੇਂ ਜਦੋਂ ਇਜ਼ਰਾਈਲ ਗਾਜ਼ਾ ਸ਼ਹਿਰ ’ਤੇ ਫੌਜੀ ਹਮਲਾ ਕਰ ਰਿਹਾ ਸੀ। ਇਹ ਅਸਪਸ਼ਟ ਹੈ ਕਿ ਕੀ ਸ਼੍ਰੀਮਾਨ ਰੂਬੀਓ ਨੂੰ ਉਸ ਸਮੇਂ ਪਤਾ ਸੀ ਕਿ ਲੰਬੇ ਸਮੇਂ ਤੋਂ ਉਡੀਕੀ ਜਾ ਰਹੀ ਜ਼ਮੀਨੀ ਕਾਰਵਾਈ ਸ਼ੁਰੂ ਹੋ ਗਈ ਸੀ।
- **ਬੰਧਕ ਪਰਿਵਾਰਾਂ ਦੇ ਡਰ:** ਇਸਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ, ਗਾਜ਼ਾ ਵਿੱਚ ਨਵੇਂ ਫੌਜੀ ਮੋਰਚੇ ਨੇ ਇਜ਼ਰਾਈਲੀਆਂ ਨੂੰ ਵੰਡ ਦਿੱਤਾ ਸੀ, ਜਿਨ੍ਹਾਂ ਵਿੱਚੋਂ ਬਹੁਤਿਆਂ ਨੂੰ ਡਰ ਸੀ ਕਿ ਇਹ ਲਗਭਗ 20 ਬੰਧਕਾਂ ਨੂੰ ਹੋਰ ਖ਼ਤਰੇ ਵਿੱਚ ਪਾ ਦੇਵੇਗਾ ਜਿਨ੍ਹਾਂ ਨੂੰ ਹਮਾਸ ਨੇ ਜੰਗ ਦੀ ਸ਼ੁਰੂਆਤ ਤੋਂ ਹੀ ਫੜਿਆ ਹੋਇਆ ਹੈ। ਬੰਧਕਾਂ ਦੇ ਪਰਿਵਾਰਕ ਮੈਂਬਰਾਂ ਦੇ ਇੱਕ ਸਮੂਹ ਨੇ ਸੋਮਵਾਰ ਰਾਤ ਨੂੰ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਘਰ ਦੇ ਬਾਹਰ ਵਿਰੋਧ ਪ੍ਰਦਰਸ਼ਨ ਕੀਤਾ, ਜਿਨ੍ਹਾਂ ਵਿੱਚੋਂ ਕੁਝ ਨੇ ਗਾਜ਼ਾ ਵਿੱਚ ਜ਼ਮੀਨੀ ਕਾਰਵਾਈ ਦੇ ਵਿਰੁੱਧ ਸਰਕਾਰ ਨੂੰ ਲਗਾਤਾਰ ਬੇਨਤੀ ਕਰਦੇ ਹੋਏ ਤੰਬੂ ਲਗਾ ਲਏ।



**ਫੋਟੋ ਧੰਨਵਾਦ ਸਹਿਤ ਸੋਸ਼ਲ ਮੀਡੀਆ**

21 ਸਤੰਬਰ 'ਤੇ ਵਿਸ਼ੇਸ਼

# ਪੰਜਾਬੀ ਸੂਬੇ ਦੇ ਪਹਿਲੇ ਸ਼ਹੀਦ ਕਾਕਾ ਇੰਦਰਜੀਤ ਸਿੰਘ ਅਤੇ 'ਇੱਕ ਰਾਸ਼ਟਰ ਇੱਕ ਬੋਲੀ' ਦਾ ਪੰਜਾਬੀ ਵਿਰੋਧੀ ਬਿਰਤਾਂਤ

ਅੱਜ ਤੋਂ 65 ਸਾਲ ਪਹਿਲਾਂ, 21 ਸਤੰਬਰ ਦਾ ਦਿਨ, ਪੰਜਾਬੀ ਬੋਲੀ ਦੇ ਆਧਾਰ 'ਤੇ ਕਾਇਮ ਹੋਏ ਸੂਬੇ ਦੀ ਸ਼ਹਾਦਤ ਦੀ ਦਾਸਤਾਨ ਬਿਆਨ ਕਰਦਾ ਹੈ। ਪੰਜਾਬੀ ਬੋਲੀ ਦੀ ਹੋਂਦ ਨੂੰ ਬਚਾਉਣ ਖਾਤਰ ਪੰਜਾਬੀ ਸੂਬੇ ਦਾ ਮੋਰਚਾ ਲਗਾਉਣ ਵਾਲੇ ਮਹਾਨ ਸ਼ਹੀਦਾਂ ਦੀ ਸੂਚੀ ਵਿੱਚ ਇੱਕ ਨਾਂ, 10 ਸਾਲਾਂ ਦੇ ਬੱਚੇ ਦਾ ਆਉਂਦਾ ਹੈ, ਜੋ ਇਸ ਸੰਘਰਸ਼ ਦਾ ਸਭ ਤੋਂ ਛੋਟੀ ਉਮਰ ਦਾ ਸ਼ਹੀਦ ਹੈ। ਇਹ ਬਹਾਦਰ, ਮਾਂ ਬੋਲੀ ਪੰਜਾਬੀ ਦਾ ਸਪੂਤ ਸ਼ਹੀਦ ਕਾਕਾ ਇੰਦਰਜੀਤ ਸਿੰਘ ਕਰਨਾਲ ਸੀ, ਜਿਸ ਨੇ 'ਪੰਜਾਬੀ ਬੋਲੀ ਜ਼ਿੰਦਾਬਾਦ' ਦੇ ਨਾਅਰੇ ਬੁਲੰਦ ਕਰਦਿਆਂ ਸ਼ਹੀਦੀ ਪਾਈ।

ਇਹ ਇਤਿਹਾਸਕ ਘਟਨਾ 21 ਸਤੰਬਰ 1960 ਦੀ ਹੈ। ਉਨੀਂ ਦਿਨੀਂ ਜਦੋਂ ਪੰਜਾਬੀ ਸੂਬੇ ਦਾ ਮੋਰਚਾ ਜ਼ੋਰਾਂ 'ਤੇ ਸੀ ਅਤੇ ਉਸ ਸਮੇਂ 'ਪੰਜਾਬੀ ਬੋਲੀ ਦੀ ਜੈ-ਜੈ ਕਾਰ' ਦੇ ਬਣੇ ਨਾਅਰਿਆਂ ਅਤੇ ਚੜ੍ਹਦੀ ਕਲਾ ਦੇ ਜੈਕਾਰਿਆਂ 'ਤੇ ਪਾਬੰਦੀ ਲਾ ਦਿੱਤੀ ਗਈ ਸੀ। ਪੰਜਾਬ ਸਰਕਾਰ ਨੇ ਪੰਜਾਬ ਪੁਲਿਸ ਨੂੰ ਇਹ ਹੁਕਮ ਦਿੱਤੇ ਸਨ ਕਿ 'ਪੰਜਾਬੀ ਸੂਬਾ ਜ਼ਿੰਦਾਬਾਦ' ਦੇ ਨਾਅਰੇ ਲਾਉਣ ਵਾਲਿਆਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਏ ਜਾਂ ਮੌਕੇ 'ਤੇ ਤਸ਼ੱਦਦ ਦਾ ਸ਼ਿਕਾਰ ਬਣਾਇਆ ਜਾਏ। ਉਸ ਸਮੇਂ ਜਦੋਂ ਕਰਨਾਲ (ਮੌਜੂਦਾ ਹਰਿਆਣਾ) ਵੀ ਪੰਜਾਬ ਦਾ ਹਿੱਸਾ ਸੀ, ਉਦੋਂ ਮੋਗਾ ਸਥਿਤ ਸਿੱਖ ਪਰਿਵਾਰ ਦਾ ਬੱਚਾ ਆਪਣੀ ਰਿਸ਼ਤੇਦਾਰੀ ਵਿੱਚ ਕਰਨਾਲ ਗਿਆ ਹੋਇਆ ਸੀ। ਕਾਕਾ ਇੰਦਰਜੀਤ ਸਿੰਘ, ਮੋਗਾ ਦੇ ਭੁਪਿੰਦਰਾ ਹਾਈ ਸਕੂਲ ਵਿੱਚ ਪੰਜਵੀਂ ਜਮਾਤ ਵਿੱਚ ਪੜ੍ਹਦਾ ਸੀ ਤੇ ਉਮਰ ਕਰੀਬ ਦਸ ਕੁ ਸਾਲ ਸੀ।

21 ਸਤੰਬਰ 1960 ਕਰਨਾਲ 'ਚ ਆਪਣੀ ਉਮਰ ਦੇ ਬੱਚਿਆਂ ਨਾਲ ਇੰਦਰਜੀਤ ਸਿੰਘ ਖੇਡਦੇ ਹੋਏ, 'ਪੰਜਾਬੀ ਬੋਲੀ ਜ਼ਿੰਦਾਬਾਦ' ਤੇ 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦੇ ਜੈਕਾਰੇ ਛੱਡਣ ਲੱਗ ਪਿਆ। ਉਸ ਇਲਾਕੇ ਵਿੱਚ ਤਾਇਨਾਤ ਪੁਲਿਸ ਨੇ ਇਨ੍ਹਾਂ ਬੱਚਿਆਂ ਨੂੰ ਜ਼ਿੰਦਾਬਾਦ ਦੇ ਨਾਅਰੇ ਤੇ ਜੈਕਾਰੇ ਲਗਾਉਣ ਤੋਂ ਜਬਰੀ ਰੋਕਣਾ ਚਾਹਿਆ, ਪਰ ਬੱਚੇ ਨਿਡਰਤਾ ਨਾਲ ਹੋਰ ਜ਼ੋਰ-ਜ਼ੋਰ ਦੀ ਨਾਅਰੇ ਲਗਾਉਣ ਲੱਗੇ। ਇਨ੍ਹਾਂ ਬੱਚਿਆਂ ਵਿੱਚੋਂ ਕਾਕਾ ਇੰਦਰਜੀਤ ਸਿੰਘ ਹੱਦੋਂ ਵੱਧ ਜੋਸ਼ੀਲੇ ਰੂਪ ਵਿੱਚ ਪੁਲਿਸ ਵਾਲਿਆਂ ਨੂੰ ਕਹਿਣ ਲੱਗਿਆ, ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਬੱਚੇ ਹਾਂ, ਡਰਨ ਵਾਲੇ ਨਹੀਂ।

ਦਸ ਸਾਲ ਦੇ ਬੱਚੇ ਇੰਦਰਜੀਤ ਸਿੰਘ ਤੋਂ ਲਲਕਾਰ ਸੁਣਦਿਆਂ ਹੀ ਜ਼ਾਲਮ ਪੁਲਿਸ ਵਾਲੇ ਸ਼ੈਤਾਨ ਬਣ ਗਏ ਅਤੇ ਬੱਚੇ ਨੂੰ ਭਿਆਨਕ ਦਰਿੰਦਗੀ ਨਾਲ ਬੇਹਤਾਸ਼ਾ ਕੁੱਟਣ ਲੱਗੇ। ਇਹ ਕੋਈ ਦਸ਼ਮੇਸ਼ ਪਿਤਾ ਦੇ ਸਾਹਿਬਜ਼ਾਦਿਆਂ ਦੀ ਰੂਹਾਨੀ ਬਖ਼ਸ਼ਿਸ਼ ਜਾਂ ਅੰਦਰੋਂ ਸਿੱਖੀ ਦੇ ਬੁਲੰਦ ਜ਼ਜਬੇ ਦਾ ਅਸਰ ਹੀ ਸੀ ਕਿ ਕਾਕਾ ਇੰਦਰਜੀਤ ਸਿੰਘ ਕੁੱਟਮਾਰ ਮਗਰੋਂ, ਹੋਰ ਵੀ ਬੇਖੌਫ ਹੋ ਗਿਆ ਅਤੇ ਦਰਿੰਦੇ ਪੁਲਸੀਆਂ ਅੱਗੇ 'ਪੰਜਾਬੀ ਬੋਲੀ ਜ਼ਿੰਦਾਬਾਦ', 'ਪੰਜਾਬੀ ਸੂਬਾ ਜ਼ਿੰਦਾਬਾਦ', 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦੇ ਜੈਕਾਰੇ ਹੋਰ ਗਜ-ਵਜ ਕੇ ਲਾਉਣ ਲੱਗਾ। ਇਉਂ ਜਾਪਦਾ ਹੈ ਜਿਵੇਂ ਸਦੀਆਂ ਪਹਿਲਾਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਦ੍ਰਿਸ਼ ਮੁੜ ਇਤਿਹਾਸ ਦੇ ਪੰਨਿਆਂ 'ਤੇ ਰੂਪਮਾਨ ਹੋ ਰਿਹਾ ਹੋਵੇ। ਕਾਕਾ ਇੰਦਰਜੀਤ ਸਿੰਘ ਨੇ ਗਰਜ ਕੇ ਕਿਹਾ ਕਿ ਜੇ ਸੱਤ ਅਤੇ ਨੌਂ ਸਾਲ ਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਸ਼ਹੀਦ ਹੋ ਸਕਦੇ ਹਨ, ਉਹ ਵੀ ਤਾਂ ਗੁਰੂ ਦੇ ਲਾਲ ਹੀ ਹੈ, ਫਿਰ ਸ਼ਹੀਦ ਕਿਉਂ ਨਹੀਂ ਹੋ ਸਕਦਾ। ਇਤਿਹਾਸ ਨੂੰ ਦੁਹਰਾਉਂਦੀ ਇਸ ਘਟਨਾ ਨੂੰ ਲਿਖਦੇ ਹੋਏ ਕਲਮ ਕੁਰਲਾ ਉੱਠਦੀ ਹੈ।




ਡਾ. ਗੁਰਵਿੰਦਰ ਸਿੰਘ
604 825 1550

ਇੱਕ ਪਾਸੇ ਦਸ ਸਾਲ ਦਾ ਬੱਚਾ ਤੇ ਦੂਜੇ ਪਾਸੇ ਜ਼ਾਲਮ ਪੁਲਸੀਆਂ ਦੀ ਧਾੜ। ਪਹਿਲਾਂ ਡਾਂਗਾਂ-ਸੋਟੀਆਂ ਦੀ ਕੁੱਟਮਾਰ, ਫਿਰ ਲੱਤਾਂ 'ਤੇ ਗੋਲੀਆਂ ਵਰ੍ਹਾਈਆਂ ਗਈਆਂ, ਪਰ ਜ਼ਖਮੀ ਜਿਸਮ ਵਿੱਚੋਂ ਵੀ ਪੰਜਾਬੀ ਬੋਲੀ ਜ਼ਿੰਦਾਬਾਦ ਦੇ ਨਾਅਰੇ ਅਤੇ ਗੁਰੂ ਦੇ ਜੈਕਾਰੇ ਗੂੰਜ ਰਹੇ ਸਨ। ਬੁੱਚੜ ਪੁਲਸ ਅਧਿਕਾਰੀਆਂ ਨੇ ਕਾਕਾ ਇੰਦਰਜੀਤ ਸਿੰਘ ਦੀਆਂ ਅੱਖਾਂ ਕਢ ਦਿਤੀਆਂ, ਬਾਂਹ ਵੱਢ ਦਿੱਤੀ ਗਈ, ਡਾਂਗਾਂ ਨਾਲ ਭੰਨਿਆ ਤੇ ਗੋਲੀਆਂ ਨਾਲ ਭੁੰਨਿਆ। ਪੰਜਾਬੀ ਬੋਲੀ ਤੇ ਪੰਜਾਬੀ ਸੂਬੇ ਦੇ ਦੁਸ਼ਮਣਾਂ ਨੇ ਉਸ ਨੂੰ ਅਧਮੋਇਆ ਕਰ ਦਿੱਤਾ।

ਬਾਲ ਇੰਦਰਜੀਤ ਸਿੰਘ ਅਜੇ ਜਿਊਂਦਾ ਸੀ, ਉਸ ਦੇ ਅੰਦਰ ਮਾਂ ਬੋਲੀ ਦੀ ਮੁਹੱਬਤ ਠਾਠਾਂ ਮਾਰ ਰਹੀ ਸੀ। ਸਾਹਾਂ ਦੀ ਡੋਰ ਅਜੇ ਟੁੱਟੀ ਨਹੀਂ ਸੀ, ਪਰ ਚੱਲਦੇ ਸਾਹਾਂ ਵਾਲੇ ਮਾਸੂਮ ਬਾਲ ਨੂੰ ਖੂਹ ਵਿੱਚ ਸੁੱਟ ਦਿੱਤਾ ਗਿਆ। ਜਿਵੇਂ ਇੰਦਰਜੀਤ ਸਿੰਘ ਨੂੰ ਜਿਸ ਤਰੀਕੇ ਨਾਲ ਤਸ਼ੱਦਦ ਕਰਦਿਆਂ ਸ਼ਹੀਦ ਕੀਤਾ ਗਿਆ, ਇਹ ਦਾਸਤਾਨ ਕਥਨ ਤੋਂ ਬਾਹਰ ਹੈ। ਪੰਜਾਬੀ ਪਿਆਰ ਵਿੱਚ ਭਿੱਜੇ ਇਸ ਬੱਚੇ ਦੀ ਸ਼ਹੀਦੀ ਮੌਕੇ ਮਾਂ- ਬੋਲੀ ਨੇ ਕਿੰਨੇ ਵੈਣ ਪਾਏ ਹੋਣਗੇ, ਕਿੰਨਾ ਤੜਫੀ ਹੋਵੇਗੀ ਅਤੇ ਉਸ ਨੂੰ ਆਪਣੀ ਗੋਦ 'ਚ ਲੈ ਕੇ ਆਖ਼ਰੀ ਸਮੇਂ ਵਿਦਾ ਕਰਨ ਵੇਲੇ ਕਿਹੜੇ ਦਰਦ ਭਰੇ ਸ਼ਬਦ ਉਚਾਰੇ ਹੋਣਗੇ, ਇਹ ਬਿਆਨ ਕਰਨਾ ਕਿਸੇ ਲੇਖਕ, ਸ਼ਾਇਰ ਜਾਂ ਗਵੱਈਏ ਦੇ ਵੱਸ ਦੀ ਗੱਲ ਨਹੀਂ।

ਜਦੋਂ ਇੰਦਰਜੀਤ ਸਿੰਘ ਦੀ ਸ਼ਹੀਦੀ ਹੋਣ ਮਗਰੋਂ ਉਸ ਦੀ ਮਿਰਤਕ ਦੇਹ ਦਰਸ਼ਨਾਂ ਲਈ ਰੱਖੀ ਗਈ, ਤਾਂ ਪੰਜਾਬ ਦੀ ਅਜਿਹੀ ਕੋਈ ਅੱਖ ਨਹੀ ਸੀ, ਜਿਸ 'ਚੋਂ ਹੰਝੂ ਨਾ ਕਿਰੇ ਹੋਣ। ਪੰਜਾਬੀ ਸੂਬੇ ਦਾ ਮੋਰਚਾ ਲੰਬਾ ਸਮਾਂ ਚੱਲਿਆ ਅਤੇ ਇਸ ਵਿੱਚ ਹਜ਼ਾਰਾਂ ਯੋਧਿਆਂ ਨੇ ਕੁਰਬਾਨੀਆਂ ਦਿੱਤੀਆਂ ਤੇ ਜੇਲ-ਯਾਤਰਾਵਾਂ ਕੀਤੀਆਂ, ਤਸ਼ੱਦਦ ਝੱਲੇ। 1 ਨਵੰਬਰ 1966 ਨੂੰ ਪੰਜਾਬੀ ਬੋਲੀ 'ਤੇ ਅਧਾਰ 'ਤੇ ਕੱਟਿਆ-ਵੱਢਿਆ ਤ ਸੂਬਾ ਹੋਂਦ ਵਿੱਚ ਆਇਆ,ਜਿਸ ਦੇ ਟੋਟੇ ਕਰਕੇ ਹਿੰਦੂਤਵੀ ਅਤੇ ਫਾਸ਼ੀਵਾਦੀ ਤਾਕਤਾਂ ਨੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨਾਲ ਵਿਸਾਹ-ਘਾਤ ਕੀਤਾ।

ਇਕ ਹੋਰ ਘਟਨਾ 21 ਸਤੰਬਰ 2019 ਨੂੰ ਵਾਪਰਦੀ ਹੈ, ਜਦੋਂ ਕੈਨੇਡਾ ਦੇ ਪੰਜਾਬੀ ਆਪਣੀ ਮਾਂ ਬੋਲੀ ਪ੍ਰਤੀ ਬੇਮਿਸਾਲ ਉਤਸ਼ਾਹ ਅਤੇ ਪਿਆਰ ਦਿਖਾਉਂਦੇ ਹੋਏ ਪੰਜਾਬੀ ਦੀ ਪਿੱਠ 'ਚ ਛੁਰਾ ਮਾਰਨ ਵਾਲਿਆਂ ਖਿਲਾਫ਼ ਰੋਸ ਪ੍ਰਦਰਸ਼ਨ ਅਤੇ ਸਾਹਿਤਕ ਇਕੱਠ ਕਰਦੇ ਹਨ। ਦਰਅਸਲ ਇਸ ਦਿਨ, ਭਾਰਤ ਅੰਦਰ ਰਾਸ਼ਟਰਵਾਦੀ- ਫਾਸ਼ੀਵਾਦੀ ਏਜੰਡੇ ਤਹਿਤ ਅਪਣਾਏ ਜਾ ਰਹੇ ਰਾਹ 'ਇੱਕ ਦੇਸ਼ ਇੱਕ ਬੋਲੀ' ਦੀ ਤਰਜ਼ 'ਤੇ ਪੰਜਾਬੀ ਗਾਇਕ ਗੁਰਦਾਸ ਮਾਨ ਦੇ ਸ਼ਬਦਾਂ ਨੂੰ ਲੈ ਕੇ, ਕੈਨੇਡਾ ਵਸਦੇ ਪੰਜਾਬੀਆਂ ਵੱਲੋਂ ਉਸ ਦਾ ਤਿੱਖਾ ਵਿਰੋਧ ਹੋਇਆ ਸੀ। 21 ਸਤੰਬਰ ਨੂੰ ਗੁਰਦਾਸ ਮਾਨ ਦੇ ਸ਼ੋਅ ਦੇ ਵਿਰੋਧ ਵਿੱਚ ਐਬਟਸਫੋਰਡ ਕਨਵੈਨਸ਼ਨ ਹਾਲ ਦੇ ਬਾਹਰ ਸੈਂਕੜੇ ਪ੍ਰਦਰਸ਼ਨਕਾਰੀ ਇਕੱਠੇ ਹੋਏ। ਉਨ੍ਹਾਂ ਸ਼ਾਂਤਮਈ ਢੰਗ ਨਾਲ ਗੁਰਦਾਸ ਮਾਨ ਦਾ ਵਿਰੋਧ ਕੀਤਾ, ਨਾ ਕਿ ਕੋਈ ਧਮਕੀ ਜਾਂ ਡਰਾਵਾ ਦਿੱਤਾ। ਗੁਰਦਾਸ ਮਾਨ ਕ੍ਰੋਧ ਵਿੱਚ ਪ੍ਰਦਰਸ਼ਨਕਾਰੀ ਅਤੇ ਪੰਜਾਬੀ ਪ੍ਰੇਮੀ ਨਾਵਲਕਾਰ ਭਾਈ ਚਰਨਜੀਤ ਸਿੰਘ ਸੁਜੋਂ ਦੇ ਹੱਥ ਵਿੱਚ ਫੜੇ ਪੋਸਟਰ 'ਮਾਂ ਬੋਲੀ ਦਾ ਗੱਦਾਰ' ਵੱਲ ਦੇਖਦਿਆਂ, ਨੀਚਤਾ ਵਾਲੀ ਭਾਸ਼ਾ 'ਚ ਸਾਰੀਆਂ ਸੰਗਾਂ-ਸ਼ਰਮਾਂ ਲਾਹ ਕੇ, ਉਹ ਸ਼ਬਦ ਬੋਲੇ, ਜੋ ਕਦੇ ਕੋਈ ਬੰਦਾ ਦੋਸਤਾਂ ਦੀ ਮਹਿਫ਼ਿਲ ਵਿੱਚ ਵੀ ਨਹੀਂ ਬੋਲਦਾ। ਗੁਰਦਾਸ ਮਾਨ ਨੇ ਸਟੇਜ ਤੋਂ ਗੁੱਸੇ ਵਿੱਚ ਬੋਲਦਿਆਂ ਕਿਹਾ, "ਇਹਨੂੰ ਮਰੋੜ ਕੇ..ਬਤੀ ਬਣਾ ਕੇ..ਲੈ ਲਾ..." ਏਨੀਂ ਸ਼ਰਮਨਾਕ, ਅਪਮਾਨਜਨਕ ਤੇ ਗੈਰ -ਇਖਲਾਕੀ ਸ਼ਬਦਵਲੀ ਕਿਸੇ ਮਾੜੇ ਤੋਂ ਮਾੜੇ ਗਾਇਕ ਵੱਲੋਂ ਵੀ ਸਟੇਜ ਤੇ ਅੱਜ ਤੱਕ ਕਿਸੇ ਨੇ ਨਹੀਂ ਸੁਣੀ ਹੋਣੀ। ਇਹ ਗਾਲ੍ਹ ਭਾਈ ਚਰਨਜੀਤ ਸਿੰਘ ਸੁਜੋਂ ਨੂੰ ਨਹੀਂ, ਸਮੂਹ ਪੰਜਾਬੀ ਪ੍ਰੇਮੀਆਂ ਨੂੰ ਗੁਰਦਾਸ ਮਾਨ ਵੱਲੋਂ



ਕੱਢੀ ਗਈ ਸੀ। ਮਾਂ ਬੋਲੀ ਪੰਜਾਬੀ ਦਾ ਤਾਂ ਜੋ ਅਪਮਾਨ ਉਸ ਨੇ ਕੀਤਾ, ਇਸ ਦਾ ਕਲੰਕ ਉਸ ਦੇ ਮੱਥੇ ਤੋਂ ਕਦੇ ਵੀ ਨਹੀਂ ਮਿੱਟੇਗਾ।

ਭਾਰਤ ਵਿੱਚ ਅੱਜ ਵੀ ਸੰਘੀ ਤਾਕਤਾਂ ਅਜਿਹਾ ਕਰਨ ਦੀ ਕੋਸ਼ਿਸ਼ 'ਚ ਹਨ ਅਤੇ ਅਤੇ ਉਨ੍ਹਾਂ ਫਾਸ਼ੀਵਾਦੀ ਨੀਤੀਆਂ ਨਾਲ ਦੱਖਣੀ ਭਾਰਤ ਵਿੱਚ ਵੀ ਹਿੰਦੀ ਨੂੰ ਲਾਗੂ ਕਰਨ ਦਾ ਤਹੱਈਆ ਕੀਤਾ ਹੋਇਆ ਹੈ, ਪਰ ਇਸ ਦੇ ਤਿੱਖੇ ਵਿਰੋਧ ਵਿੱਚ ਉੱਥੋਂ ਦੇ ਸਾਹਿਤਕਾਰ, ਕਲਾਕਾਰ, ਗਾਇਕ - ਗੀਤਕਾਰ ਸਭ ਇੱਕ-ਮੁੱਠ ਹਨ। ਜਬਰੀ ਹਿੰਦੀ ਭਾਸ਼ਾ ਲਾਗੂ ਕਰਨ ਦੀ ਨੀਤੀ ਹਿੰਦੂਤਵੀ ਕੱਟੜਤਾ ਅਤੇ ਘੱਟ ਗਿਣਤੀਆਂ ਦੇ ਵਿਰੋਧ ਵਿੱਚ ਘੜੀ ਗਈ ਚਾਲ ਹੈ, ਜਿਸ ਦੀ 'ਹਾਂ ਵਿੱਚ ਹਾਂ' ਮਿਲਾਉਂਦੇ ਹੋਏ ਗੁਰਦਾਸ ਮਾਨ ਵੱਲੋਂ 'ਹੁੰਗਾਰਾ' ਭਰਿਆ ਜਾਣਾ, ਨਿਖੇਧੀਜਨਕ ਹੈ। ਗੁਰਦਾਸ ਮਾਨ ਕੈਨੇਡਾ ਦੀ ਸਥਿਤੀ ਦੇਖ ਸਕਦਾ ਹੈ ਕਿ ਇੱਥੋਂ ਦੇ ਹੀ ਇੱਕ ਸੂਬੇ ਕਿਊਬੈਕ ਵਿੱਚ ਫਰੈਂਚ ਭਾਸ਼ਾ ਦਾ ਬੋਲਬਾਲਾ ਹੈ ਤੇ ਉੱਥੇ ਧੱਕੇ ਨਾਲ ਕਿਸੇ ਹੋਰ ਭਾਸ਼ਾ ਨੂੰ ਲਾਗੂ ਕੀਤੇ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਗੁਰਦਾਸ ਮਾਨ ਦਾ 'ਇੱਕ ਬੋਲੀ-ਇੱਕ ਦੇਸ਼' ਫਾਸ਼ੀਵਾਦੀ ਏਜੰਡਾ ਜਿਥੇ ਪੰਜਾਬੀ ਮਾਂ ਬੋਲੀ ਦੀਆਂ, ਮੁੱਢ ਬਹਿ ਕੇ 'ਜੜ੍ਹਾਂ ਟੁੱਕਣ' ਦੇ ਬਰਾਬਰ ਹੈ, ਉਥੇ ਮਾਂ ਬੋਲੀ ਪੰਜਾਬੀ ਰਾਹੀਂ ਘਟੀਆ ਸ਼ਬਦਾਵਲੀ ਵਰਤਣਾ ਹੰਕਾਰੀ ਅਤੇ ਕਰੋਧੀ ਸੁਭਾਅ ਦੀ ਜਿਉਂਦੀ ਜਾਗਦੀ ਮਿਸਾਲ ਹੈ।

ਪੰਜਾਬੀ ਸੂਬੇ ਦੇ ਮੋਰਚੇ ਦੇ ਪਹਿਲੇ ਸ਼ਹੀਦ ਕਾਕਾ ਇੰਦਰਜੀਤ ਸਿੰਘ ਦੀ ਸ਼ਹਾਦਤ ਗੁਰਦਾਸ ਮਾਨ ਵਰਗੇ ਲੋਕਾਂ ਨੂੰ ਅੱਜ ਵੀ ਲਾਹਨਤਾਂ ਪਾ ਰਹੀ ਹੈ ਕਿ ਜਿਸ ਪੰਜਾਬੀ ਬੋਲੀ ਲਈ ਅਨੇਕਾਂ ਸ਼ਹਾਦਤਾਂ ਹੋਈਆਂ, ਉਸ ਦੇ ਸਤਿਕਾਰ ਨੂੰ ਘੱਟੇ ਰੋਲਣ ਵਾਲੇ ਅਕਿਰਤਘਣ ਅਤੇ ਪੰਜਾਬੀ ਬੋਲੀ ਦੇ ਗੱਦਾਰ ਹਨ ਤੇ ਇਤਿਹਾਸ ਵਿੱਚ ਹਮੇਸ਼ਾ 'ਅਪਮਾਨ' ਦੇ ਪਾਤਰ ਬਣਦੇ ਹਨ।


(ਕੋਆਰਡੀਨੇਟਰ, ਪੰਜਾਬੀ ਸਹਿਤ ਸਭਾ ਮੁੱਢਲੀ, ਐਬਟਸਫੋਰਡ ਬੀਸੀ, ਕੈਨੇਡਾ)

# ਜੇਲ੍ਹ ਹਮਲੇ 'ਚ ਜ਼ਖ਼ਮੀ ਸਾਬਕਾ ਇੰਸਪੈਕਟਰ ਸੂਬਾ ਸਿੰਘ ਦੀ ਇਲਾਜ ਦੌਰਾਨ ਮੌਤ

ਪਟਿਆਲਾ : ਫ਼ਰਜ਼ੀ ਮੁਕਾਬਲੇ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਸਾਬਕਾ ਇੰਸਪੈਕਟਰ ਸੂਬਾ ਸਿੰਘ ਪਟਿਆਲਾ ਜੇਲ੍ਹ 'ਚ ਲੜਾਈ ਦੌਰਾਨ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ ਸੀ, ਜਿਸ ਦੀ ਰਾਜਿੰਦਰਾ ਹਸਪਤਾਲ 'ਚ ਇਲਾਜ ਦੌਰਾਨ 7ਵੇਂ ਦਿਨ ਮੌਤ ਹੋ ਗਈ। ਜਾਣਕਾਰੀ ਅਨੁਸਾਰ ਸੂਬਾ ਸਿੰਘ ਦੇ ਸਿਰ 'ਤੇ ਡੂੰਘੀਆਂ ਸੱਟਾਂ ਲੱਗੀਆਂ ਸਨ ਅਤੇ ਉਹ 10 ਸਤੰਬਰ ਤੋਂ ਆਈ.ਸੀ.ਯੂ. ਵਿਚ ਦਾਖ਼ਲ ਸੀ ਪਰ ਉਸ ਦੀ ਸਿਹਤ ਵਿਚ ਸੁਧਾਰ ਨਹੀਂ ਹੋਇਆ ਤੇ ਉਹ ਦਮ ਤੋੜ ਗਿਆ। ਸੂਬਾ ਸਿੰਘ ਨੂੰ ਸੀ.ਬੀ.ਆਈ. ਕੋਰਟ ਵਲੋਂ ਫ਼ਰਜ਼ੀ ਮੁਕਾਬਲੇ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ, ਜਿਸ ਕਰਕੇ ਉਹ ਪਟਿਆਲਾ ਜੇਲ੍ਹ 'ਚ ਸਜ਼ਾ ਕੱਟ ਰਿਹਾ ਸੀ। ਜ਼ਿਕਰਯੋਗ ਹੈ ਕਿ 10 ਸਤੰਬਰ ਨੂੰ ਸ਼ਿਵ ਸੈਨਾ ਆਗੂ ਸੁਧੀਰ ਸੂਰੀ ਦੀ ਹੱਤਿਆ ਮਾਮਲੇ ਵਿਚ ਪਟਿਆਲਾ ਜੇਲ੍ਹ ਵਿਚ ਬੰਦ ਸੰਦੀਪ ਸਿੰਘ ਉਰਫ਼ ਸਨੀ ਦੀ ਕਿਸੇ ਮਸਲੇ ਨੂੰ ਲੈ ਕੇ ਸਾਬਕਾ ਡੀ.ਐਸ.ਪੀ. ਗੁਰਬਚਨ ਸਿੰਘ, ਸਾਬਕਾ ਇੰਸਪੈਕਟਰ ਸੂਬਾ ਸਿੰਘ ਅਤੇ ਸਾਬਕਾ ਇੰਸਪੈਕਟਰ ਇੰਦਰਜੀਤ ਸਿੰਘ ਨਾਲ ਲੜਾਈ ਹੋ ਗਈ ਸੀ। ਇਸ ਝਗੜੇ ਤੋਂ ਬਾਅਦ ਜ਼ਖ਼ਮੀ ਤਿੰਨੋਂ ਸਾਬਕਾ ਪੁਲਿਸ ਅਧਿਕਾਰੀਆਂ ਨੂੰ ਸਰਕਾਰੀ ਰਾਜਿੰਦਰਾ ਹਸਪਤਾਲ ਵਿਚ ਇਲਾਜ ਲਈ ਭੇਜਿਆ ਗਿਆ ਸੀ, ਜਿਥੇ ਡੀ.ਐਸ.ਪੀ. ਗੁਰਬਚਨ ਤੇ ਇੰਸਪੈਕਟਰ ਇੰਦਰਜੀਤ ਸਿੰਘ ਨੂੰ ਇਲਾਜ ਤੋਂ ਬਾਅਦ ਛੁੱਟੀ ਮਿਲ ਗਈ ਸੀ, ਜਦਕਿ ਅੱਜ ਸੂਬਾ ਸਿੰਘ ਦੀ ਇਲਾਜ ਦੌਰਾਨ ਮੌਤ ਹੋ ਗਈ।

**ਪੁਲਿਸ ਵੈੱਲਫੇਅਰ ਐਸੋਸੀਏਸ਼ਨ ਵਲੋਂ ਨਿਆਇਕ ਜਾਂਚ ਦੀ ਮੰਗ-** ਪੰਜਾਬ ਪੁਲਿਸ ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਦੇ ਸਕੱਤਰ ਮਹਿੰਦਰ ਸਿੰਘ ਦੱਸਿਆ ਕਿ ਇੰਸਪੈਕਟਰ ਸੂਬਾ ਸਿੰਘ 'ਤੇ ਹਮਲਾ ਹੋਣਾ ਜੇਲ੍ਹ ਵਿਭਾਗ ਦੀ ਅਣਗਹਿਲੀ ਹੈ ਤੇ ਉਨ੍ਹਾਂ ਦੀ ਮੌਤ ਹੋਣਾ ਹੋਰ ਵੀ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਐਸੋਸੀਏਸ਼ਨ ਵਲੋਂ ਇਸ ਘਟਨਾ ਦੀ ਜਾਂਚ ਸੇਵਾ ਮੁਕਤ ਜੱਜ ਵਲੋਂ ਕਰਵਾਏ ਜਾਣ ਸੰਬੰਧੀ ਉਹ ਗ੍ਰਹਿ ਮੰਤਰੀ ਭਾਰਤ ਸਰਕਾਰ ਨੂੰ ਮਿਲਣਗੇ।

**ਜੇਲ੍ਹ ਦੇ ਬਾਹਰੋਂ ਧਰਨਾ ਸਮਾਪਤ :** ਸੰਦੀਪ ਸਿੰਘ ਦੇ ਭਰਾ ਹਰਦੀਪ ਸਿੰਘ ਤੇ ਸਿੱਖ ਜਥੇਬੰਦੀਆਂ ਵਲੋਂ ਲਗਾਇਆ ਪੱਕਾ ਮੋਰਚਾ ਸਮਾਪਤ ਕਰ ਦਿੱਤਾ ਹੈ। ਹਰਦੀਪ ਸਿੰਘ ਨੇ ਦੱਸਿਆ ਕਿ ਜੇਲ੍ਹ ਵਿਭਾਗ ਵਲੋਂ ਉਨ੍ਹਾਂ ਦੀਆਂ ਮੰਗਾਂ ਮੰਨਣ ਕਰਕੇ ਇਹ ਧਰਨਾ ਚੁੱਕਿਆ ਗਿਆ ਹੈ। ਜੇਕਰ ਜੇਲ੍ਹ ਵਿਭਾਗ ਨੇ ਉਨ੍ਹਾਂ ਦੀਆਂ ਮੰਗਾਂ ਨਾ ਪੂਰੀਆਂ ਕੀਤੀਆਂ ਤਾਂ ਉਹ ਫਿਰ ਤੋਂ ਧਰਨਾ ਲਗਾਉਣਗੇ।



# ਏਸ਼ੀਆ ਕੱਪ: ਭਾਰਤ ਨੇ ਪਾਕਿਸਤਾਨ ਨੂੰ ਸੱਤ ਵਿਕਟਾਂ ਨਾਲ ਹਰਾਇਆ

## • ਸੂਰਿਆਕੁਮਾਰ ਯਾਦਵ ਨੇ ਖੇਡੀ ਕਪਤਾਨੀ ਪਾਰੀ • ਜਿੱਤ ਪਹਿਲਗਾਮ ਦੇ ਪੀੜਤਾਂ ਨੂੰ ਸਮਰਪਿਤ








ਦੁਬਈ : ਇਥੇ ਭਾਰਤ ਨੇ ਏਸ਼ੀਆ ਕੱਪ ਦੇ ਹਾਈ ਵੋਲਟੇਜ ਮੈਚ ਵਿਚ ਅੱਜ ਪਾਕਿਸਤਾਨ ਨੂੰ ਸੱਤ ਵਿਕਟਾਂ ਨਾਲ ਹਰਾ ਦਿੱਤਾ ਹੈ। ਪਾਕਿਸਤਾਨ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਨਿਰਧਾਰਿਤ 20 ਓਵਰਾਂ ਵਿਚ ਨੌਂ ਵਿਕਟਾਂ ਦੇ ਨੁਕਸਾਨ ਨਾਲ 127 ਦੌੜਾਂ ਬਣਾਈਆਂ। ਇਸ ਦੇ ਜਵਾਬ ਵਿੱਚ ਭਾਰਤ ਨੇ ਜੇਤੂ ਟੀਚਾ 15.5 ਓਵਰਾਂ ਵਿਚ ਤਿੰਨ ਵਿਕਟਾਂ ਦੇ ਨੁਕਸਾਨ ਨਾਲ ਹੀ ਹਾਸਲ ਕਰ ਲਿਆ। ਭਾਰਤ ਵਲੋਂ ਕਪਤਾਨ ਸੂਰਿਆ ਕੁਮਾਰ ਯਾਦਵ ਨੇ ਨਾਬਾਦ 47 ਦੌੜਾਂ ਦੀ ਪਾਰੀ ਖੇਡੀ। ਹੋਰਨਾਂ ਬੱਲੇਬਾਜ਼ਾਂ ਵਿਚ ਅਭਿਸ਼ੇਕ ਸ਼ਰਮਾ ਤੇ ਤਿਲਕ ਵਰਮਾ ਨੇ 31-31 ਤੇ ਸ਼ੁਭਮਨ ਗਿੱਲ ਨੇ 10 ਦੌੜਾਂ ਦਾ ਯੋਗਦਾਨ ਪਾਇਆ। ਸ਼ਿਵਮ ਦੂਬੇ 10 ਦੌੜਾਂ ਨਾਲ ਨਾਬਾਦ ਰਿਹਾ। ਕੋਚ ਗੌਤਮ ਗੰਭੀਰ ਤੇ ਕਪਤਾਨ ਸੂਰਿਆ ਕੁਮਾਰ ਯਾਦਵ ਨੇ ਜਿੱਤ 'ਅਪਰੇਸ਼ਨ ਸਿੰਧੂਰ' ਨੂੰ ਸਫ਼ਲ ਬਣਾਉਣ ਵਾਲੇ ਭਾਰਤੀ ਹਥਿਆਰਬੰਦ ਬਲਾਂ ਨੂੰ ਸਮਰਪਿਤ ਕੀਤੀ। ਇਸ ਜਿੱਤ ਨਾਲ ਭਾਰਤੀ ਟੀਮ ਗਰੁੱਪ ਏ ਵਿਚ ਦੋ ਮੈਚਾਂ ਜਿੱਤ ਕੇ ਚਾਰ ਅੰਕਾਂ ਨਾਲ ਸਿਖਰ 'ਤੇ ਪਹੁੰਚ ਗਈ ਹੈ। ਭਾਰਤ ਗਰੁੱਪ ਗੇੜ ਦਾ ਆਪਣਾ ਆਖਰੀ ਮੁਕਾਬਲਾ 19 ਸਤੰਬਰ ਨੂੰ ਓਮਾਨ ਖਿਲਾਫ ਖੇਡੇਗਾ।

ਇਸ ਤੋਂ ਪਹਿਲਾਂ ਪਾਕਿਸਤਾਨ ਖਿਡਾਰੀ ਅੱਜ ਭਾਰਤੀ ਗੇਂਦਬਾਜ਼ਾਂ ਅੱਗੇ ਟਿਕ ਨਾ ਸਕੇ। ਪਾਕਿਸਤਾਨ ਨੇ ਨਿਰਧਾਰਤ 20 ਓਵਰਾਂ ਵਿੱਚ ਨੌਂ ਵਿਕਟਾਂ ਦੇ ਨੁਕਸਾਨ ਨਾਲ 127 ਦੌੜਾਂ ਬਣਾਈਆਂ। ਇਸ ਮੈਚ ਵਿਚ ਪਾਕਿਸਤਾਨੀ ਪਾਰੀ ਲੜਖੜਾ ਗਈ ਤੇ ਨਮੋਸ਼ੀਜਨਕ ਪ੍ਰਦਰਸ਼ਨ ਕੀਤਾ। ਭਾਰਤੀ ਗੇਂਦਬਾਜ਼ ਅੱਜ ਪਾਕਿਸਤਾਨ ਦੇ ਬੱਲੇਬਾਜ਼ਾਂ 'ਤੇ ਸ਼ੁਰੂ ਤੋਂ ਹੀ ਹਾਵੀ ਰਹੇ। ਭਾਰਤੀ ਗੇਂਦਬਾਜ਼ ਕੁਲਦੀਪ ਯਾਦਵ ਨੇ ਤਿੰਨ ਵਿਕਟਾਂ ਤੇ ਅਕਸ਼ਰ ਪਟੇਲ ਨੇ ਵਧੀਆ ਗੇਂਦਬਾਜ਼ੀ ਕਰਦਿਆਂ ਦੋ ਵਿਕਟਾਂ ਹਾਸਲ ਕੀਤੀਆਂ। ਦੱਸਣਾ ਬਣਦਾ ਹੈ ਕਿ ਕੁਲਦੀਪ ਯਾਦਵ ਨੇ ਲਗਾਤਾਰ ਦੋ ਗੇਂਦਾਂ 'ਤੇ ਦੋ ਖਿਡਾਰੀਆਂ ਨੂੰ ਆਊਟ ਕੀਤਾ।

ਇਸ ਤੋਂ ਪਹਿਲਾਂ ਪਾਕਿਸਤਾਨ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਦਾ ਫੈਸਲਾ ਕੀਤਾ। ਪਾਕਿ ਟੀਮ ਦੀ ਸ਼ੁਰੂਆਤ ਖਰਾਬ ਰਹੀ ਤੇ ਪਹਿਲੀ ਗੇਂਦ 'ਤੇ ਪਹਿਲੀ ਵਿਕਟ ਡਿੱਗੀ। ਭਾਰਤੀ ਗੇਂਦਬਾਜ਼ ਹਾਰਦਿਕ ਪਾਂਡਿਆ ਦੀ ਪਹਿਲੀ ਗੇਂਦ ਵਾਈਡ ਰਹੀ ਤੇ ਉਸ ਦੀ ਆਪਣੀ ਪਹਿਲੀ ਗੇਂਦ 'ਤੇ ਪਾਕਿਸਤਾਨ ਦੇ ਸਲਾਮੀ ਬੱਲੇਬਾਜ਼ ਸੈਮ ਅਯੂਬ ਨੂੰ ਜਸਪ੍ਰੀਤ ਬੁਮਰਾਹ ਹੱਥੋਂ ਕੈਚ ਆਊਟ ਕਰਵਾਇਆ। ਇਸ ਤੋਂ ਬਾਅਦ ਪਾਕਿਸਤਾਨ ਦੀ ਦੂਜੀ ਵਿਕਟ ਵੀ ਡਿੱਗ ਗਈ ਹੈ। ਪਾਕਿਸਤਾਨ ਦੇ ਵਿਕਟਕੀਪਰ ਤੇ ਬੱਲੇਬਾਜ਼ ਮੁਹੰਮਦ ਹੈਰਿਸ ਨੂੰ ਜਸਪ੍ਰੀਤ ਬੁਮਰਾਹ ਦੀ ਗੇਂਦ 'ਤੇ ਹਾਰਦਿਕ ਨੇ ਕੈਚ ਕੀਤਾ। ਪਾਕਿਸਤਾਨ ਦੀ ਤੀਜੀ ਵਿਕਟ ਫਖਰ ਜ਼ਮਾਨ ਵਜੋਂ ਡਿੱਗੀ। ਭਾਰਤੀ ਗੇਂਦਬਾਜ਼ ਅਕਸ਼ਰ ਪਟੇਲ ਨੇ ਕਰੀਜ਼ 'ਤੇ ਟਿਕੇ ਹੋਏ ਫਖਰ ਜ਼ਮਾਨ ਨੂੰ ਆਊਟ ਕੀਤਾ। ਉਸ ਨੂੰ ਅਕਸ਼ਰ ਦੀ ਗੇਂਦ 'ਤੇ ਤਿਲਕ ਵਰਮਾ ਨੇ ਕੈਚ ਆਊਟ ਕੀਤਾ। ਮੈਚ ਦੀ ਸ਼ੁਰੂਆਤ ਵੇਲੇ ਪਾਕਿਸਤਾਨ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫੈਸਲਾ ਕੀਤਾ। ਇਹ ਮੁਕਾਬਲਾ ਦੁਬਈ ਇੰਟਰਨੈਸ਼ਨਲ ਸਟੇਡੀਅਮ ਵਿਚ ਖੇਡਿਆ ਗਿਆ।

ਭਾਰਤ ਨੇ ਜੇਤੂ ਟੀਚਾ ਹਾਸਲ ਕਰਨ ਲਈ ਬੱਲੇਬਾਜ਼ੀ ਕਰਦਿਆਂ ਪਹਿਲੇ ਓਵਰ ਵਿਚ ਤੇਜ਼ ਗਤੀ ਨਾਲ ਦੌੜਾਂ ਬਣਾਈਆਂ ਪਰ ਭਾਰਤੀ ਸਲਾਮੀ ਬੱਲੇਬਾਜ਼ ਸ਼ੁਭਮਨ ਗਿੱਲ 10 ਦੌੜਾਂ ਬਣਾ ਕੇ ਆਊਟ ਹੋ ਗਿਆ। ਇਸ ਤੋਂ ਬਾਅਦ ਅਭਿਸ਼ੇਕ ਸ਼ਰਮਾ ਨੇ ਤੇਜ਼ੀ ਨਾਲ ਦੌੜਾਂ ਬਣਾਈਆਂ ਪਰ ਉਹ ਵੀ 31 ਦੌੜਾਂ 'ਤੇ ਆਊਟ ਹੋ ਗਿਆ। ਪਾਕਿਸਤਾਨ ਵਲੋਂ ਦੋਵੇਂ ਵਿਕਟਾਂ ਸਈਅਮ ਆਯੂਬ ਨੇ ਹਾਸਲ ਕੀਤੀਆਂ। ਇਸ ਤੋਂ ਬਾਅਦ ਤਿਲਕ ਵਰਮਾ 31 ਦੌੜਾਂ ਬਣਾ ਕੇ ਆਊਟ ਹੋਇਆ।

# ਅਮਰੀਕੀ ਰਾਸ਼ਟਰਪਤੀ ਟਰੰਪ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਫੋਨ ਕਰਕੇ ਦਿੱਤੀ ਜਨਮ ਦਿਨ ਦੀ ਵਧਾਈ

ਨਵੀਂ ਦਿੱਲੀ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਫੋਨ ਕਰਕੇ ਉਨ੍ਹਾਂ ਦੇ 75ਵੇਂ ਜਨਮ ਦਿਨ 'ਤੇ ਵਧਾਈ ਦਿੱਤੀ। ਇਹ ਇਕ ਮਹੱਤਵਪੂਰਨ ਸੰਕੇਤ ਹੈ ਜੋ ਵਾਸ਼ਿੰਗਟਨ ਦੇ ਨਵੀਂ ਦਿੱਲੀ ਨਾਲ ਸੰਬੰਧਾਂ ਨੂੰ ਮੁੜ ਸਥਾਪਿਤ ਕਰਨ ਦੇ ਯਤਨਾਂ ਦੇ ਹਿੱਸੇ ਵਜੋਂ ਦੇਖਿਆ ਜਾ ਰਿਹਾ ਹੈ। ਇਕ ਸੋਸ਼ਲ ਮੀਡੀਆ ਪੋਸਟ 'ਚ ਮੋਦੀ ਨੇ ਕਿਹਾ ਕਿ ਟਰੰਪ ਵਾਂਗ, ਉਹ ਵੀ ਭਾਰਤ-ਅਮਰੀਕਾ ਵਿਆਪਕ ਅਤੇ ਕੌਮਾਂਤਰੀ ਭਾਈਵਾਲੀ ਨੂੰ ਨਵੀਆਂ ਉਚਾਈਆਂ 'ਤੇ ਲਿਜਾਣ ਲਈ ਪੂਰੀ ਤਰ੍ਹਾਂ ਵਚਨਬੱਧ ਹਨ।



ਪ੍ਰਧਾਨ ਮੰਤਰੀ ਨੇ ਕਿਹਾ ਕਿ ਮੇਰੇ ਦੋਸਤ, ਰਾਸ਼ਟਰਪਤੀ ਟਰੰਪ, ਤੁਹਾਡੇ ਫ਼ੋਨ ਕਾਲ ਅਤੇ ਮੇਰੇ 75ਵੇਂ ਜਨਮ ਦਿਨ 'ਤੇ ਨਿੱਘੀਆਂ ਸ਼ੁਭਕਾਮਨਾਵਾਂ ਲਈ ਧੰਨਵਾਦ। ਉਨ੍ਹਾਂ ਕਿਹਾ ਕਿ ਤੁਹਾਡੀ ਤਰ੍ਹਾਂ, ਮੈਂ ਵੀ ਭਾਰਤ-ਅਮਰੀਕਾ ਵਿਆਪਕ ਅਤੇ ਗਲੋਬਲ ਭਾਈਵਾਲੀ ਨੂੰ ਨਵੀਆਂ ਉਚਾਈਆਂ 'ਤੇ ਲਿਜਾਣ ਲਈ ਪੂਰੀ ਤਰ੍ਹਾਂ ਵਚਨਬੱਧ ਹਾਂ। ਉਨ੍ਹਾਂ ਅੱਗੇ ਕਿਹਾ ਕਿ ਅਸੀਂ ਯੂਕਰੇਨ ਸੰਘਰਸ਼ ਦੇ ਸ਼ਾਂਤੀਪੂਰਨ ਹੱਲ ਲਈ ਤੁਹਾਡੀਆਂ ਪਹਿਲਕਦਮੀਆਂ ਦਾ ਸਮਰਥਨ ਕਰਦੇ ਹਾਂ।

# ਕੰਗਨਾ ਰਣੌਤ ਨੂੰ ਸੁਪਰੀਮ ਕੋਰਟ ਤੋਂ ਝਟਕਾ, ਮਾਣਹਾਨੀ ਮਾਮਲੇ 'ਚ ਪਟੀਸ਼ਨ ਖਾਰਜ

ਨਵੀਂ ਦਿੱਲੀ: ਬਾਲੀਵੁੱਡ ਅਦਾਕਾਰਾ ਅਤੇ ਮੰਡੀ, ਹਿਮਾਚਲ ਪ੍ਰਦੇਸ਼ ਤੋਂ ਸੰਸਦ ਮੈਂਬਰ ਕੰਗਨਾ ਰਣੌਤ ਨੂੰ ਸੁਪਰੀਮ ਕੋਰਟ ਤੋਂ ਵੱਡਾ ਝਟਕਾ ਲੱਗਾ ਹੈ। ਅਦਾਲਤ ਨੇ 73 ਸਾਲਾ ਬਜ਼ੁਰਗ ਕਿਸਾਨ ਬੀਬੀ ਮਹਿੰਦਰ ਕੌਰ ਵੱਲੋਂ ਦਾਇਰ ਮਾਣਹਾਨੀ ਦੇ ਕੇਸ ਵਿੱਚ ਕੰਗਨਾ ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਹੈ। ਇਹ ਮਾਮਲਾ ਕਿਸਾਨ ਅੰਦੋਲਨ ਦੌਰਾਨ ਕੰਗਨਾ ਵੱਲੋਂ ਕੀਤੀ ਗਈ ਇੱਕ ਟਿੱਪਣੀ ਨਾਲ ਸਬੰਧਤ ਹੈ।

ਜਸਟਿਸ ਵਿਕਰਮ ਨਾਥ ਅਤੇ ਜਸਟਿਸ ਸੰਦੀਪ ਮਹਿਤਾ ਦੇ ਬੈਂਚ ਨੇ ਸ਼ੁੱਕਰਵਾਰ ਨੂੰ ਇਸ ਮਾਮਲੇ ਦੀ ਸੁਣਵਾਈ ਕੀਤੀ। ਅਦਾਲਤ ਨੇ ਕੰਗਨਾ ਰਣੌਤ ਦੀ ਪਟੀਸ਼ਨ 'ਤੇ ਵਿਚਾਰ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਸਿਰਫ਼ ਇੱਕ ਟਵੀਟ ਨੂੰ ਰੀਟਵੀਟ ਹੀ ਨਹੀਂ ਕੀਤਾ ਸੀ, ਸਗੋਂ ਉਸ ਵਿੱਚ 'ਮਸਾਲਾ ਵੀ ਲਗਾਇਆ' ਸੀ। ਅਦਾਲਤ ਦੀ ਇਸ ਸਖ਼ਤ ਟਿੱਪਣੀ ਤੋਂ ਬਾਅਦ ਕੰਗਨਾ ਦੇ ਵਕੀਲ ਨੇ ਪਟੀਸ਼ਨ ਵਾਪਸ ਲੈ ਲਈ, ਜਿਸ ਤੋਂ ਬਾਅਦ ਅਦਾਲਤ ਨੇ ਇਸ ਨੂੰ ਖਾਰਜ ਕਰ ਦਿੱਤਾ।



**ਕੀ ਹੈ ਪੂਰਾ ਮਾਮਲਾ?**

ਇਹ ਮਾਮਲਾ 2020-21 ਦੇ ਕਿਸਾਨ ਅੰਦੋਲਨ ਨਾਲ ਜੁੜਿਆ ਹੋਇਆ ਹੈ। ਕੰਗਨਾ ਰਣੌਤ ਨੇ ਆਪਣੇ ਇੱਕ ਟਵੀਟ ਵਿੱਚ ਮਹਿੰਦਰ ਕੌਰ, ਜੋ ਬਠਿੰਡਾ ਜ਼ਿਲ੍ਹੇ ਦੇ ਪਿੰਡ ਬਹਾਦਰਗੜ੍ਹ ਜੰਡੀਆਂ ਦੀ ਰਹਿਣ ਵਾਲੀ ਹੈ, ਦੀ ਤਸਵੀਰ ਨੂੰ ਸਾਂਝਾ ਕਰਦਿਆਂ ਉਨ੍ਹਾਂ ਦੀ ਤੁਲਨਾ ਸ਼ਾਹੀਨ ਬਾਗ ਅੰਦੋਲਨ ਦੀ 'ਦਾਦੀ' ਬਿਲਕਿਸ ਬਾਨੋ ਨਾਲ ਕੀਤੀ ਸੀ। ਕੰਗਨਾ ਨੇ ਇਹ ਵੀ ਟਿੱਪਣੀ ਕੀਤੀ ਸੀ ਕਿ ਅਜਿਹੀਆਂ ਔਰਤਾਂ 100-100 ਰੁਪਏ ਵਿੱਚ ਪ੍ਰਦਰਸ਼ਨਾਂ ਲਈ ਉਪਲਬਧ ਹੁੰਦੀਆਂ ਹਨ।

ਇਸ ਟਿੱਪਣੀ ਤੋਂ ਬਾਅਦ ਮਹਿੰਦਰ ਕੌਰ ਨੇ ਜਨਵਰੀ 2021 ਵਿੱਚ ਬਠਿੰਡਾ ਦੀ ਇੱਕ ਅਦਾਲਤ ਵਿੱਚ ਕੰਗਨਾ ਰਣੌਤ ਖ਼ਿਲਾਫ਼ ਮਾਣਹਾਨੀ ਦਾ ਕੇਸ ਦਾਇਰ ਕਰ ਦਿੱਤਾ ਸੀ। ਉਨ੍ਹਾਂ ਨੇ ਆਪਣੀ ਪਟੀਸ਼ਨ ਵਿੱਚ ਕਿਹਾ ਸੀ ਕਿ ਕੰਗਨਾ ਦੀਆਂ ਟਿੱਪਣੀਆਂ ਝੂਠੀਆਂ, ਬੇਬੁਨਿਆਦ ਅਤੇ ਉਨ੍ਹਾਂ ਦੇ ਮਾਣ-ਸਨਮਾਨ ਨੂੰ ਠੇਸ ਪਹੁੰਚਾਉਣ ਵਾਲੀਆਂ ਹਨ।

ਇਸ ਤੋਂ ਪਹਿਲਾਂ ਕੰਗਨਾ ਰਣੌਤ ਨੇ ਇਸ ਮਾਮਲੇ ਨੂੰ ਰੱਦ ਕਰਵਾਉਣ ਲਈ ਪੰਜਾਬ ਅਤੇ ਹਰਿਆਣਾ ਹਾਈਕੋਰਟ ਦਾ ਰੁਖ਼ ਕੀਤਾ ਸੀ, ਪਰ ਉੱਥੇ ਵੀ ਉਨ੍ਹਾਂ ਦੀ ਪਟੀਸ਼ਨ ਖਾਰਜ ਹੋ ਗਈ ਸੀ। ਜਿਸ ਤੋਂ ਬਾਅਦ ਉਨ੍ਹਾਂ ਨੇ ਸੁਪਰੀਮ ਕੋਰਟ ਵਿੱਚ ਗੁਹਾਰ ਲਗਾਈ ਸੀ। ਸੁਪਰੀਮ ਕੋਰਟ ਦੇ ਇਸ ਫੈਸਲੇ ਤੋਂ ਬਾਅਦ ਹੁਣ ਕੰਗਨਾ ਰਣੌਤ ਨੂੰ ਬਠਿੰਡਾ ਦੀ ਹੇਠਲੀ ਅਦਾਲਤ ਵਿੱਚ ਮੁਕੱਦਮੇ ਦਾ ਸਾਹਮਣਾ ਕਰਨਾ ਪਵੇਗਾ।

# ਮੇਘਾਲਿਆ: ਮੁੱਖ ਮੰਤਰੀ ਕੋਨਰਾਡ ਕੇ ਸੰਗਮਾ ਅੱਠ ਨਵੇਂ ਕੈਬਨਿਟ ਮੰਤਰੀਆਂ ਦੇ ਸਹੁੰ ਚੁੱਕ ਸਮਾਗਮ 'ਚ ਹੋਏ ਸ਼ਾਮਲ




ਸ਼ਿਲਾਂਗ : ਮੇਘਾਲਿਆ ਦੇ ਮੁੱਖ ਮੰਤਰੀ ਕੋਨਰਾਡ ਕੇ ਸੰਗਮਾ ਮੰਗਲਵਾਰ ਨੂੰ ਰਾਜ ਦੇ ਰਾਜਪਾਲ ਸੀ.ਐਚ. ਵਿਜੈਸ਼ੰਕਰ ਦੀ ਮੌਜੂਦਗੀ ਵਿੱਚ ਅੱਠ ਨਵੇਂ ਕੈਬਨਿਟ ਮੰਤਰੀਆਂ ਦੇ ਸਹੁੰ ਚੁੱਕ ਸਮਾਗਮ ਵਿੱਚ ਸ਼ਾਮਲ ਹੋਏ। ਇਹ ਸਮਾਗਮ ਸ਼ਿਲਾਂਗ ਵਿੱਚ ਆਯੋਜਿਤ ਕੀਤਾ ਗਿਆ।

# ਮਜੀਠੀਆ ਦੀ ਨਿਯਮਿਤ ਜ਼ਮਾਨਤ ਅਰਜ਼ੀ 'ਤੇ ਸੁਣਵਾਈ 14 ਅਕਤੂਬਰ ਤੱਕ ਮੁਲਤਵੀ

ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ ਵਿਚ ਨਿਯਮਿਤ ਜ਼ਮਾਨਤ ਲਈ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਹੈ। ਹਾਈਕੋਰਟ ਨੇ ਜ਼ਮਾਨਤ ਪਟੀਸ਼ਨ 'ਤੇ ਸੁਣਵਾਈ ਕਰਦਿਆਂ 14 ਅਕਤੂਬਰ ਤੱਕ ਮੁਲਤਵੀ ਕਰ ਦਿੱਤੀ ਹੈ। ਜ਼ਿਲ੍ਹਾ ਅਦਾਲਤ ਵਲੋਂ ਮਜੀਠੀਆ ਦੀ ਪਟੀਸ਼ਨ ਖ਼ਾਰਜ ਕਰਨ ਤੋਂ ਬਾਅਦ ਉਨ੍ਹਾਂ ਆਪਣੇ ਵਕੀਲਾਂ ਰਾਹੀਂ ਇਹ ਪਟੀਸ਼ਨ ਦਾਇਰ ਕੀਤੀ ਹੈ। ਇਸ ਮਾਮਲੇ ਵਿਚ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ 14 ਅਕਤੂਬਰ ਤੱਕ ਆਪਣਾ ਜਵਾਬ ਦਾਇਰ ਕਰਨ ਦਾ ਹੁਕਮ ਦਿੱਤਾ ਹੈ ਤੇ ਇਸ ਦੇ ਨਾਲ ਹੀ ਮਾਮਲੇ ਦੀ ਸਟੇਟਸ ਰਿਪੋਰਟ ਦਾਇਰ ਕਰਨ ਦੇ ਵੀ ਨਿਰਦੇਸ਼ ਜਾਰੀ ਕੀਤੇ ਹਨ। ਦੱਸ ਦੇਈਏ ਕਿ ਬਿਕਰਮ ਸਿੰਘ ਮਜੀਠੀਆ 6 ਜੁਲਾਈ ਤੋਂ ਨਵੀਂ ਨਾਭਾ ਜੇਲ੍ਹ ਵਿਚ ਨਜ਼ਰਬੰਦ ਹਨ। ਜਿਨ੍ਹਾਂ ਨੂੰ ਪੰਜਾਬ ਵਿਜੀਲੈਂਸ ਬਿਊਰੋ ਨੇ 25 ਜੂਨ ਨੂੰ ਅੰਮ੍ਰਿਤਸਰ ਤੋਂ ਕਥਿਤ ਤੌਰ 'ਤੇ ਆਮਦਨ ਦੇ ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਸੀ। ਮਜੀਠੀਆ ਨੇ ਹਾਈ ਕੋਰਟ ਵਿਚ ਰਾਹਤ ਲਈ ਪਟੀਸ਼ਨ ਦਾਇਰ ਕੀਤੀ ਸੀ, ਜਿਸ ਵਿਚ ਦਾਅਵਾ ਕੀਤਾ ਗਿਆ ਕਿ ਪੰਜਾਬ ਵਿਜੀਲੈਂਸ ਬਿਊਰੋ ਵਲੋਂ ਕਥਿਤ ਤੌਰ 'ਤੇ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ਾਂ ਵਿਚ ਉਸ ਦੀ ਗ੍ਰਿਫ਼ਤਾਰੀ ਗੈਰ-ਕਾਨੂੰਨੀ ਸੀ। ਪਟੀਸ਼ਨ ਵਿਚ ਮਜੀਠੀਆ ਨੇ ਇਹ ਵੀ ਦਾਅਵਾ ਕੀਤਾ ਕਿ ਉਨ੍ਹਾਂ ਖ਼ਿਲਾਫ਼ ਦਰਜ ਕੀਤੀ ਗਈ ਐੱਫ. ਆਈ. ਆਰ. ਰਾਜਨੀਤਿਕ ਬਦਲਾਖੋਰੀ ਦਾ ਨਤੀਜਾ ਸੀ।



# ਦੱਖਣੀ ਏਸ਼ੀਆ ਦੀ ਅਸਥਿਰਤਾ ਦੇ ਭਾਰਤ ਲਈ ਸਬਕ

**ਸਤਨਾਮ ਸਿੰਘ ਮਾਣਕ**

ਭਾਰਤ ਦੇ ਆਲੇ-ਦੁਆਲੇ ਇਸ ਸਮੇਂ ਵੱਡੀ ਉੱਥਲ-ਪੁਥਲ ਮਚੀ ਹੋਈ ਹੈ। ਭਾਰਤ ਦੇ ਗੁਆਂਢੀ ਦੇਸ਼ ਇਥੋਂ ਤੱਕ ਕਿ ਦੂਰ ਦੇ ਗੁਆਂਢੀ ਵੀ ਰਾਜਨੀਤਕ ਅਸਥਿਰਤਾ ਦਾ ਸਾਹਮਣਾ ਕਰ ਰਹੇ ਹਨ। ਤਾਜ਼ਾ ਉਦਾਹਰਨ ਨਿਪਾਲ ਦੀ ਹੈ। ਜਿਥੇ 7, 8 ਅਤੇ 9 ਸਤੰਬਰ ਨੂੰ ਤੇਜ਼ੀ ਨਾਲ ਵਾਪਰੀਆਂ ਘਟਨਾਵਾਂ ਨੇ ਉੱਥੇ ਦੀ ਸੱਤਾ ਦਾ ਚਿਹਰਾ-ਮੋਹਰਾ ਬਦਲ ਕੇ ਰੱਖ ਦਿੱਤਾ ਹੈ। ਨਿਪਾਲ ਦੇ ਪ੍ਰਧਾਨ ਮੰਤਰੀ ਕੇ. ਪੀ. ਸ਼ਰਮਾ ਓਲੀ ਨੇ ਨੌਜਵਾਨਾਂ ਦੇ ਸੰਗਠਨ ਜੈੱਨ ਜ਼ੈੱਡ ਦੀਆਂ ਸਰਕਾਰ ਵਿਰੁੱਧ ਵਧ ਰਹੀਆਂ ਸਰਗਰਮੀਆਂ ਨੂੰ ਮੁੱਖ ਰੱਖਦਿਆਂ ਸੋਸ਼ਲ ਮੀਡੀਆ ਦੇ ਪਲੇਟਫਾਰਮਾਂ 'ਤੇ ਪਾਬੰਦੀਆਂ ਦਾ ਜਿਉਂ ਹੀ ਐਲਾਨ ਕੀਤਾ, ਹਜ਼ਾਰਾਂ ਨੌਜਵਾਨ ਸੜਕਾਂ 'ਤੇ ਆ ਗਏ। ਸਰਕਾਰ ਨੇ ਵਿਖਾਵਾਕਾਰੀ ਨੌਜਵਾਨਾਂ ਨੂੰ ਦਬਾਉਣ ਲਈ ਗੋਲੀ ਚਲਵਾ ਦਿੱਤੀ, ਜਿਸ ਵਿਚ ਪਹਿਲੇ ਦਿਨ 19 ਨੌਜਵਾਨ ਮਾਰੇ ਗਏ। ਫਿਰ ਇਹ ਅੰਦੋਲਨ ਵੀ ਹਿੰਸਕ ਹੋ ਗਿਆ ਅਤੇ ਤਿੰਨ ਦਿਨ ਤੱਕ ਸਥਿਤੀ ਕੰਟਰੋਲ ਤੋਂ ਬਾਹਰ ਹੀ ਰਹੀ। ਅੰਦੋਲਨਕਾਰੀਆਂ ਨੇ ਪਾਰਲੀਮੈਂਟ, ਸੁਪਰੀਮ ਕੋਰਟ ਅਤੇ ਕਈ ਹੋਰ ਮਹੱਤਵਪੂਰਨ ਇਮਾਰਤਾਂ ਨੂੰ ਅੱਗ ਲਗਾ ਦਿੱਤੀ। ਸਾਬਕਾ ਪ੍ਰਧਾਨ ਮੰਤਰੀਆਂ ਦੇ ਪਰਿਵਾਰਾਂ ਅਤੇ ਮੌਜੂਦਾ ਮੰਤਰੀਆਂ 'ਤੇ ਵੀ ਹਮਲੇ ਕੀਤੇ ਗਏ। ਪ੍ਰਧਾਨ ਮੰਤਰੀ ਕੇ. ਪੀ. ਸ਼ਰਮਾ ਨੂੰ ਅਸਤੀਫ਼ਾ ਦੇ ਕੇ ਸੁਰੱਖਿਅਤ ਥਾਂ 'ਤੇ ਪਨਾਹ ਲੈਣੀ ਪਈ। ਸਿੱਟਾ ਇਹ ਨਿਕਲਿਆ ਕਿ ਦੇਸ਼ ਨੂੰ ਸੰਭਾਲਣ ਲਈ ਫ਼ੌਜ ਅੱਗੇ ਆਈ ਅਤੇ ਉਸ ਨੇ ਅੰਦੋਲਨਕਾਰੀਆਂ ਨਾਲ ਗੱਲਬਾਤ ਕਰਕੇ ਸੁਪਰੀਮ ਕੋਰਟ ਦੀ ਸਾਬਕਾ ਮੁੱਖ ਜੱਜ ਸੁਸ਼ੀਲਾ ਕਾਰਕੀ ਨੂੰ ਅੰਤਰਿਮ ਪ੍ਰਧਾਨ ਮੰਤਰੀ ਵਜੋਂ ਸਹੁੰ ਚੁਕਾ ਦਿੱਤੀ ਹੈ ਅਤੇ ਉਨ੍ਹਾਂ ਨੂੰ 6 ਮਹੀਨਿਆਂ ਦੇ ਵਿਚ ਚੋਣਾਂ ਕਰਵਾਉਣ ਲਈ ਆਖਿਆ ਗਿਆ ਹੈ।

ਇਸੇ ਹੀ ਤਰ੍ਹਾਂ ਦਾ ਘਟਨਾਕ੍ਰਮ 2022 ਵਿਚ ਸ੍ਰੀਲੰਕਾ ਵਿਚ ਵੀ ਵਾਪਰਿਆ ਸੀ। ਉਸ ਸਮੇਂ ਉੱਥੇ ਦੇਸ਼ ਦੇ ਰਾਸ਼ਟਰਪਤੀ ਗੋਟਾਬਾਇਆ ਰਾਜਪਕਸ਼ੇ ਸਨ ਅਤੇ ਪ੍ਰਧਾਨ ਮੰਤਰੀ ਮਹਿੰਦਾ ਰਾਜਪਾਕਸ਼ੇ ਸਨ। ਪਰ ਉਥੋਂ ਦੀਆਂ ਸਰਕਾਰ ਦੀਆਂ ਗ਼ਲਤ ਨੀਤੀਆਂ ਕਾਰਨ ਦੇਸ਼ 'ਤੇ ਵੱਡੀ ਪੱਧਰ 'ਤੇ ਕਰਜ਼ਾ ਚੜ੍ਹ ਗਿਆ ਸੀ। ਆਰਥਿਕ ਸੰਕਟ ਏਨਾ ਗੰਭੀਰ ਹੋ ਗਿਆ ਕਿ ਲੋਕਾਂ ਦੀ ਜ਼ਰੂਰੀ ਵਰਤੋਂ ਦੀਆਂ ਚੀਜ਼ਾਂ, ਦਵਾਈਆਂ, ਪੈਟਰੋਲੀਅਮ ਪਦਾਰਥ ਅਤੇ ਖ਼ੁਰਾਕੀ ਵਸਤਾਂ ਵੀ ਵਿਦੇਸ਼ਾਂ ਤੋਂ ਮੰਗਵਾਉਣ ਲਈ ਸਰਕਾਰ ਕੋਲ ਪੈਸੇ ਨਹੀਂ ਸਨ ਬਚੇ। ਭ੍ਰਿਸ਼ਟਾਚਾਰ ਤੇ ਬੇਰੁਜ਼ਗਾਰੀ ਦਾ ਬੋਲਬਾਲਾ ਹੋ ਚੁੱਕਾ ਸੀ। ਅਜਿਹੀ ਸਥਿਤੀ ਵਿਚ ਲੋਕ ਸੜਕਾਂ 'ਤੇ ਆ ਗਏ ਅਤੇ ਉਹ ਰਾਸ਼ਟਰਪਤੀ ਭਵਨ ਅਤੇ ਹੋਰ ਮਹੱਤਵਪੂਰਨ ਅਦਾਰਿਆਂ ਵਿਚ ਦਾਖ਼ਲ ਹੋ ਗਏ ਅਤੇ ਦੇਸ਼ ਵਿਚ ਹਿੰਸਾ ਫੈਲ ਗਈ। ਰਾਸ਼ਟਰਪਤੀ ਗੋਟਾਬਾਇਆ ਰਾਜਪਕਸ਼ੇ ਨੂੰ ਦੇਸ਼ ਛੱਡ ਕੇ ਭੱਜਣਾ ਪਿਆ। ਸ੍ਰੀਲੰਕਾ ਵਿਚ ਨਵੀਂ ਸਰਕਾਰ ਦੇ ਹੋਂਦ ਵਿਚ ਆਉਣ ਅਤੇ ਦੇਸ਼ ਨੂੰ ਆਰਥਿਕ ਤੌਰ 'ਤੇ ਮੁੜ ਪੈਰਾਂ ਸਿਰ ਆਉਣ ਲਈ ਲੰਮਾ ਸਮਾਂ ਲੱਗ ਗਿਆ।



ਗੋਟਾਬਾਇਆ ਰਾਜਪਕਸ਼ੇ



ਸ਼ੇਖ ਹਸੀਨਾ



ਕੇ. ਪੀ. ਸ਼ਰਮਾ ਓਲੀ

2024 ਵਿਚ ਭਾਰਤ ਦੇ ਇਕ ਹੋਰ ਗੁਆਂਢੀ ਬੰਗਲਾਦੇਸ਼ ਨੂੰ ਵੀ ਵੱਡੀ ਰਾਜਨੀਤਕ ਉੱਥਲ-ਪੁਥਲ ਦਾ ਸਾਹਮਣਾ ਕਰਨਾ ਪਿਆ। ਉਸ ਸਮੇਂ ਦੇਸ਼ ਵਿਚ ਸ਼ੇਖ ਹਸੀਨਾ ਦੀ ਅਗਵਾਈ ਵਿਚ ਅਵਾਮੀ ਲੀਗ ਦੀ ਸਰਕਾਰ ਦੇਸ਼ ਦੀ ਵਾਗਡੋਰ ਸੰਭਾਲ ਰਹੀ ਸੀ। ਸਰਕਾਰ ਨੇ ਸੁਪਰੀਮ ਕੋਰਟ ਦੇ ਇਕ ਫ਼ੈਸਲੇ ਤੋਂ ਬਾਅਦ 1971 ਵਿਚ ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਕਰਨ ਵਾਲੇ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਲਈ ਨੌਕਰੀਆਂ ਵਿਚ 30 ਫ਼ੀਸਦੀ ਰਾਖਵੇਂਕਰਨ ਦਾ ਫ਼ੈਸਲਾ ਲਾਗੂ ਕਰ ਦਿੱਤਾ ਸੀ। ਇਸ ਤੋਂ ਵੱਡੀ ਗਿਣਤੀ ਵਿਚ ਨੌਜਵਾਨ ਭੜਕ ਪਏ ਅਤੇ ਉਨ੍ਹਾਂ ਨੇ ਸੜਕਾਂ 'ਤੇ ਅੰਦੋਲਨ ਸ਼ੁਰੂ ਕਰ ਦਿੱਤਾ। ਨੌਜਵਾਨਾਂ ਦਾ ਦੋਸ਼ ਸੀ ਕਿ ਸਰਕਾਰ ਆਪਣੀ ਪਾਰਟੀ ਨਾਲ ਸੰਬੰਧਿਤ ਲੋਕਾਂ ਨੂੰ ਆਜ਼ਾਦੀ ਘੁਲਾਟੀਆਂ ਦੇ ਬਹਾਨੇ ਰਾਖਵਾਂਕਰਨ ਦੇ ਰਹੀ ਹੈ, ਜਦੋਂ ਕਿ ਵੱਡੀ ਗਿਣਤੀ ਵਿਚ ਦੇਸ਼ ਦੇ ਹੋਰ ਨੌਜਵਾਨ ਬੇਰੁਜ਼ਗਾਰ ਹਨ। ਇਸ ਦੇ ਸਿੱਟੇ ਵਜੋਂ ਸ਼ੇਖ ਹਸੀਨਾ ਨੂੰ ਆਪਣੇ ਦੇਸ਼ ਵਿਚੋਂ ਭੱਜ ਕੇ ਭਾਰਤ ਵਿਚ ਪਨਾਹ ਲੈਣੀ ਪਈ ਅਤੇ ਇਸ ਸਮੇਂ ਉੱਥੇ ਅੰਤਰਿਮ ਸਰਕਾਰ ਕੰਮ ਕਰ ਰਹੀ ਹੈ, ਜਿਸ ਦੇ ਸਲਾਹਕਾਰ ਨੋਬਲ ਪੁਰਸਕਾਰ ਪ੍ਰਾਪਤ ਮੁਹੰਮਦ ਜੂਨਸ ਹਨ। ਇਸ ਸਰਕਾਰ ਨੂੰ ਵੀ ਅਨੇਕਾਂ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਰ ਉਹ ਚੋਣਾਂ ਕਰਵਾਉਣ ਲਈ ਤਿਆਰੀਆਂ ਕਰ ਰਹੀ ਹੈ।

ਭਾਰਤ ਦਾ ਗੁਆਂਢੀ ਦੇਸ਼ ਮਿਆਂਮਾਰ ਵੀ ਖਾਨਾਜੰਗੀ ਦਾ ਸਾਹਮਣਾ ਕਰ ਰਿਹਾ ਹੈ। ਉਥੇ 2021 ਵਿਚ ਫ਼ੌਜ ਨੇ ਰਾਜ ਪਲਟਾ ਕਰਕੇ ਚੁਣੀ ਹੋਈ ਸਰਕਾਰ ਨੂੰ ਸੱਤਾ ਤੋਂ ਬਾਹਰ ਕਰ ਦਿੱਤਾ ਸੀ ਅਤੇ ਲੋਕਾਂ ਵਿਚ ਮਕਬੂਲ ਆਗੂ 'ਆਂਗ ਸਾਂਗ ਸੂ ਕੀ' ਨੂੰ ਨਜ਼ਰਬੰਦ ਕਰ ਦਿੱਤਾ ਗਿਆ ਸੀ। ਉਨ੍ਹਾਂ 'ਤੇ ਕਈ ਤਰ੍ਹਾਂ ਦੇ ਕੇਸ ਚਲਾ ਕੇ 27 ਸਾਲ ਤੱਕ ਦੀ ਕੈਦ ਸੁਣਾ ਦਿੱਤੀ ਗਈ। ਇਸ ਤੋਂ ਬਾਅਦ ਫ਼ੌਜੀ ਸਰਕਾਰ ਨੂੰ ਲੋਕਾਂ ਦੇ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਇਸ ਵਿਰੋਧ ਦੇ ਸਿੱਟੇ ਵਜੋਂ ਉਥੋਂ ਦੇ ਵੱਖ-ਵੱਖ ਲੋਕ ਸਮੂਹਾਂ ਨੇ ਇਕੱਠੇ ਹੋ ਕੇ ਫ਼ੌਜੀ ਸਰਕਾਰ ਵਿਰੁੱਧ ਹਥਿਆਰਬੰਦ ਸੰਘਰਸ਼ ਆਰੰਭ ਦਿੱਤਾ, ਜਿਸ ਕਾਰਨ ਫ਼ੌਜੀ ਸਰਕਾਰ ਦੇ ਹੱਥੋਂ ਦੇਸ਼ ਦਾ ਬਹੁਗਿਣਤੀ ਇਲਾਕਾ ਨਿਕਲ ਚੁੱਕਾ ਹੈ। ਇਕ ਅੰਦਾਜ਼ੇ ਮੁਤਾਬਿਕ ਹੁਣ ਫ਼ੌਜੀ ਸਰਕਾਰ ਦਾ ਦੇਸ਼ ਦੇ 21 ਫ਼ੀਸਦੀ ਇਲਾਕੇ 'ਤੇ ਹੀ ਕੰਟਰੋਲ ਰਹਿ ਗਿਆ ਹੈ। ਦੇਸ਼ ਵਿਚ ਖਾਨਾਜੰਗੀ ਨਿਰੰਤਰ ਜਾਰੀ ਹੈ। ਸੰਯੁਕਤ ਰਾਸ਼ਟਰ ਸੰਘ, ਚੀਨ, ਆਸੀਅਨ ਦੇਸ਼ਾਂ ਦਾ ਸੰਗਠਨ ਅਤੇ ਇਥੋਂ ਤੱਕ ਕਿ ਭਾਰਤ ਵੀ ਇਸ ਸੰਕਟ ਨੂੰ ਹੱਲ ਕਰਵਾਉਣ ਵਿਚ ਸਫ਼ਲ ਨਹੀਂ ਹੋ ਸਕਿਆ।

ਜੇਕਰ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਦੀ ਗੱਲ ਕਰੀਏ ਤਾਂ ਉਨ੍ਹਾਂ ਦੇਸ਼ਾਂ ਵਿਚ ਵੀ ਸਿਆਸੀ ਅਤੇ ਧਾਰਮਿਕ ਟਕਰਾਅ ਬੇਹੱਦ ਤਿੱਖੇ ਹਨ। ਪਾਕਿਸਤਾਨ ਵਿਚ ਫ਼ੌਜ ਦੀ ਮਦਦ ਨਾਲ ਸ਼ਾਹਬਾਜ਼ ਸ਼ਰੀਫ਼ ਦੀ ਅਗਵਾਈ ਵਿਚ ਗੱਠਜੋੜ ਸਰਕਾਰ ਚੱਲ ਰਹੀ ਹੈ। ਪਰ ਉਸ ਨੂੰ ਇਮਰਾਨ ਖਾਨ ਦੀ ਅਗਵਾਈ ਵਾਲੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਤੋਂ ਸਿਆਸੀ ਤੌਰ 'ਤੇ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦੇਸ਼ ਵਿਚ ਬੇਰੁਜ਼ਗਾਰੀ ਤੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਸਰਕਾਰ ਤਾਨਾਸ਼ਾਹੀ ਤਰੀਕਿਆਂ ਨਾਲ ਲੋਕਾਂ ਨੂੰ ਦਬਾ ਰਹੀ ਹੈ। ਦੂਜੇ ਪਾਸੇ ਅਫ਼ਗਾਨਿਸਤਾਨ ਵਿਚ ਤਾਲਿਬਾਨ ਭਾਵੇਂ ਮੁੜ ਤੋਂ ਸੱਤਾ 'ਤੇ ਕਾਬਜ਼ ਹੋ ਚੁੱਕਾ ਹੈ ਪਰ ਉਸ ਨੇ ਉੱਥੇ ਪੂਰੀ ਤਰ੍ਹਾਂ ਔਰਤਾਂ ਦੀ ਸਿੱਖਿਆ 'ਤੇ ਰੋਕ ਲਗਾ ਦਿੱਤੀ ਹੈ। ਉਸ ਦੇਸ਼ ਵਿਚ ਵੀ ਵੱਡੀ ਪੱਧਰ 'ਤੇ ਬੇਰੁਜ਼ਗਾਰੀ ਤੇ ਬਦਅਮਨੀ ਪਾਈ ਜਾ ਰਹੀ ਹੈ।

ਭਾਰਤ ਦੇ ਆਲੇ-ਦੁਆਲੇ ਦਾ ਇਹ ਸਮੁੱਚਾ ਰਾਜਨੀਤਕ ਦ੍ਰਿਸ਼ ਚਿੰਤਾ ਪੈਦਾ ਕਰਨ ਵਾਲਾ ਹੈ। ਬਿਨਾਂ ਸ਼ੱਕ ਉਪਰੋਕਤ ਵੱਖ-ਵੱਖ ਦੇਸ਼ਾਂ ਵਿਚ ਰਾਜਨੀਤਕ ਤੇ ਆਰਥਿਕ ਅਸਥਿਰਤਾ ਦੇ ਆਪੋ-ਆਪਣੇ ਵੱਖ-ਵੱਖ ਕਾਰਨ ਹੋ ਸਕਦੇ ਹਨ। ਪਰ ਵੱਡਾ ਕਾਰਨ ਇਹ ਹੈ ਕਿ ਇਨ੍ਹਾਂ ਸਾਰੇ ਦੇਸ਼ਾਂ ਵਿਚ ਭ੍ਰਿਸ਼ਟਾਚਾਰ ਤੇ ਬੇਰੁਜ਼ਗਾਰੀ ਵੱਡੀ ਪੱਧਰ 'ਤੇ ਪਾਈ ਜਾ ਰਹੀ ਹੈ ਅਤੇ ਸਰਕਾਰਾਂ ਲੋਕਾਂ ਨੂੰ ਦਬਾਉਣ ਲਈ ਬੇਰਹਿਮੀ ਨਾਲ ਸੱਤਾ ਦੀ ਦੁਰਵਰਤੋਂ ਕਰਦੀਆਂ ਨਜ਼ਰ ਆ ਰਹੀਆਂ ਹਨ। ਲੋਕਾਂ ਨੂੰ ਦਬਾਉਣ ਲਈ ਨਾ ਕੇਵਲ ਸੁਰੱਖਿਆ ਏਜੰਸੀਆਂ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ, ਸਗੋਂ ਮੀਡੀਆ ਨੂੰ ਵੀ ਡਰਾ-ਧਮਕਾ ਕੇ ਆਪਣੇ ਨਾਲ ਤੋਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਮੀਡੀਆ ਦੇ ਜਿਹੜੇ ਹਿੱਸੇ ਇਸ ਖੇਡ ਵਿਚ ਸਰਕਾਰ ਦਾ ਸਾਥ ਦਿੰਦੇ ਨਜ਼ਰ ਨਹੀਂ ਆਉਂਦੇ, ਉਨ੍ਹਾਂ ਨੂੰ ਆਪਣੇ ਸਿਆਸੀ ਵਿਰੋਧੀਆਂ ਦੀ ਤਰ੍ਹਾਂ ਹੀ ਹਿੰਸਕ ਢੰਗ-ਤਰੀਕਿਆਂ ਨਾਲ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਬਿਨਾਂ ਸ਼ੱਕ ਸੋਸ਼ਲ ਮੀਡੀਆ ਪਲੇਟਫਾਰਮਾਂ ਫੇਸਬੁੱਕ, ਯੂ-ਟਿਊਬ, ਇਨਸਟਾਗ੍ਰਾਮ ਆਦਿ ਨੇ ਨੌਜਵਾਨ ਪੀੜ੍ਹੀ ਦੇ ਹੱਥ ਇਕ ਵੱਡਾ ਹਥਿਆਰ ਥਮਾ ਦਿੱਤਾ ਹੈ, ਜਿਸ ਦੀ ਵਰਤੋਂ ਉਹ ਵੱਖ-ਵੱਖ ਮੁੱਦਿਆਂ 'ਤੇ ਆਪਣੇ ਵਿਚਾਰ ਸਾਂਝੇ ਕਰਨ ਲਈ ਅਤੇ ਦਮਨਕਾਰੀ ਸੱਤਾਧਾਰੀਆਂ ਨੂੰ ਬੇਨਕਾਬ ਕਰਨ ਲਈ ਕਰਦੇ ਹਨ। ਇਸੇ ਲਈ ਜਦੋਂ ਵੀ ਕਿਸੇ ਦੇਸ਼ ਵਿਚ ਲੋਕਾਂ ਦੇ ਅੰਦੋਲਨ ਤਿੱਖੇ ਹੁੰਦੇ ਹਨ ਤਾਂ ਸਭ ਤੋਂ ਪਹਿਲਾਂ ਇੰਟਰਨੈੱਟ 'ਤੇ ਪਾਬੰਦੀ ਲਗਾਈ ਜਾਂਦੀ ਹੈ, ਤਾਂ ਜੋ ਲੋਕਾਂ ਨੂੰ ਸੋਸ਼ਲ ਪਲੇਟਫਾਰਮਾਂ ਤੋਂ ਮਹਿਰੂਮ ਕੀਤਾ ਜਾ ਸਕੇ। ਅਜਿਹੀਆਂ ਸਥਿਤੀਆਂ ਵਿਚ ਸਰਕਾਰਾਂ ਦਾ ਨਜ਼ਰੀਆ ਇਹ ਹੁੰਦਾ ਹੈ ਕਿ ਉਹ ਦੇਸ਼ ਵਿਚ ਅਰਾਜਕਤਾ ਫੈਲਣ ਤੋਂ ਰੋਕਣ ਲਈ ਲੋਕ ਹਿਤ ਵਿਚ ਅਜਿਹਾ ਕਰਦੀਆਂ ਹਨ। ਅਸਲ ਵਿਚ ਉਨ੍ਹਾਂ ਦਾ ਯਤਨ ਅਜਿਹਾ ਕਰਕੇ ਮੀਡੀਆ ਅਤੇ ਸੰਚਾਰ ਨੂੰ ਕੰਟਰੋਲ ਕਰਨ ਦਾ ਹੁੰਦਾ ਹੈ, ਤਾਂ ਕਿ ਅੰਦੋਲਨਕਾਰੀ ਧਿਰਾਂ ਦਾ ਆਪਸ ਵਿਚ ਤਾਲਮੇਲ ਨਾ ਰਹੇ।

ਸਵਾਲ ਪੈਦਾ ਹੁੰਦਾ ਹੈ ਕਿ ਜਮਹੂਰੀ ਢੰਗ ਨਾਲ ਚੁਣੀਆਂ ਹੋਈਆਂ ਸਰਕਾਰਾਂ ਸਮੇਂ ਸਿਰ ਹੇਠਲੀ ਪੱਧਰ 'ਤੇ ਲੋਕਾਂ ਅਤੇ ਖ਼ਾਸ ਕਰਕੇ ਨੌਜਵਾਨਾਂ ਵਿਚ ਫੈਲ ਰਹੀ ਬੇਚੈਨੀ ਨੂੰ ਸਮਝਣ ਵਿਚ ਅਸਫ਼ਲ ਕਿਉਂ ਰਹਿੰਦੀਆਂ ਹਨ? ਇਸ ਦਾ ਇਕ ਵੱਡਾ ਕਾਰਨ ਇਹ ਵੀ ਹੈ ਕਿ 1991 ਤੋਂ ਬਾਅਦ ਲਗਾਤਾਰ ਵਿਸ਼ਵ ਪੱਧਰ 'ਤੇ ਵਿਕਸਿਤ ਦੇਸ਼ਾਂ ਵਲੋਂ ਵਿਸ਼ਵ ਬੈਂਕ, ਵਿਸ਼ਵ ਵਪਾਰ ਸੰਗਠਨ, ਕੌਮਾਂਤਰੀ ਮੁਦਰਾ ਫੰਡ ਆਦਿ ਅੰਤਰਰਾਸ਼ਟਰੀ ਵਪਾਰਕ ਅਤੇ ਵਿੱਤੀ ਸੰਸਥਾਵਾਂ ਰਾਹੀਂ ਦਬਾਅ ਪਾ ਕੇ ਦੁਨੀਆ ਭਰ ਦੇ ਵਿਕਾਸਸ਼ੀਲ ਦੇਸ਼ਾਂ ਵਿਚ ਜੋ ਵਿਸ਼ਵੀਕਰਨ, ਉਦਾਰੀਕਰਨ ਤੇ ਨਿੱਜੀਕਰਨ ਦੀਆਂ ਨੀਤੀਆਂ ਲਾਗੂ ਕਰਵਾਈਆਂ ਗਈਆਂ ਹਨ, ਉਨ੍ਹਾਂ ਨਾਲ ਵਿਕਾਸਸ਼ੀਲ ਦੇਸ਼ਾਂ ਵਿਚ ਛੋਟੇ ਵਪਾਰੀਆਂ, ਛੋਟੇ ਸਨਅਤਕਾਰਾਂ ਅਤੇ ਕਿਸਾਨਾਂ 'ਤੇ ਬੇਹੱਦ ਬੁਰਾ ਅਸਰ ਪਿਆ ਹੈ। ਵਿਕਸਿਤ ਦੇਸ਼ਾਂ ਦੀਆਂ ਵੱਡੀਆਂ ਵਪਾਰਕ ਕੰਪਨੀਆਂ ਲਈ ਵਿਕਾਸਸ਼ੀਲ ਦੇਸ਼ਾਂ ਦੇ ਬਾਜ਼ਾਰ ਵੱਡੀ ਹੱਦ ਤੱਕ ਖੋਲ੍ਹ ਦਿੱਤੇ ਗਏ ਹਨ। ਥੋਕ ਤੋਂ ਲੈ ਕੇ ਪ੍ਰਚੂਨ ਵਪਾਰ ਤਕ ਵੱਡੀਆਂ ਕੰਪਨੀਆਂ ਦੇ ਹੱਥਾਂ ਵਿਚ ਚਲਾ ਗਿਆ ਹੈ। ਨਿੱਜੀਕਰਨ ਦੀ ਇਸ ਹਨੇਰੀ ਨੇ ਸਰਕਾਰੀ ਨੌਕਰੀਆਂ ਵੀ ਬੇਹੱਦ ਘਟਾ ਦਿੱਤੀਆਂ ਹਨ। ਇਸ ਕਾਰਨ ਵਿਕਾਸਸ਼ੀਲ ਦੇਸ਼ਾਂ ਵਿਚ ਨੌਜਵਾਨਾਂ ਵਿਚ ਵੱਡੀ ਪੱਧਰ 'ਤੇ ਬੇਰੁਜ਼ਗਾਰੀ ਫੈਲ ਗਈ ਹੈ ਅਤੇ ਦੂਜੇ ਪਾਸੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਕੰਪਨੀਆਂ ਤੋਂ ਧਨ ਹਾਸਿਲ ਕਰਕੇ ਸੱਤਾਧਾਰੀ ਵਰਗ ਐਸ਼-ਓ-ਅਰਾਮ ਦੀ ਜ਼ਿੰਦਗੀ ਬਸਰ ਕਰ ਰਹੇ ਹਨ। ਇਸੇ ਕਾਰਨ ਭਾਰਤ ਦੇ ਆਂਢ-ਗੁਆਂਢ ਇਥੋਂ ਤੱਕ ਕਿ ਬਹੁਤ ਸਾਰੇ ਵਿਕਸਿਤ ਦੇਸ਼ਾਂ ਵਿਚ ਵੀ ਕਾਰਪੋਰੇਟ ਪੱਖੀ ਵਿਕਾਸ ਮਾਡਲ ਵਿਰੁੱਧ ਲੋਕਾਂ ਵਿਚ ਰੋਹ ਅਤੇ ਰੋਸ ਵਧਦਾ ਜਾ ਰਿਹਾ ਹੈ। ਸ੍ਰੀਲੰਕਾ, ਬੰਗਲਾਦੇਸ਼ ਤੇ ਨਿਪਾਲ ਦੇ ਘਟਨਾਕ੍ਰਮ ਨੂੰ ਹੋਰ ਰਾਸ਼ਟਰੀ ਤੇ ਅੰਤਰਰਾਸ਼ਟਰੀ ਕਾਰਨਾਂ ਦੇ ਨਾਲ-ਨਾਲ ਕਾਰਪੋਰੇਟ ਵਿਕਾਸ ਮਾਡਲ ਦੇ ਸਿੱਟੇ ਵਜੋਂ ਉਤਪੰਨ ਹੋ ਰਹੀਆਂ ਸਥਿਤੀਆਂ ਦੇ ਸੰਦਰਭ ਵਿਚ ਵੀ ਸਮਝਿਆ ਜਾਣਾ ਚਾਹੀਦਾ ਹੈ।

ਵਿਕਾਸਸ਼ੀਲ ਦੇਸ਼ਾਂ ਦੀਆਂ ਸਰਕਾਰਾਂ ਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਕਾਰਪੋਰੇਟ ਪੱਖੀ ਨੀਤੀਆਂ ਨਾਲ ਜੇਕਰ ਵੱਡੀ ਗਿਣਤੀ ਵਿਚ ਨੌਜਵਾਨ ਤੇ ਹੋਰ ਵਰਗਾਂ ਦੇ ਮਿਹਨਤਕਸ਼ ਬੇਰੁਜ਼ਗਾਰ ਹੁੰਦੇ ਹਨ ਜਾਂ ਉਨ੍ਹਾਂ ਦੇ ਬਿਹਤਰ ਜੀਵਨ ਜਿਊਣ ਦੇ ਸੁਪਨੇ ਪੂਰੇ ਨਹੀਂ ਹੁੰਦੇ ਤਾਂ ਉਨ੍ਹਾਂ ਦੀ ਸੱਤਾ ਵੀ ਬਰਕਰਾਰ ਨਹੀਂ ਰਹਿ ਸਕਦੀ। ਪੁਲਿਸ, ਫ਼ੌਜ ਅਤੇ ਸਿਵਲ ਅਫ਼ਸਰਸ਼ਾਹੀ ਦੀ ਵਰਤੋਂ ਅਤੇ ਦੁਰਵਰਤੋਂ ਕਰਕੇ ਵੀ ਉਹ ਆਪਣੀ ਸੱਤਾ ਨਹੀਂ ਬਚਾ ਸਕਦੀਆਂ। ਇਥੋਂ ਤੱਕ ਕਿ ਮੀਡੀਆ ਨੂੰ ਕੰਟਰੋਲ ਕਰਕੇ ਜਾਂ ਦਬਾ ਕੇ ਵੀ ਉਹ ਆਪਣੀ ਸੱਤਾ ਕਾਇਮ ਨਹੀਂ ਰੱਖ ਸਕਦੀਆਂ।

ਇਸ ਪ੍ਰਸੰਗ ਵਿਚ ਹੀ ਭਾਰਤ ਵਰਗੇ ਵਿਸ਼ਾਲ ਦੇਸ਼ ਦੇ ਸੱਤਾਧਾਰੀ ਵਰਗਾਂ ਨੂੰ ਚੌਕਸ ਹੋਣ ਦੀ ਲੋੜ ਹੈ। ਉਨ੍ਹਾਂ ਨੂੰ ਆਪਣੀਆਂ ਕਾਰਪੋਰੇਟ ਪੱਖੀ ਆਰਥਿਕ ਨੀਤੀਆਂ ਅਤੇ ਹੋਰ ਲੋਕ ਵਿਰੋਧੀ ਦਮਨਕਾਰੀ ਰਾਜਨੀਤਕ ਨੀਤੀਆਂ ਵਿਚ ਵੱਡੀ ਤਬਦੀਲੀ ਲਿਆਉਣੀ ਚਾਹੀਦੀ ਹੈ। ਫ਼ਿਰਕਾਪ੍ਰਸਤੀ ਨੂੰ ਹਵਾ ਦੇ ਕੇ ਅਤੇ ਲੋਕਾਂ ਵਿਚ ਧਰਮ ਤੇ ਜਾਤ ਦੇ ਨਾਂਅ 'ਤੇ ਫੁੱਟ ਪਾ ਕੇ ਲੋਕਾਂ ਦਾ ਧਿਆਨ ਸਿਹਤ, ਸਿੱਖਿਆ ਤੇ ਰੁਜ਼ਗਾਰ ਵਰਗੇ ਬੁਨਿਆਦੀ ਮੁੱਦਿਆਂ ਤੋਂ ਬਹੁਤੀ ਦੇਰ ਤੱਕ ਲਾਂਭੇ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਨਿਆਂਪਾਲਿਕਾ, ਚੋਣ ਕਮਿਸ਼ਨ ਜਾਂ ਸਰਕਾਰੀ ਏਜੰਸੀਆਂ ਦੀ ਦੁਰਵਰਤੋਂ ਕਰਕੇ ਵਿਰੋਧੀ ਪਾਰਟੀਆਂ ਨੂੰ ਲਗਾਤਾਰ ਦਬਾ ਕੇ ਰੱਖਿਆ ਜਾ ਸਕਦਾ ਹੈ।

ਭਾਰਤ ਵਰਗੇ ਦੇਸ਼ ਨੂੰ ਚਲਾਉਣ ਲਈ ਜਮਹੂਰੀਅਤ, ਧਰਮ ਨਿਰਪੱਖਤਾ ਅਤੇ ਸੰਘੀ ਢਾਂਚੇ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਲੋਕ-ਪੱਖੀ ਆਰਥਿਕ ਨੀਤੀਆਂ ਅਪਨਾਉਣ ਦੀ ਲੋੜ ਹੈ, ਜਿਨ੍ਹਾਂ ਨਾਲ ਨੌਜਵਾਨਾਂ ਅਤੇ ਹੋਰ ਮਿਹਨਤਕਸ਼ ਵਰਗਾਂ ਲਈ ਰੁਜ਼ਗਾਰ ਦੇ ਮੌਕੇ ਵਧ ਸਕਣ। ਦੱਖਣੀ ਏਸ਼ੀਆ ਦੀ ਅਜੋਕੀ ਰਾਜਨੀਤਕ ਤੇ ਆਰਥਿਕ ਸਥਿਤੀ ਵਿਚ ਇਹੀ ਸਭ ਤੋਂ ਵੱਡਾ ਸਬਕ ਹੈ, ਜੋ ਭਾਰਤੀ ਹੁਕਮਰਾਨਾਂ ਨੂੰ ਸਿੱਖਣਾ ਚਾਹੀਦਾ ਹੈ।





# ਆਲਮੀ ਜੰਗ ਦੇ ਮੁਹਾਣੇ 'ਤੇ ਖੜ੍ਹੀ ਦੁਨੀਆ

ਡਾ. ਸੁਦਰਸ਼ਨ ਗਾਸੋ

ਪੂਰੇ ਬ੍ਰਹਿਮੰਡ ਵਿਚ ਧਰਤੀ ਹੀ ਭਾਗਾਂ ਵਾਲੀ ਹੈ, ਜਿਸ ਉੱਤੇ ਜੀਵਨ ਧੜਕਦਾ ਹੈ, ਫੁੱਲ ਮਹਿਕਦੇ ਹਨ, ਰੰਗ ਟਹਿਕਦੇ ਹਨ। ਜਿੱਥੇ ਕੁਦਰਤ ਅਣਗਿਣਤ ਤੋਹਫ਼ੇ ਮਨੁੱਖ ਨੂੰ ਬਿਨਾਂ ਕਿਸੇ ਮੁੱਲ ਦੇ ਮੁਹੱਈਆ ਕਰਵਾਉਂਦੀ ਹੈ। ਕੁਦਰਤ ਦੇ ਸੋਮੇ ਅਮੁੱਲ ਹਨ, ਅਨਮੋਲ ਹਨ। ਜ਼ਿੰਦਗੀ ਦੇ ਸੁੱਖ ਆਰਾਮ ਮਾਣਦਾ ਹੋਇਆ ਮਨੁੱਖ ਹਮੇਸ਼ਾ ਵਾਸਤੇ ਇਸੇ ਧਰਤੀ ਉੱਤੇ ਟਿਕਿਆ ਰਹਿਣਾ ਚਾਹੁੰਦਾ ਹੈ, ਅਮਰ ਹੋਣਾ ਚਾਹੁੰਦਾ ਹੈ। ਹੋਰਾਂ ਲੋਕਾਂ ਦੇ ਹਿੱਸੇ ਦੇ ਤੋਹਫ਼ਿਆਂ ਉੱਤੇ ਕਬਜ਼ਾ ਕਰਨਾ ਚਾਹੁੰਦਾ ਹੈ। ਹੋਰਾਂ ਦਾ ਹਿੱਸਾ ਵੀ ਖੋਹਣਾ ਚਾਹੁੰਦਾ ਹੈ। ਵੱਡਾ ਬਣਨਾ ਚਾਹੁੰਦਾ ਹੈ... ਵੱਡੇ ਤੋਂ ਵੀ ਵੱਡਾ... ਪਰ ਇਸ ਲਾਲਚ ਅਤੇ ਲਾਲਸਾ ਦੇ ਵੱਸ ਪੈ ਕੇ ਮਨੁੱਖ ਘਿਨੌਣੇ ਹੱਥਕੰਡੇ ਅਪਣਾਉਂਦਾ ਰਹਿੰਦਾ ਹੈ। ਅਜਿਹੇ ਵਿਨਾਸ਼ਕਾਰੀ ਕੰਡਿਆਂ ਦੇ ਟੇਟੇ ਚੜ੍ਹ ਕੇ ਮਨੁੱਖ ਜੰਗਾਂ-ਯੁੱਧਾਂ ਦੇ ਰਸਤਿਆਂ ਤੇ ਤੁਰਨ ਲੱਗਦਾ ਹੈ। ਮਨੁੱਖ ਸਦੀਆਂ ਤੋਂ ਅਜਿਹਾ ਕਰਦਾ ਆਇਆ ਹੈ। ਅਜਿਹੇ ਹਨੇਰ ਭਰੇ ਜੰਗਾਂ-ਯੁੱਧਾਂ ਦੇ ਰਸਤਿਆਂ ਉੱਤੇ ਚੱਲਦਿਆਂ ਜੰਗਬਾਜ਼ਾਂ ਨੇ ਮਨੁੱਖਤਾ ਅਤੇ ਜ਼ਿੰਦਗੀ ਦਾ ਹਮੇਸ਼ਾ ਲਈ ਘਾਣ ਕੀਤਾ ਹੈ। ਅਣਗਿਣਤ ਚੀਕਾਂ ਅਤੇ ਕੁਰਲਾਹਟਾਂ ਅਜੇ ਵੀ ਧਰਤੀ ਦੀ ਸੁੰਦਰ ਹਿਕੜੀ ਵਿਚ ਦੱਬੀਆਂ ਹੋਈਆਂ ਸੁਣਾਈ ਦਿੰਦੀਆਂ ਹਨ। ਕਰੋੜਾਂ ਨਿਰਦੋਸ਼ ਲੋਕ ਮਾਰੇ ਜਾ ਚੁੱਕੇ ਹਨ। ਅਰਬਾਂ-ਖਰਬਾਂ ਰੁਪਿਆ ਬਰਬਾਦ ਕੀਤਾ ਜਾ ਚੁੱਕਿਆ ਹੈ। ਲੇਕਿਨ ਸਭ ਤੋਂ ਵੱਡੇ ਦੁੱਖ ਦੀ ਗੱਲ ਇਹ ਹੈ ਕਿ ਮਨੁੱਖ ਨੇ ਆਪਣੇ ਕੁਕਰਮਾਂ ਤੇ ਮਾੜੇ ਕਾਰਨਾਮਿਆਂ ਤੋਂ ਕੁਝ ਨਹੀਂ ਸਿੱਖਿਆ ਅਤੇ ਨਾ ਹੀ ਕੋਈ ਪਛਤਾਵਾ ਕੀਤਾ ਹੈ।



*ਅਣਗਿਣਤ ਚੀਕਾਂ ਅਤੇ ਕੁਰਲਾਹਟਾਂ ਅਜੇ ਵੀ ਧਰਤੀ ਦੀ ਸੁੰਦਰ ਹਿਕੜੀ ਵਿਚ ਦੱਬੀਆਂ ਹੋਈਆਂ ਸੁਣਾਈ ਦਿੰਦੀਆਂ ਹਨ। ਕਰੋੜਾਂ ਨਿਰਦੋਸ਼ ਲੋਕ ਮਾਰੇ ਜਾ ਚੁੱਕੇ ਹਨ। ਅਰਬਾਂ-ਖਰਬਾਂ ਰੁਪਿਆ ਬਰਬਾਦ ਕੀਤਾ ਜਾ ਚੁੱਕਿਆ ਹੈ। ਲੇਕਿਨ ਸਭ ਤੋਂ ਵੱਡੇ ਦੁੱਖ ਦੀ ਗੱਲ ਇਹ ਹੈ ਕਿ ਮਨੁੱਖ ਨੇ ਆਪਣੇ ਕੁਕਰਮਾਂ ਤੇ ਮਾੜੇ ਕਾਰਨਾਮਿਆਂ ਤੋਂ ਕੁਝ ਨਹੀਂ ਸਿੱਖਿਆ ਅਤੇ ਨਾ ਹੀ ਕੋਈ ਪਛਤਾਵਾ ਕੀਤਾ ਹੈ।*

**ਸਿਰਫਿਰੇ ਸ਼ਾਸਕ ਦਾ ਫਤੂਰ :** ਅੱਜ ਫੇਰ ਦੁਨੀਆ ਤੀਜੀ ਆਲਮੀ ਜੰਗ ਦੇ ਮੁਹਾਣੇ ਉੱਤੇ ਖੜ੍ਹੀ ਹੈ। ਕਿਸੇ ਇਕ ਸਿਰਫਿਰੇ ਸ਼ਾਸਕ ਦੇ ਫਤੂਰ ਕਰਕੇ ਪੂਰੀ ਦੁਨੀਆ ਨੂੰ ਹੋਰ ਵੀ ਮਾੜੇ ਦਿਨ ਵੇਖਣੇ ਪੈ ਸਕਦੇ ਹਨ। ਅੱਜ ਵੀ ਰੂਸ ਤੇ ਯੂਕਰੇਨ ਯੁੱਧ ਕਰਕੇ, ਇਜ਼ਰਾਇਲ ਅਤੇ ਫਿਲਿਸਤੀਨ ਵਿਚਾਲੇ ਯੁੱਧ ਕਰਕੇ ਦੁਨੀਆ ਦੇ ਹਾਲਾਤ ਬਹੁਤ ਨਾਜ਼ੁਕ ਬਣੇ ਹੋਏ ਹਨ। ਇਸ ਤੋਂ ਇਲਾਵਾ ਭਾਰਤ ਅਤੇ ਪਾਕਿਸਤਾਨ ਵਿਚ ਅਸਥਾਈ ਰੂਪ ਵਿਚ ਰੁਕੇ ਯੁੱਧ ਕਰਕੇ ਅਤੇ ਅਮਰੀਕਾ-ਇਰਾਨ ਯੁੱਧ ਕਰਕੇ ਅਤੇ ਹੋਰ ਦੇਸ਼ਾਂ ਵਿਚਲੇ ਟਕਰਾਓ ਕਰਕੇ ਦੁਨੀਆ ਕੁਰਾਹੇ ਪਈ ਸਪਸ਼ਟ ਨਜ਼ਰ ਆਉਂਦੀ ਹੈ ਇਕ ਗੱਲ ਤਾਂ ਸਾਫ ਤੇ ਸਪਸ਼ਟ ਹੈ ਕਿ ਯੁੱਧ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਬਲਕਿ ਇਸ ਦੇ ਨਾਲ ਹੋਰ ਸਮੱਸਿਆਵਾਂ ਪੈਦਾ ਹੁੰਦੀਆਂ ਹਨ ਤੇ ਸਦੀਵੀ ਗੁੰਝਲਾਂ, ਗੰਢਾਂ ਤੇ ਸਮੱਸਿਆਵਾਂ ਉਤਪੰਨ ਹੁੰਦੀਆਂ ਹਨ। ਜ਼ਿੰਦਗੀ ਦੀ ਖ਼ੂਬਸੂਰਤੀ ਨੂੰ ਮਾਣਨ ਦੀ ਥਾਵੇਂ ਇਸ ਨੂੰ ਵਿਨਾਸ਼ ਦੇ ਮੂੰਹ ਵਿਚ ਧੱਕਣ ਦੀ ਮਾਨਸਿਕਤਾ ਸਮਝ ਤੋਂ ਪਰੇ ਦੀ ਗੱਲ ਹੈ। ਇਹ ਵੀ ਵੇਖਣ ਵਿਚ ਆਇਆ ਹੈ ਕਿ ਦੁਨੀਆ ਦੇ ਦੇਸ਼ ਜੰਗ ਨੂੰ ਇਸ ਕਰਕੇ ਸ਼ੁਰੂ ਕਰਦੇ ਹਨ ਕਿਉਂ ਜੋ ਉਥੋਂ ਦੇ ਸ਼ਾਸਕ ਆਪਣੀ ਸੱਤਾ ਨੂੰ ਬਚਾਉਣ ਵਾਸਤੇ ਲੋਕਾਂ ਦਾ ਧਿਆਨ ਹੋਰ ਪਾਸੇ ਲੈ ਕੇ ਜਾਂਦੇ ਹਨ। ਯਾਦ ਕਰੋ ਇਜ਼ਰਾਇਲ ਤੇ ਫਿਲਿਸਤੀਨ ਯੰਗ ਤੋਂ ਪਹਿਲਾਂ ਨੇਤਨਯਾਹੂ ਦੇ ਖ਼ਿਲਾਫ਼ ਲੱਖਾਂ ਲੋਕ ਸੜਕਾਂ ਉੱਤੇ ਉਤਰੇ ਹੋਏ ਸਨ। ਇਸ ਤਰ੍ਹਾਂ ਹੋਰ ਦੇਸ਼ਾਂ ਦੀਆਂ ਉਦਾਹਰਨਾਂ ਵੀ ਦਿੱਤੀਆਂ ਜਾ ਸਕਦੀਆਂ ਹਨ।

**ਯੁੱਧ ਦੇ ਬੁਨਿਆਦੀ ਅਸੂਲ :** ਰੂਸ ਅਤੇ ਯੂਕਰੇਨ ਵਿਚਕਾਰ ਯੁੱਧ 24 ਫਰਵਰੀ 2022 ਨੂੰ ਸ਼ੁਰੂ ਹੋਇਆ ਸੀ। ਰੂਸ ਦਾ ਰਾਸ਼ਟਰਪਤੀ ਦਮਗਜ਼ੇ ਮਾਰਦਾ ਸੀ ਕਿ ਮੈਂ ਯੁੱਧ ਤਿੰਨ ਦਿਨਾਂ ਵਿਚ ਜਿੱਤ ਲਵਾਂਗਾ। ਕਹਿੰਦੇ ਹਨ ਲੜਾਈ ਤੇ ਲੱਸੀ ਨੂੰ ਚਾਹੇ ਜਿੰਨਾਂ ਮਰਜ਼ੀ ਵਧਾ ਲਵੋ...। ਇਹੀ ਹਾਲ ਇੱਥੇ ਹੋਇਆ ਹੈ। ਇਸ ਲੜਾਈ ਵਿਚ ਇਕੱਲੇ ਰੂਸ ਦੇ ਹੁਣ ਤੱਕ ਕੋਈ ਇਕ ਲੱਖ ਫ਼ੌਜੀ ਮਾਰੇ ਜਾ ਚੁੱਕੇ ਹਨ। ਯੂਕਰੇਨ ਵਿਚ ਵੀ ਨੁਕਸਾਨ ਕੋਈ ਘੱਟ ਨਹੀਂ ਹੋਇਆ। ਲੱਖਾਂ ਲੋਕ ਯੁੱਧ ਤੋਂ ਪਹਿਲਾਂ ਹੀ ਆਪਣਾ ਦੇਸ਼ ਛੱਡ ਕੇ ਗੁਆਂਢੀ ਦੇਸ਼ਾਂ ਵਿਚ ਸ਼ਰਨ ਲੈ ਚੁੱਕੇ ਹਨ। ਅਜੇ ਵੀ ਯੁੱਧ ਦੇ ਅੰਤ ਦਾ ਕੋਈ ਸਿਰਾ ਹੱਥ ਨਹੀਂ ਲੱਗ ਰਿਹਾ।

ਇਜ਼ਰਾਇਲ ਅਤੇ ਗਾਜ਼ਾ ਵਿਚਕਾਰ 7 ਅਕਤੂਬਰ 2023 ਨੂੰ ਹਮਾਸ ਦੇ ਹਮਲੇ ਤੋਂ ਬਾਅਦ ਸ਼ੁਰੂ ਹੋਏ ਯੁੱਧ ਨੇ ਪੂਰੇ ਫਿਲਿਸਤੀਨ ਨੂੰ ਕਬਰਿਸਤਾਨ ਵਿਚ ਬਦਲ ਦਿੱਤਾ ਹੈ। ਕਿਸੇ ਸਮੇਂ ਇਸ ਇਲਾਕੇ ਵਿਚ ਜ਼ਿੰਦਗੀ ਧੜਕਦੀ ਸੀ। ਹੁਣ ਖੰਡਰਾਂ ਹੇਠ ਮਰੇ ਲੋਕਾਂ ਦੀਆਂ ਚੀਕਾਂ, ਕੁਰਲਾਹਟਾਂ ਅਤੇ ਬਦ-ਦੁਆਵਾਂ ਘੁੰਮ ਰਹੀਆਂ ਹਨ। ਹਾਲਾਤ ਇੰਨੇ ਮਾੜੇ ਹਨ ਕਿ ਦੇਖੇ ਨਹੀਂ ਜਾ ਰਹੇ। 22 ਮਹੀਨਿਆਂ ਤੋਂ ਚੱਲ ਰਹੀ ਲੜਾਈ ਵਿਚ 61 ਹਜ਼ਾਰ ਫਿਲਿਸਤੀਨੀ ਮਾਰੇ ਜਾ ਚੁੱਕੇ ਹਨ। ਜਿਨਾਂ ਵਿਚ 17 ਹਜ਼ਾਰ ਦੇ ਕਰੀਬ ਬੱਚੇ ਹਨ। ਪੰਜ ਲੱਖ ਲੋਕ ਭੁੱਖਮਰੀ ਦਾ ਸ਼ਿਕਾਰ ਹੋਏ ਹਨ। 90% ਆਬਾਦੀ ਬੇਘਰ ਹੋ ਚੁੱਕੀ ਹੈ। 90% ਇਮਾਰਤਾਂ ਤਬਾਹ ਹੋ ਚੁੱਕੀਆਂ। ਨਸਲਕੁਸ਼ੀ ਦਾ ਦੌਰ ਜਾਰੀ ਹੈ। ਸੰਯੁਕਤ ਰਾਸ਼ਟਰ ਸੰਘ ਅਤੇ ਯੁੱਧ ਦੇ ਬੁਨਿਆਦੀ ਅਸੂਲਾਂ ਨੂੰ ਛਿੱਕੇ ਉੱਤੇ ਟੰਗ ਕੇ ਹਸਪਤਾਲਾਂ, ਸਕੂਲਾਂ ਅਤੇ ਰਾਹਤ ਟਿਕਾਣਿਆਂ ਨੂੰ ਵੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਦੁਨੀਆ ਇਸ ਭਿਆਨਕ ਜ਼ੁਲਮ ਦੀ ਇੰਤਹਾ ਵੇਖ ਕੇ ਚੁੱਪ ਵੱਟੀ ਬੈਠੀ ਹੈ। ਸਰਮਾਏਦਾਰ ਮੁਲਕਾਂ ਨੇ ਹਥਿਆਰਾਂ ਦੇ ਵਿਉਪਾਰ ਨੂੰ ਮੁੱਖ ਧੰਦਾ ਬਣਾ ਲਿਆ ਹੈ। ਦੁਨੀਆ ਨੂੰ ਹਥਿਆਰਾਂ ਦੀ ਸੰਸਕ੍ਰਿਤੀ ਨੂੰ ਮੁੱਢੋਂ- ਸੁੱਢੋਂ ਹੀ ਨਕਾਰਨਾ ਚਾਹੀਦਾ ਹੈ। ਅਮਨ ਅਮਾਨ ਨਾਲ ਰਹਿੰਦਿਆਂ ਹੋਇਆਂ ਧਰਤੀ ਨੂੰ ਸੁੱਖ ਦਾ ਸਾਂਹ ਲੈਣ ਦੇਣਾ ਚਾਹੀਦਾ ਹੈ।

**ਬੰਬਾਂ ਦਾ ਜ਼ਹਿਰੀਲਾ ਧੂੰਆਂ :** ਜਦੋਂ ਮੈਂ ਬੰਬਾ ਬੰਦੂਕਾਂ ਦੇ ਬੇਇੰਤਹਾ ਨੁਕਸਾਨ ਬਾਰੇ ਸੋਚਦਾ ਹਾਂ ਤਾਂ ਮਹਿਸੂਸ ਕਰਦਾ ਹਾਂ ਕਿ ਇਹ ਧਰਤੀ ਤਾਂ ਮਨੁੱਖ ਜਾਤੀ ਨੂੰ ਰੱਬੋਂ ਮਿਲੀ ਸੀ। ਸੂਰਜ ਤਾਂ ਬਿਨਾਂ ਕਿਸੇ ਭੇਦ-ਭਾਵ ਦੇ ਸਾਰਿਆਂ ਨੂੰ ਧੁੱਪ, ਰੋਸ਼ਨੀ, ਨਿੱਘ ਤੇ ਊਰਜਾ ਪ੍ਰਦਾਨ ਕਰਦਾ ਹੈ। ਹਵਾ ਦੇ ਬੁੱਲੇ ਬੰਦਿਆਂ ਤੇ ਬਿਰਖਾਂ ਵਿਚ ਸਾਂਹ ਭਰਦੇ ਰਹਿੰਦੇ ਹਨ, ਫਿਰ ਕਿਸੇ ਸਿਰਫਿਰੇ ਸ਼ਾਸਕ ਨੂੰ ਕੀ ਹੱਕ ਹੈ ਕਿ ਉਹ ਮਨੁੱਖ ਜਾਤੀ ਦੀ ਸਾਂਝੀ ਵਿਰਾਸਤ ਦੇ ਸੀਨੇ ਨੂੰ ਛਲਣੀ-ਛਲਣੀ ਕਰੇ। ਬੰਬ ਚਾਹੇ ਯੂਕਰੇਨ ਵਿਚ ਡਿੱਗਣ ਚਾਹੇ ਗਾਜ਼ਾ ਵਿਚ, ਉਨ੍ਹਾਂ ਬੰਬਾਂ ਦਾ ਜ਼ਹਰੀਲਾ ਧੂੰਆਂ ਤਾਂ ਕਿਸੇ ਵੀ ਸਰਹੱਦ ਨੂੰ ਨਹੀਂ ਮੰਨਦਾ। ਉਹ ਤਾਂ ਸਰਹੱਦਾਂ ਟੱਪ ਕੇ ਦੂਸਰੇ ਦੇਸ਼ਾਂ ਵਿਚ ਪਹੁੰਚ ਜਾਂਦਾ ਹੈ। ਬੰਬਾਂ ਦੀਆਂ ਕੰਨ ਪਾੜਦੀਆਂ ਆਵਾਜ਼ਾਂ ਤਾਂ ਦਰੱਖ਼ਤਾਂ, ਪੰਛੀਆਂ ਅਤੇ ਬੱਚਿਆਂ ਦੇ ਸਕੂਨ ਨੂੰ ਬਰਬਾਦ ਕਰ ਦਿੰਦੀਆਂ ਹਨ। ਇਸੇ ਸਕੂਨ ਵਿੱਚੋਂ ਹੀ ਨਵੀਂ ਜ਼ਿੰਦਗੀ ਦੇ ਬੀਜ ਪੁੰਗਰਨੇ ਹੁੰਦੇ ਹਨ। ਇਸ ਲਈ ਦੁਨੀਆ ਵਿਚ ਇਸ ਸਾਂਝੀ ਸੰਪੱਤੀ (ਸੂਰਜ, ਧਰਤੀ, ਹਵਾ ਆਦਿ) ਤੇ ਵਿਰਾਸਤ ਦੀ ਹਿਫ਼ਾਜ਼ਤ ਲਈ ਸਾਂਝੇ ਕਾਨੂੰਨ ਬਣਨੇ ਚਾਹੀਦੇ ਹਨ। ਕਿਸੇ ਨੂੰ ਵੀ ਉਪਜਾਊ ਧਰਤੀ ਬੰਜਰ ਬਣਾਉਣ ਦੀ ਖੁੱਲ੍ਹ ਨਹੀਂ ਦੇਣੀ ਚਾਹੀਦੀ। ਹੁਣੇ ਜਿਹੇ ਯੁੱਧ ਦੇ ਖ਼ਿਲਾਫ਼ ਆਸਟਰੇਲੀਆ, ਅਮਰੀਕਾ, ਯੂਰਪ ਵਿਚ ਆਵਾਜ਼ਾਂ ਉੱਠਣੀਆਂ ਸ਼ੁਰੂ ਹੋਈਆਂ ਹਨ।

**ਸਰਬ ਸਾਂਝੇ ਨਜ਼ਰੀਏ ਤੋਂ ਦੁਨੀਆ :** ਮਹਾਂਕਵੀ ਰਾਬਿੰਦਰ ਨਾਥ ਟੈਗੋਰ ਨੇ ਇਕ ਵਾਰੀ ਕਿਹਾ ਸੀ ਕਿ ਮੈਨੂੰ ਇਹ ਵੇਖ ਕੇ ਬਹੁਤ ਹੈਰਾਨੀ ਹੁੰਦੀ ਹੈ ਕਿ ਲੋਕ ਨਫ਼ਰਤ ਕਿਵੇਂ ਕਰਦੇ ਹਨ। ਜਦਕਿ ਇਹ ਜੀਵਨ ਤਾਂ ਪਿਆਰ ਕਰਨ ਵਾਸਤੇ ਵੀ ਬਹੁਤ ਥੋੜ੍ਹਾ ਹੈ। ਜਦੋਂ ਟੈਗੋਰ ਯੂਰਪ ਦੇ ਕਈ ਦੇਸ਼ਾਂ ਦਾ ਦੌਰਾ ਕਰਕੇ ਵਾਪਸ ਆਏ ਤਾਂ ਉਹਨਾਂ ਨੂੰ ਇਹ ਪੁੱਛਿਆ ਗਿਆ ਕਿ ਤੁਸੀਂ ਆਪਣਾ ਅਨੁਭਵ ਦੱਸੋ ਤਾਂ ਉਹਨਾਂ ਨੇ ਕਿਹਾ ਸੀ ਕਿ ਮੈਨੂੰ ਸਾਰੇ ਦੇਸ਼ ਹੀ ਆਪਣੇ ਲੱਗਦੇ ਹਨ ਤੇ ਦੇਸ਼ਾਂ ਦੀਆਂ ਸਰਹੱਦਾਂ ਦਾ ਮੇਰੇ ਲਈ ਕੋਈ ਅਰਥ ਨਹੀਂ ਰਹਿ ਗਿਆ। ਦੁਨੀਆ ਨੂੰ ਇਸ ਤਰ੍ਹਾ ਦੇ ਡਰ, ਸੰਤਾਪ, ਬੇਭਰੋਸਗੀ ਤੇ ਖ਼ੌਫ਼ ਦੇ ਆਲਮ ਵਿਚ ਲੋਕਾਂ ਨੂੰ ਜਿਊਣ ਲਈ ਧੱਕਣਾ ਤੇ ਮਜਬੂਰ ਕਰਨਾ ਕਿਸੇ ਪੱਖੋਂ ਵੀ ਜਾਇਜ਼ ਨਹੀਂ।

**ਮਨੁੱਖਤਾ ਦੇ ਰਸਤੇ ਵਿਚ ਕੰਡੇ :** ਯੁੱਧ ਚਾਹੇ ਦੁਨੀਆ ਦੇ ਕਿਸੇ ਵੀ ਕੋਣੇ 'ਚ ਹੋਵੇ ਉਸ ਦਾ ਨੁਕਸਾਨ ਤਾਂ ਪੂਰੀ ਦੁਨੀਆ ਨੂੰ ਹੀ ਹੋਣਾ ਹੁੰਦਾ ਹੈ। ਇਹ ਨੁਕਸਾਨ ਪੂਰੀ ਦੁਨੀਆ ਦੀ ਮਾਨਵਤਾ ਤੇ ਸੰਵੇਦਨਾ ਨੂੰ ਜ਼ਖ਼ਮੀ ਕਰਦਾ ਹੈ। ਯੁੱਧ ਮਨੁੱਖਤਾ ਦੇ ਰਸਤੇ ਵਿਚ ਕੰਡੇ ਖ਼ ?ਲਾਰ ਦਿੰਦਾ ਹੈ। ਇਹੀ ਕਿਰਚਾਂ ਤੇ ਕੰਡੇ ਮਨੁੱਖਤਾ ਦਾ ਭਵਿੱਖ ਲਹੂ-ਲੁਹਾਣ ਕਰ ਦਿੰਦੇ ਹਨ। ਪੂਰੀ ਦੁਨੀਆ ਨੂੰ ਇਨ੍ਹਾਂ ਆਪ ਸਹੇੜੇ ਦੁੱਖਾਂ ਤੋਂ ਨਿਜ਼ਾਤ ਪਾਉਣ ਲਈ ਸਾਂਝੇ ਯਤਨ ਕਰਨੇ ਚਾਹੀਦੇ ਹਨ। ਅਜਿਹੀਆਂ ਸੁਹਿਰਦ ਸੰਵੇਦਨਾਵਾਂ ਤੇ ਸੋਚ ਪ੍ਰਣਾਲੀਆਂ ਨੂੰ ਹੀ ਉਤਸ਼ਾਹਿਤ ਕਰਨਾ ਚਾਹੀਦਾ ਹੈ ਤਾਂ ਜੋ ਸਾਰੀ ਦੁਨੀਆ ਦੇ ਭਵਿੱਖ ਨੂੰ ਸੁਰੱਖਿਅਤ, ਸੁੱਖਮਈ ਤੇ ਸਕੂਨ ਭਰਿਆ ਬਣਾਇਆ ਜਾ ਸਕੇ। ਖਿੜੇ ਫੁੱਲ, ਮਹਿਕਦੀਆਂ ਹਵਾਵਾਂ, ਮੁਸਕਰਾਉਂਦੇ ਚਿਹਰੇ, ਗੀਤ ਗਾਉਂਦੀਆਂ ਫ਼ਸਲਾਂ ਸਭਨਾਂ ਦਾ ਸਵਾਗਤ ਕਰਦੀਆਂ ਕਿੰਨੀਆਂ ਸੋਹਣੀਆਂ ਲੱਗਦੀਆਂ ਹਨ।

**ਲੋਕਾਈ ਲਈ ਸਭ ਤੋਂ ਵੱਡਾ ਖ਼ਤਰਾ :** ਦੁਨੀਆ ਵਿਚ ਪ੍ਰਮਾਣੂ ਹਥਿਆਰ ਬਣਾਉਣ ਦੀ ਹੋੜ ਲੱਗੀ ਹੋਈ ਹੈ। ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਸੰਸਥਾਨ ਅਨੁਸਾਰ 2024 'ਚ 235 ਲੱਖ ਕਰੋੜ ਰੁਪਏ ਹਥਿਆਰਾਂ ਉੱਤੇ ਖ਼ਰਚ ਕੀਤੇ ਹਨ। ਇਸ ਸਮੇਂ ਨੌਂ ਦੇਸ਼ਾਂ ਕੋਲ ਪਰਮਾਣੂ ਹਥਿਆਰ ਹਨ। ਸਭ ਤੋਂ ਹੈਰਾਨੀ ਵਾਲੀ ਗੱਲ ਇਹ ਹੈ ਕਿ ਦੁਨੀਆ ਨੇ ਜਾਪਾਨ ਉੱਤੇ ਸਿੱਟੇ ਪਰਮਾਣੂ ਬੰਬਾਂ ਦੇ ਮਾੜੇ ਪ੍ਰਭਾਵਾਂ ਤੋਂ ਕੋਈ ਸਬਕ ਨਹੀਂ ਸਿੱਖਿਆ। ਇਹ ਬੰਬ ਨਾਗਾਸਾਕੀ ਅਤੇ ਹੀਰੋਸ਼ੀਮਾ (ਜਾਪਾਨ) ਉੱਤੇ ਅਮਰੀਕਾ ਵੱਲੋਂ 6 ਅਤੇ 9 ਅਗਸਤ 1945 ਨੂੰ ਸਿੱਟੇ ਗਏ ਸਨ। ਇਹ ਹਮਲਾ ਇੰਨਾਂ ਭਿਆਨਕ ਸੀ ਕਿ ਲੋਕਾਂ ਦੀ ਜ਼ਿੰਦਗੀ ਨਰਕ ਬਣ ਗਈ ਸੀ। ਖੜ੍ਹੇ ਖੜੋਤੇ ਲੋਕ ਮੋਮ ਵਾਂਗ ਪਿਘਲ ਗਏ ਸਨ। ਕੋਈ ਚੁਹੱਤਰ ਹਜ਼ਾਰ (74000) ਲੋਕ ਸਕਿੰਟਾਂ ਵਿਚ ਮਾਰੇ ਗਏ। ਅਣਗਿਣਤ ਲੋਕ ਨਾ ਮੁਰਾਦ ਬਿਮਾਰੀਆਂ ਦਾ ਸ਼ਿਕਾਰ ਹੋ ਗਏ। ਅਜੇ ਵੀ ਜਾਪਾਨ ਦੇ ਲੋਕ ਹਰ ਸਾਲ ਉਸੇ ਦਿਨ ਵਿਛੜੀਆਂ ਆਤਮਾਵਾਂ ਨੂੰ ਸ਼ਰਧਾਂਜਲੀ ਦਿੰਦੇ ਹਨ ਅਤੇ ਦੁਨੀਆ ਨੂੰ ਯੁੱਧ ਦੀ ਭਿਆਨਕਤਾ ਤੋਂ ਬਚਣ ਦਾ ਸੁਨੇਹਾ ਦਿੰਦੇ ਹਨ। ਹਥਿਆਰਾਂ ਉੱਤੇ ਖ਼ਰਚੇ ਜਾ ਰਹੇ ਧਨ ਨਾਲ ਦੁਨੀਆਂ ਦੇ ਦੁੱਖਾਂ ਨੂੰ ਮਿਟਾਉਣ ਲਈ ਰੋਟੀ, ਕੱਪੜੇ ਅਤੇ ਮਕਾਨਾਂ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ।



# ਅਮਰੀਕਾ ਅਤੇ ਚੀਨ ਤੋਂ ਬੇਹੱਦ ਚੌਕਸ ਰਹੇ ਭਾਰਤ



ਇਨ੍ਹੀਂ ਦਿਨੀਂ ਸੰਯੁਕਤ ਸੰਯੁਕਤ ਰਾਸ਼ਟਰ ਮਹਾਸਭਾ ਦਾ ਸਾਲਾ ਇਜਲਾਸ ਚੱਲ ਰਿਹਾ ਹੈ। ਸੰਯੁਕਤ ਰਾਸ਼ਟਰ ਦੀ ਸਥਾਪਨਾ ਦੁਨੀਆ ਵਿਚ ਸ਼ਾਂਤੀ ਅਤੇ ਸੁਰੱਖਿਆ ਕਾਇਮ ਰੱਖਣ, ਆਰਥਿਕ, ਸਮਾਜਿਕ ਅਤੇ ਮਨੁੱਖੀ ਚੁਣੌਤੀਆਂ ਦਾ ਬਹੁ-ਪੱਖੀ ਸਹਿਯੋਗ ਨਾਲ ਹੱਲ ਕਰਨ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨ ਲਈ ਕੀਤੀ ਗਈ ਸੀ। ਪੱਛਮੀ ਦੇਸ਼ ਇਸ ਨੂੰ ਨਿਯਮਬੱਧ ਵਿਵਸਥਾ ਕਹਿੰਦੇ ਹਨ ਜਿਸ ਦਾ ਕਰਤਾ-ਧਰਤਾ ਅਤੇ ਸਰਪ੍ਰਸਤ ਅਮਰੀਕਾ ਸੀ। ਸੰਯੁਕਤ ਰਾਸ਼ਟਰ ਨੇ ਆਪਣੇ 80 ਸਾਲਾਂ ਦੇ ਇਤਿਹਾਸ ਵਿਚ ਬਸਤੀਵਾਦ ਨੂੰ ਖ਼ਤਮ ਕਰਨ, ਸ਼ਾਂਤੀ ਕਾਇਮ ਕਰਨ, ਮਹਾਮਾਰੀਆਂ 'ਤੇ ਨਿਯੰਤਰਣ ਰੱਖਣ, ਮੁਫ਼ਤ ਵਪਾਰ ਨੂੰ ਹੁਲਾਰਾ ਦੇਣ ਅਤੇ ਸਮੁੰਦਰਾਂ ਵਿਚ ਵਿਵਸਥਾ ਕਾਇਮ ਕਰਨ ਵਰਗੇ ਕਈ ਜ਼ਿਕਰਯੋਗ ਕੰਮ ਕੀਤੇ ਹਨ।

ਹਾਲਾਂਕਿ, ਦੇਸ਼ਾਂ ਦੀ ਪ੍ਰਭੂਸੱਤਾ ਅਤੇ ਅਖੰਡਤਾ ਦੀ ਰੱਖਿਆ ਉਹ ਅਮਰੀਕਾ ਦੇ ਦਮ 'ਤੇ ਹੀ ਕਰਵਾ ਸਕਿਆ ਅਤੇ ਠੰਢੀ ਜੰਗ ਦੌਰਾਨ ਇਹ ਵੀ ਨਹੀਂ ਹੋ ਸਕਿਆ। ਅਮਰੀਕਾ ਦੀ ਦਿਲਚਸਪੀ ਨਾ ਰਹਿਣ ਦੇ ਕਾਰਨ ਹੀ ਨਾ ਭਾਰਤ ਨੂੰ ਪਾਕਿਸਤਾਨ ਅਤੇ ਚੀਨ ਦੁਆਰਾ ਕਬਜ਼ਾ ਕੀਤਾ ਹੋਇਆ ਕਸ਼ਮੀਰ ਮਿਲ ਸਕਿਆ ਅਤੇ ਨਾ ਹੀ ਫਲਸਤੀਨੀਆਂ ਨੂੰ ਉਨ੍ਹਾਂ ਦਾ ਦੇਸ਼। ਅਮਰੀਕਾ ਨੇ ਵੀਆਤਨਾਮ, ਇਰਾਕ ਅਤੇ ਅਫ਼ਗਾਨਿਸਤਾਨ ਵਿਚ ਆਪਣੀ ਮਨਮਾਨੀ ਕੀਤੀ ਪਰ ਸੱਚਾਈ ਇਹ ਹੈ ਕਿ ਉਸ ਦੇ ਬਿਨਾਂ ਸੰਯੁਕਤ ਰਾਸ਼ਟਰ ਲਈ ਇੰਨਾ ਹਾਸਲ ਕਰਨਾ ਵੀ ਸੰਭਵ ਨਹੀਂ ਹੁੰਦਾ, ਜਿੰਨਾ ਉਸ ਨੇ ਹਾਸਲ ਕੀਤਾ ਹੈ। ਆਪਣੀ ਮਨਮਾਨੀ ਦੇ ਬਾਵਜੂਦ ਸੰਯੁਕਤ ਰਾਸ਼ਟਰ ਦੀ ਨਿਯਮਬੱਧ ਵਿਵਸਥਾ ਦਾ ਸਰਪ੍ਰਸਤੀ ਕਰਨ 'ਤੇ ਅਮਰੀਕਾ ਨੂੰ ਇੱਜ਼ਤ ਅਤੇ ਚੜ੍ਹਤ ਦਾ ਬੇਹੱਦ ਲਾਭ ਮਿਲਿਆ ਜਿਸ ਕਾਰਨ ਪਿਛਲੀ ਸਦੀ ਨੂੰ ਅਮਰੀਕਾ ਦੀ ਸਦੀ ਕਿਹਾ ਜਾਂਦਾ ਹੈ।

ਫਿਰ ਵੀ, ਰਾਸ਼ਟਰਪਤੀ ਟਰੰਪ ਨੇ ਆਉਂਦੇ ਹੀ ਇਕ-ਇਕ ਕਰ ਕੇ ਸੰਯੁਕਤ ਰਾਸ਼ਟਰ ਦੀ ਪੈਰਿਸ ਜਲਵਾਯੂ ਸੰਧੀ, ਵਿਸ਼ਵ ਸਿਹਤ ਸੰਗਠਨ, ਯੂਨੈਸਕੋ ਅਤੇ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਪ੍ਰੀਸ਼ਦ ਵਰਗੀਆਂ ਸੰਸਥਾਵਾਂ ਤੋਂ ਹੱਥ ਖਿੱਚ ਲਏ ਅਤੇ ਅਮਰੀਕੀ ਰਾਹਤ ਸੰਸਥਾ ਯੂਐੱਸ ਏਡ ਨੂੰ ਵੀ ਰੋਕ ਦਿੱਤਾ। ਦੁਨੀਆ ਦੀ 26 ਪ੍ਰਤੀਸ਼ਤ ਆਰਥਿਕਤਾ ਹੋਣ ਕਾਰਨ ਅਮਰੀਕਾ ਇਨ੍ਹਾਂ ਸਭ ਸੰਸਥਾਵਾਂ ਵਿਚ ਸਭ ਤੋਂ ਵੱਧ ਯੋਗਦਾਨ ਦਿੰਦਾ ਹੈ। ਉਸ ਦੇ ਨਿਕਲ ਜਾਣ ਨਾਲ ਦੁਨੀਆ ਵਿਚ ਜਲਵਾਯੂ ਸੰਕਟ ਅਤੇ ਮਹਾਮਾਰੀਆਂ ਦੇ ਪ੍ਰਕੋਪ ਦਾ ਸਾਹਮਣਾ ਕਰਨ ਦੀ ਸਮਰੱਥਾ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਸਿਹਤ, ਸਿੱਖਿਆ, ਗ਼ਰੀਬੀ ਅਤੇ ਅਸਮਾਨਤਾ ਦੇ ਖ਼ਾਤਮੇ ਦੇ ਟੀਚਿਆਂ ਨੂੰ ਪ੍ਰਾਪਤ ਕਰਨਾ ਵੀ ਮੁਸ਼ਕਲ ਹੋ ਗਿਆ ਹੈ। ਟਰੰਪ ਦੀਆਂ ਨੀਤੀਆਂ ਨਾਲ ਸਭ ਤੋਂ ਵੱਡਾ ਧੱਕਾ ਵਿਸ਼ਵ ਵਪਾਰ ਵਿਵਸਥਾ ਨੂੰ ਲੱਗਾ ਹੈ। ਪਿਛਲੇ ਪੰਜ ਦਹਾਕਿਆਂ ਵਿਚ ਮੁਕਤ ਵਪਾਰ ਅਤੇ ਗਲੋਬਲਾਈਜ਼ੇਸ਼ਨ ਕਾਰਨ ਜੋ ਸਪਲਾਈ ਦੇ ਰਸਤੇ ਬਣੇ ਅਤੇ ਆਰਥਿਕ ਪ੍ਰਗਤੀ ਹੋਈ, ਜਿਸ ਦੇ ਸਹਾਰੇ ਕਰੋੜਾਂ ਲੋਕ ਗ਼ਰੀਬੀ ਰੇਖਾ ਤੋਂ ਉੱਪਰ ਆਏ, ਉਹ ਸਾਰੀ ਪ੍ਰਣਾਲੀ ਤਹਿਸ-ਨਹਿਸ ਹੋ ਗਈ ਹੈ।

ਟਰੰਪ ਜਿਸ ਰਫ਼ਤਾਰ ਨਾਲ ਮਨਮਾਨੇ ਫੁਰਮਾਨ ਜਾਰੀ ਕਰ ਰਹੇ ਹਨ ਅਤੇ ਆਪਣੇ ਹੀ ਬਿਆਨਾਂ ਤੋਂ ਪਲਟ ਰਹੇ ਹਨ, ਉਨ੍ਹਾਂ ਨੂੰ ਦੇਖ ਕੇ ਅਮਰੀਕਾ ਦੇ ਗੱਠਜੋੜ ਮਿੱਤਰ ਯੂਰਪੀ ਕਮਿਸ਼ਨ ਦੀ ਪ੍ਰਧਾਨ ਅਰਸੂਲਾ ਵਾਨ ਡਰ ਲੇਨ ਨੂੰ ਆਪਣੀ ਰਿਪੋਰਟ ਵਿਚ ਲਿਖਣਾ ਪਿਆ ਹੈ, 'ਵਿਸ਼ਵ ਪ੍ਰਣਾਲੀ ਹੁਣ ਸੁਧਾਰ ਰਹਿਤ ਹੋ ਚੁੱਕੀ ਹੈ, ਇਸ ਲਈ ਯੂਰਪ ਨੂੰ ਜੰਗਲਰਾਜ ਲਈ ਤਿਆਰ ਹੋ ਜਾਣਾ ਚਾਹੀਦਾ ਹੈ।'

ਇਸ ਸਿੱਟੇ 'ਤੇ ਪੁੱਜਣ ਦੀ ਵਜ ?ਹਾ ਉਹ ਘਟਨਾਵਾਂ ਹਨ ਜਿਨ੍ਹਾਂ ਦੀ ਇਕ ਸਾਲ ਪਹਿਲਾਂ ਤੱਕ ਕੋਈ ਕਲਪਨਾ ਵੀ ਨਹੀਂ ਕਰਦਾ ਸੀ। ਸੰਯੁਕਤ ਰਾਸ਼ਟਰ ਦੇ ਸਰਪ੍ਰਸਤ ਅਮਰੀਕਾ ਨੇ ਆਪਣੇ ਮਿੱਤਰ ਦੇਸ਼ ਡੈਨਮਾਰਕ ਨੂੰ ਕਿਹਾ ਕਿ ਗ੍ਰੀਨਲੈਂਡ ਸਾਨੂੰ ਸੌਂਪ ਦਿਓ, ਨਹੀਂ ਤਾਂ ਅਸੀਂ ਖੋਹ ਲਵਾਂਗੇ। ਵਿਸ਼ਵ ਵਪਾਰ ਸੰਗਠਨ ਨੂੰ ਅਮਰੀਕਾ ਨੇ ਹੀ ਮਨਮਰਜ਼ੀ ਵਾਲੀਆਂ ਟੈਰਿਫ ਨੀਤੀਆਂ ਨਾਲ ਗ਼ੈਰ-ਪ੍ਰਸੰਗਿਕ ਬਣਾ ਦਿੱਤਾ ਹੈ। ਸੁਰੱਖਿਆ ਕੌਂਸਲ ਯੂਕਰੇਨ ਅਤੇ ਗਾਜ਼ਾ ਦੇ ਯੁੱਧ ਰੁਕਵਾਉਣ ਲਈ ਕੋਈ ਪ੍ਰਸਤਾਵ ਪਾਸ

**-ਸ਼ਿਵਕਾਂਤ ਸ਼ਰਮਾ**

ਨਹੀਂ ਕਰ ਪਾ ਰਹੀ ਹੈ।

ਗਾਜ਼ਾ ਵਿਚ ਮਨੁੱਖੀ ਰਾਹਤ ਪਹੁੰਚਾਉਣ ਲਈ ਵੀ ਪ੍ਰਸਤਾਵ 'ਤੇ ਸਹਿਮਤੀ ਨਹੀਂ ਬਣ ਰਹੀ ਹੈ। ਅਮਰੀਕਾ ਸੰਯੁਕਤ ਰਾਸ਼ਟਰ ਦੇ ਮਤਦਾਨ ਵਿਚ ਰੂਸ ਦਾ ਸਾਥ ਦੇ ਰਿਹਾ ਹੈ। ਰੂਸੀ ਹਮਲੇ ਲਈ ਰੂਸ 'ਤੇ ਜਾਂ ਫਿਰ ਉਸ ਤੋਂ ਸਭ ਤੋਂ ਵੱਧ ਤੇਲ ਖ਼ਰੀਦਣ ਵਾਲੇ ਚੀਨ 'ਤੇ ਕੋਈ ਕਾਰਵਾਈ ਕਰਨ ਦੀ ਬਜਾਏ ਭਾਰਤ 'ਤੇ ਟੈਰਿਫ ਲਗਾਏ ਜਾ ਰਹੇ ਹਨ ਅਤੇ ਯੂਕਰੇਨ ਦੀ ਜੰਗ ਨੂੰ ਮੋਦੀ ਦਾ ਯੁੱਧ ਨਾਂ ਦਿੱਤਾ ਜਾ ਰਿਹਾ ਹੈ। ਯੂਰਪ ਨੂੰ ਕਿਹਾ ਜਾ ਰਿਹਾ ਹੈ ਕਿ ਉਹ ਭਾਰਤ ਅਤੇ ਚੀਨ 'ਤੇ 100 ਪ੍ਰਤੀਸ਼ਤ ਟੈਰਿਫ ਲਗਾ ਦੇਵੇ।


ਸਾਫ਼ ਹੈ ਕਿ ਨਿਯਮਬੱਧ ਮੰਨੀ ਜਾਣ ਵਾਲੀ ਵਿਵਸਥਾ ਨਿਯਮਹੀਣ ਹੋ ਕੇ ਟੁੱਟ ਚੁੱਕੀ ਹੈ। ਟਰੰਪ ਦੇ ਆਲੋਚਕ ਵੀ ਹੈਰਾਨ-ਪਰੇਸ਼ਾਨ ਹਨ ਅਤੇ ਕਹਿ ਰਹੇ ਹਨ ਕਿ ਵਿਦੇਸ਼ ਨੀਤੀ ਦੇ ਇਤਿਹਾਸ ਵਿਚ ਉਨ੍ਹਾਂ ਨੇ ਕਿਸੇ ਆਗੂ ਨੂੰ ਇਸ ਤਰ੍ਹਾਂ ਆਪਣੇ ਦੇਸ਼ ਦੇ ਹਿੱਤਾਂ ਦੀ ਹੋਲੀ ਖੇਡਦੇ ਨਹੀਂ ਦੇਖਿਆ। ਅਮਰੀਕਾ ਦੇ ਹੀ ਵਰਦਾਨ ਨਾਲ ਬਲਸ਼ਾਲੀ ਹੋਏ ਚੀਨ ਨੇ ਮੌਕਾ ਪਛਾਣਦਿਆਂ ਮਹਾਸਭਾ ਦੇ ਇਜਲਾਸ ਤੋਂ ਠੀਕ ਪਹਿਲਾਂ ਸ਼ੰਘਾਈ ਸਹਿਯੋਗ ਸੰਗਠਨ ਦੇ ਇਤਿਹਾਸ ਦੀ ਸਭ ਤੋਂ ਵੱਡੀ ਸਿਖਰ ਬੈਠਕ ਦਾ ਆਯੋਜਨ ਕੀਤਾ। ਇਸ ਵਿਚ ਰੂਸ ਅਤੇ ਭਾਰਤ ਸਮੇਤ 24 ਦੇਸ਼ਾਂ ਦੇ ਮੁਖੀਆਂ ਦੇ ਸਾਹਮਣੇ ਉਸ ਨੇ ਆਪਣੀ ਨਵੀਂ 'ਆਲਮੀ ਪ੍ਰਸ਼ਾਸਨ ਪਹਿਲ' ਦਾ ਐਲਾਨ ਕੀਤਾ।

**ਇਸ ਦੀ ਬੁਨਿਆਦ ਪੰਜ ਸਿਧਾਂਤਾਂ 'ਤੇ ਟਿਕੀ ਹੈ** : ਪ੍ਰਭੂਸੱਤਾ ਵਿਚ ਬਰਾਬਰੀ, ਅੰਤਰਰਾਸ਼ਟਰੀ ਨਿਯਮਾਂ ਦੀ ਪਾਲਣਾ, ਬਹੁ-ਪੱਖੀ ਆਚਰਣ, ਲੋਕ-ਭਲਾਈ ਮੁਖੀ ਨਜ਼ਰੀਆ ਅਤੇ ਠੋਸ ਕਾਰਵਾਈਆਂ 'ਤੇ ਧਿਆਨ।

ਟਰੰਪ ਵੱਲੋਂ ਪੈਦਾ ਕੀਤੀ ਗਈ ਅਸਥਿਰਤਾ ਦੇ ਦੌਰ ਵਿਚ ਚੀਨ ਨੂੰ ਸਥਿਰਤਾ, ਸਹਿਯੋਗ ਅਤੇ ਸ਼ਾਂਤੀ ਦੇ ਚੈਂਪੀਅਨ ਦੇ ਰੂਪ ਵਿਚ ਪੇਸ਼ ਕਰਨ ਲਈ ਸਿਧਾਂਤਕ ਤੌਰ 'ਤੇ ਇਹ ਸਾਰੀਆਂ ਗੱਲਾਂ ਬਹੁਤ ਚੰਗੀਆਂ ਹਨ ਪਰ ਤਿੱਬਤ ਵਿਚ ਭਾਰਤੀ ਸਰਹੱਦ 'ਤੇ ਤਾਇਵਾਨ ਨੂੰ ਲੈ ਕੇ ਅਤੇ ਦੱਖਣੀ ਚੀਨ ਸਮੁੰਦਰ ਵਿਚ ਚੀਨ ਦੀਆਂ ਵਿਸਥਾਰਵਾਦੀ ਹਰਕਤਾਂ ਇਨ੍ਹਾਂ ਸਿਧਾਂਤਾਂ ਦੇ ਉਲਟ ਰਹੀਆਂ ਹਨ। ਇਹੀ ਵਜ ?ਹਾ ਹੈ ਕਿ ਚੀਨ 'ਤੇ ਅੱਖਾਂ ਮੀਚ ਕੇ ਭਰੋਸਾ ਨਹੀਂ ਕੀਤਾ ਜਾ ਸਕਦਾ। ਬਿਲਕੁਲ ਉਸੇ ਤਰ੍ਹਾਂ ਜਿਵੇਂ ਐੱਸਸੀਓ ਦਾ ਬੁਨਿਆਦੀ ਟੀਚਾ ਤਾਂ ਅੱਤਵਾਦ ਨੂੰ ਨੱਥ ਪਾਉਣਾ ਹੈ ਪਰ ਪਾਕਿਸਤਾਨੀ ਅੱਤਵਾਦੀਆਂ ਅਤੇ ਉਨ੍ਹਾਂ ਦੀਆਂ ਜਥੇਬੰਦੀਆਂ ਨੂੰ ਅੱਤਵਾਦੀ ਐਲਾਨਣ ਦੇ ਪ੍ਰਸਤਾਵ 'ਤੇ ਚੀਨ ਨੇ ਹਮੇਸ਼ਾ ਟੰਗ ਅੜਾਈ ਹੈ। ਦੁਨੀਆ ਵਿਚ ਕਿਹੋ ਜਿਹੀ ਵਿਵਸਥਾ ਹੋਵੇ, ਇਸ ਨੂੰ ਲੈ ਕੇ ਦੋ ਧੁਰੀਆਂ ਬਣ ਗਈਆਂ ਹਨ। ਇਕ ਪਾਸੇ ਅਮਰੀਕਾ ਹੈ ਜਿਸ ਦੇ ਆਗੂ ਟਰੰਪ ਆਪਣੇ ਹੀ ਦੇਸ਼ ਦੇ ਬਣਾਏ ਨਿਯਮਾਂ ਨੂੰ ਖ਼ਾਰਜ ਕਰ ਰਹੇ ਹਨ।

ਦੂਜੇ ਪਾਸੇ ਚੀਨ ਹੈ ਜੋ ਗੱਲਾਂ ਤਾਂ ਨਿਯਮਬੱਧ ਅਤੇ ਨਿਆਂਸੰਗਤ ਵਿਵਸਥਾ ਦੀਆਂ ਕਰਦਾ ਹੈ ਪਰ ਆਚਰਣ ਵਿਚ ਉਲਟਾ ਹੈ। ਭਾਵੇਂ ਰੂਸ, ਭਾਰਤ ਤੇ ਚੀਨ ਮਿਲ ਕੇ ਅਮਰੀਕਾ ਦੇ ਟੈਰਿਫ ਦੇ ਤੋੜ ਲਈ ਅੱਗੇ ਆਏ ਹਨ ਤੇ ਅਮਰੀਕਾ ਸਮੇਤ ਸਾਰੀ ਦੁਨੀਆ ਦੀਆਂ ਇਨ੍ਹਾਂ 'ਤੇ ਨਜ਼ਰਾਂ ਇਨ੍ਹਾਂ 'ਤੇ ਟਿਕੀਆਂ ਹੋਈਆਂ ਹਨ ਪਰ ਉਨ੍ਹਾਂ ਨੂੰ ਅਮਰੀਕਾ ਦੀ ਟੈਰਿਫ ਨੀਤੀ ਤੇ ਹੋਰ ਕਾਰਵਾਈਆਂ ਦਾ ਤੋੜ ਬਣਨ ਵਾਸਤੇ ਬਹੁਤ ਘਾਲਣਾਵਾਂ ਘਾਲਣੀਆਂ ਹੋਣਗੀਆਂ। ਜਿਸ ਵਿਵਸਥਾ ਨੂੰ ਟਰੰਪ ਨੇ ਤੋੜਿਆ, ਉਹ ਬਰਾਬਰੀ ਅਤੇ ਨਿਆਂ 'ਤੇ ਆਧਾਰਤ ਨਹੀਂ ਸੀ, ਇਸ ਲਈ ਭਾਰਤ ਬਦਲਾਅ ਚਾਹੁੰਦਾ ਸੀ।

ਜਿਸ ਦਾ ਪ੍ਰਸਤਾਵ ਚੀਨ ਨੇ ਰੱਖਿਆ ਹੈ ਉਹ ਪ੍ਰਣਾਲੀ ਬਿਹਤਰ ਤਾਂ ਹੈ ਪਰ ਉਸ ਨੂੰ ਅਮਲ ਵਿਚ ਲਿਆਉਣ ਲਈ ਚੀਨ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਇਸ ਲਈ ਭਾਰਤ ਨੂੰ ਚੀਨ ਤੋਂ ਸਾਵਧਾਨ ਰਹਿਣਾ ਹੋਵੇਗਾ ਅਤੇ ਵਿਸ਼ਾ ਆਧਾਰਤ ਸਬੰਧ ਬਣਾ ਕੇ ਚੱਲਣਾ ਹੋਵੇਗਾ ਅਤੇ ਅਮਰੀਕਾ ਨਾਲ ਸਬੰਧ ਸੁਧਾਰਨ ਦੇ ਯਤਨ ਕਰਨੇ ਹੋਣਗੇ। ਕਿਉਂਕਿ ਹੁਣ ਗੁਆਂਢੀ ਬਹੁਤ ਮਜ਼ਬੂਤ ਹੋ ਗਿਆ ਹੈ, ਇਸ ਲਈ ਆਪਣੀ ਸੈਨਿਕ ਅਤੇ ਆਰਥਿਕ ਸ਼ਕਤੀ 'ਤੇ ਵੀ ਦਿਲ ਲਗਾ ਕੇ ਕੰਮ ਕਰਨਾ ਹੋਵੇਗਾ। ਭਾਰਤ ਨੂੰ ਇਕ ਅਜਿਹੀ ਬਹੁ-ਧਰਵੀ ਵਿਵਸਥਾ ਦੇ ਨਿਰਮਾਣ 'ਤੇ ਕੰਮ ਕਰਨਾ ਹੋਵੇਗਾ ਜੋ ਬਰਾਬਰੀ ਅਤੇ ਨਿਆਂ 'ਤੇ ਆਧਾਰਤ ਹੋਵੇ ਅਤੇ ਵਾਤਾਵਰਨ ਅਤੇ ਜਨ-ਕਲਿਆਣ ਨੂੰ ਧਿਆਨ ਵਿਚ ਰੱਖਦਿਆਂ ਮੁਫ਼ਤ ਵਪਾਰ ਦੇ ਮੌਕੇ ਖੋਲ੍ਹੇ। ਇਸ ਲਈ ਭਾਰਤ ਨੂੰ ਬ੍ਰਿਕਸ, ਆਸੀਆਨ, ਪੱਛਮੀ ਏਸ਼ੀਆ ਅਤੇ ਅਫ਼ਰੀਕੀ ਦੇਸ਼ਾਂ ਨਾਲ ਆਪਣੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ। ਉਸ ਨੂੰ ਕਿਸੇ ਵੀ ਧੜੇ 'ਤੇ ਨਿਰਭਰ ਨਹੀਂ ਹੋਣਾ ਚਾਹੀਦਾ ਤੇ ਸਭ ਨੂੰ ਨਾਲ ਲੈ ਕੇ ਚੱਲਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।




# ਏਆਈ ਦੀ ਸਭ ਤੱਕ ਪਹੁੰਚ ਹੋਵੇ

ਭਾਰਤ ਦਾ ਟੀਚਾ 2047 ਤੱਕ ਇਕ ਵਿਕਸਤ ਤੇ ਅਮੀਰ ਰਾਸ਼ਟਰ ਬਣਨਾ ਹੈ। ਇਸ ਤਬਦੀਲੀ 'ਚ ਤਕਨੀਕ ਦੀ ਮੁੱਖ ਭੂਮਿਕਾ ਰਹਿਣ ਵਾਲੀ ਹੈ, ਜਿਸ ਦੀ ਅਗਵਾਈ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਤਕਨੀਕ ਕਰੇਗੀ। ਭਾਰਤ 'ਚ ਆਧਾਰ ਤੋਂ ਲੈ ਕੇ ਯੂਪੀਆਈ ਤੱਕ ਡਿਜੀਟਲ ਜਨਤਕ ਇਨਫਰਾਸਟ ?ਰਕਚਰ ਨੇ ਵਿਆਪਕ ਸਮਾਵੇਸ਼ ਦੀ ਨੀਂਹ ਤਿਆਰ ਕਰ ਦਿੱਤੀ ਹੈ। ਆਧਾਰ ਦੁਨੀਆ ਦਾ ਸਭ ਤੋਂ ਵੱਡਾ ਬਾਇਓਮੀਟ੍ਰਿਕ ਆਈਡੀ ਸਿਸਟਮ ਹੈ। ਇਸ ਨੇ 100 ਕਰੋੜ ਤੋਂ ਵੱਧ ਨਾਗਰਿਕਾਂ ਨੂੰ ਸਰਕਾਰੀ ਯੋਜਨਾਵਾਂ ਦਾ ਲਾਭ ਲੈਣ 'ਚ ਸਮਰੱਥ ਬਣਾਇਆ ਹੈ।

ਯੂਪੀਆਈ ਨੇ ਡਿਜੀਟਲ ਅਦਾਇਗੀ 'ਚ ਕ੍ਰਾਂਤੀ ਲਿਆ ਦਿੱਤੀ ਹੈ। ਇਸਰੋ ਤੇ ਆਈਆਈਟੀ ਵਰਗੇ ਸੰਸਥਾਨਾਂ ਨੇ ਇਹ ਦਿਖਾਇਆ ਹੈ ਕਿ ਜਦ ਭਾਰਤ ਨਿਰਮਾਣ ਕਰਦਾ ਹੈ, ਤਾਂ ਉਸ ਦਾ ਲਾਭ ਪੂਰੇ ਵਿਸ਼ਵ ਨੂੰ ਮਿਲਦਾ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਨ੍ਹਾਂ ਅਦਾਰਿਆਂ ਨੇ ਭਾਰਤ ਦੀ ਜ਼ਰੂਰਤ ਮੁਤਾਬਕ ਮੁਸ਼ਕਲ ਹੱਲ ਕਰਨ ਦੇ ਸੱਭਿਆਚਾਰ ਦਾ ਨਿਰਮਾਣ ਕੀਤਾ ਹੈ। ਪੇਟੈਂਟ ਫਾਈਲਿੰਗ 'ਚ ਆਈਆਈਟੀ ਮੁੱਖ ਯੋਗਦਾਨ ਦੇਣ ਵਾਲੇ ਦੇ ਰੂਪ 'ਚ ਲਗਾਤਾਰ ਅੱਗੇ ਵਧ ਰਿਹਾ ਹੈ। ਜਿਸ ਨਾਲ ਖੋਜ ਤੇ ਇਨੋਵੇਸ਼ਨ 'ਚ ਉਨ੍ਹਾਂ ਦੀ ਭੂਮਿਕਾ ਸਪੱਸ਼ਟ ਹੁੰਦੀ ਹੈ। ਗਲੋਬਲ ਇਨੋਵੇਸ਼ਨ ਇੰਡੈਕਸ 2024 'ਚ ਭਾਰਤ 2015 'ਚ 81ਵੇਂ ਸਥਾਨ ਤੋਂ ਵਧ ਕੇ 39ਵੇਂ ਸਥਾਨ 'ਤੇ ਆ ਗਿਆ ਹੈ, ਜੋ ਇਸ ਦੀ ਰਫ਼ਤਾਰ ਨੂੰ ਦਰਸਾਉਂਦਾ ਹੈ। ਸਟਾਰਟਅਪ ਇੰਡੀਆ, ਡਿਜੀਟਲ ਇੰਡੀਆ ਤੇ ਅਟਲ ਇਨੋਵੇਸ਼ਨ ਮਿਸ਼ਨ ਵਰਗੀਆਂ ਮੁਹਿੰਮਾਂ ਤੇ ਮਜ਼ਬੂਤ ਨੀਤੀਆਂ ਦੇ ਨਾਲ ਭਾਰਤ ਤੇਜ਼ੀ ਨਾਲ ਇਕ ਗਲੋਬਲ ਇਨੋਵੇਸ਼ਨ ਕੇਂਦਰ ਦੇ ਰੂਪ 'ਚ ਉੱਭਰ ਰਿਹਾ ਹੈ।

ਭਾਰਤ 'ਚ ਅਗਲੀ ਵੱਡੀ ਤਬਦੀਲੀ ਏਆਈ ਵੱਲ ਹੋਵੇਗੀ। ਇਸ ਦੀ ਨੀਂਹ ਇਨੋਵੇਸ਼ਨ ਦੇ ਸੱਭਿਆਚਾਰ ਨਾਲ ਤਿਆਰ ਹੋ ਰਹੀ ਹੈ। ਏਆਈ ਨੇ ਸਾਡੇ ਸਿੱਖਣ, ਖੇਤੀ ਕਰਨ, ਇਲਾਜ ਕਰਨ ਤੇ ਸ਼ਾਸਨ ਕਰਨ ਦੇ ਤਰੀਕਿਆਂ 'ਚ ਤਬਦੀਲੀ ਲਿਆਉਣੀ ਸ਼ੁਰੂ ਕਰ ਦਿੱਤੀ ਹੈ, ਪਰ ਇਸ ਦੀ ਅਸਲ ਸਮਰੱਥਾ ਇਸ 'ਚ ਮੌਜੂਦ ਹੈ ਕਿ ਅਸੀਂ ਇਸ ਦੀ ਵਰਤੋਂ ਕਿਵੇਂ ਕਰਦੇ ਹਾਂ। ਅਸੀਂ ਏਆਈ ਦੀ ਮਦਦ ਨਾਲ ਸਿਰਫ਼ ਆਊਟਪੁਟ ਨੂੰ ਹੀ ਬਿਹਤਰ ਨਹੀਂ ਕਰ ਸਕਦੇ, ਬਲਕਿ ਅਸਮਾਨਤਾ ਨੂੰ ਦੂਰ ਕਰਦੇ ਹੋਏ ਉਪਲੱਬਧਤਾ ਤੇ ਮੌਕਿਆਂ ਦਾ ਵਿਸਥਾਰ ਵੀ ਕਰ ਸਕਦੇ ਹਾਂ।

ਏਆਈ ਦੀ ਮਦਦ ਨਾਲ ਕਿਸਾਨਾਂ ਨੂੰ ਫ਼ਸਲ ਦੀ ਪੈਦਾਵਾਰ ਵਧਾਉਣ, ਪਾਣੀ ਦੀ ਪ੍ਰਭਾਵਸ਼ਾਲੀ ਵਰਤੋਂ ਕਰਨ ਤੇ ਲਾਗਤ ਘੱਟ ਕਰ ਕੇ ਲੱਖਾਂ ਲੋਕਾਂ ਨੂੰ ਖ਼ੁਰਾਕੀ ਸੁਰੱਖਿਆ ਪ੍ਰਦਾਨ ਕਰਨ 'ਚ ਮਦਦ ਕੀਤੀ ਜਾ ਰਹੀ ਹੈ। ਇਸ ਨਾਲ ਕਿਸਾਨਾਂ ਨੂੰ ਵਾਤਾਵਰਨ ਤਬੀਦੀਲੀ ਦੇ ਕਾਰਨ ਹੋਣ ਵਾਲੇ ਫ਼ਸਲ ਦੇ ਨੁਕਸਾਨ ਨੂੰ ਘੱਟ ਕਰਨ 'ਚ ਸਹਾਇਤਾ ਮਿਲ ਰਹੀ ਹੈ। ਹੈਲਥਕੇਅਰ ਦੇ ਖੇਤਰ 'ਚ ਏਮਜ਼ ਦਾ ਏਆਈ ਪਲੇਟਫਾਰਮ ਕੈਂਸਰ ਦੀ ਤੁਰੰਤ ਪਛਾਣ ਕਰਨ 'ਚ ਸਮਰੱਥ ਬਣਾ ਰਿਹਾ ਹੈ। ਸਿੱਖਿਆ 'ਚ ਏਆਈ ਭਾਸ਼ਾ ਦੇ ਅੜਿੱਕੇ ਨੂੰ ਦੂਰ ਕਰ ਰਹੀ ਹੈ ਤੇ ਵਿਸਥਾਰਤ ਰੂਪ ਨਾਲ ਨਿੱਜੀ ਲਰਨਿੰਗ ਸੰਭਵ ਬਣਾ ਰਹੀ ਹੈ।

ਏਆਈ ਦੀ ਮਦਦ ਨਾਲ ਸਰਕਾਰਾਂ ਨਾਗਰਿਕ ਕੇਂਦਰਿਤ ਸੇਵਾਵਾਂ ਦੇਣ ਤੇ ਨੀਤੀਆਂ ਦੀਆਂ

**-ਅਰੁੰਧਤੀ ਭੱਟਾਚਾਰਿਆ**

ਕਮੀਆਂ ਨੂੰ ਵੱਧ ਸਮਾਰਟ ਤਰੀਕੇ ਨਾਲ ਪਛਾਨਣ 'ਚ ਸਮਰੱਥ ਬਣ ਰਹੀਆਂ ਹਨ। ਇਹ ਸੰਕੇਤ ਹਨ ਕਿ ਤਕਨੀਕ ਜਦ ਟੀਚੇ ਦੇ ਨਾਲ ਵਿਕਸਿਤ ਹੁੰਦੀ ਹੈ, ਤਾਂ ਉਹ ਜਨ-ਕਲਿਆਣ ਦਾ ਤਾਕਤਵਰ ਸਾਧਨ ਬਣ ਜਾਂਦੀ ਹੈ। ਏਆਈ ਭਾਰਤ 'ਚ ਵਿਕਾਸ ਦੀਆਂ ਮੁਸ਼ਕਲਾਂ ਨੂੰ ਦੂਰ ਕਰ ਸਕਦੀ ਹੈ, ਪਰ ਇਸ ਲਈ ਏਆਈ ਦਾ ਹਰ ਵਿਅਕਤੀ ਤੱਕ ਪੁੱਜਣਾ ਜ਼ਰੂਰੀ ਹੈ।


ਇਸ ਲਈ ਸਾਨੂੰ ਸਿਰਫ਼ ਇਨੋਵੇਸ਼ਨ 'ਤੇ ਨਹੀਂ, ਬਲਕਿ ਇਨਫਰਾਸਟ੍ਰਕਚਰ, ਹੁਨਰ, ਨੀਤੀ ਤੇ ਵਿਸ਼ਵਾਸ 'ਤੇ ਵੀ ਧਿਆਨ ਕੇਂਦਰਿਤ ਕਰਨਾ ਜ਼ਰੂਰੀ ਹੈ। ਸਾਨੂੰ ਡਾਟਾ ਕੁਲੈਕਸ਼ਨ, ਸਟੋਰੇਜ ਤੇ ਵਿਸ਼ਲੇਸ਼ਣ ਲਈ ਇਕ ਮਜ਼ਬੂਤ ਸਿਸਟਮ ਦੀ ਵੀ ਲੋੜ ਹੈ। ਆਪਣੀ ਵੱਡੀ ਆਬਾਦੀ ਦੀ ਸਮਰੱਥਾ ਦੀ ਪੂਰੀ ਵਰਤੋਂ ਕਰਨ ਲਈ ਭਾਰਤ 'ਚ ਡਿਜੀਟਲ ਤਬਦੀਲੀ ਦੇ ਇਕ ਵਿਸਥਾਰਤ ਏਜੰਡੇ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਏਆਈ ਸਾਖਰਤਾ, ਮਨੁੱਖ-ਏਆਈ ਸਹਿਯੋਗ 'ਤੇ ਧਿਆਨ ਕੇਂਦਰਿਤ ਕਰ ਕੇ ਭਾਰਤ 'ਚ ਇਕ ਅਜਿਹੇ ਕਾਰਜਬਲ ਦਾ ਨਿਰਮਾਣ ਸੰਭਵ ਹੈ, ਜੋ ਨਾ ਸਿਰਫ਼ ਤਕਨੀਕ 'ਚ ਯੋਗ ਹੋਵੇ, ਬਲਕਿ ਇਨੋਵੇਸ਼ਨ ਤੇ ਵਿਕਾਸ ਲਿਆਉਣ 'ਚ ਸਮਰੱਥ ਵੀ ਹੋਵੇ। ਇਹ ਨਜ਼ਰੀਆ ਵੱਖ-ਵੱਖ ਪ੍ਰੋਫੈਸ਼ਨਲਜ਼ ਨੂੰ ਸਮਰੱਥ ਬਣਾਏਗਾ। ਜਿੱਥੇ ਫੈਕਟਰੀ ਮੁਲਾਜ਼ਮ ਕੁਆਲਿਟੀ ਕੰਟਰੋਲ ਲਈ ਏਆਈ ਦੀ ਵਰਤੋਂ ਕਰ ਸਕਣਗੇ, ਉੱਥੇ ਅਧਿਆਪਕ ਨਿੱਜੀ ਸਿੱਖਿਆ ਪ੍ਰਦਾਨ ਕਰਨ ਲਈ ਏਆਈ ਦੀ ਮਦਦ ਲੈ ਸਕਣਗੇ। ਉਹ ਤਕਨੀਕ ਦੀ ਵੱਧ ਆਤਮਵਿਸ਼ਵਾਸ ਦੇ ਨਾਲ ਵਰਤੋਂ ਕਰਨਗੇ, ਜਿਸ ਨਾਲ ਇੰਟੈਲੀਜੈਂਟ ਯੁਗ 'ਚ ਭਾਰਤ ਦੀ ਕਾਮਯਾਬੀ ਯਕੀਨੀ ਬਣੇਗੀ। ਇਹ ਸਿਰਫ਼ ਤਕਨੀਕੀ ਨਹੀਂ, ਬਲਕਿ ਇਕ ਸਮਾਜਿਕ ਲੋੜ ਵੀ ਹੈ।

ਸਿੱਖੀ ਦੇ ਪ੍ਰਚਾਰ ਪ੍ਰਸਾਰ ਦਾ ਥੰਮ੍ਹ ਨਾਨਕਸਰ ਕਲੇਰਾਂ ਦੀ ਵਿਲੱਖਣ ਦਰਗਾਹੀ ਮਰਿਆਦਾ ਵਾਰੇ ਅਮਰੀਕਾ ਦੇ ਉਘੇ ਸਿੱਖ ਆਗੂ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸਾਬਕਾ ਸੀਨੀਅਰ ਸੁਪਰੀਮ ਕੌਂਸਲ ਮੈਂਬਰ ਸ੍ਰ. ਗੁਰਪਾਲ ਸਿੰਘ ਹੰਸਰਾ MA Eco from GN Univercity ਨੇ ਦੱਸਿਆ ਕਿ ਗੁਰਦੁਆਰਾ ਨਾਨਕਸਰ ਸਾਹਿਬ ਵਿਖੇ ਨਿਸ਼ਾਨ ਸਾਹਿਬ ਕਿਉਂ ਨਹੀਂ ਲਗਾਇਆ ਜਾਂਦਾ, ਗੋਲਕ ਕਿਉਂ ਨਹੀਂ ਰੱਖੀ ਜਾਂਦੀ, ਦੋਹਰਾ ਕਿਉਂ ਨਹੀਂ ਪੜ੍ਹਿਆ ਜਾਂਦਾ, ਜੈਕਾਰਾ ਕਿਉਂ ਨਹੀਂ ਛੱਡਿਆ ਜਾਂਦਾ, ਪੱਕਿਆ ਪਕਾਇਆ ਪ੍ਰਸ਼ਾਦਾ, ਗੁਰੂ ਸਾਹਿਬ ਦੀਆਂ ਫੋਟੋਆਂ ਵਾਰੇ ਅਹਿਮ ਤੱਤ ਪੇਸ਼ ਕੀਤੇ ਅਤੇ ਉਨ੍ਹਾਂ ਕਿਹਾ ਕਿ ਕਿਸੇ ਵੀ ਗੱਲ ਨੂੰ ਸਬੂਤਾਂ ਨਾਲ ਸਾਬਤ ਕਰਨ ਵਾਲੇ ਨੂੰ 50,000 ਰੁਪਏ ਇਨਾਮ ਦਿੱਤਾ ਜਾਵੇਗਾ ਤੇ ਮੁਆਫ਼ੀ ਵੀ ਮੰਗੀ ਜਾਵੇਗੀ। ਉਨ੍ਹਾਂ ਵਲੋਂ 'ਸਾਡੇ ਲੋਕ' ਅਖ਼ਬਾਰ ਨਾਲ ਕੀਤੀ ਗੱਲਬਾਤ ਨੂੰ ਅਸੀਂ ਲੜੀਵਾਰ ਪਾਠਕਾਂ ਲਈ ਛਾਪਕੇ ਅਸੀਮ ਖੁਸ਼ੀ ਪ੍ਰਾਪਤ ਕਰ ਰਹੇ ਹਾਂ। - ਸਤਨਾਮ ਸਿੰਘ ਖਾਲਸਾ।



ਸ੍ਰ. ਗੁਰਪਾਲ ਸਿੰਘ ਹੰਸਰਾ
ਕੈਲੀਫੋਰਨੀਆ (ਅਮਰੀਕਾ)

# ਸਿੱਖਾਂ ਦਾ ਹਰਿਮੰਦਰ ਸਾਹਿਬ ਨਾਲ ਰਿਸ਼ਤਾ



(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਹੁਣ ਆਈਏ ਇਤਿਹਾਸਿਕ ਪੱਖ ਵੱਲ :**

ਜਦ ਸ੍ਰੀ ਦਰਬਾਰ ਸਾਹਿਬ ਵਿਖੇ ਛੇਵੇਂ ਪਾਤਸ਼ਾਹ ਨੇ 1606 ਈਸਵੀ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਣਾ ਤੋ ਬਾਦ ਗੁਰੂ ਹਰਗੋਬਿੰਦ ਸਾਹਿਬ ਜਿੱਥੇ ਸਿੱਖੀ ਦਾ ਪ੍ਰਚਾਰ ਕਰਦੇ ਰਹੇ ਉੱਥੇ ਸਿੱਖ ਧਰਮ ਦੇ ਪ੍ਰਚਾਰ ਤੋ ਦੁਖੀ ਹੋ ਕੇ ਜਹਾਂਗੀਰ ਨੇ ਗੁਰੂ ਹਰਗੋਬਿੰਦ ਸਾਹਿਬ ਨੂੰ ਜਹਾਂਗੀਰ ਨੇ ਸਿੱਖ ਪ੍ਰਚਾਰ ਤੋਂ ਦੁਖੀ ਹੋ ਕੇ ਜਹਾਂਗੀਰ ਨੇ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਲਿਆ।

**ਬੰਦੀ ਛੋਡ ਦਿਵਸ ਦੀ ਸ਼ੁਰੂਆਤ**

After releasing Guru Hargobind Sahib from Gwalior Fort on October 26, 1619 including 52 Hindu kings as an event commemorated by sikhs as BANDI CHHOD DIVAS ( ਬੰਦੀ ਛੋਡ ਦਿਵਸ) or "DAY OF LIBERATION"by sikhs.

ਸਾਰੇ ਸਿੱਖ ਸੰਸਾਰ ਦੀ ਧਾਰਮਿਕ ਮਰਿਆਦਾ ਇੱਕ ਸਮਾਨ ਹੈ ਜੋ ਅਕਾਲ ਤਖਤ ਦੇ ਮੁਤਾਬਿਕ ਹੈ। ਹਰਿਮੰਦਰ ਉਸ ਮਰਿਆਦਾ ਦਾ ਸੁੱਚਾ ਅੰਗ ਹੋ ਕੇ ਵੀ ਆਪਣੀ ਨਿਵੇਕਲੀ ਹਸਤੀ ਬਣਾਈ ਰੱਖਣ ਦਾ ਮਾਲਕ ਹੈ, ਕਿਉਂਕਿ ਇਹ ਅਸਥਾਨ ਸਿੱਖਾਂ ਦੇ ਨਾਲ ਨਾਲ ਸਾਰੇ ਮਾਨਵ ਭਾਈਚਾਰੇ ਦਾ ਵੀ ਪੂਜਨੀਕ ਤੀਰਥ ਹੈ। ਇਸੇ ਕਰਕੇ ਇਸ ਦੇ ਚਾਰ ਦਰਵਾਜ਼ੇ ਹਨ ਤੇ ਜੋ ਚੁੰਹ ਵਰਨਾਂ ਨੂੰ ਸਾਂਝੀ ਹੋਣ ਦਾ ਪ੍ਰਤੀਤ ਹੈ।

ਹਰਿਮੰਦਰ, ਪ੍ਰਮਾਤਮਾ ਦਾ ਆਪਣਾ ਧਾਮ ਹੈ, ਵਾਹਿਗੁਰੂ ਦਾ ਇਹ ਘਰ ਹਰ ਕਿਸੇ ਨੂੰ ਭਾਵੰਦਾ ਹੈ। ਇਸ ਅਸਥਾਨ ਤੇ ਆ ਕੇ ਆਤਮਿਕ ਅਨੰਦ ਮਿਲਦਾ ਹੈ, ਮਨੁੱਖੀ ਭਾਈਚਾਰੇ ਨਾਲ ਮੋਹ ਵਿਗਸਦਾ ਹੈ, ਪਿਆਰ, ਹਮਦਰਦੀ, ਦਿਆ ਤੇ ਨਿਸ਼ਕਾਮ ਸੇਵਾ ਵਿਕਸਿਤ ਹੁੰਦੀ ਹੈ।

ਹਰਿਮੰਦਰ ਵਾਰੇ ਗੁਰਬਾਣੀ 'ਚ ਉਚਾਰਨ ਹੈ

**"ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਭਲਕੇ ਉਠਿ ਹਰਿ ਨਾਮੁ ਧਿਆਵੈ ॥**
**ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥"** ( ਅੰਗ ੩੦੫ )

ਹਰਿਮੰਦਰ ਹਰ ਦਰਸ਼ਕ ਲਈ ਜਿਉਂਦੇ ਜਾਗਦੇ ਮਹਾਨ ਸਮਾਰਕ ਦੀ ਨਿਆਈ ਹੈ ਜੋ ਸਾਨੂੰ ਆਪਣੇ ਨਾਲ ਅਤੇ ਆਪਣੀਆਂ ਸੂਖਮ ਪੁਨੀਤ ਤਰੰਗਾਂ ਨਾਲ ਇਕਮਿਕ ਕਰਕੇ ਪ੍ਰਵਾਨ ਚੜ੍ਹਾਉਂਦਾ ਹੈ। ਇਸ ਦੀ ਜਾਬਤਾਬਧ ਸੁਸ਼ੀਲ ਤੇ ਸਰਬਸਾਂਝੀ ਨਿਤ-ਕਿਰਿਆ ਮਨ ਨੂੰ ਟੁੰਬਦੀ ਹੈ, ਹਿਰਦੇ ਨੂੰ ਪਿਆਰ ਹੁਲਾਰਾ ਬਖਸ਼ਦੀ ਹੋਈ ਦਿਲ ਨੂੰ ਪ੍ਰਸੰਨ ਕਰਦੀ ਹੈ ਤੇ ਆਤਮਾ ਨੂੰ ਸੁੱਖ ਸ਼ਾਂਤੀ ਪਰਦਾਨ ਕਰਦੀ ਹੈ। ਜਿਸ ਤਰ੍ਹਾਂ ਗੁਰਬਾਣੀ ਵਿਚ

**"ਹਰਿਮੰਦਰ ਮਹਿ ਮਨੁ ਲੋਹਟ ਹੈ**
**ਮੋਹਿਆ ਦੂਜੇ ਭਾਇ ॥**
**ਪਾਰਸਿ ਭੇਟਿਐ ਕੰਚਨੁ ਭੇਇਆ**
**ਕੀਮਤਿ ਕਹੀ ਨ ਜਾਇ ॥"** (ਅੰਗ ੧੩੪੬)

ਇਹ ਪਾਵਨ ਪਵਿੱਤਰ ਅਸਥਾਨ ਮਨੁੱਖੀ ਮਨਾਂ ਨੂੰ ਸਾਫ ਸੁਥਰਾ ਕਰਦਾ ਹੈ, ਆਤਮਾ ਨੂੰ ਪੁਰਨੂਰ ਕਰਦਾ ਹੈ। ਇੱਥੋਂ ਦੀ ਪ੍ਰਚਲਤ ਮਰਿਆਦਾ ਮੁਨਕਰ ਤੋਂ ਮੁਨਕਰ ਮਨੁੱਖ ਨੂੰ ਵੀ ਇਹ ਅਮਲੀ ਸੰਦੇਸ਼ ਦੇਣ ਵਿੱਚ ਸਫਲ ਭੂਮਿਕਾ ਨਿਭਾਉਂਦੀ ਹੈ ਕਿ ਸੱਚਮੁਚ ਮਨੁੱਖ ਆਪਸ ਵਿੱਚ ਭਰਾ ਭਰਾ ਬਣ ਸਕਦੇ ਹਨ। ਇੱਥੇ ਆ ਕੇ ਸਭ ਆਪਣੇ ਲਗਦੇ ਹਨ ਤੇ ਬੇਗਾਨਾ ਕੋਈ ਦਿਸਦਾ ਹੀ ਨਹੀਂ।

ਸਵਾਲ..ਨਾਨਕਸਰ ਕਲੇਰਾਂ ਸੰਪਰਦਾ ਨਾਲ ਹਰਿਮੰਦਰ ਸਾਹਿਬ ਦੀ ਮਰਿਆਦਾ ਕਿਸ ਤਰ੍ਹਾਂ ਮਿਲਦੀ ਹੈ।
(SIMILARITIES OF MARYADA BETWEEN HARMANDER SAHIB AND NANAKSAR KALERAN )

ਨਾਨਕਸਰ ਕਲੇਰਾਂ ਸੰਪਰਦਾ ਦੀ ਮਰਿਆਦਾ ਤੇ ਸ੍ਰੀ ਦਰਬਾਰ ਸਾਹਿਬ ਦੀ ਮਰਿਆਦਾ ਦਾ ਆਪਸ ਵਿੱਚ ਸੁਮੇਲ ਕਿਸ ਤਰਾਂ ਹੈ..ਇਹ ਲਿਖਤ ਪਹਿਲਾਂ ਸਤਸੰਗੀਆਂ ਨੂੰ ਪਹੁੰਚਣੀ ਬਹੁਤ ਜ਼ਰੂਰੀ ਸੀ। ਪਰ ਇੱਥੇ ਨਾਨਕਸਰ ਦੀ ਨਿੰਦਿਆ ਕਰਨ ਵਾਲਿਆਂ ਦਾ ਵੀ ਧੰਨਵਾਦ ਕਰਨਾ ਜ਼ਰੂਰੀ ਹੈ ਕਿਉਂਕਿ ਅਗਰ ਉਹ ਨਿੰਦਿਆ ਨਾ ਕਰਦੇ ਤਾਂ ਅਸੀ ਸ਼ਾਇਦ ਇਹਨਾਂ ਇਤਿਹਾਸਿਕ ਗੱਲਾਂ ਤੋ ਬਾਂਝੇ ਰਹਿੰਦੇ।

**ਹਰਿਮੰਦਰ ਦਰਸ਼ਨਾਂ ਸਮੇਂ ਉਪਜਦੇ ਸੁੱਚੇ ਪ੍ਰਭਾਵ**

ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਲੱਖਾਂ ਸ਼ਰਧਾਲੂ, ਯਾਤਰੀ ਤੇ ਸੈਲਾਨੀ ਦੁਨੀਆ ਦੇ ਕੋਨੇ ਕੋਨੇ ਤੋਂ ਰੋਜ਼ਾਨਾ ਆਉਂਦੇ ਹਨ। ਅੰਮ੍ਰਿਤ ਵੇਲੇ ਤੋਂ ਦੇਰ ਰਾਤ ਤਕ ਸ਼ਰਧਾਲੂਆਂ ਦਾ ਤਾਂਤਾ ਲੱਗਾ ਰਹਿੰਦਾ ਹੈ। ਕੋਈ ਇਸ਼ਨਾਨ ਕਰ ਰਿਹਾ ਹੈ, ਕੋਈ ਪਰਕਰਮਾ ਕਰ ਰਿਹਾ ਹੈ। ਕੋਈ ਕੀਰਤਨ ਕਰ ਰਿਹਾ ਹੈ ਕੋਈ ਪਰਕਰਮਾ ਦੇ ਕੋਨੇ ਵਿੱਚ ਬੈਠਾ ਆਪਣੇ ਰੱਬ ਨੂੰ ਯਾਦ ਕਰ ਰਿਹਾ ਹੈ, ਇਸੇ ਤਰਾਂ ਸੇਵਾ ਕਰਨ ਵਾਲੇ ਆਪੋ ਆਪਣੇ ਰੰਗਾਂ ਵਿੱਚ ਦਿਖਾਈ ਦਿੰਦੇ ਹਨ, ਉਹਨਾਂ ਦੇ ਮੂੰਹੋਂ ਇੱਕੋ ਸ਼ਬਦ ਸੁਨਣ ਨੂੰ ਮਿਲਦਾ ਹੈ ਉਹ ਹੈ "ਵਾਹਿਗੁਰੂ।"

(ਚਲਦਾ)

# ਮੂਰਤੀ ਵਿਸਰਜਨ ਦੀ ਰਵਾਇਤ ਦਾ ਬਦਲ ਲੱਭਣਾ ਜ਼ਰੂਰੀ

ਸੁਮੀਤ ਸਿੰਘ

ਅਸੀਂ ਅਕਸਰ ਹੀ ਮੂਰਤੀ ਵਿਸਰਜਨ ਮੌਕੇ ਵਾਪਰਦੀਆਂ ਘਟਨਾਵਾਂ 'ਚ ਜਾਨੀ ਨੁਕਸਾਨ ਬਾਰੇ ਪੜ੍ਹਦੇ ਤੇ ਸੁਣਦੇ ਰਹਿੰਦੇ ਹਾਂ। ਇਸੇ ਤਰ੍ਹਾਂ ਮਹਾਰਾਸ਼ਟਰ ਦੇ ਵੱਖ-ਵੱਖ ਜ਼ਿਲ੍ਹਿਆਂ 'ਚ ਮੂਰਤੀ ਵਿਸਰਜਨ ਦੌਰਾਨ ਚਾਰ ਵਿਅਕਤੀਆਂ ਦੀ ਪਾਣੀ 'ਚ ਡੁੱਬਣ ਕਾਰਨ ਮੌਤ ਹੋ ਗਈ, ਜਦਕਿ ਕਈ ਲਾਪਤਾ ਦੱਸੇ ਜਾ ਰਹੇ ਹਨ। ਅੱਜ ਅਸੀਂ ਹਥਲੇ ਲੇਖ ਜ਼ਰੀਏ ਪੜ੍ਹਾਂਗੇ ਕਿ ਮੂਰਤੀ ਵਿਸਰਜਨ ਦੇ ਅਵਸਰ 'ਤੇ ਹਾਦਸਿਆਂ ਤੋਂ ਇਲਾਵਾ ਲੋਕਾਂ ਨੂੰ ਹੋਰ ਕਿਸ ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਸਾਡੇ ਦੇਸ਼ ਵਿਚ ਵੱਖ-ਵੱਖ ਧਰਮਾਂ, ਭਾਈਚਾਰਿਆਂ ਵਲੋਂ ਸਾਰਾ ਸਾਲ ਧਾਰਮਿਕ ਤਿਉਹਾਰ ਮਨਾਏ ਜਾਂਦੇ ਹਨ। ਭਾਵੇਂ ਇਹ ਤਿਉਹਾਰ ਸਮਾਜ ਦੇ ਵੱਖ-ਵੱਖ ਵਰਗਾਂ ਦਰਮਿਆਨ ਸਦਭਾਵਨਾ ਦਾ ਮਾਹੌਲ ਉਸਾਰਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ, ਪਰ ਤਿਉਹਾਰਾਂ ਨਾਲ ਜੁੜੀਆਂ ਕਈ ਰੂੜੀਵਾਦੀ ਰਵਾਇਤਾਂ ਜਿੱਥੇ ਸਮਾਜ ਵਿਚ ਅੰਧ-ਵਿਸ਼ਵਾਸ਼ ਤੇ ਵਹਿਮ-ਭਰਮ ਫੈਲਾਉਂਦੀਆਂ ਹਨ, ਉੱਥੇ ਵੱਡੇ ਪੱਧਰ 'ਤੇ ਪੈਸੇ ਤੇ ਸਮੇਂ ਦੀ ਬਰਬਾਦੀ ਕਰਨ ਤੋਂ ਇਲਾਵਾ ਕਈ ਵਾਰ ਕੀਮਤੀ ਮਨੁੱਖੀ ਜਾਨਾਂ ਤੇ ਵਾਤਾਵਰਨ ਦੇ ਨੁਕਸਾਨ ਦਾ ਕਾਰਨ ਵੀ ਬਣਦੀਆਂ ਹਨ। ਦੇਸ਼ ਵਿਚ ਹਰ ਸਾਲ ਲੋਕ ਗਣੇਸ਼ ਪੂਜਾ ਤੇ ਦੁਰਗਾ ਪੂਜਾ ਮੌਕੇ ਨਦੀਆਂ-ਨਾਲਿਆਂ ਕਿਨਾਰੇ ਮੂਰਤੀਆਂ ਵਿਸਰਜਿਤ ਕਰਨ ਮੌਕੇ ਵਾਪਰਦੇ ਹਾਦਸਿਆਂ ਦਾ ਸ਼ਿਕਾਰ ਹੋ ਕੇ ਆਪਣੀਆਂ ਕੀਮਤੀ ਜਾਨਾਂ ਗੁਆ ਬੈਠਦੇ ਹਨ, ਫਿਰ ਵੀ ਕੇਂਦਰ ਤੇ ਸੂਬਾ ਸਰਕਾਰਾਂ ਇਸ ਦਾ ਬਦਲ ਲੱਭਣ ਵਿਚ ਨਾਕਾਮ ਰਹੀਆਂ ਹਨ। ਮੂਰਤੀਆਂ ਵਿਸਰਜਨ ਕਰਨ ਨਾਲ ਪਾਣੀ ਦੂਸ਼ਿਤ ਹੁੰਦਾ ਹੈ, ਜੋ ਕੈਂਸਰ ਜਿਹੀਆਂ ਘਾਤਕ ਬਿਮਾਰੀਆਂ ਫੈਲਣ ਦੀ ਵਜ੍ਹਾ ਬਣ ਕੇ ਮਨੁੱਖ ਤੇ ਜੀਵ-ਜੰਤੂਆਂ ਦੀ ਜ਼ਿੰਦਗੀ ਨਾਲ ਸਿੱਧਾ ਖਿਲਵਾੜ ਕਰਦਾ ਹੈ। ਜਦੋਂ ਕੁਝ ਤਿਉਹਾਰ ਇਨਸਾਨੀ ਤੇ ਜੀਵਾਂ ਦੀ ਜ਼ਿੰਦਗੀ ਲਈ ਖ਼ਤਰਾ ਬਣ ਜਾਣ ਤਾਂ ਉਨ੍ਹਾਂ ਦੀ ਸਾਰਥਿਕਤਾ 'ਤੇ ਸਵਾਲੀਆ ਨਿਸ਼ਾਨ ਲੱਗਣੇ ਸੁਭਾਵਿਕ ਹਨ।

ਮਹਾਰਾਸ਼ਟਰ ਦੀ ਤਰਕਸ਼ੀਲ ਸੰਸਥਾ 'ਅੰਧ ਸ਼ਰਧਾ ਨਿਰਮੂਲਨ ਸਮਿਤੀ' ਦੇ ਸੰਸਥਾਪਕ ਮਰਹੂਮ ਡਾ. ਨਰਿੰਦਰ ਦਾਭੋਲਕਰ ਗਣੇਸ਼ ਪੂਜਾ ਮੌਕੇ ਪਾਣੀਆਂ ਵਿਚ ਰਸਾਇਣਕ ਜ਼ਹਿਰ ਘੋਲਣ ਵਾਲੀ ਮੂਰਤੀ ਵਿਸਰਜਨ ਦੀ ਰੂੜੀਵਾਦੀ ਰਵਾਇਤ ਦੇ ਖ਼ਿਲਾਫ਼ ਮਹਾਰਾਸ਼ਟਰ ਤੇ ਹੋਰ ਸੂਬਿਆਂ ਦੇ ਲੋਕਾਂ ਨੂੰ ਜਾਗਰੂਕ ਕਰਨ ਲਈ ਲਗਾਤਾਰ ਕਈ ਸਾਲ ਯਤਨ ਕਰਦੇ ਰਹੇ, ਪਰ ਦੂਜੇ ਪਾਸੇ ਸਰਕਾਰਾਂ ਨੇ ਸਿਆਸੀ ਵੋਟ ਬੈਂਕ ਖੁਸਣ ਦੇ ਡਰ ਕਾਰਨ ਲੋਕਾਂ ਨੂੰ ਇਸ ਰਵਾਇਤ ਦਾ ਨਿਰਬਾਹ ਕਿਸੇ ਬਦਲਵੇਂ ਢੰਗ, ਜਿਸ ਨਾਲ ਆਵਾਜਾਈ ਠੱਪ ਨਾ ਹੋਵੇ ਤੇ ਵਾਤਾਵਰਨ ਦਾ ਵੀ ਨੁਕਸਾਨ ਨਾ ਹੋਵੇ, ਨੂੰ ਅਪਣਾਉਣ ਲਈ ਪ੍ਰੇਰਤ ਕਰਨ ਲਈ ਕਦੇ ਵੀ ਰਾਜਸੀ ਇੱਛਾ ਸ਼ਕਤੀ ਨਹੀਂ ਦਿਖਾਈ। ਦੂਜੇ ਪਾਸੇ ਪੂੰਜੀਪਤੀ ਵਰਗ ਦੇ ਅਜਿਹੀਆਂ ਰਵਾਇਤਾਂ ਨਾਲ ਆਪਣੇ ਵਪਾਰਕ ਹਿੱਤ ਜੁੜੇ ਹੋਏ ਹਨ। ਭਾਵੇਂ ਕੇਂਦਰ ਤੇ ਸੂਬਾ ਸਰਕਾਰਾਂ ਨੇ ਪ੍ਰਦੂਸ਼ਣ ਰੋਕੂ ਕਾਨੂੰਨ ਬਣਾਏ ਹਨ, ਪਰ ਧਾਰਮਿਕ ਸੰਸਥਾਵਾਂ ਤੇ ਅੰਧ-ਵਿਸ਼ਵਾਸੀ ਲੋਕਾਂ ਵਲੋਂ ਇਨ੍ਹਾਂ ਕਾਨੂੰਨਾਂ ਦੀ ਸ਼ਰੇਆਮ ਉਲੰਘਣਾ ਕਰਕੇ ਨਦੀਆਂ, ਦਰਿਆਵਾਂ ਵਿਚ ਵੱਡੇ ਪੱਧਰ 'ਤੇ ਪ੍ਰਦੂਸ਼ਣ ਫੈਲਾਇਆ ਜਾਂਦਾ ਹੈ। ਇਸ ਸਬੰਧੀ ਕਦੇ ਵੀ ਕਿਸੇ ਦੇ ਖ਼ਿਲਾਫ਼ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਗਈ ਅਤੇ ਨਿਆਂਪਾਲਿਕਾ ਨੇ ਵੀ ਧਾਰਮਿਕ ਆਸਥਾ ਦਾ ਪ੍ਰਭਾਵ ਕਬੂਲਦਿਆਂ ਕੋਈ ਵੀ ਸਖ਼ਤ ਫ਼ੈਸਲਾ ਦੇਣ ਤੋਂ ਹਮੇਸ਼ਾ ਟਾਲਾ ਵੱਟਿਆ ਹੈ।

ਕੁਝ ਸਾਲ ਪਹਿਲਾਂ ਅਸੀਂ ਉੱਘੇ ਲੋਕ ਪੱਖੀ ਇਨਕਲਾਬੀ ਨਾਟਕਕਾਰ ਗੁਰਸ਼ਰਨ ਸਿੰਘ ਭਾਅ ਜੀ ਵਲੋਂ ਸਥਾਪਿਤ ਕੀਤੇ ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ) ਦੁਆਰਾ ਉਨ੍ਹਾਂ ਦੀ ਚੌਥੀ ਬਰਸੀ ਮੌਕੇ ਬਰਨਾਲੇ ਵਿਖੇ ਕਰਵਾਏ ਜਾ ਰਹੇ ਇਨਕਲਾਬੀ ਸਮਾਗਮ ਵਿਚ ਸ਼ਮੂਲੀਅਤ ਕਰਨ ਲਈ ਅੰਮ੍ਰਿਤਸਰ ਤੋਂ ਬਰਨਾਲੇ ਨੂੰ ਜਾ ਰਹੇ ਸੀ। ਜਦੋਂ ਅਸੀਂ ਹਰੀਕੇ ਪੱਤਣ ਦੇ ਪੁਲ ਲਾਗੇ ਪਹੁੰਚੇ ਤਾਂ ਅੱਗੇ ਕਾਫੀ ਲੰਬਾ ਜਾਮ ਲੱਗਾ ਹੋਇਆ ਸੀ। ਅਸੀਂ ਕਾਰ ਵਾਪਸ ਮੋੜ ਕੇ ਹਰੀਕੇ ਨਹਿਰ ਦੇ ਨਾਲ-ਨਾਲ ਸੰਘਣੀਆਂ ਝਾੜੀਆਂ ਤੇ ਉਜਾੜ ਵਿਚਲੇ ਕੱਚੇ ਰਸਤੇ ਤੋਂ ਲੰਘ ਕੇ ਜਦੋਂ ਮੁੱਖ ਸੜਕ 'ਤੇ ਪਹੁੰਚੇ ਤਾਂ ਅੱਗੇ ਵੱਡੀ ਭੀੜ ਨਹਿਰ ਵਿਚ ਗਣਪਤੀ ਦੀਆਂ ਵੱਡੀਆਂ ਰੰਗਦਾਰ ਮੂਰਤੀਆਂ ਤੇ ਪੂਜਾ ਦੀ ਸਮੱਗਰੀ ਦਾ ਵਿਸਰਜਨ ਕਰ ਰਹੀ ਸੀ। ਪੁਲ ਦੇ ਦੋਵੇਂ ਪਾਸੇ ਘੱਟੋ-ਘੱਟ 2-2 ਕਿਲੋਮੀਟਰ ਤੱਕ ਵਾਹਨਾਂ ਦੀਆਂ ਲੰਬੀਆਂ ਲਾਈਨਾਂ ਲੱਗੀਆਂ ਹੋਈਆਂ ਸਨ, ਜਦਕਿ ਜ਼ਿਆਦਾਤਰ ਪ੍ਰਵਾਸੀ ਮਜ਼ਦੂਰਾਂ ਦੇ ਪਰਿਵਾਰ ਗਣੇਸ਼ ਦੀਆਂ ਵੱਡੇ ਆਕਾਰ ਦੀਆਂ ਰੰਗਦਾਰ ਮੂਰਤੀਆਂ ਨੂੰ ਮਿੰਨੀ ਟਰੱਕਾਂ ਅਤੇ ਆਪਣੇ ਨਿੱਜੀ ਵਾਹਨਾਂ 'ਤੇ ਲੱਦ ਕੇ ਰਸਤੇ ਰੋਕੀ ਖੜ੍ਹੇ ਸਨ ਅਤੇ ਉੱਚੀ ਆਵਾਜ਼ 'ਚ ਸਪੀਕਰ ਵੱਜ ਰਹੇ ਸੀ। ਅਸੀਂ ਹਰ ਹਾਲ ਬਰਨਾਲੇ ਪਹੁੰਚਣਾ ਚਾਹੁੰਦੇ ਸੀ। ਆਖਰ ਜਦੋਂ ਮੈਂ ਟਰੈਫਿਕ ਪੁਲਿਸ ਨੂੰ ਫੋਨ ਮਿਲਾਇਆ ਤਾਂ ਫਿਰੋਜ਼ਪੁਰ ਟਰੈਫਿਕ ਕੰਟਰੋਲ ਰੂਮ ਤੋਂ ਜਵਾਬ ਮਿਲਿਆ ਕਿ ਪੁਲਿਸ ਦੇ 5 ਸਿਪਾਹੀ ਮੌਕੇ 'ਤੇ ਭੇਜੇ ਗਏ ਹਨ। ਪਰ 4 ਕਿਲੋਮੀਟਰ ਲੰਬੇ ਟਰੈਫਿਕ ਜਾਮ ਨੂੰ ਖੁਲ੍ਹਵਾਉਣ ਲਈ 5 ਸਿਪਾਹੀ ਕੀ ਕਰ ਸਕਦੇ ਸਨ?

ਮੈਂ ਇਸ ਮੌਕੇ ਦਿਮਾਗ਼ 'ਚ ਉੱਠੇ ਕਈ ਤਰ੍ਹਾਂ ਦੇ ਗੰਭੀਰ ਸਵਾਲ ਆਪਣੇ ਸਾਥੀਆਂ ਨਾਲ ਸਾਂਝੇ ਕਰ ਰਿਹਾ ਸੀ ਕਿ ਜੇਕਰ ਕੋਈ ਸਮਾਜ ਵਿਰੋਧੀ ਅਨਸਰ ਇਸ ਮੌਕੇ ਕੋਈ ਮਾੜੀ ਕਾਰਵਾਈ ਨੂੰ ਅੰਜਾਮ ਦੇ ਜਾਵੇ ਤਾਂ ਕੀ ਇਸ ਰੂੜੀਵਾਦੀ ਸਮਾਗਮ ਦੇ ਪ੍ਰਬੰਧਕ ਜਾਂ ਪੰਜਾਬ ਸਰਕਾਰ ਲੋਕਾਂ ਦੇ ਜਾਨੀ ਨੁਕਸਾਨ ਦੀ ਭਰਪਾਈ ਕਰ ਸਕਣਗੇ? ਜੇਕਰ ਮਨੁੱਖੀ ਜਾਨੀ ਤੇ ਮਾਲੀ ਨੁਕਸਾਨ ਨੂੰ ਬਚਾਉਣ ਲਈ ਐਮਰਜੈਂਸੀ ਵਿਚ ਕਿਸੇ ਐਂਬੂਲੈਂਸ ਜਾਂ ਫਾਇਰ ਬ੍ਰਿਗੇਡ ਦੀ ਗੱਡੀ ਨੇ ਇੱਥੋਂ ਲੰਘਣਾ ਹੋਵੇ ਤਾਂ ਕੀ ਇਹ ਸੰਭਵ ਹੋ



ਸਕੇਗਾ? ਅਜਿਹੀਆਂ ਘਾਤਕ ਰੂੜੀਵਾਦੀ ਰਵਾਇਤਾਂ ਬੰਦ ਕਰਵਾਉਣ ਲਈ ਸਰਕਾਰਾਂ, ਧਾਰਮਿਕ ਸੰਸਥਾਵਾਂ ਤੇ ਸਿਆਸੀ ਪਾਰਟੀਆਂ ਸਾਂਝੇ ਤੌਰ 'ਤੇ ਕੋਈ ਠੋਸ ਯੋਜਨਾਬੰਦੀ ਕਿਉਂ ਨਹੀਂ ਕਰਦੀਆਂ? ਸਭ ਤੋਂ ਅਹਿਮ ਅਜਿਹੇ ਭੀੜ-ਭੜੱਕੇ ਵਾਲੇ ਸਥਾਨਾਂ 'ਤੇ ਕੋਈ ਵੱਡਾ ਜਾਨਲੇਵਾ ਹਾਦਸਾ ਵਾਪਰਨ ਤੋਂ ਬਾਅਦ ਹੀ ਸਰਕਾਰਾਂ ਦੀਆਂ ਅੱਖਾਂ ਕਿਉਂ ਖੁੱਲ੍ਹਦੀਆਂ ਹਨ?

ਜਦੋਂ ਅਸੀਂ ਰਾਤ ਸਾਢੇ 8 ਕੁ ਵਜੇ ਬਰਨਾਲਾ ਦਾਣਾ ਮੰਡੀ ਦੇ ਪੰਡਾਲ ਵਿਚ ਪੁੱਜੇ ਤਾਂ ਉੱਥੇ 20 ਹਜ਼ਾਰ ਤੋਂ ਵੱਧ ਮਿਹਨਤਕਸ਼ ਲੋਕਾਂ ਦਾ ਇਕੱਠ ਸੀ। ਕਿਰਤੀ ਲੋਕ ਬੁੱਕ ਸਟਾਲਾਂ ਤੋਂ ਵਿਗਿਆਨਕ ਅਤੇ ਇਨਕਲਾਬੀ ਸਾਹਿਤ ਖਰੀਦ ਰਹੇ ਸਨ। ਸਟੇਜ 'ਤੇ ਸ਼ਹੀਦ ਭਗਤ ਸਿੰਘ, ਗੁਰਸ਼ਰਨ ਭਾਅ ਜੀ ਅਤੇ ਅਵਤਾਰ ਪਾਸ਼ ਨੂੰ ਸਤਿਕਾਰ ਦੇ ਫੁੱਲ ਭੇਟ ਕੀਤੇ ਜਾ ਰਹੇ ਸਨ ਅਤੇ ਹਜ਼ਾਰਾਂ ਲੋਕ ਰਾਜ ਪ੍ਰਬੰਧ ਬਦਲਣ ਦਾ ਅਹਿਦ ਕਰਦਿਆਂ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਗਾ ਰਹੇ ਸਨ। ਕਿੰਨੀ ਹੈਰਾਨੀਜਨਕ ਗੱਲ ਹੈ ਕਿ ਇਕ ਪਾਸੇ ਹਜ਼ਾਰਾਂ ਮਿਹਨਤਕਸ਼ ਲੋਕ ਵਿਗਿਆਨਕ ਸੋਚ ਤੇ ਜਥੇਬੰਦਕ ਸੰਘਰਸ਼ਾਂ ਰਾਹੀਂ ਲੋਕ ਵਿਰੋਧੀ ਤੇ ਭ੍ਰਿਸ਼ਟ ਰਾਜ ਪ੍ਰਬੰਧ ਨੂੰ ਬਦਲਣ ਦਾ ਅਹਿਦ ਲੈ ਰਹੇ ਸਨ, ਇਸ ਦੇ ਉਲਟ ਹਜ਼ਾਰਾਂ ਲੋਕ ਮੂਰਤੀ ਵਿਸਰਜਨ ਵਰਗੀਆਂ ਰਵਾਇਤਾਂ ਦੇ ਪਿਛਲੱਗੂ ਬਣ ਕੇ ਟ ?ਰੈਫਿਕ ਜਾਮ ਕਰ ਰਹੇ ਸਨ।

ਭਾਵੇਂ ਇਹ 10 ਸਾਲ ਪੁਰਾਣੀ ਹੱਡ ਬੀਤੀ ਘਟਨਾ ਹੈ, ਪਰ ਪਾਣੀਆਂ ਨੂੰ ਪ੍ਰਦੂਸ਼ਿਤ ਕਰਨ ਵਾਲੀ ਇਹ ਰਸਮ ਅੱਜ ਪੰਜਾਬ ਵਿਚ ਵੱਡੇ ਪੱਧਰ 'ਤੇ ਪੈਰ ਪਸਾਰ ਚੁੱਕੀ ਹੈ, ਜਿਸ ਲਈ ਸਾਨੂੰ ਚਿੰਤਤ ਤੇ ਚੇਤੰਨ ਹੋ ਕੇ ਇਸ ਦਾ ਕੋਈ ਲੋਕ ਪੱਖੀ ਬਦਲ ਉਸਾਰਨ ਦੀ ਸਖ਼ਤ ਲੋੜ ਹੈ। ਪਰ ਹਕੀਕਤ ਇਹ ਹੈ ਕਿ ਸਾਡੀਆਂ ਸਾਮਰਾਜ ਪੱਖੀ ਸਰਕਾਰਾਂ, ਪੂੰਜੀਪਤੀ ਵਰਗ ਤੇ ਰੂੜੀਵਾਦੀ ਤਾਕਤਾਂ ਹਮੇਸ਼ਾ ਇਹੀ ਚਾਹੁੰਦੀਆਂ ਹਨ ਕਿ ਵੱਡੀ ਗਿਣਤੀ 'ਚ ਲੋਕ ਧਾਰਮਿਕ ਆਸਥਾ ਤੇ ਪੁਜਾਰੀ ਵਰਗ ਦੇ ਪ੍ਰਭਾਵ ਹੇਠ ਅੰਧ ਵਿਸ਼ਵਾਸਾਂ, ਵਹਿਮਾਂ ਭਰਮਾਂ, ਰੂੜੀਵਾਦੀ ਰਸਮਾਂ, ਧਾਰਮਿਕ ਵਾਦ-ਵਿਵਾਦ ਵਿਚ ਫਸੇ ਰਹਿਣ ਤਾਂ ਕਿ ਸਰਕਾਰਾਂ ਤੇ ਕਾਰਪੋਰੇਟ ਅਦਾਰਿਆਂ ਦੀਆਂ ਲੋਕ ਵਿਰੋਧੀ ਆਰਥਿਕ ਨੀਤੀਆਂ ਤੇ ਭ੍ਰਿਸ਼ਟ ਰਾਜ ਪ੍ਰਬੰਧ ਵਿਰੁੱਧ ਸੰਘਰਸ਼ ਕਰਨ ਤੋਂ ਉਨ੍ਹਾਂ ਦਾ ਧਿਆਨ ਹਟਿਆ ਰਹੇ। ਲੋਕਾਂ ਨੂੰ ਸੰਵਿਧਾਨ ਦੀ ਧਾਰਾ 51- ਏ (ਐੱਚ) ਅਨੁਸਾਰ ਜ਼ਿੰਦਗੀ ਵਿਚ ਵਿਗਿਆਨਕ ਸੋਚ ਦੇ ਧਾਰਨੀ ਬਣ ਕੇ ਮਨੁੱਖ ਤੇ ਵਿਕਾਸ ਵਿਰੋਧੀ ਰੂੜੀਵਾਦੀ ਰਸਮਾਂ ਤੇ ਅੰਧ-ਵਿਸ਼ਵਾਸਾਂ ਨੂੰ ਛੱਡਣ ਦਾ ਅਹਿਦ ਕਰਨਾ ਚਾਹੀਦਾ ਹੈ। ਸਰਕਾਰਾਂ ਦੇ ਨਾਲ-ਨਾਲ ਦੇਸ਼ ਦੇ ਅਗਾਂਹਵਧੂ ਸਿੱਖਿਆ ਤੇ ਸਿਹਤ ਮਾਹਿਰਾਂ, ਸਮਾਜ ਸ਼ਾਸਤਰੀਆਂ, ਪ੍ਰਗਤੀਸ਼ੀਲ ਸੰਗਠਨਾਂ ਅਤੇ ਲੋਕ ਪੱਖੀ ਮੀਡੀਏ ਦਾ ਵੀ ਸੰਵਿਧਾਨਕ ਤੇ ਨੈਤਿਕ ਫ਼ਰਜ਼ ਹੈ ਕਿ ਉਹ ਇਕ ਸਿਹਤਮੰਦ ਸਮਾਜ ਦੀ ਉਸਾਰੀ ਲਈ ਲੋਕਾਂ ਵਿਚ ਅੰਧ-ਵਿਸ਼ਵਾਸ, ਰੂੜੀਵਾਦ, ਫਜ਼ੂਲ-ਖਰਚੀ ਤੇ ਪ੍ਰਦੂਸ਼ਣ ਫੈਲਾਉਣ ਵਾਲੀਆਂ ਮੂਰਤੀ ਵਿਸਰਜਨ ਵਰਗੀਆਂ ਰਵਾਇਤਾਂ ਬਾਰੇ ਵਿਗਿਆਨਕ ਚੇਤਨਾ ਪੈਦਾ ਕਰਨ ਲਈ ਆਪਣਾ ਫਰਜ਼ ਅਦਾ ਕਰਨ।

# ਪੰਜਾਬ ਦੀਆਂ ਯਾਦਗਾਰੀ ਹਵੇਲੀਆਂ

ਭਾਵੇਂ ਅੱਜ ਦੇ ਬੱਚਿਆਂ ਅਤੇ ਨੌਜਵਾਨਾਂ ਨੂੰ ਪੰਜਾਬ ਵਿਚ ਹਵੇਲੀਆਂ ਦੇਖਣ ਦਾ ਬਹੁਤ ਘੱਟ ਮੌਕਾ ਮਿਲਿਆ ਹੈ ਪਰ ਪੁਰਾਣੇ ਬਜ਼ੁਰਗਾਂ ਨੂੰ ਤਾਂ ਹਵੇਲੀਆਂ ਦਾ ਨਾਂਅ ਸੁਣਦੇ ਹੀ ਅਨੋਖਾ ਚਾਅ ਚੜ੍ਹ ਜਾਂਦਾ ਹੈ ਅਤੇ ਪਤਾ ਨਹੀਂ ਉਹ ਉਨ੍ਹਾਂ ਬਾਰੇ ਆਪਣੇ ਬਚਪਨ ਦੀਆਂ ਕਿਹੜੀਆਂ ਅਭੁੱਲ ਯਾਦਾਂ ਵਿਚ ਗੁਆਚ ਜਾਂਦੇ ਹਨ। ਕਦੇ ਸਮਾਂ ਹੁੰਦਾ ਸੀ ਪੰਜਾਬੀ ਜ਼ੁਬਾਨ ਵਿਚ ਹਵੇਲੀ ਸ਼ਬਦ ਬਹੁਤ ਹੀ ਮਿਠਾਸ ਭਰਿਆ ਲੱਗਦਾ ਸੀ। ਇਸ ਦਾ ਕਾਰਣ ਇਹ ਵੀ ਸੀ ਕਿ ਜਿੱਥੇ ਇਨ੍ਹਾਂ ਹਵੇਲੀਆਂ ਦੇ ਨਕਸ਼ੇ ਬਚਿੱਤਰ ਅਤੇ ਦੇਖਣਯੋਗ ਹੁੰਦੇ ਸਨ, ਉੱਥੇ ਹੀ ਉਨ੍ਹਾਂ ਨੇ ਪੰਜਾਬੀ ਸੱਭਿਆਚਾਰ ਨੂੰ ਉਹ ਰੰਗ ਪ੍ਰਦਾਨ ਕੀਤਾ, ਜਿਹੜਾ ਕਿ ਸਾਲਾਂ ਦੇ ਕਈ ਦਹਾਕਿਆਂ ਬਾਅਦ ਵੀ ਫਿੱਕਾ ਨਹੀਂ ਪਿਆ। ਇਸ ਦੀ ਉਦਾਹਰਣ ਅੱਜਕਲ੍ਹ ਮੁੱਖ ਸੜਕਾਂ 'ਤੇ ਬਣੇ ਵੱਡੇ ਢਾਬਿਆਂ ਦੇ ਨਾਂਅ ਹਵੇਲੀਆਂ ਰੱਖਣ ਤੋਂ ਮਿਲਦੀ ਹੈ। ਹਵੇਲੀ ਦਾ ਨਾਂਅ ਵਰਤ ਕੇ ਹੀ ਜਾਂ ਉਨ੍ਹਾਂ ਢਾਬਿਆਂ ਨੂੰ ਕੁਝ ਕੁ ਹਵੇਲੀ ਰੂਪ ਦੇਣ ਨਾਲ ਉਹ ਕਰੋੜਾਂ ਰੁਪਏ ਦਾ ਕਾਰੋਬਾਰ ਕਰਦੇ ਹਨ, ਜੋ ਨਾਂਅ ਕਰਕੇ ਹੀ ਨਹੀਂ ਸਗੋਂ ਉਨ੍ਹਾਂ ਦੀ ਦਿਖ ਕਰਕੇ ਰਾਹਗੀਰਾਂ ਜਾਂ ਯਾਤਰੂਆਂ ਲਈ ਖਿੱਚ ਦਾ ਕਾਰਨ ਬਣਦੇ ਹਨ।



ਸਾਡੇ ਬਜ਼ੁਰਗ ਜਾਣਦੇ ਹਨ ਕਿ ਪੁਰਾਣੇ ਸਮਿਆਂ ਵਿਚ ਪਿੰਡਾਂ ਦੇ ਕੁਝ ਰੱਜੇ-ਪੁੱਜੇ ਵੱਡੇ ਜ਼ਿੰਮੀਦਾਰ ਜਾਂ ਚੌਧਰੀ ਆਪਣੇ ਬਹੁਤਾਤ ਵਿਚ ਰੱਖੇ ਡੰਗਰ-ਪਸ਼ੂਆਂ ਦੀ ਸੰਭਾਲ ਲਈ ਵੱਡੇ ਤਬੇਲੇ ਦੇ ਰੂਪ ਵਿਚ ਵੱਡੀ ਹਵੇਲੀ ਬਣਾ ਲੈਂਦੇ ਸਨ, ਕਿਉਂਕਿ ਉਨ੍ਹਾਂ ਦਿਨਾਂ ਵਿਚ ਚੋਰੀਆਂ-ਡਕੈਤੀਆਂ ਆਮ ਹੁੰਦੀਆਂ ਸਨ, ਇਸ ਲਈ ਆਪਣੇ ਪਰਿਵਾਰ ਅਤੇ ਪਸ਼ੂਆਂ ਦੀ ਰਾਖੀ ਲਈ ਇਹ ਹਵੇਲੀ ਬੜੀ ਕਾਰਗਰ ਸਿੱਧ ਹੁੰਦੀ ਸੀ। ਆਮ ਤੌਰ 'ਤੇ ਇਹ ਹਵੇਲੀਆਂ ਕੱਚੀਆਂ ਹੀ ਹੁੰਦੀਆਂ ਸਨ ਪਰ ਇਨ੍ਹਾਂ ਦੀਆਂ ਦੀਵਾਰਾਂ ਮੋਟੀਆਂ ਅਤੇ ਉੱਚੀਆਂ ਬਣਾਈਆਂ ਜਾਂਦੀਆਂ ਸਨ। ਬਾਅਦ ਵਿਚ ਇਹ ਹਵੇਲੀਆਂ ਪੱਕੀਆਂ ਸਰਹਿੰਦੀ ਇੱਟਾਂ ਨਾਲ ਬਣਨ ਲੱਗੀਆਂ ਅਤੇ ਇਨ੍ਹਾਂ ਵਿਚ ਬਹੁਤ ਸਾਰੇ ਰਿਹਾਇਸ਼ੀ ਕਮਰੇ ਬਣਾਏ ਜਾਂਦੇ ਸਨ, ਕਿਉਂਕਿ ਇਨ੍ਹਾਂ ਜ਼ਿੰਮੀਦਾਰਾਂ ਅਤੇ ਚੌਧਰੀਆਂ ਦੇ ਕਰਿੰਦੇ ਵੀ ਆਪਣੇ ਪਰਿਵਾਰਾਂ ਨਾਲ ਹਵੇਲੀ ਵਿਚ ਹੀ ਰਿਹਾਇਸ਼ ਰੱਖਦੇ ਸਨ। ਭਾਵੇਂ ਇਨ੍ਹਾਂ ਹਵੇਲੀਆਂ ਉੱਤੇ ਅਮੀਰ ਜ਼ਿੰਮੀਦਾਰ, ਚੌਧਰੀ ਜਾਂ ਅਮੀਰ ਲੋਕ ਚੰਗਾ ਪੈਸਾ ਖਰਚ ਕਰਦੇ ਸਨ ਪਰ ਸਮੇਂ ਦੇ ਨਾਲ-ਨਾਲ ਇਹ ਹਵੇਲੀਆਂ ਪੰਜਾਬੀ ਸੱਭਿਆਚਾਰ ਵਿਚ ਅਜਿਹਾ ਸਥਾਨ ਬਣਾ ਗਈਆਂ ਕਿ ਦੂਰ-ਦੂਰ ਪਿੰਡਾਂ ਵਿਚ ਜਿੱਥੇ ਇਹ ਹਵੇਲੀਆਂ ਬਣੀਆਂ ਹੋਈਆਂ ਸਨ, ਉੱਥੇ ਜਾ ਕੇ ਲੋਕ ਇਨ੍ਹਾਂ ਦੀ ਬਣਤਰ ਦ੍ਰਿਸ਼ ਦਾ ਨਜ਼ਾਰਾ ਲੈਂਦੇ ਸਨ। ਇਹ ਹਵੇਲੀਆਂ ਸੁਰੱਖਿਆ ਅਤੇ ਸੱਭਿਆਚਾਰ ਪੱਖੋਂ ਬਹੁਤ ਉੱਚੀਆਂ ਅਤੇ ਕਈ-ਕਈ ਮੰਜ਼ਿਲਾਂ, ਬਹੁਤ-ਬਹੁਤ ਉੱਚੀਆਂ ਅਤੇ ਬਹੁਤ ਸਾਰੇ ਕਮਰਿਆਂ ਵਾਲੀਆਂ ਬਣਾਈਆਂ ਜਾਂਦੀਆਂ ਸਨ। ਪਰ ਇਹ ਹਵੇਲੀਆਂ ਕਿਸੇ ਵੀ ਦੇਖਣ ਵਾਲੇ ਦੇ ਮਨ ਨੂੰ ਮੋਹ ਲੈਂਦੀਆਂ ਸਨ। ਇਹ ਗੱਲ ਵੀ ਬੜੀ ਬਚਿੱਤਰ ਹੈ ਕਿ ਬਹੁਤ ਸਾਰੀਆਂ ਹਵੇਲੀਆਂ ਮੁਗਲ ਰਾਜ ਸਮੇਂ ਦੀਆਂ ਬਣੀਆਂ ਹੋਈਆਂ ਹਨ ਅਤੇ ਇਸ ਲਈ ਹਵੇਲੀਆਂ ਦਾ ਸੰਬੰਧ ਸਿੱਖ ਇਤਿਹਾਸ ਦੇ ਮਹੱਤਵਪੂਰਨ ਪੰਨਿਆਂ 'ਤੇ ਆਉਂਦਾ ਹੈ।

ਜੇ ਅਸੀਂ ਇਨ੍ਹਾਂ ਹਵੇਲੀਆਂ ਦੇ ਸਮਾਜਿਕ ਅਤੇ ਸੱਭਿਆਚਾਰਕ ਪੱਖ ਦੀ ਗੱਲ ਕਰੀਏ ਤਾਂ ਇਹ ਹਵੇਲੀਆਂ ਪੰਜਾਬੀ ਸਮਾਜਿਕ ਜੀਵਨ ਅਤੇ ਪੰਜਾਬੀ ਸੱਭਿਆਚਾਰ ਵਿਚ ਨਿਵੇਕਲਾ ਸਥਾਨ ਰੱਖਦੀਆਂ ਸਨ, ਕਿਉਂਕਿ ਲੋਕ ਇਨ੍ਹਾਂ ਹਵੇਲੀਆਂ ਦੇ ਸੱਭਿਆਚਾਰਕ ਵਿਰਸੇ ਨਾਲ ਬੜੇ ਲੰਬੇ ਸਮੇਂ ਤੋਂ ਜੁੜੇ ਰਹੇ। ਜਿਸ ਤਰ੍ਹਾਂ ਕਿ ਪੰਜਾਬੀ ਬੋਲੀਆਂ ਤੇ ਲੋਕ ਗੀਤਾਂ ਵਿਚ ਇਨ੍ਹਾਂ ਦਾ ਜ਼ਿਕਰ ਮਿਲਦਾ ਹੈ ਜਿਵੇਂ:-

**ਮੈਂ ਤਾਂ ਤੈਨੂੰ ਲੈਣ ਆ ਗਿਆ,**
**ਤੂੰ ਲੁਕ ਬਹਿ ਗਈ ਖੂੰਜੇ,**
**ਕਿਹੜਾ ਮੇਰੇ ਭਾਂਡੇ ਮਾਂਜੇ**
**ਕੌਣ ਹਵੇਲੀ ਹੂੰਝੇ।**

ਪੰਜਾਬੀ ਦੇ ਇਕ ਕਵੀ ਨੇ ਕਿਸੇ ਸਮੇਂ ਸਰਹਿੰਦੀ ਇੱਟਾਂ ਦੀ ਹਵੇਲੀ ਦੀ ਹੋਂਦ ਖ਼ਤਮ ਹੋਣ ਤੋਂ ਬਾਅਦ ਦੁਖੀ ਹਿਰਦੇ ਨਾਲ ਲਿਖਿਆ ਹੈ।

**ਚੜ੍ਹਦੇ ਵੱਲ ਜੋ ਬੜੀ ਹਵੇਲੀ,**
**ਰਾਹ ਜਾਂਦੇ ਦੇਖ ਮਲਣ ਹਥੇਲੀ,**
**ਚਪੇੜ ਸਮੇਂ ਨੇ ਐਸੀ ਮਾਰੀ**
**ਇੱਟ ਸਰਹਿੰਦੀ ਮਿਲੇ ਨਾ ਸਾਰੀ।**

ਜਦੋਂ ਕਿਸੇ ਮੁਟਿਆਰ ਨੇ ਆਪਣਾ ਬਚਪਨ ਪਿੰਡਾਂ ਦੀਆਂ ਹਵੇਲੀਆਂ ਵਿਚ ਗੁਜ਼ਾਰਿਆ ਹੋਵੇ ਤਾਂ ਉਹ ਮੁਟਿਆਰ ਹਵੇਲੀ ਦਾ ਵਾਸਤਾ ਪਾ ਕੇ ਕਹਿੰਦੀ ਹੈ:-

**ਪ੍ਰਦੇਸੋਂ ਹਵੇਲੀ ਮੁੜਿਆ ਸੱਜਣਾ,**
**ਨਸੀਬੋ ਚੇਤੇ ਕਰਦੀ ਆ,**

ਇਸੇ ਤਰ੍ਹਾਂ ਹਵੇਲੀਆਂ ਵਿਚ ਗੁਜ਼ਰਿਆ ਬਚਪਨ ਇਵੇਂ ਯਾਦ ਆਉਂਦਾ ਏ

**'ਬਚਪਨ ਬੀਤਿਆ ਜਿਸ ਥਾਂ 'ਤੇ,**

**ਬਹਾਦਰ ਸਿੰਘ ਗੋਸਲ**

**ਉਸ ਹਵੇਲੀ ਦੀ ਯਾਦ ਸਤਾਵੇ।'**

ਸੱਭਿਆਚਾਰ ਮਹੱਤਵ ਦੇ ਨਾਲ-ਨਾਲ ਕੁਝ ਹਵੇਲੀਆਂ ਦਾ ਤਾਂ ਸਿੱਖ ਇਤਿਹਾਸ ਵਿਚ ਵੀ ਬਹੁਤ ਮਹੱਤਵ ਰਿਹਾ ਹੈ ਜਾਂ ਕੁਝ ਹਵੇਲੀਆਂ ਸਮਾਜਿਕ ਤੌਰ 'ਤੇ ਬਹੁਤ ਪ੍ਰਸਿੱਧ ਰਹੀਆਂ ਹਨ, ਉਨ੍ਹਾਂ 'ਚੋਂ ਕੁਝ ਦਾ ਸੰਖੇਪ ਵੇਰਵਾ ਮੈਂ ਇੱਥੇ ਦੇਣਾ ਜ਼ਰੂਰੀ ਸਮਝਦਾ ਹਾਂ, ਤਾਂ ਕਿ ਸਾਡੇ ਬੱਚਿਆਂ ਅਤੇ ਨੌਜਵਾਨ ਪੀੜ੍ਹੀ ਨੂੰ ਇਨ੍ਹਾਂ ਦੀ ਇਤਿਹਾਸਕ ਅਤੇ ਸੱਭਿਆਚਾਰਿਕ ਹੋਂਦ ਦੀ ਮਹੱਤਤਾ ਬਾਰੇ ਇਕ ਚੰਗੀ ਜਾਣਕਾਰੀ ਮਿਲ ਜਾਵੇ। ਇਨ੍ਹਾਂ ਵਿਚ ਕੁਝ ਹਨ-

1) **ਦੀਵਾਨ ਟੋਡਰ ਮੱਲ ਦੀ ਜਹਾਜ਼ ਹਵੇਲੀ:** 13 ਪੋਹ ਸੰਮਤ 1761 ਦਾ ਦਿਨ ਸੰਸਾਰ ਦੇ ਇਤਿਹਾਸ ਵਿਚ ਇਕ ਨਿਵੇਕਲਾ ਦਿਨ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਇਸ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੋਵੇਂ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਜੀ ਨੂੰ ਜਿਉਂਦੇ ਨੀਂਹਾਂ ਵਿਚ ਚਿਣ ਕੇ ਸਰਹਿੰਦ ਵਿਚ ਸ਼ਹੀਦ ਕੀਤਾ ਗਿਆ ਸੀ, ਉਸ ਸਮੇਂ ਦੋਵਾਂ ਲਾਲਾਂ ਦੀ ਉਮਰ 9 ਸਾਲ ਅਤੇ 7 ਸਾਲ ਦੀ ਸੀ। ਉਨ੍ਹਾਂ ਬੱਚਿਆਂ ਦੀ ਕੁਰਬਾਨੀ ਤੋਂ ਬਾਅਦ ਉਨ੍ਹਾਂ ਦੀ ਦਾਦੀ ਮਾਤਾ ਮਾਤਾ ਗੁਜਰੀ ਜੀ ਅਕਾਲ ਚਲਾਣਾ ਕਰ ਗਏ ਸਨ। ਵਜ਼ੀਰ ਖਾਨ ਦੇ ਹੁਕਮਾਂ ਦੀ ਉਲੰਘਣਾ ਕਰਕੇ ਸਸਕਾਰ ਲਈ ਰਾਜਾ ਟੋਡਰ ਮੱਲ ਨੇ ਜ਼ਿੰਮੇਵਾਰੀ ਲਈ ਪਰ ਇਸ ਕਾਰਜ ਲਈ ਉਸ ਨੂੰ ਸੋਨੇ ਦੀਆਂ ਅਸ਼ਰਫ਼ੀਆਂ ਖੜ੍ਹੇ ਰੁਖ਼ ਰੱਖ ਕੇ ਜ਼ਮੀਨ ਪ੍ਰਾਪਤ ਕਰਨੀ ਪਈ ਸੀ। 17ਵੀਂ ਸਦੀ ਵਿਚ ਬਣੀ ਟੋਡਰ ਮੱਲ ਦੀ ਰਿਹਾਇਸ਼ ਟੋਡਰ ਮੱਲ ਦੀ ਹਵੇਲੀ ਜਾਂ ਜਹਾਜ਼ ਹਵੇਲੀ ਦੇ ਨਾਂਅ ਨਾਲ ਪ੍ਰਸਿੱਧ ਹੈ। ਇਹ ਹਵੇਲੀ ਫਤਹਿਗੜ੍ਹ ਸਾਹਿਬ ਤੋਂ ਸਰਹਿੰਦ-ਰੂਪਨਗਰ ਰੇਲਵੇ ਲਾਇਨ ਤੋਂ ਲਗਭਗ ਇਕ ਕਿਲੋਮੀਟਰ ਦੂਰ ਦੱਖਣ ਦੇ ਪਾਸੇ ਹਰਨਾਮ ਨਗਰ ਵਿਚ ਸਥਿਤ ਹੈ। ਸਿੱਖ ਇਤਿਹਾਸ ਵਿਚ ਇਸ ਹਵੇਲੀ ਦੀ ਟੋਡਰ ਮੱਲ ਵਲੋਂ ਨਿਭਾਈ ਸੇਵਾ ਲਈ ਬਹੁਤ ਮਹੱਤਤਾ ਹੈ।

2) ਗਰੀਬੂ ਦੀ ਹਵੇਲੀ-ਗੜ੍ਹੀ ਸ੍ਰੀ ਚਮਕੌਰ ਸਾਹਿਬ : ਸ੍ਰੀ ਚਮਕੌਰ ਸਾਹਿਬ ਦੀ ਹਵੇਲੀ ਮਸਾਂ ਸੱਤ-ਅੱਠ ਕਨਾਲਾਂ ਵਿਚ ਬਣੀ ਹੋਈ ਸੀ ਪਰ ਇਹ ਹਵੇਲੀ ਬਹੁਤ ਉੱਚੇ ਸਥਾਨ 'ਤੇ ਬਣਾਈ ਗਈ ਸੀ ਅਤੇ ਇਸ ਦੀ ਬਣਤਰ ਦੀ ਵਿਉਂਤਬੰਦੀ ਵੀ ਸੁਰੱਖਿਆ ਦੇ ਸੰਬੰਧ ਵਿਚ ਬਹੁਤ ਹੀ ਸੁਚੱਜੀ ਸੀ। ਦੋ-ਤਿੰਨ ਮੰਜ਼ਿਲਾਂ ਦੀ ਬਣੀ ਇਸ ਹਵੇਲੀ ਦੇ ਉਪਰ ਇਕ ਉੱਚੀ ਅਟਾਰੀ ਸੀ, ਜਿੱਥੋਂ ਦੂਰ-ਦੂਰ ਆਲੇ-ਦੁਆਲੇ ਇਲਾਕੇ ਦੇਖੇ ਜਾ ਸਕਦੇ ਹਨ। ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 7 ਪੋਹ ਸੰਮਤ 1761 ਦੀ ਰਾਤ ਨੂੰ ਅਨੰਦਪੁਰ ਸਾਹਿਬ ਛੱਡਿਆ ਅਤੇ ਸਿਰਸਾ ਦੀ ਲੜਾਈ ਤੋਂ ਬਾਅਦ ਚਮਕੌਰ ਪਿੰਡ ਪੁੱਜੇ ਤਾਂ ਉਨ੍ਹਾਂ ਨੇ ਦੋ ਭਰਾਵਾਂ ਦੀ ਸਾਂਝੀ ਹਵੇਲੀ, ਜਿਨ੍ਹਾਂ ਦੇ ਨਾਂਅ ਚੌਧਰੀ ਬੁੱਧੀ ਚੰਦ ਅਤੇ ਗਰੀਬੂ ਸਨ ਵਿਖੇ ਟਿਕਾਣਾ ਕੀਤਾ। ਇਸ ਹਵੇਲੀ ਤੋਂ ਹੀ ਗੁਰੂ ਜੀ ਨੇ 40 ਸਿੰਘਾਂ ਨਾਲ 10 ਲੱਖ ਮੁਗਲ ਫ਼ੌਜ ਦਾ ਮੁਕਾਬਲਾ ਕੀਤਾ। ਇੱਥੇ ਹੀ ਜੰਗ ਵਿਚ ਗੁਰੂ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਸ਼ਹੀਦ ਹੋਏ। ਸ੍ਰੀ ਚਮਕੌਰ ਸਾਹਿਬ ਦੇ ਯੁੱਧ ਕਾਰਨ ਭਾਈ ਗਰੀਬੂ ਦੀ ਇਹ ਹਵੇਲੀ ਸਿੱਖ ਇਤਿਹਾਸ ਲਈ ਅਦੁੱਤੀ ਥਾਂ ਬਣ ਗਈ ਤੇ ਇਸ ਦੇ ਮਾਲਕ ਭਾਈ ਗਰੀਬੂ ਜੀ ਦਾ ਨਾਂਅ ਵੀ ਸਿੱਖ ਇਤਿਹਾਸ ਵਿਚ ਅਮਰ ਹੋ ਗਿਆ। ਇੱਥੇ ਦੋਵੇਂ ਸਾਹਿਬਜ਼ਾਦਿਆਂ ਅਤੇ ਸਿੰਘਾਂ ਦੀਆਂ ਸ਼ਹੀਦੀਆਂ 22 ਦਸੰਬਰ, 1704 ਨੂੰ ਹੋਈਆਂ। ਪਰ ਉਹ ਵਿਰਾਸਤੀ ਹਵੇਲੀ ਹੁਣ ਢਾਹ ਕੇ ਗੁਰਦੁਆਰਾ ਸਾਹਿਬ ਜੀ ਦੀ ਇਮਾਰਤ ਬਣਾ ਦਿੱਤੀ ਗਈ ਹੈ ਪਰ ਉਹ ਹਵੇਲੀ ਸੰਗਤਾਂ ਨੂੰ ਦੇਖਣ ਨੂੰ ਨਹੀਂ ਮਿਲਦੀ।

3) ਸਲੀਮ ਹਵੇਲੀ ਬੱਸੀ ਪਠਾਣਾ : ਬਸੀ ਪਠਾਣਾ ਸ਼ਹਿਰ ਜੋ ਅੱਜਕਲ੍ਹ ਸ੍ਰੀ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਵਿਚ ਪੈਂਦਾ ਹੈ, ਸਰਹਿੰਦ ਦੇ ਨੇੜੇ ਹੋਣ ਕਾਰਨ ਮੁਗ਼ਲ ਰਿਆਸਤ ਸਮੇਂ ਬਹੁਤ ਹੀ ਮਹੱਤਵਪੂਰਣ ਰਿਹਾ ਹੈ। ਕਿਹਾ ਜਾਂਦਾ ਹੈ ਕਿ ਬਸੀ ਪਠਾਣਾ ਦੀ ਨੀਂਹ ਮੁਗ਼ਲ ਪਠਾਣਾਂ ਵਲੋਂ 1540 ਈ: ਵਿਚ ਰੱਖੀ ਗਈ ਸੀ। ਸਿੱਖ ਇਤਿਹਾਸ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਜੀ 4 ਮਹੀਨੇ ਤੱਕ ਬਸੀ ਪਠਾਣਾ ਜੇਲ੍ਹ ਵਿਚ ਬੰਦੀ ਰਹੇ। ਆਪ ਜੀ ਨੂੰ 12 ਜੁਲਾਈ, 1625 ਈ: ਨੂੰ ਮਲਕਪੁਰ, ਰੰਗੜਾ, ਪ੍ਰਗਨਾ, ਅਨੌਲਾ ਤੋਂ ਗ੍ਰਿਫ਼ਤਾਰ ਕਰਕੇ ਸਰਹਿੰਦ ਪਹੁੰਚਾਇਆ ਗਿਆ ਸੀ। ਇੱਥੋਂ ਦੀ ਸਲੀਮ ਹਵੇਲੀ ਵੀ ਇਤਿਹਾਸਕਾਰਾਂ ਦੇ ਖਿੱਚ ਦਾ ਕੇਂਦਰ ਬਣੀ ਰਹੀ ਹੈ। ਸਲੀਮ ਹਵੇਲੀ ਮੁਗ਼ਲ ਪਠਾਣਾ ਦੀ ਰਿਹਾਇਸ਼ਗਾਹ ਸੀ, ਜੋ ਪੁਰਾਤਨ ਸਰਹਿੰਦੀ ਇੱਟਾਂ ਅਤੇ ਚੂਨੇ ਨਾਲ ਬਣੀ ਹੋਈ ਕਾਫ਼ੀ ਸੁੰਦਰ ਅਤੇ ਮਜ਼ਬੂਤ ਦਿਖਾਈ ਦਿੰਦੀ ਹੈ। ਅੱਜਕਲ੍ਹ ਇਹ ਖੰਡਰ ਦੇ ਰੂਪ ਵਿਚ ਦਿਖਾਈ ਦਿੰਦੀ ਹੈ। ਸਲੀਮ ਹਵੇਲੀ ਤੋਂ ਬਿਨਾਂ ਬਸੀ ਪਠਾਣਾ ਵਿਚ ਹੋਰ ਵੀ ਬਹੁਤ ਸਾਰੀਆਂ ਵਿਰਾਸਤੀ ਇਮਾਰਤਾਂ ਦੇਖੀਆਂ ਜਾ ਸਕਦੀਆਂ ਹਨ।

ਸਲੀਮ ਹਵੇਲੀ ਬੱਸੀ ਪਠਾਣਾ



4) ਪਿੰਡ ਬਹਿਰਾਮਪੁਰ ਦੀ ਹਵੇਲੀ : ਭਾਰਤ ਵਿਚ ਮੁਗ਼ਲਾਂ ਅਤੇ ਪੰਜਾਬ ਵਿਚ ਮੁਗ਼ਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿਚ ਹਵੇਲੀ ਕਲਚਰ ਨੇ ਚੰਗੀ ਉੱਨਤੀ ਕੀਤੀ ਸੀ। ਉਸ ਸਮੇਂ ਦੀਆਂ ਪੁਰਾਤਨ ਹਵੇਲੀਆਂ ਅੱਜ ਵੀ ਖੰਡਰਾਂ ਦੇ ਰੂਪ ਵਿਚ ਦੇਖਣ-ਸੁਣਨ ਨੂੰ ਮਿਲਦੀਆਂ ਹਨ। ਇਨ੍ਹਾਂ ਨੂੰ ਬਣਾਉਣ ਵਾਲਾ ਮਟੀਰੀਅਲ ਇਨ੍ਹਾਂ ਹਵੇਲੀਆਂ ਦੀ ਉਮਰ ਸਦੀਆਂ ਤੱਕ ਰਹਿਣ ਵਾਲੀ ਬਣਾ ਦਿੰਦਾ ਸੀ। ਅਜਿਹੀ ਹੀ ਇਕ ਹਵੇਲੀ ਪਿੰਡ ਬਹਿਰਾਮਪੁਰ ਬੇਟ ਵਿਚ ਦੇਖਣ ਨੂੰ ਮਿਲਦੀ ਹੈ, ਜੋ 'ਗੁਰੂ ਨਾਨਕ ਭਵਨ' ਦੇ ਨਾਂਅ ਨਾਲ ਜਾਣੀ ਜਾਂਦੀ ਹੈ। ਇਹ ਹਵੇਲੀ ਅੱਜ ਵੀ ਸਾਹਮਣੇ ਪਾਸਿਓਂ ਏਨੀ ਚੰਗੀ ਲੱਗਦੀ ਹੈ ਕਿ ਮਨ ਕਰਦਾ ਹੈ ਸਾਹਮਣੇ ਖੜ੍ਹ ਕੇ ਦੇਖਦੇ ਰਹੀਏ। ਬਾਹਰ ਇਸ ਦੇ ਖੂਬ ਵੇਲ-ਬੂਟੀਆਂ ਪਾਈਆਂ ਗਈਆਂ ਹਨ ਅਤੇ ਦਰਵਾਜ਼ਿਆਂ ਦੀਆਂ ਚੁਗਾਠਾਂ ਬਹੁਤ ਹੀ ਸ਼ਾਨਦਾਰ ਲੱਗਦੀਆਂ ਹਨ। ਦੋ ਮੰਜ਼ਿਲਾਂ ਇਸ ਹਵੇਲੀ ਦੀ ਹੇਠਲੀ ਮੰਜ਼ਿਲ ਬੇ-ਆਬਾਦ ਪਈ ਹੈ। ਹਵੇਲੀ ਦੀ ਦੂਜੀ ਮੰਜ਼ਿਲ 'ਤੇ ਮਾਲਕ ਸੁਰਿੰਦਰ ਸਿੰਘ ਅਤੇ ਉਸ ਦੀ ਬਿਰਧ ਪਤਨੀ ਰਹਿੰਦੀ ਹਨ। ਸੁਰਿੰਦਰ ਸਿੰਘ ਦੇ ਦਾਦਾ ਬਾਬਾ ਨੰਦ ਸਿੰਘ ਨੇ ਇਹ ਹਵੇਲੀ 1922 ਤੋਂ 1927 ਤੱਕ ਬਣਾਈ ਸੀ। ਇਹ ਹਵੇਲੀ ਪਿੰਡ ਦੀ ਸ਼ਾਨ ਹੈ, ਜਦੋਂ ਕਿ ਸ. ਸੁਰਿੰਦਰ ਸਿੰਘ ਦੇ ਬੱਚੇ ਵਿਦੇਸ਼ਾਂ ਵਿਚ ਰਹਿੰਦੇ ਹਨ।

5) ਪਿੰਡ ਪੱਕੀ ਰੁੜਕੀ ਜ਼ੈਲਦਾਰਾਂ ਦੀ ਹਵੇਲੀ : ਖਰੜ-ਮੋਰਿੰਡਾ ਹਾਈਵੇ 'ਤੇ ਪਿੰਡ ਰੁੜਕੀ ਵਿਚ ਬਣੀ ਹੋਈ ਜ਼ੈਲਦਾਰਾਂ ਦੀ ਹਵੇਲੀ 'ਫ਼ਿਲਮੀ ਹੀਰ' ਦੀ ਹਵੇਲੀ ਕਰਕੇ ਜਾਣੀ ਜਾਂਦੀ ਹੈ। ਪੰਜਾਬ ਦੇ ਇਤਿਹਾਸ ਵਿਚ ਇਹ ਹਵੇਲੀ ਉਦੋਂ ਚਰਚਾ ਵਿਚ ਆਈ ਜਦੋਂ 1967-68 ਵਿਚ ਇਸ ਹਵੇਲੀ ਵਿਖੇ ਬਹੁਤ ਹੀ ਚਰਚਿਤ ਫ਼ਿਲਮ 'ਹੀਰ ਰਾਂਝਾ' ਫ਼ਿਲਮਾਈ ਗਈ ਸੀ। ਇਸ ਫ਼ਿਲਮ ਵਿਚ ਪ੍ਰਸਿੱਧ ਅਭਿਨੇਤਰੀ ਦੀਪਿਕਾ ਅਤੇ ਅਭਿਨੇਤਾ ਰਾਜ ਕੁਮਾਰ ਦੇ ਨਾਲ ਟੁੰਨ-ਟੁੰਨ ਅਤੇ ਪ੍ਰਾਣ ਨੇ ਵੀ ਉੱਚ ਕੋਟੀ ਦਾ ਰੋਲ ਕੀਤਾ ਸੀ। ਪਿੰਡ ਦੇ ਇਕ ਬਜ਼ੁਰਗ ਕਰਨੈਲ ਸਿੰਘ ਨੇ ਦੱਸਿਆ ਕਿ ਇਸ ਹਵੇਲੀ ਨੂੰ ਜ਼ੈਲਦਾਰਾਂ ਦੀ ਹਵੇਲੀ ਦਾ ਨਾਂਅ ਦਿੱਤਾ ਗਿਆ ਅਤੇ ਇਸ ਨੂੰ ਸ. ਤੇਜਾ ਸਿੰਘ ਜ਼ੈਲਦਾਰ ਨੇ ਅੰਗਰੇਜ਼ਾਂ ਦੇ ਸਮੇਂ ਵਿਚ ਬਣਾਇਆ ਸੀ ਜਿਨ੍ਹਾਂ ਦੀ ਸਰਕਾਰੇ-ਦਰਬਾਰੇ ਖੂਬ ਪੁੱਛ ਹੁੰਦੀ ਸੀ। ਉਨ੍ਹਾਂ ਦੇ ਇੱਟਾਂ ਦੇ ਆਪਣੇ ਭੱਠੇ ਸਨ। ਡੇਢ ਵਿਘੇ ਵਿਚ ਬਣੀ ਇਸ ਸ਼ਾਨਦਾਰ ਹਵੇਲੀ ਦੇ ਨਾਲ ਲਗਦੇ ਬਾਰ੍ਹਾਂ ਘਰ ਜਗੀਰਦਾਰਾਂ ਦੇ ਰਹੇ ਹਨ। ਇਹ ਹਵੇਲੀ ਦੋ ਘਰਾਂ ਦੀ ਸਾਂਝੀ ਹੈ। ਇਕ ਪਰਿਵਾਰ ਵਿਦੇਸ਼ਾਂ ਵਿਚ ਰਹਿੰਦਾ ਹੈ। ਪਰ ਅੱਜਕਲ੍ਹ ਇਹ ਹਵੇਲੀ ਬਿਨਾਂ ਧਿਆਨ ਤੋਂ ਉਜਾੜ ਜਿਹੀ ਨਜ਼ਰ ਆਉਂਦੀ ਹੈ।

ਇਸ ਤਰ੍ਹਾਂ ਹੋਰ ਵੀ ਬਹੁਤ ਸਾਰੀਆਂ ਹਵੇਲੀਆਂ ਪੰਜਾਬ ਵਿਚ ਦੇਖਣ ਨੂੰ ਮਿਲਦੀਆਂ ਸਨ, ਜਿਹੜੀਆਂ ਹੁਣ ਖੰਡਰ ਬਣ ਚੁੱਕੀਆਂ ਹਨ ਪਰ ਸਮੇਂ ਦੇ ਨਾਲ ਇਨ੍ਹਾਂ ਦਾ ਸੱਭਿਆਚਾਰਕ ਮਹੱਤਵ ਬਹੁਤ ਹੀ ਚੰਗਾ ਰਿਹਾ ਹੈ।

# ਅੰਮ੍ਰਿਤਸਰ ਦੇ ਪੰਜਾਬੀ ਲੇਖਕਾਂ ਦੀ ਸਿੱਖ ਸਾਹਿਤ ਨੂੰ ਦੇਣ



**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

**ਡਾ. ਰੂਪ ਸਿੰਘ (1963)**

ਡਾ. ਰੂਪ ਸਿੰਘ (ਜਨਮ: 20 ਅਪ੍ਰੈਲ 1963, ਜਲੰਧਰ) ਇਕ ਪ੍ਰਤਿਸ਼ਠਿਤ ਸਿੱਖ ਵਿਦਵਾਨ, ਲੇਖਕ ਹਨ। ਉਹ ਸ. ਦਰਸ਼ਨ ਸਿੰਘ ਅਤੇ ਸ੍ਰੀਮਤੀ ਅਜੀਤ ਕੌਰ ਦੇ ਪੁੱਤਰ ਹਨ। ਰੂਪ ਸਿੰਘ ਨੇ ਐਮ.ਏ. (ਪੰਜਾਬੀ ਅਤੇ ਧਰਮ ਅਧਿਐਨ) ਦੀ ਉਚ ਸਿੱਖਿਆ ਪ੍ਰਾਪਤ ਕੀਤੀ। ਉਹ ਪਹਿਲਾਂ ਸਿੱਖ ਇਤਿਹਾਸ ਰਿਸਰਚ ਬੋਰਡ ਦੇ ਡਾਇਰੈਕਟਰ ਵਜੋਂ ਸੇਵਾ ਨਿਭਾ ਚੁੱਕੇ ਹਨ। ਦਰਬਾਰ ਸਾਹਿਬ ਦੇ ਮੈਨੇਜਰ ਅਤੇ ਗੁਰਮਤਿ ਪ੍ਰਕਾਸ਼ ਦੇ ਸੰਪਾਦਕ ਵਜੋਂ ਵੀ ਉਨ੍ਹਾਂ ਦੀ ਵਧੀਆ ਸੇਵਾ ਰਹੀ ਹੈ।

ਉਹ ਸਿੱਖ ਸਿੱਧਾਂਤਾਂ, ਗੁਰਬਾਣੀ ਅਤੇ ਇਤਿਹਾਸ ਨੂੰ ਆਚਰਣਿਕ ਜੀਵਨ ਦਾ ਅੰਗ ਬਣਾ ਚੁੱਕੇ ਹਨ। ਰੂਪ ਸਿੰਘ ਨੇ ਸਿੱਖ ਧਰਮ, ਇਤਿਹਾਸ ਤੇ ਸੰਸਥਾਵਾਂ ਉੱਤੇ ਕਈ ਮਹੱਤਵਪੂਰਣ ਪੁਸਤਕਾਂ ਲਿਖੀਆਂ ਹਨ, ਜਿਵੇਂ: ਗੁਰਦੁਆਰੇ ਗੁਰਧਾਮ ਜਿੰਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਪ੍ਰਮੁੱਖ ਸਿੱਖ ਸ਼ਖਸੀਅਤਾਂ, ਸੇ ਭਗਤ ਸਤਿਗੁਰੂ ਮਨ ਭਾਇ, ਅਕਾਲ ਤਖਤ ਸਾਹਿਬ: ਹੁਕਮਨਾਮੇ ਆਦੇਸ਼ ਸੰਦੇਸ਼ ਅਤੇ ਮਾਨਵਤਾ ਦਾ ਧਰਮ ਕੇਂਦਰ ਹਰਿਮੰਦਰ ਸਾਹਿਬ। ਉਨ੍ਹਾਂ ਨੂੰ ਸ਼੍ਰੋਮਣੀ ਸਿੱਖ ਚਿੰਤਕ ਅਤੇ ਸਿੱਖ ਸਕਾਲਰ ਵਿਭਾਗ ਸਨਮਾਨ ਮਿਲ ਚੁੱਕੇ ਹਨ, ਜਦਕਿ 1997 ਵਿੱਚ ਉਨ੍ਹਾਂ ਨੂੰ ਐਡੀਟਰ ਆਫ਼ ਦਿ ਯੀਅਰ ਅਵਾਰਡ ਨਾਲ ਨਵਾਜਿਆ ਗਿਆ। ਰੂਪ ਸਿੰਘ ਦਾ ਜੀਵਨ ਗੁਰਮਤਿ ਮੁੱਲਾਂ ਅਤੇ ਉੱਚ ਸੰਸਕਾਰਾਂ ਦੀ ਜੀਵੰਦੀ ਜਾਗਦੀ ਮਿਸਾਲ ਹੈ।

**ਡਾ. ਮਿਹਰਬਾਨ ਸਿੰਘ (1964)**

ਪ੍ਰੋਫੈਸਰ ਡਾ. ਮਿਹਰਬਾਨ ਸਿੰਘ, ਜੋ 24 ਦਸੰਬਰ 1964 ਨੂੰ ਅੰਮ੍ਰਿਤਸਰ ਵਿੱਚ ਪ੍ਰੋਫੈਸਰ ਪ੍ਰਕਾਸ਼ ਸਿੰਘ ਅਤੇ ਮਾਤਾ ਜੋਗਿੰਦਰ ਕੌਰ ਦੇ ਘਰ ਜਨਮੇ, ਤਕਰੀਬਨ ਤਿੰਨ ਦਹਾਕਿਆਂ ਤੋਂ ਵੱਧ ਅਰਸੇ ਤੱਕ ਸਿੱਖਿਆ ਖੇਤਰ ਵਿੱਚ ਯੋਗਦਾਨ ਪਾਉਂਦੇ ਰਹੇ। ਉਹ 31 ਦਸੰਬਰ 2024 ਨੂੰ ਮਿੰਟਗੁਮਰੀ ਗੁਰੂ ਨਾਨਕ ਕਾਲਜ ਆਫ਼ ਐਜੂਕੇਸ਼ਨ, ਜਲੰਧਰ ਤੋਂ ਪ੍ਰਿੰਸੀਪਲ ਦੇ ਪਦ ਤੋਂ ਸੇਵਾ ਮੁਕਤ ਹੋਏ। ਉਹਨਾਂ ਨੇ ਰਾਜਨੀਤੀ ਸ਼ਾਸਤਰ, ਪੰਜਾਬੀ ਅਤੇ ਸਿੱਖਿਆ ਵਿਸ਼ਿਆਂ ਵਿੱਚ ਮਾਸਟਰ ਡਿਗਰੀਆਂ ਪ੍ਰਾਪਤ ਕੀਤੀਆਂ ਅਤੇ 1997 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਸਿੱਖਿਆ ਵਿਭਾਗ ਵਿੱਚ ਪੀਐਚ.ਡੀ. ਕੀਤੀ। ਉਹਨਾਂ ਦੀ ਖੋਜ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਦਿਅਕ ਦਰਸ਼ਨ 'ਤੇ ਕੇਂਦਰਿਤ ਰਹੀ। ਡਾ. ਮਿਹਰਬਾਨ ਸਿੰਘ ਇੱਕ ਸਰਗਰਮ ਖੋਜੀ ਅਤੇ ਲੇਖਕ ਹਨ। ਉਹਨਾਂ ਦੀਆਂ ਪ੍ਰਸਿੱਧ ਕਿਤਾਬਾਂ ਵਿੱਚ ਸਿੱਖ ਮਾਡਲ ਆਫ਼ ਐਜੂਕੇਸ਼ਨ ਫਾਰ ਕੰਪਲੀਟ ਲਿਵਿੰਗ (ਰੋਲ ਆਫ਼ ਗੁਰਦੁਆਰਾਜ਼) (2009), ਧਰਮ ਗ੍ਰੰਥ ਵਿਚ ਗੁਰੂ ਦੇ ਰੰਗ (2015), ਸਿੱਖਣ ਦੇ ਸਰੋਤ ਅਤੇ ਸਿੱਖਣ ਦਾ ਮੁਲਾਂਕਣ (2015), ਮਾਤ ਭਾਸ਼ਾ ਦੀ ਸਿੱਖਿਆ ਵਿਧੀ (2012), ਸਿੱਖ ਧਰਮ ਮਹਿਮਾ (ਪਾਠ ਪੁਸਤਕ 2013), ਸਾਂਝੀਵਾਲਤਾ ਦੇ ਲਖਾਇਕ ਭਗਤ ਨਾਮਦੇਵ ਜੀ (2021) ਅਤੇ ਰਾਖਿ ਲੇਹੁ ਹਮ ਤੇ ਬਿਗਰੀ (2021) ਸ਼ਾਮਲ ਹਨ।

**ਸਿਮਰਜੀਤ ਸਿੰਘ (1965)**

ਜਨਮ: 5 ਸਤੰਬਰ 1965, ਖੰਨਾ (ਲੁਧਿਆਣਾ), ਰਿਹਾਇਸ਼: ਅੰਮ੍ਰਿਤਸਰ, ਪਿਤਾ: ਸ. ਗੁਰਦੇਵ ਸਿੰਘ, ਮਾਤਾ: ਸ੍ਰੀਮਤੀ ਜਗਦੀਸ਼ ਕੌਰ। ਸਿਮਰਜੀਤ ਸਿੰਘ ਮਾਸ ਕਮਿਊਨੀਕੇਸ਼ਨ ਵਿਦਿਆ ਵਿੱਚ ਮਾਸਟਰ ਹਨ ਅਤੇ ਗੁਰਮਤਿ ਪ੍ਰਕਾਸ਼ ਦੇ ਸੰਪਾਦਕ ਵਜੋਂ ਖੇਤੀਹ ਮੰਨਿਆ ਜਾਂਦਾ ਨਾਮ ਹਨ। ਉਨ੍ਹਾਂ ਦੀਆਂ ਕਿਤਾਬਾਂ ਗੁਰਮਤਿ ਸਭਿਆਚਾਰ, ਬਾਬਾ ਬੰਦਾ ਸਿੰਘ ਬਹਾਦਰ, ਸਿੱਖ ਨਸਲਕੁਸ਼ੀ 1984 ਆਦਿ ਹਨ। ਉਹ ਨਿਰਪੱਖ, ਮਨੁੱਖਤਾਵਾਦੀ ਵਿਚਾਰਧਾਰਾ ਦੇ ਪ੍ਰਚਾਰਕ ਹਨ ਅਤੇ ਗੁਰਮਤਿ, ਸਿੱਖ ਇਤਿਹਾਸ ਅਤੇ ਸੰਸਕਾਰਾਂ ਦੀ ਸੂਝਵਾਨ ਵਿਆਖਿਆ ਕਰਦੇ ਹਨ।

**ਸੁਰਿੰਦਰ ਕੋਛੜ (1971)**

ਜਨਮ: 26 ਜੁਲਾਈ 1971, ਪੱਟੀ (ਤਰਨਤਾਰਨ) ਰਿਹਾਇਸ਼: ਅੰਮ੍ਰਿਤਸਰ ਹੈ। ਉਨ੍ਹਾਂ ਦੇ ਪਿਤਾ ਦਾ ਨਾਂ ਕਸ਼ਮੀਰੀ ਲਾਲ ਕੋਛੜ ਅਤੇ ਮਾਤਾ ਸ੍ਰੀਮਤੀ ਸੁਦੇਸ਼ ਕੋਛੜ ਹੈ। ਸੁਰਿੰਦਰ ਕੋਛੜ ਇਤਿਹਾਸ ਦੇ ਖੋਜੀ ਅਤੇ ਲਿਖਾਰੀ ਹਨ ਜੋ ਆਪਣੀ ਨਿੱਕੀ ਉਮਰ ਵਿਚ ਸਿੱਖ ਇਤਿਹਾਸ, ਖਾਲਸਾ ਰਾਜ ਅਤੇ ਮਹਾਰਾਜਾ ਰਣਜੀਤ ਸਿੰਘ ਸੰਬੰਧੀ ਗਹਿਰੀ ਖੋਜ ਕਰ ਚੁੱਕੇ ਹਨ। ਉਨ੍ਹਾਂ ਦੀਆਂ ਪ੍ਰਮੁੱਖ ਕਿਤਾਬਾਂ ਵਿੱਚ ਤਵਾਰੀਖ ਲਾਹੌਰ-ਅੰਮ੍ਰਿਤਸਰ, ਖਾਲਸਾ ਰਾਜ ਦੀ ਨੀਂਹ-ਹਰੀ ਸਿੰਘ ਨਲੂਆ, ਅੰਮ੍ਰਿਤਸਰ ਅਰੰਭ ਤੋਂ ਅੱਜ ਤੱਕ ਆਦਿ ਹਨ। ਉਹ ਇਤਿਹਾਸਕ ਤੱਥਾਂ ਦੀ ਯਥਾਰਥਪੂਰਨ ਪੇਸ਼ਕਸ਼ ਕਰਦੇ ਹਨ ਅਤੇ ਮਿਥਿਹਾਸ ਅਤੇ ਕਲਪਨਾ ਤੋਂ ਪਰਹੇਜ਼ ਕਰਦੇ ਹਨ।

**ਡਾ. ਰਮਨਪਰੀਤ ਕੌਰ (1980)**



ਡਾ. ਜਸਬੀਰ ਸਿੰਘ ਸਰਨਾ

ਡਾ. ਰਮਨਪ੍ਰੀਤ ਦਾ ਜਨਮ 1 ਅਪਰੈਲ 1980, ਚੱਕ ਕਰੇ ਖਾਂ, ਖਡੂਰ ਸਾਹਿਬ, ਤਰਨਤਾਰਨ, ਅੰਮ੍ਰਿਤਸਰ ਵਿੱਚ ਹੋਇਆ। ਇੱਕ ਪ੍ਰਤਿਸ਼ਠਿਤ ਵਿਦਵਾਨਾ ਅਤੇ ਪੋਸਟ-ਡਾਕਟੋਰਲ ਫੈਲੋ (ਯੂ.ਜੀ.ਸੀ., ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ) ਹਨ। ਉਨ੍ਹਾਂ ਨੇ ਐਮ.ਏ. (ਪੰਜਾਬੀ), ਐਮ.ਏ. (ਧਰਮ ਅਧਿਐਨ), ਐਮ.ਫਿਲ. ਅਤੇ ਪੀਐਚ.ਡੀ. (ਦਸਮ ਗ੍ਰੰਥ ਦੀ ਸ਼ਬਦ ਬਣਤਰ) ਪ੍ਰਾਪਤ ਕੀਤੀ। ਉਨ੍ਹਾਂ ਦੀਆਂ ਮਹੱਤਵਪੂਰਣ ਰਚਨਾਵਾਂ ਵਿੱਚ ਜਾਪੁ ਸਾਹਿਬ : ਪਾਠ ਅਤੇ ਪ੍ਰਵਚਨ, ਸੁਖਮਨੀ ਸਾਹਿਬ : ਪ੍ਰਵਚਨ ਪਾਸਾਰ ਅਤੇ ਦਸਮ ਗ੍ਰੰਥ ਵਿਆਕਰਣ ਸ਼ਾਮਲ ਹਨ। ਡਾ. ਰਮਨਪਰੀਤ ਕੌਰ ਗੰਭੀਰਤਾ, ਸਾਦਗੀ ਅਤੇ ਦਰਸ਼ਨਿਕਤਾ ਦੀ ਪ੍ਰਤੀਕ ਹਨ। ਉਨ੍ਹਾਂ ਦੇ ਵਿਦਵਤਾਪੂਰਕ ਯਤਨਾਂ ਨੇ ਪੰਜਾਬੀ ਧਾਰਮਿਕ ਅਤੇ ਸਾਹਿਤਕ ਖੋਜ ਖੇਤਰ ਵਿੱਚ ਮਹੱਤਵਪੂਰਣ ਯੋਗਦਾਨ ਪਾਇਆ ਹੈ।

**ਸਤਵਿੰਦਰ ਸਿੰਘ ਫੂਲਪੁਰ (1982)**

ਸਰਦਾਰ ਸਤਵਿੰਦਰ ਸਿੰਘ ਫੂਲਪੁਰ ਦਾ ਜਨਮ ਮਾਤਾ ਜਸਬੀਰ ਕੌਰ ਅਤੇ ਪਿਤਾ ਸ੍ਰ. ਪ੍ਰੀਤਮ ਸਿੰਘ ਦੇ ਘਰ 1 ਜਨਵਰੀ 1982 ਨੂੰ ਪਿੰਡ ਫੂਲਪੁਰ, ਰਾਮਪੁਰ (ਉੱਤਰ ਪ੍ਰਦੇਸ਼) ਵਿੱਚ ਹੋਇਆ। ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਬੀ.ਏ. ਕੀਤੀ ਹੈ ਅਤੇ ਐਮ.ਏ. (ਗੁਰਮਤਿ ਕਾਲਜ, ਪਟਿਆਲਾ) ਅਤੇ ਐਮ.ਫ਼ਿਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਹਾਸਲ ਕੀਤੀ। 2006-2013 ਤੱਕ ਭਾਈ ਵੀਰ ਸਿੰਘ ਗੁਰਮਤਿ ਕਾਲਜ ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਵਿੱਚ ਆਨਰੇਰੀ ਪੜ੍ਹਾਉਣ ਦੀ ਸੇਵਾ ਨਿਭਾਈ। 2007-2016 ਤੱਕ ਸਿੱਖ ਇਤਿਹਾਸ ਰਿਸਰਚ ਬੋਰਡ ਬਤੌਰ ਰਿਸਰਚ ਸਕਾਲਰ ਸੇਵਾ ਨਿਭਾਈ। ਫ਼ਰਵਰੀ 2016 ਤੋਂ ਬਤੌਰ ਸੰਪਾਦਕ 'ਗੁਰਮਤਿ ਪ੍ਰਕਾਸ਼' ਅਤੇ 'ਗੁਰਮਤਿ ਗਿਆਨ' ਸੇਵਾ ਬਾ-ਖ਼ੂਬੀ ਨਿਭਾ ਰਹੇ ਹਨ। ਕਈ 'ਗੁਰਮਤਿ ਪ੍ਰਕਾਸ਼' ਦੇ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤੇ ਹਨ। ਜੋ ਕਿਤਾਬਾਂ ਸੰਪਾਦਨ/ਸਹਿ ਸੰਪਾਦਨ ਕੀਤੀਆਂ ਹਨ ਉਨ੍ਹਾਂ ਵਿੱਚ ਬਾਬਾ ਬੰਦਾ ਸਿੰਘ ਬਹਾਦਰ, ਸ੍ਰੀ ਗੁਰੂ ਗੋਬਿੰਦ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਭਾਈ ਘਨ੍ਹਈਆ ਜੀ, ਨਸ਼ਾ ਵਿਰੋਧੀ, ਸ੍ਰੀ ਗੁਰੂ ਨਾਨਕ ਦੇਵ ਜੀ: ਜੀਵਨ ਤੇ ਵਿਚਾਰਧਾਰਾ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ: ਆਧੁਨਿਕ ਸਰੋਕਾਰ, ਸ੍ਰੀ ਗੁਰੂ ਨਾਨਕ ਦੇਵ ਜੀ ਸੰਦਰਭ ਸ੍ਰੋਤ ਪ੍ਰਕਾਸ਼ਿਤ ਹੋ ਚੁੱਕੇ ਹਨ। ਭਾਸ਼ਾ ਵਿਭਾਗ (ਪੰਜਾਬ ਸਰਕਾਰ) ਵੱਲੋਂ 2016 'ਚ ਪ੍ਰਿੰਸੀਪਲ ਤੇਜਾ ਸਿੰਘ ਪੁਰਸਕਾਰ ਮਿਲ ਚੁਕਿਆ ਹੈ।

ਸੰਪੂਰਨ ਤੌਰ 'ਤੇ ਵੇਖਿਆ ਜਾਵੇ ਤਾਂ ਅੰਮ੍ਰਿਤਸਰ ਦੀ ਧਰਤੀ ਨਾ ਸਿਰਫ਼ ਸਿੱਖ ਧਰਮ ਦੇ ਰੂਹਾਨੀ ਅਤੇ ਇਤਿਹਾਸਕ ਕੇਂਦਰ ਵਜੋਂ ਜਣੀ ਜਾਂਦੀ ਹੈ, ਸਗੋਂ ਇਹ ਪੰਜਾਬੀ ਸਾਹਿਤ ਅਤੇ ਸਿੱਖ ਸਾਹਿਤ ਦੀ ਲਿਖਤ-ਸੰਸਕ੍ਰਿਤੀ ਦੀਆਂ ਅਨੇਕ ਧਾਰਾਵਾਂ ਨੂੰ ਜਨਮ ਦੇਣ ਵਾਲੀ ਰਚਨਾਤਮਕ ਧਰਤੀ ਰਹੀ ਹੈ। ਇਥੋਂ ਦੇ ਲੇਖਕਾਂ, ਕਵੀਆਂ, ਚਿੰਤਕਾਂ ਅਤੇ ਬੁੱਧੀਜੀਵੀਆਂ ਨੇ ਆਪਣੇ ਵਿਸ਼ੇਸ਼ ਯੋਗਦਾਨ ਰਾਹੀਂ ਸਿੱਖ ਇਤਿਹਾਸ, ਮੂਲ ਸਿੱਖੀ ਦੇ ਸਿਧਾਂਤਾਂ, ਸਮਾਜਕ ਸਰੋਕਾਰਾਂ ਅਤੇ ਆਧੁਨਿਕ ਚਿੰਤਨ ਨੂੰ ਸਮਰੱਥ ਬਣਾਉਣ ਦੀ ਕਦਰਯੋਗ ਕੋਸ਼ਿਸ਼ ਕੀਤੀ ਹੈ। ਅੱਜ ਵੀ ਅੰਮ੍ਰਿਤਸਰ ਦੇ ਇਨ੍ਹਾਂ ਲੇਖਕਾਂ ਦੀ ਵਿਰਾਸਤ ਸਿੱਖ ਸਾਹਿਤ ਨੂੰ ਪ੍ਰੇਰਨਾ ਦੇ ਰਹੀ ਹੈ ਅਤੇ ਭਵਿੱਖ ਦੀਆਂ ਪੀੜ੍ਹੀਆਂ ਲਈ ਇੱਕ ਅਮੁਲ ਨਿਸ਼ਾਨੀ ਵਜੋਂ ਸਥਾਪਤ ਹੈ। ਮੈਂ ਇਹ ਆਸ ਕਰਦੇ ਹਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਵੀ ਇਨ੍ਹਾਂ ਰਚਨਾਤਮਕ ਪੈੜਾਂ ਨੂੰ ਆਪਣੀ ਕਲਮ ਨਾਲ ਹੋਰ ਉੱਚਾਈਆਂ 'ਤੇ ਲੈ ਜਾਣਗੀਆਂ। **(ਸਮਾਪਤ)**

# ਕੀ ਗਾਜ਼ਾ 'ਤੇ ਵੱਡੇ ਹਮਲੇ ਨੂੰ ਰੋਕ ਸਕੇਗਾ ਅਮਰੀਕਾ ?

## ਦੋਹਾ 'ਚ ਹਮਲੇ ਤੋਂ ਭੜਕਿਆ ਮੱਧ ਪੂਰਬ, ਗਾਜ਼ਾ 'ਤੇ ਵੱਡੀ ਕਾਰਵਾਈ ਰੋਕਣ ਲਈ ਅਮਰੀਕੀ ਵਿਦੇਸ਼ ਮੰਤਰੀ ਇਜ਼ਰਾਈਲ 'ਚ

ਨਵੀਂ ਦਿੱਲੀ : ਕਤਰ ਦੀ ਰਾਜਧਾਨੀ ਦੋਹਾ ਵਿੱਚ ਹਮਾਸ ਲੀਡਰਸ਼ਿਪ 'ਤੇ ਇਜ਼ਰਾਈਲ ਦੇ ਵਿਵਾਦਪੂਰਨ ਹਵਾਈ ਹਮਲੇ ਤੋਂ ਬਾਅਦ ਪੈਦਾ ਹੋਏ ਗੰਭੀਰ ਕੂਟਨੀਤਕ ਤਣਾਅ ਦੇ ਵਿਚਕਾਰ, ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਇੱਕ ਅਹਿਮ ਅਤੇ ਤਲਖ਼ ਦੌਰੇ 'ਤੇ ਇਜ਼ਰਾਈਲ ਪਹੁੰਚ ਗਏ ਹਨ। ਇਸ ਦੌਰੇ ਦਾ ਕੇਂਦਰੀ ਮੁੱਦਾ ਗਾਜ਼ਾ ਸ਼ਹਿਰ 'ਤੇ ਇਜ਼ਰਾਈਲ ਦੀ ਪ੍ਰਸਤਾਵਿਤ ਵੱਡੀ ਫੌਜੀ ਕਾਰਵਾਈ ਹੈ, ਜਿਸ ਨੂੰ ਲੈ ਕੇ ਟਰੰਪ ਪ੍ਰਸ਼ਾਸਨ ਚਿੰਤਤ ਹੈ।

ਇਹ ਦੌਰਾ ਅਜਿਹੇ ਨਾਜ਼ੁਕ ਸਮੇਂ 'ਤੇ ਹੋ ਰਿਹਾ ਹੈ ਜਦੋਂ ਕੁਝ ਦਿਨ ਪਹਿਲਾਂ ਹੀ ਇਜ਼ਰਾਈਲ ਨੇ ਅਮਰੀਕਾ ਦੇ ਕਰੀਬੀ ਸਹਿਯੋਗੀ ਕਤਰ ਵਿੱਚ ਹਮਾਸ ਦੇ ਸੀਨੀਅਰ ਆਗੂਆਂ ਨੂੰ ਨਿਸ਼ਾਨਾ ਬਣਾਇਆ ਸੀ। ਇਸ ਹਮਲੇ ਨੇ ਨਾ ਸਿਰਫ਼ ਕਤਰ ਨੂੰ ਨਾਰਾਜ਼ ਕੀਤਾ ਹੈ, ਸਗੋਂ ਗਾਜ਼ਾ ਵਿੱਚ ਜੰਗਬੰਦੀ ਲਈ ਚੱਲ ਰਹੀਆਂ ਰਾਸ਼ਟਰਪਤੀ ਟਰੰਪ ਦੀਆਂ ਕੋਸ਼ਿਸ਼ਾਂ ਨੂੰ ਵੀ ਵੱਡਾ ਝਟਕਾ ਦਿੱਤਾ ਹੈ, ਕਿਉਂਕਿ ਕਤਰ ਇਸ ਮਾਮਲੇ ਵਿੱਚ ਮੁੱਖ ਵਿਚੋਲਾ ਸੀ।

ਸੂਤਰਾਂ ਅਨੁਸਾਰ, ਰੂਬੀਓ ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਅਤੇ ਉੱਚ ਸੁਰੱਖਿਆ ਅਧਿਕਾਰੀਆਂ ਨਾਲ ਮੁਲਾਕਾਤ ਕਰਕੇ ਗਾਜ਼ਾ 'ਤੇ ਹਮਲੇ ਦੀ ਰਣਨੀਤੀ ਅਤੇ ਇਸ ਦੇ ਖੇਤਰੀ ਪ੍ਰਭਾਵਾਂ 'ਤੇ ਚਰਚਾ ਕਰਨਗੇ। ਟਰੰਪ ਪ੍ਰਸ਼ਾਸਨ ਵੱਲੋਂ ਹਮਲੇ 'ਤੇ ਨਾਖੁਸ਼ੀ ਜ਼ਾਹਰ ਕਰਨ ਦੇ ਬਾਵਜੂਦ ਇਜ਼ਰਾਈਲ ਆਪਣੇ ÷ਅੜੀਅਲ÷ ਰਵੱਈਏ 'ਤੇ ਕਾਇਮ ਹੈ ਅਤੇ ਗਾਜ਼ਾ ਵਿੱਚ ਵੱਡੀ ਕਾਰਵਾਈ ਲਈ ਤਿਆਰ ਹੈ।










ਅਮਰੀਕੀ ਵਿਦੇਸ਼ ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਰੂਬੀਓ ਇਜ਼ਰਾਈਲ ਦੀ ਸੁਰੱਖਿਆ ਪ੍ਰਤੀ ਅਮਰੀਕਾ ਦੀ ਵਚਨਬੱਧਤਾ ਨੂੰ ਦੁਹਰਾਉਣਗੇ, ਪਰ ਇਸ ਦੇ ਨਾਲ ਹੀ ਉਹ ਤਣਾਅ ਘਟਾਉਣ ਅਤੇ ਆਮ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਲੋੜ 'ਤੇ ਵੀ ਜ਼ੋਰ ਦੇਣਗੇ। ਇਸ ਦੌਰੇ 'ਤੇ ਪੂਰੀ ਦੁਨੀਆ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ, ਕਿਉਂਕਿ ਇਸ ਨਾਲ ਮੱਧ ਪੂਰਬ ਦੇ ਭਵਿੱਖ ਦੀ ਦਿਸ਼ਾ ਤੈਅ ਹੋਵੇਗੀ।

# ਮਨ ਦੀ ਸੰਭਾਲ ਤਨ ਵਾਂਗ ਕਰੀਏ



ਮਨੁੱਖ ਦੀਆਂ ਖ਼ੁਸ਼ੀਆਂ ਅਤੇ ਗ਼ਮੀਆਂ ਉਸ ਦੇ ਤਨ ਅਤੇ ਮਨ ਨਾਲ ਜੁੜੀਆਂ ਹੋਈਆਂ ਹਨ। ਤੀਸਰਾ ਪੱਖ ਧਨ ਵੀ ਮਹੱਤਵਪੂਰਨ ਹੈ, ਪਰ ਉਸ ਦੀ ਲੋੜ ਸਿਰਫ਼ ਆਪਣੇ ਤਨ ਅਤੇ ਮਨ ਨੂੰ ਤੰਦਰੁਸਤ ਅਤੇ ਸੰਤੁਲਿਤ ਰੱਖਣ ਲਈ ਹੀ ਹੁੰਦੀ ਹੈ। ਜਿਸ ਦਾ ਸਰੀਰ ਪੂਰਨ ਤੰਦਰੁਸਤ ਹੈ, ਮਨ ਪੂਰਾ ਸ਼ਾਂਤ ਹੈ, ਇਨ੍ਹਾਂ ਨੂੰ ਲਗਾਤਾਰ ਖ਼ੁਰਾਕ ਮਿਲ ਰਹੀ ਹੋਵੇ, ਉਸ ਨੂੰ ਧਨ ਬਾਰੇ ਚਿੰਤਾ ਕਰਨ ਦੀ ਲੋੜ ਨਹੀਂ।

ਬੱਚੇ ਦੇ ਜਨਮ ਤੋਂ ਇਕਦਮ ਬਾਅਦ ਸਭ ਤੋਂ ਪਹਿਲਾਂ ਉਸ ਦੇ ਸਰੀਰ ਦੀ ਸੰਭਾਲ ਹੁੰਦੀ ਹੈ। ਮਾਪੇ ਕਿਵੇਂ ਛੋਟੇ ਬੱਚੇ ਦੀ ਹਰੇਕ ਲੋੜ ਵੱਲ ਧਿਆਨ ਦਿੰਦੇ ਹਨ। ਕਿਵੇਂ ਉਸ ਨੂੰ ਗਰਮੀ ਅਤੇ ਸਰਦੀ ਤੋਂ ਬਚਾਉਂਦੇ ਹਨ। ਮੁੱਢਲੇ ਸਾਲਾਂ ਵਿੱਚ ਉਸ ਦੀ ਖ਼ੁਰਾਕ ਦਾ ਕਿੰਨਾ ਧਿਆਨ ਰੱਖਿਆ ਜਾਂਦਾ ਹੈ। ਸਮਝਦਾਰ ਮਾਪੇ ਜਾਣਦੇ ਹਨ ਕਿ ਇਸੇ ਸਮੇਂ ਤੋਂ ਉਸ ਦੇ ਮਨ ਦੀ ਘਾੜਤ ਘੜੀ ਜਾਣੀ ਸ਼ੁਰੂ ਹੋ ਜਾਂਦੀ ਹੈ। ਜੋ ਕੁਝ ਉਹ ਆਪਣੇ ਆਲੇ ਦੁਆਲੇ ਹੁੰਦਾ ਵੇਖਦਾ ਹੈ, ਸੁਣਦਾ ਹੈ, ਉਹ ਸਭ ਉਸ ਦੇ ਮਨ 'ਤੇ ਆਪਣਾ ਪ੍ਰਭਾਵ ਪਾਉਂਦੇ ਹਨ। ਯਾਦ ਕਰੀਏ ਕਿ ਸਰੀਰ ਨੂੰ ਪੂਰਨ ਤੰਦਰੁਸਤ ਰੱਖਣ ਲਈ ਕੀ ਕੀ ਕੀਤਾ ਜਾਣਾ ਚਾਹੀਦਾ ਹੈ। ਪਹਿਲੀ ਗੱਲ ਪੌਸ਼ਟਿਕ ਖ਼ੁਰਾਕ ਹੈ। ਆਪਾਂ ਸਾਰੇ ਜਾਣਦੇ ਹਾਂ ਕਿ ਸੰਤੁਲਿਤ ਭੋਜਨ ਵਿੱਚ ਕਾਰਬੋਹਾਈਡਰੇਟ, ਚਰਬੀ, ਪ੍ਰੋਟੀਨ, ਵਿਟਾਮਿਨ, ਖਣਿਜ, ਮੋਟਾ ਆਹਾਰ ਆਦਿ ਸਭ ਢੁੱਕਵੀਂ ਮਾਤਰਾ ਵਿੱਚ ਹੋਣੇ ਚਾਹੀਦੇ ਹਨ। ਭੋਜਨ ਤੋਂ ਬਾਅਦ ਜ਼ਰੂਰੀ ਹੈ ਕਸਰਤ। ਹਲਕੀ ਤੋਂ ਲੈ ਕੇ ਭਾਰੀ ਕਸਰਤ ਤੱਕ ਦੇ ਆਪਣੇ ਆਪਣੇ ਫਾਇਦੇ ਗਿਣਾਏ ਜਾ ਸਕਦੇ ਹਨ। ਕਸਰਤ ਆਪਣੀ ਸਮਰੱਥਾ ਮੁਤਾਬਕ ਅਤੇ ਸਰੀਰ ਮੁਤਾਬਿਕ ਹੋ ਸਕਦੀ ਹੈ, ਪਰ ਬਿਲਕੁਲ ਵੀ ਕਸਰਤ ਨਾ ਕਰਨਾ ਸਰੀਰ ਲਈ ਠੀਕ ਨਹੀਂ ਹੈ। ਉਪਰੰਤ ਸਰੀਰ ਨੂੰ ਨੀਂਦ ਅਤੇ ਆਰਾਮ ਦੀ ਵੀ ਜ਼ਰੂਰਤ ਹੁੰਦੀ ਹੈ। ਇਸ ਦੇ ਨਾਲ ਸਰੀਰ ਨੂੰ ਮੁੜ ਊਰਜਾ ਮਿਲਦੀ ਹੈ।

ਆਓ ਹੁਣ ਮਨ 'ਤੇ ਵੀ ਇਹੀ ਗੱਲਾਂ ਲਾਗੂ ਕਰ ਕੇ ਦੇਖੀਏ। ਪਹਿਲੀ ਗੱਲ ਪੌਸ਼ਟਿਕ ਭੋਜਨ ਦੀ। ਜਿਵੇਂ ਭੋਜਨ ਸਰੀਰ ਨੂੰ ਊਰਜਾ ਅਤੇ ਤਾਕਤ ਦਿੰਦਾ ਹੈ ਜਿਸ ਨਾਲ ਮਨੁੱਖੀ ਸਰੀਰ ਵਿਚਲੇ ਵੱਖ ਵੱਖ ਅੰਗ ਅਤੇ ਅੰਗ ਪ੍ਰਣਾਲੀਆਂ ਆਪਣਾ ਕੰਮ ਠੀਕ ਠਾਕ ਕਰਦੀਆਂ ਹਨ ਅਤੇ ਉਨ੍ਹਾਂ ਦਾ ਵਿਕਾਸ ਹੁੰਦਾ ਰਹਿੰਦਾ ਹੈ। ਸਰੀਰ ਦੇ ਅੰਦਰਲਾ ਕੁਦਰਤੀ ਸਿਸਟਮ ਆਪਣੇ ਆਪ ਹੀ ਭੋਜਨ ਵਿੱਚੋਂ ਜ਼ਰੂਰੀ ਤੱਤ ਲੈ ਲੈਂਦਾ ਹੈ ਅਤੇ ਜੋ ਉਸ ਲਈ ਬੇਕਾਰ ਹੈ, ਉਸ ਨੂੰ ਬਾਹਰ ਕੱਢ ਦਿੰਦਾ ਹੈ। ਮਨ ਦੀ ਖ਼ੁਰਾਕ ਕਿਹੜੀ ਹੈ? ਜੋ ਵੀ ਅਸੀਂ ਬਾਹਰੋਂ ਪੜ੍ਹਦੇ, ਦੇਖਦੇ ਤੇ ਸੁਣਦੇ ਹਾਂ, ਉਸ ਦਾ ਪ੍ਰਭਾਵ ਸਾਡੇ ਮਨ ਵਿੱਚ ਜਾਂਦਾ ਹੈ। ਮਨ ਨੇ ਵੀ ਉਸ ਪ੍ਰਾਪਤ ਕੀਤੀਆਂ ਚੀਜ਼ਾਂ ਦਾ ਵਿਸ਼ਲੇਸ਼ਣ ਕਰਨਾ ਹੁੰਦਾ ਹੈ, ਉਸ ਵਿੱਚੋਂ ਚੰਗੀਆਂ ਅਤੇ ਉਸ ਦੇ ਆਪਣੇ ਕੰਮ ਆਉਣ ਵਾਲੇ ਵਿਚਾਰ, ਸੋਚਾਂ ਅਤੇ ਕਲਪਨਾਵਾਂ ਨੂੰ ਰੱਖ ਲੈਂਦਾ ਹੈ, ਇਹਦੇ ਵਿੱਚੋਂ ਬੇਲੋੜਾ ਸਮਝੇ ਜਾਣ ਵਾਲਾ ਮੈਟਰ ਮਨ ਹੌਲੀ ਹੌਲੀ ਛੱਡਦਾ ਜਾਂਦਾ ਹੈ। ਜਿਵੇਂ ਅਸੀਂ ਸਰੀਰ ਲਈ ਖਾਣ ਪੀਣ ਵਾਲੇ ਪਦਾਰਥ ਚੰਗੀ ਤਰ੍ਹਾਂ ਦੇਖ ਪਰਖ ਕੇ ਹੀ ਖਾਂਦੇ ਹਾਂ। ਇਸੇ ਤਰ੍ਹਾਂ ਮਨ ਅੰਦਰ ਪਾਏ ਜਾਣ ਵਾਲੇ ਵਿਚਾਰ, ਸੋਚਾਂ ਅਤੇ ਕਲਪਨਾਵਾਂ ਆਦਿ ਨੂੰ ਵੀ ਫਿਲਟਰ ਕਰਨਾ ਅਤੇ ਜਾਂਚ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ। ਕੀ ਸੁਣਨਾ ਹੈ, ਕੀ ਸੋਚਣਾ ਹੈ, ਕੀ ਪੜ੍ਹਨਾ ਹੈ, ਕੀ ਦੇਖਣਾ ਹੈ, ਇਹ ਸਭ ਮਿਲ ਕੇ ਮਨ ਦੀ ਖ਼ੁਰਾਕ ਬਣਦੇ ਹਨ ਜਿਸ ਦਾ ਮਨ ਅੰਦਰ ਵਿਸ਼ਲੇਸ਼ਣ ਹੁੰਦਾ ਹੈ।

ਜਿਵੇਂ ਗ਼ਲਤ ਖਾਧਾ ਅਤੇ ਪੀਤਾ ਸਰੀਰ ਨੂੰ ਨੁਕਸਾਨ ਕਰਦਾ ਹੈ, ਬਿਲਕੁਲ ਉਸੇ ਤਰ੍ਹਾਂ ਗ਼ਲਤ ਦੇਖਿਆ, ਗ਼ਲਤ ਪੜ੍ਹਿਆ ਅਤੇ ਗ਼ਲਤ ਸੁਣਿਆ ਆਦਿ ਮਨ ਨੂੰ ਖ਼ਰਾਬ ਕਰਦੇ ਹਨ। ਮਨ ਕਈ ਤਰ੍ਹਾਂ ਦੀਆਂ ਬਿਮਾਰੀਆਂ ਦਾ ਸ਼ਿਕਾਰ ਹੁੰਦਾ ਹੈ। ਇਸ ਲਈ ਬਹੁਤ ਜ਼ਰੂਰੀ ਹੈ ਕਿ ਮਨ ਨੂੰ ਸੰਤੁਲਿਤ ਭੋਜਨ ਦਿੱਤਾ ਜਾਵੇ। ਸਕਾਰਾਤਮਕ ਅਤੇ ਪ੍ਰੇਰਨਾਤਮਕ ਸੁੰਦਰ ਵਿਚਾਰ, ਚੰਗੀਆਂ ਸੋਚਾਂ, ਵਧੀਆ ਪੁਸਤਕਾਂ ਦਿੰਦੇ ਰਹਿਣ ਨਾਲ ਮਨ ਅਰੋਗ ਰਹਿ ਸਕਦਾ ਹੈ ਅਤੇ ਇਸ ਦਾ ਵਿਕਾਸ ਵੀ ਵਧੀਆ ਹੋ ਸਕਦਾ ਹੈ। ਚੰਗਾ ਪੜ੍ਹਨਾ ਅਤੇ ਦੇਖਣਾ ਤਾਂ ਕਾਫ਼ੀ ਹੱਦ ਤੱਕ ਸਾਡੇ ਹੱਥ ਵਿੱਚ ਹੈ, ਪਰ ਚੰਗਾ ਸੁਣਨਾ ਪੂਰੀ ਤਰ੍ਹਾਂ ਸਾਡੇ ਹੱਥ ਵਿੱਚ ਨਹੀਂ। ਕੁਝ ਸਾਡੇ ਹੀ ਅਜ਼ੀਜ਼ ਸਾਨੂੰ ਨਿੰਦਾ ਚੁਗਲੀ ਅਤੇ ਕੁਝ ਹੋਰ ਗ਼ਲਤ ਚੀਜ਼ਾਂ ਸੁਣਾਉਣ ਦੀ ਕੋਸ਼ਿਸ਼ ਕਰਦੇ ਹਨ, ਜਿਸ ਨੂੰ ਅਸੀਂ ਚੰਗਾ ਨਾ ਸਮਝਦੇ ਹੋਏ ਵੀ ਉਸ ਅਜ਼ੀਜ਼ ਨਾਲ ਜੁੜੇ ਰਹਿਣ ਲਈ ਉਸ ਨੂੰ ਸੁਣ ਲੈਂਦੇ ਹਾਂ। ਉਹ ਤਾਂ ਆਪਣੀ ਕਾਰਵਾਈ ਪਾ ਕੇ ਆਪਣੇ ਆਹਰੇ ਲੱਗਦਾ ਹੈ, ਪਰ ਸਾਡੇ ਮਨ ਨੇ ਉਸ ਗ਼ਲਤ ਸੂਚਨਾ ਨੂੰ ਵੀ ਆਪਣੀ ਡਰਾਈਵ ਵਿੱਚ ਸੇਵ ਕਰ ਲਿਆ ਹੁੰਦਾ ਹੈ ਜਿਸ ਨਾਲ ਸਾਡੀ ਸੋਚਣੀ ਵੀ ਕੁਝ ਕੁਝ ਗ਼ਲਤ ਹੋ ਜਾਂਦੀ ਹੈ। ਇਸ ਤੋਂ ਬਚਣ ਲਈ ਸਾਨੂੰ ਸਖ਼ਤ ਸਟੈਂਡ ਲੈਣਾ ਪਵੇਗਾ। ਸੁਕਰਾਤ ਦਾ ਤਿੰਨ ਨੁਕਾਤੀ ਫਿਲਟਰ ਸ਼ਾਇਦ ਤੁਸੀਂ ਜਾਣਦੇ ਹੀ ਹੋਵੋ। ਉਸ ਕੋਲ ਜਦੋਂ ਵੀ ਕੋਈ ਦੋਸਤ ਕਿਸੇ ਹੋਰ ਦੀ ਚੁਗਲੀ ਕਰਨ ਲਈ ਜਾਂ ਹੋਰ ਕੋਈ ਗ਼ਲਤ ਸੂਚਨਾ ਦੇਣ ਲੱਗਦਾ ਹੀ ਸੀ ਤਾਂ ਸੁਕਰਾਤ ਕਹਿੰਦੇ, ਰੁਕ ਪਹਿਲਾਂ ਮੇਰੇ ਤਿੰਨ ਸਵਾਲਾਂ ਦੇ ਜਵਾਬ ਦੇ। ਪਹਿਲਾ, ਕੀ ਇਹ 100% ਸੱਚ ਹੈ ਜਾਂ ਤੂੰ ਅੱਖੀਂ ਦੇਖਿਆ ਹੈ ਜੋ ਮੈਨੂੰ ਦੱਸਣ ਜਾ ਰਿਹਾ ਹੈ? ਦੂਸਰਾ ਕੀ ਇਹ ਇੱਕ ਚੰਗੀ ਅਤੇ ਸਕਾਰਾਤਮਕ ਗੱਲ ਹੈ ? ਤੀਸਰਾ ਕੀ ਇਸ ਨਾਲ ਮੈਨੂੰ ਕੋਈ ਲਾਭ ਮਿਲਣ ਵਾਲਾ ਹੈ? ਜੇ ਅਗਲਾ ਨਾਂਹ ਆਖਦਾ ਤਾਂ ਸੁਕਰਾਤ ਉਸ ਨੂੰ ਸੁਣਨ ਤੋਂ ਦ੍ਰਿੜਤਾ ਨਾਲ ਇਨਕਾਰ ਕਰ ਦਿੰਦਾ। ਸਾਨੂੰ ਵੀ ਇਹ ਸੋਚਣਾ ਚਾਹੀਦਾ ਹੈ ਕਿ ਉੱਪਰ ਲਿਖੇ ਤਿੰਨ ਨੁਕਤਿਆਂ ਵੱਲ ਧਿਆਨ ਦੇ ਕੇ ਹੀ ਗੱਲ ਸੁਣੀ ਜਾਵੇ। ਸਿਰਫ਼ ਸਾਡਾ ਵਕਤ ਹੀ ਖ਼ਰਾਬ ਨਹੀਂ ਹੁੰਦਾ, ਸਗੋਂ ਸਾਡਾ ਮਨ ਵੀ ਵਿਕਾਰਾਂ ਨਾਲ ਭਰਦਾ ਹੈ। ਉਸ ਗ਼ਲਤ ਨੂੰ ਅੰਦਰ ਆਉਣ ਤੋਂ ਰੋਕਣਾ ਸਾਡਾ ਮੁੱਢਲਾ ਫਰਜ਼ ਹੈ।

ਦੂਸਰਾ ਪੱਖ ਹੈ ਕਸਰਤ। ਜਿਵੇਂ ਸਰੀਰ ਦੇ ਸਾਰੇ ਅੰਗਾਂ ਨੂੰ ਵਧੇਰੇ ਦੇਰ ਤੱਕ ਠੀਕ ਤਰ੍ਹਾਂ ਕੰਮ ਕਰਦੇ ਰਹਿਣ ਲਈ ਉਨ੍ਹਾਂ ਲਈ ਵੱਖ ਵੱਖਰੀਆਂ ਕਸਰਤਾਂ ਦੱਸੀਆਂ ਜਾਂਦੀਆਂ ਹਨ। ਬਿਲਕੁਲ ਇਸੇ ਤਰ੍ਹਾਂ ਮਨ ਨੂੰ ਠੀਕ ਤਰ੍ਹਾਂ ਕੰਮ ਕਰਦੇ ਰਹਿਣ ਲਈ ਵੀ ਮਨ ਦੀਆਂ ਕਸਰਤਾਂ ਕਰਦੇ ਰਹਿਣ ਦੀ ਬਹੁਤ ਲੋੜ ਹੁੰਦੀ ਹੈ। ਬਹੁਤੇ ਵਿਅਕਤੀ ਆਪਣੀ ਰਸਮੀ ਸਿੱਖਿਆ ਨੂੰ ਖ਼ਤਮ ਕਰਨ ਤੋਂ ਬਾਅਦ ਕੁਝ ਵੀ ਸਿੱਖਣ ਦੀ ਕੋਸ਼ਿਸ਼ ਕਰਨੀ ਛੱਡ ਦਿੰਦੇ ਹਨ ਅਤੇ ਆਪਣੇ ਕੰਮ ਵਿੱਚ ਵੀ ਨਵੀਆਂ ਗੱਲਾਂ ਨਾ ਸਿੱਖ ਕੇ ਓਨੇ ਕੁ ਗਿਆਨ ਨਾਲ ਹੀ ਸੰਤੁਸ਼ਟ ਰਹਿ ਕੇ ਜ਼ਿੰਦਗੀ ਗੁਜ਼ਾਰ ਦਿੰਦੇ ਹਨ। ਇਹ ਬਿਲਕੁਲ ਵੀ ਠੀਕ ਨਹੀਂ ਹੈ। ਸਰੀਰ ਦੇ ਜਿਸ ਵੀ ਅੰਗ ਨੂੰ ਘੱਟ ਵਰਤਿਆ ਜਾਏਗਾ, ਉਸ ਦੀ ਕੁਸ਼ਲਤਾ ਘੱਟ ਹੋਏਗੀ। ਸੱਜਾ ਹੱਥ, ਖੱਬੇ ਨਾਲੋਂ ਇਸ ਲਈ ਤੇਜ਼ ਅਤੇ ਕੁਸ਼ਲ ਹੈ ਕਿਉਂਕਿ ਅਸੀਂ ਬਚਪਨ ਤੋਂ ਇਸ ਨੂੰ ਵਧੇਰੇ ਵਰਤਿਆ ਹੈ। ਇਹੀ ਗੱਲ ਮਨ 'ਤੇ ਵੀ ਲਾਗੂ ਹੁੰਦੀ ਹੈ। ਜਿਹੜੀ ਸੋਚ ਨੂੰ, ਵਿਚਾਰ ਨੂੰ ਬਾਰ ਬਾਰ ਦੁਹਰਾਇਆ ਜਾਂਦਾ ਰਹੇਗਾ, ਉਹ ਮਨ ਵਿੱਚ ਘਰ ਕਰਦੀ ਜਾਏਗੀ ਅਤੇ ਆਪਣੀ ਥਾਂ ਬਣਾ ਲੈਣ ਕਾਰਨ ਸਾਡੇ ਅਮਲ ਵੀ ਉਸ ਤਰ੍ਹਾਂ ਦੇ ਹੋ ਜਾਣਗੇ। ਸਾਨੂੰ ਗੁਰਬਾਣੀ ਜਾਂ ਧਾਰਮਿਕ ਬਚਨ ਬਾਰ ਬਾਰ ਪੜ੍ਹਦੇ ਰਹਿਣ ਦੀ ਨਸੀਹਤ ਇਸੇ ਲਈ ਦਿੱਤੀ ਜਾਂਦੀ ਹੈ।

ਸਵੈ ਪ੍ਰੇਰਨਾ ਅਜੋਕੇ ਮਨੋਵਿਗਿਆਨ ਦਾ ਸੰਕਲਪ ਹੈ ਜਿਸ ਦਾ ਭਾਵ ਇਹੋ ਹੈ ਕਿ ਮਨੁੱਖ ਨੇ ਆਪਣੇ ਆਪ ਨੂੰ ਚੰਗਾ ਕਰਨ ਚੰਗਾ ਬਣਨ ਲਈ ਹਮੇਸ਼ਾਂ ਚੰਗੀਆਂ ਨਸੀਹਤਾਂ ਆਪਣੇ ਆਪ ਨੂੰ ਦਿੰਦੇ ਰਹਿਣਾ ਹੈ। ਆਪਣੇ ਆਪ ਨੂੰ ਸਮਰੱਥ ਸਮਝਣਾ ਹੈ ਅਤੇ ਕੁਝ ਨੇਕ ਕਰਦੇ ਰਹਿਣ ਲਈ ਪ੍ਰੇਰਨਾ ਦਿੰਦੇ ਰਹਿਣਾ ਹੈ। ਮਨੋਵਿਗਿਆਨੀ ਆਖਦੇ ਹਨ ਕਿ 'ਝੂਠ ਨਾ ਬੋਲੋ' ਕਹਿਣ ਨਾਲੋਂ 'ਸਦਾ ਸੱਚ ਬੋਲੋ' ਦੀ ਪ੍ਰੇਰਨਾ ਜ਼ਿਆਦਾ ਲਾਭਦਾਇਕ ਹੈ ਕਿਉਂਕਿ ਮਨੁੱਖੀ ਮਨ ਕਈ ਵਾਰ ਬੱਚੇ ਵਾਂਗ ਵਿਵਹਾਰ ਕਰਦਾ ਹੈ ਕਿ ਜਿਸ ਕੰਮ ਤੋਂ ਰੋਕੋ, ਉਸ ਵੱਲ ਖਿੱਚ ਵਧੇਰੇ ਹੋਣ ਕਾਰਨ ਉਹ ਕੰਮ ਕਰਨ ਦਾ ਤਜਰਬਾ ਕਰ ਬੈਠਦਾ ਹੈ। ਸੰਤੁਲਿਤ ਸੋਚ ਬਣਾਏ ਰੱਖਣ ਲਈ ਸਖ਼ਤ ਅਤੇ ਲਗਾਤਾਰ ਯਤਨ ਕਰਦੇ ਰਹਿਣ ਦੀ ਲੋੜ ਹੁੰਦੀ ਹੈ। ਲਗਾਤਾਰਤਾ ਲਈ ਸਿਰਫ਼ ਇੱਕ ਦੋ ਉਦਾਹਰਨਾਂ ਕਾਫ਼ੀ ਹਨ। ਇੱਕ ਪੱਥਰ ਕਈ ਸਾਲ ਵੀ ਨਦੀ ਵਿੱਚ ਪਿਆ ਰਹੇ ਤਾਂ ਉਹ ਨਰਮ ਨਹੀਂ ਹੁੰਦਾ, ਪਰ ਉਸੇ ਪੱਥਰ 'ਤੇ ਲਗਾਤਾਰ ਪੈ ਰਹੀ ਪਾਣੀ ਦੀ ਹਲਕੀ ਜਿਹੀ ਧਾਰ ਵੀ ਉਸ ਥਾਂ 'ਤੇ ਹਲਕਾ ਜਿਹਾ ਟੋਆ ਪੈਦਾ ਕਰ ਦਿੰਦੀ ਹੈ ਕਿਉਂਕਿ ਇਸ ਧਾਰ ਨੇ ਪੱਥਰ ਨੂੰ ਤੋੜਿਆ ਨਹੀਂ, ਸਗੋਂ ਆਪਣੇ ਨਾਲ ਰੋੜ੍ਹਿਆ ਹੈ। ਲਗਾਤਾਰ ਦਿੱਤੀ ਹੋਈ ਪ੍ਰੇਰਨਾ ਵੀ ਮਨ 'ਤੇ ਇਹੀ ਅਸਰ ਪਾ ਸਕਦੀ ਹੈ। ਦੂਸਰੀ ਛੋਟੀ ਜਿਹੀ ਉਦਾਹਰਨ ਅਸੀਂ ਸਰੀਰਕ ਪੱਖ ਤੋਂ ਹੀ ਦੇਖ ਸਕਦੇ ਹਾਂ ਕਿ ਸਰਕਸ ਦੇ ਕਲਾਕਾਰ ਲਗਾਤਾਰ ਕੀਤੇ ਹੋਏ ਅਭਿਆਸ ਨਾਲ ਆਪਣੇ ਸਰੀਰ ਨੂੰ ਇੰਨਾ ਜ਼ਿਆਦਾ ਮੋੜ ਕੇ ਦਿਖਾ ਦਿੰਦੇ ਹਨ, ਜਿੰਨਾ ਅਸੀਂ ਸੋਚ ਵੀ ਨਹੀਂ ਸਕਦੇ। ਲਗਾਤਾਰ ਕੀਤਾ ਹੋਇਆ ਮਾਨਸਿਕ ਅਭਿਆਸ ਵੀ ਚਮਤਕਾਰ ਕਰ ਸਕਣ ਦੇ ਸਮਰੱਥ ਹੁੰਦਾ ਹੈ। ਮਨ ਵੀ ਸਰੀਰ ਵਾਂਗ ਹੀ ਥੱਕਦਾ ਹੈ। ਇਸ ਨੂੰ ਵੀ ਆਰਾਮ ਦੀ ਲੋੜ ਹੁੰਦੀ ਹੈ। ਸਰੀਰ ਲਗਾਤਾਰ ਕੰਮ ਕਰਦਾ ਹੋਵੇ ਤਾਂ ਕੁਝ ਘੰਟੇ ਵਿੱਚ ਹੀ ਆਰਾਮ ਭਾਲਦਾ ਹੈ। ਸਾਡੀ ਅੱਜ ਦੀ ਰੁਝੇਵਿਆਂ ਭਰੀ ਅਤੇ ਭਜਦੌੜ ਦੀ ਜ਼ਿੰਦਗੀ ਵਿੱਚ ਮਾਨਸਿਕ ਦਬਾਅ ਅਤੇ ਤਣਾਅ ਬਹੁਤ ਜ਼ਿਆਦਾ ਹੈ। ਵਧੇਰੇ ਸੋਚਣਾ, ਹਮੇਸ਼ਾਂ ਗੰਭੀਰਤਾ ਨਾਲ ਹਰ ਮਸਲੇ ਨੂੰ ਲੈਣਾ ਅਤੇ ਚਿੰਤਾ ਲਗਾਈ ਰੱਖਣੀ ਸਾਡੇ ਮਨ ਦੀ ਕਾਰਜ ਕੁਸ਼ਲਤਾ ਘਟਾ ਦਿੰਦੀ ਹੈ। ਸਾਨੂੰ ਸਭ ਕੁਝ ਛੱਡ ਕੇ ਸਾਰੀ ਚਿੰਤਾ ਛੱਡ ਕੇ ਆਰਾਮ ਵੀ ਕਰਨਾ ਆਉਣਾ ਚਾਹੀਦਾ ਹੈ। ਇਸ ਮਨ ਨੂੰ ਹਲਕੇ ਫੁਲਕੇ ਅੰਦਾਜ਼ ਵਿੱਚ ਮਸਤ ਰਹਿਣਾ ਵੀ ਆਉਣਾ ਚਾਹੀਦਾ ਹੈ। ਕਦੇ ਕਦੇ ਗੀਤ ਸੰਗੀਤ, ਨੱਚਣਾ ਜਾਂ ਆਪਣੀ ਰੁਚੀ ਅਨੁਸਾਰ ਮਨ ਨੂੰ ਖ਼ੁਸ਼ ਰੱਖਣ ਨਾਲ ਮਾਨਸਿਕ ਊਰਜਾ ਕਾਫ਼ੀ ਵਧ ਜਾਂਦੀ ਹੈ। ਚੜ੍ਹਦੀ ਕਲਾ ਵਿੱਚ ਰਹਿਣਾ ਸਿਖਾਉਣ ਲਈ ਇਸ ਨੂੰ ਗੁਰਬਾਣੀ ਅਤੇ ਇਤਿਹਾਸ ਦੇ ਹਵਾਲਿਆ ਨਾਲ ਭਰਪੂਰ ਰੱਖਣਾ ਚਾਹੀਦਾ ਹੈ। ਜਿਸ ਵਿਅਕਤੀ ਨੇ ਮਨ ਨੂੰ ਆਰਾਮ ਦੇਣਾ ਸਿੱਖ ਲਿਆ, ਉਹ ਇਸ ਤੋਂ ਹੋਰ ਵੀ ਬਹੁਤ ਸਾਰੇ ਵਧੇਰੇ ਕੰਮ ਕਰਵਾ ਸਕਦਾ ਹੈ।


ਕੁਝ ਨਵਾਂ ਸਿੱਖਦੇ ਰਹਿਣ ਦੀ ਤਾਂਘ ਹਮੇਸ਼ਾਂ ਲੱਗੀ ਰਹਿਣੀ ਚਾਹੀਦੀ ਹੈ। ਨਵੇਂ ਥਾਵਾਂ ਦੀ ਯਾਤਰਾ ਕਰਨੀ, ਨਵੇਂ ਲੋਕਾਂ ਨਾਲ ਮਿਲਣਾ, ਕੋਈ ਨਵਾਂ ਹੁਨਰ ਸਿੱਖਣਾ, ਨਵੀਂ ਭਾਸ਼ਾ ਸਿੱਖਣੀ ਇਹ ਸਭ ਮਨ ਨੂੰ ਨਵਿਆਉਂਦੇ ਰਹਿਣ ਲਈ ਜ਼ਰੂਰੀ ਹਨ। ਅਕਾਲ ਪੁਰਖ 'ਤੇ ਵਿਸ਼ਵਾਸ ਰੱਖਣਾ, ਅਰਦਾਸ ਕਰਨੀ ਜਿੱਥੇ ਇਸ ਮਨ ਨੂੰ ਤਾਕਤ ਬਖ਼ਸ਼ਦੀ ਹੈ, ਉੱਥੇ ਆਏ ਸੰਕਟਾਂ ਵਿੱਚੋਂ ਨਿਕਲਣ ਲਈ ਵੀ ਹੌਸਲਾ ਦਿੰਦੀ ਹੈ। ਬਹੁਤੇ ਕਰਮ ਕਾਂਡ ਕਰਨ ਦੀ ਲੋੜ ਨਹੀਂ, ਪਰ ਕਿਸੇ ਅਦਿੱਖ ਸ਼ਕਤੀ ਨੂੰ ਸੁਪਰੀਮ ਮੰਨ ਲੈਣ ਨਾਲ ਜਿੱਥੇ ਮਨੁੱਖ ਹਉਮੈ ਤੋਂ ਬਚਦਾ ਹੈ, ਉੱਥੇ ਇਹ ਬਿਰਤੀ ਚੜ੍ਹਦੀ ਕਲਾ ਬਣਾਈ ਰੱਖਣ ਵਿੱਚ ਬਹੁਤ ਸਹਾਇਕ ਹੈ।

ਉਂਜ ਤਨ ਅਤੇ ਮਨ ਦਾ ਆਪਸੀ ਗੂੜ੍ਹਾ ਸਬੰਧ ਵੀ ਹੈ। ਇੱਕ ਦੇ ਬਿਮਾਰ ਹੋਣ ਨਾਲ ਦੂਜਾ ਬਿਮਾਰ ਹੋ ਜਾਂਦਾ ਹੈ ਅਤੇ ਇੱਕ ਦੀ ਮੁਸਕਰਾਹਟ ਦੂਜੇ ਨੂੰ ਖੇੜਾ ਬਖ਼ਸ਼ਦੀ ਹੈ। ਦੋਵਾਂ ਦਾ ਖ਼ਿਆਲ ਰੱਖਣਾ, ਦੋਹਾਂ ਦੀ ਸੰਭਾਲ ਕਰਨੀ, ਦੋਹਾਂ ਵੱਲ ਬਰਾਬਰ ਧਿਆਨ ਦੇਣਾ ਬਹੁਤ ਜ਼ਰੂਰੀ ਹੈ। ਅਕਸਰ ਦੇਖਿਆ ਗਿਆ ਹੈ ਕਿ ਅਸੀਂ ਸਰੀਰ ਵੱਲ ਤਾਂ ਧਿਆਨ ਦਿੰਦੇ ਹਾਂ ਅਤੇ ਹਲਕੀ ਜਿਹੀ ਬਿਮਾਰੀ ਆਉਣ 'ਤੇ ਵੀ ਟੈਸਟ ਕਰਵਾਉਣ, ਦਵਾਈਆਂ ਲੈਣ ਅਤੇ ਮਾਹਿਰ ਡਾਕਟਰਾਂ ਦੀ ਸਲਾਹ ਲੈਣ ਲਈ ਦੌੜਦੇ ਹਾਂ, ਪਰ ਜਦੋਂ ਕਦੇ ਮਨ ਉਦਾਸ ਹੋਵੇ, ਮਨ ਨੂੰ ਚਿੰਤਾ ਘੇਰ ਲਵੇ, ਮਨ ਦੀਆਂ ਛੋਟੀਆਂ ਛੋਟੀਆਂ ਅਲਾਮਤਾਂ ਲਈ ਅਸੀਂ ਮਾਹਿਰ ਮਨੋਵਿਗਿਆਨੀ ਕੋਲ ਜਾਣਾ ਪਸੰਦ ਨਹੀਂ ਕਰਦੇ। ਕੀ ਤੁਸੀਂ ਕਦੇ ਸੁਣਿਆ ਹੈ ਕਿ ਕੋਈ ਵਿਅਕਤੀ ਕਿਸੇ ਮਨੋਵਿਗਿਆਨੀ ਕੋਲ ਜਾ ਕੇ ਕਹਿੰਦਾ ਹੋਵੇ ਕਿ ਉਸ ਨੂੰ ਬਹੁਤ ਛੇਤੀ ਗੁੱਸਾ ਆ ਜਾਂਦਾ ਹੈ। ਜਾਂ ਦੂਸਰੇ ਦੀ ਚੜ੍ਹਤ ਦੇਖ ਕੇ ਉਸ ਅੰਦਰ ਈਰਖਾ ਜਨਮ ਲੈਂਦੀ ਹੈ ਆਦਿ ਆਦਿ। ਕਿਉਂ ਨਹੀਂ? ਕਿਉਂਕਿ ਅਸੀਂ ਮਨ ਦੀਆਂ ਬਿਮਾਰੀਆਂ ਨੂੰ ਕਦੇ ਬਿਮਾਰੀਆਂ ਸਮਝਿਆ ਹੀ ਨਹੀਂ ਹੈ।

ਇਹ ਮੰਨ ਲੈਣਾ ਚਾਹੀਦਾ ਹੈ ਕਿ ਜਿਵੇਂ ਸਰੀਰਕ ਬਿਮਾਰੀਆਂ ਵਿੱਚ ਹਮੇਸ਼ਾਂ ਸਾਰਾ ਕੁਝ ਸਾਡੇ ਹੱਥ ਨਹੀਂ ਹੁੰਦਾ, ਪਰ ਧਿਆਨ ਦੇਣ, ਦਵਾਈ ਦੇਣ ਅਤੇ ਬਕਾਇਦਾ ਇਲਾਜ ਕਰਵਾਉਣ ਨਾਲ ਅਸੀਂ ਨਾ ਕੇਵਲ ਜੀਵਾਣੂਆਂ ਵਿਸ਼ਾਣੂਆਂ ਦੇ ਹਮਲੇ ਤੋਂ ਹੀ ਬਚ ਸਕਦੇ ਹਾਂ, ਸਗੋਂ ਆਪਰੇਸ਼ਨ ਕਰਵਾ ਕੇ ਕਦੇ ਟੁੱਟੇ ਅੰਗ ਵੀ ਮੁੜ ਕੰਮ ਕਰਨ ਲਗਾ ਲੈਂਦੇ ਹਾਂ। ਇਸੇ ਤਰ੍ਹਾਂ ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਮਾਨਸਿਕ ਬਿਮਾਰੀਆਂ ਵੀ ਕਈ ਵਾਰੀ ਸਾਡੇ ਬਿਨਾਂ ਚਾਹੁੰਦੇ ਵੀ ਆ ਜਾਂਦੀਆਂ ਹਨ, ਪਰ ਇੱਥੇ ਵੀ ਪੂਰੇ ਸੁਚੇਤ ਹੋ ਕੇ ਸਾਨੂੰ ਮਨੋਵਿਗਿਆਨਕ ਟੈਸਟ ਕਰਵਾਉਣੇ ਚਾਹੀਦੇ ਹਨ। ਲੋੜ ਪੈਣ 'ਤੇ ਮਨੋਵਿਗਿਆਨਕ ਮਾਹਿਰਾਂ ਕੋਲੋਂ ਦਵਾਈ ਅਤੇ ਕਾਊਂਸਲਿੰਗ ਸੈਸ਼ਨ ਲੈਣੇ ਚਾਹੀਦੇ ਹਨ। ਜੇ ਕਿਤੇ ਸਾਡਾ ਵਿਸ਼ਵਾਸ ਬਣ ਜਾਵੇ ਕਿ ਮਨੋਵਿਕਾਰਾਂ ਨੂੰ ਸੁਧਾਰਿਆ ਜਾ ਸਕਦਾ ਹੈ ਅਤੇ ਲਗਾਤਾਰ ਕਾਊਂਸਲਿੰਗ ਨਾਲ ਆਪਣੀ ਸੋਚ ਨੂੰ ਵੀ ਬਦਲਿਆ ਜਾ ਸਕਦਾ ਹੈ ਤਾਂ ਬਹੁਤ ਸਾਰੇ ਸਾਡੇ ਰਿਸ਼ਤੇ ਟੁੱਟਣੋਂ ਬਚ ਸਕਦੇ ਹਨ। ਬਹੁਤ ਸਾਰੇ ਡਿਪਰੈਸ਼ਨ ਦੇ ਮਰੀਜ਼ ਆਤਮਹੱਤਿਆ ਵਰਗੇ ਵਿਚਾਰਾਂ ਤੋਂ ਛੁਟਕਾਰਾ ਪਾ ਸਕਦੇ ਹਨ, ਪਰ ਇੱਕ ਗੱਲ ਜੋ ਸਾਨੂੰ ਆਪ ਹੀ ਸਿੱਖਣੀ ਪਏਗੀ, ਉਹ ਹੈ ਕਿ ਮਾਨਸਿਕ ਵਿਕਾਰਾਂ 'ਤੇ ਵੀ ਯਤਨਾਂ ਨਾਲ ਕਾਬੂ ਪਾਇਆ ਜਾ ਸਕਦਾ ਹੈ। ਮਨੋਵਿਗਿਆਨਕ ਕਾਊਂਸਲਿੰਗ ਦੀ ਮਹੱਤਤਾ ਨੂੰ ਪਛਾਨਣਾ ਬਹੁਤ ਜ਼ਰੂਰੀ ਹੈ। ਅਸੰਭਵ ਕੁਝ ਵੀ ਨਹੀਂ, ਔਖਾ ਹੋ ਸਕਦਾ ਹੈ, ਪਰ ਸੁਹਿਰਦ ਯਤਨ, ਠੀਕ ਅਗਵਾਈ, ਸਿੱਖਣ ਦੀ ਲਗਨ ਅਤੇ ਲਗਾਤਾਰਤਾ ਕੀ ਨਹੀਂ ਕਰ ਸਕਦੀ? ਸਵੈ ਪੂਰਨਤਾ ਦੀ ਇੱਛਾ ਨਾਲ ਸਵੈ ਪ੍ਰੇਰਨਾ ਦਿੰਦੇ ਰਹੀਏ। ਕੁਝ ਕਰੋ ਤੇ ਨਾ ਕਰੋ ਦੇ ਤਰੀਕੇ ਸਿੱਖ ਕੇ ਅਸੀਂ ਇਸ ਅਮੋੜ ਅਤੇ ਚੰਚਲ ਕਹੇ ਜਾਂਦੇ ਮਨ ਨੂੰ ਵੀ ਤੀਰ ਵਾਂਗ ਸਿੱਧਾ ਕਰ ਸਕਦੇ ਹਾਂ। ਵਾਹਿਗੁਰੂ ਸਾਡੇ ਯਤਨਾਂ ਵਿੱਚ ਬਰਕਤ ਪਾਵੇ। ਅਸੀਂ ਸਵੈ ਸੁਧਾਰ ਲਈ ਅੱਜ ਤੋਂ ਹੀ ਸ਼ੁਰੂਆਤ ਕਰ ਦੇਈਏ।

# ਜੋੜਨ ਦਾ ਵਿਗਿਆਨ

**ਗੁਰਚਰਨ ਸਿੰਘ ਨੂਰਪੁਰ**



ਜਦੋਂ ਮਨੁੱਖ ਆਪਣੇ-ਆਪ ਨਾਲੋਂ ਟੁੱਟ ਜਾਂਦਾ ਹੈ ਤਾਂ ਫਿਰ ਉਹ ਵਿਕਾਰਾਂ ਦੇ ਜੰਗਲ ਵਿਚ ਭਟਕ ਜਾਂਦਾ ਹੈ।

ਬੁੱਧ ਇਕ ਬੀਆ-ਬਾਨ ਰਸਤੇ ਤੋਂ ਲੰਘ ਰਹੇ ਸਨ। ਉਨ੍ਹਾਂ ਨੂੰ ਕੁਝ ਲੋਕ ਮਿਲੇ, ਜਿਨ੍ਹਾਂ ਨੇ ਬੁੱਧ ਨੂੰ ਰੋਕਿਆ ਤੇ ਕਿਹਾ ਕਿ ਕਿੱਧਰ ਜਾ ਰਹੇ ਹੋ, ਇਹ ਰਸਤਾ ਲੰਮੇ ਸਮੇਂ ਤੋਂ ਬੰਦ ਹੈ ਤੇ ਇਸ ਪਾਸੇ ਕੋਈ ਨਹੀਂ ਜਾਂਦਾ। ਇਸ ਪਾਸੇ ਅੱਗੇ ਸੰਘਣੇ ਜੰਗਲ ਵਿਚ ਇਕ ਉਂਗਲੀਮਾਲ ਨਾਂਅ ਦਾ ਡਾਕੂ ਰਹਿੰਦਾ ਹੈ, ਜੋ ਬੰਦੇ ਦਾ ਨਾਂਅ ਬਾਅਦ ਵਿਚ ਪੁੱਛਦਾ ਹੈ ਤੇ ਪਹਿਲਾਂ ਉਸ ਨੂੰ ਕਤਲ ਕਰ ਦਿੰਦਾ ਹੈ। ਉਹ ਡਾਕੂ ਇੰਨਾ ਖ਼ੂੰਖਾਰ ਹੈ ਕਿ ਉਸ ਨੇ ਸੈਂਕੜੇ ਲੋਕਾਂ ਦਾ ਖ਼ੂਨ ਕੀਤਾ ਹੈ। ਹਰ ਬੰਦੇ ਦੀ ਇਕ ਉਂਗਲੀ ਵੱਢ ਕੇ ਉਹ ਆਪਣੇ ਗਲ ਵਿਚ ਪਾਈ ਮਾਲਾ ਵਿਚ ਪਰੋ ਲੈਂਦਾ ਹੈ। ਇਸ ਪਾਸੇ ਨਾ ਜਾਓ, ਨਹੀਂ ਤਾਂ ਮਾਰੇ ਜਾਓਗੇ।

ਬੁੱਧ ਨੇ ਸਾਰਾ ਕੁਝ ਸੁਣਿਆ ਤੇ ਕਿਹਾ ਕਿ ਜੇਕਰ ਇਹ ਗੱਲ ਹੈ ਤਾਂ ਫਿਰ ਮੈਂ ਜ਼ਰੂਰ ਜਾਵਾਂਗਾ। ਉਂਗਲੀਮਾਲ ਇੰਨਾ ਦੁਖੀ ਹੈ ਕਿ ਉਸ ਨੇ ਹੁਣ ਤੱਕ ਅਨੇਕ ਲੋਕ ਕਤਲ ਕਰ ਦਿੱਤੇ? ਮੈਨੂੰ ਤਾਂ ਪਹਿਲਾਂ ਆਉਣਾ ਚਾਹੀਦਾ ਸੀ, ਸਗੋਂ ਦੇਰ ਹੋ ਗਈ।

ਉਂਗਲੀਮਾਲ ਨੇ ਦੂਰੋਂ ਦੇਖਿਆ, ਕੋਈ ਸਿੱਧਾ ਉਸ ਵੱਲ ਆ ਰਿਹਾ ਸੀ। ਉਸ ਨੇ ਹੁਣ ਤੱਕ ਦੋ ਹੀ ਤਰ੍ਹਾਂ ਦੇ ਲੋਕ ਵੇਖੇ ਸਨ, ਇਕ ਉਹ ਜੋ ਉਸ ਦੀ ਖ਼ੂੰਖਾਰ ਦਹਿਸ਼ਤੀ ਦਿੱਖ ਨੂੰ ਵੇਖ ਕੇ ਭੱਜ ਜਾਂਦੇ ਸਨ ਤੇ ਦੂਜੇ ਉਹ ਜੋ ਉਸ ਦੇ ਕਾਬੂ ਆ ਜਾਂਦੇ ਸਨ ਅਤੇ ਮਿੰਨਤਾਂ-ਤਰਲੇ ਕਰਨ ਲੱਗ ਪੈਂਦੇ ਸਨ। ਪਰ ਇਹ ਤੀਜੀ ਕਿਸਮ ਦਾ ਇਨਸਾਨ ਸੀ, ਜਿਸ ਨੂੰ ਵੇਖ ਕੇ ਉਂਗਲੀਮਾਲ ਵੀ ਹੈਰਾਨ ਸੀ। ਹੈਰਾਨੀ ਨੂੰ ਦੂਰ ਕਰਨ ਲਈ ਉਸ ਨੇ ਆਪਣੇ ਵੱਲ ਸਿੱਧਾ ਤੁਰੇ ਆਉਂਦੇ ਬੁੱਧ ਨੂੰ ਪੁੱਛਿਆ ਕਿ, ਕੀ ਤੈਨੂੰ ਕਿਸੇ ਨੇ ਮੇਰੇ ਬਾਰੇ ਦੱਸਿਆ ਨਹੀਂ ਕਿ ਮੈਂ ਬੰਦੇ ਨਾਲ ਗੱਲ ਮਗਰੋਂ ਕਰਦਾ ਹਾਂ ਤੇ ਪਹਿਲਾਂ ਉਸ ਦਾ ਕਤਲ ਕਰਦਾ ਹਾਂ?

ਬੁੱਧ ਨੇ ਕਿਹਾ ਕਿ ਦੱਸਿਆ ਹੈ ਤਾਂ ਹੀ ਤਾਂ ਆਇਆ ਹਾਂ।

ਉਂਗਲੀਮਾਲ ਨੂੰ ਕੁਝ ਹੈਰਾਨੀ ਹੋਈ, ਉਸ ਕਿਹਾ ਕਿ ਫਿਰ ਮਰਨ ਲਈ ਤਿਆਰ ਹੋ ਜਾਓ।

ਉਂਗਲੀਮਾਲ ਦੇ ਬਿਲਕੁਲ ਕਰੀਬ ਪਹੁੰਚ ਕੇ ਬੁੱਧ ਨੇ ਕਿਹਾ ਤਿਆਰ ਹਾਂ, ਪਰ ਇਸ ਤੋਂ ਪਹਿਲਾਂ ਇਕ ਛੋਟਾ ਜਿਹਾ ਕੰਮ ਕਰ ਦੇ, ਜਿਸ ਰੁੱਖ ਹੇਠ ਤੂੰ ਖੜ੍ਹਾ ਏਂ ਇਸ ਦੇ ਕੁਝ ਪੱਤੇ ਤੋੜ ਕੇ ਦੇ। ਉਂਗਲੀਮਾਲ ਨੇ ਆਪਣਾ ਤੇਜ਼ਧਾਰ ਹਥਿਆਰ ਹਵਾ ਵਿਚ ਲਹਿਰਾਇਆ ਅਤੇ ਪੱਤਿਆਂ ਦੀ ਬਜਾਏ ਇਕ ਟਾਹਣੀ ਵੱਢ ਕੇ ਬੁੱਧ ਦੇ ਪੈਰਾਂ ਵਿਚ ਵਗਾਹ ਮਾਰੀ। ਬੁੱਧ ਨੇ ਕਿਹਾ ਕਿ ਇਸ ਨੂੰ ਹੁਣ ਦੁਬਾਰਾ ਉਸ ਰੁੱਖ ਨਾਲ ਜੋੜ ਦੇ। ਉਂਗਲੀਮਾਲ ਨੇ ਪੁੱਛਿਆ ਕਿ ਇਹ ਕਿਵੇਂ ਹੋ ਸਕਦਾ ਹੈ? ਤਾਂ ਬੁੱਧ ਨੇ ਕਿਹਾ ਤੋੜ ਤਾਂ ਕੋਈ ਵੀ ਸਕਦਾ ਹੈ, ਬੱਚੇ ਵੀ ਤੋੜ ਸਕਦੇ ਹਨ। ਮਜ਼ਾ ਤਾਂ ਇਸ ਵਿਚ ਹੈ ਕਿ ਤੁਸੀਂ ਜੋੜ ਕਿੰਨਾ ਸਕਦੇ ਹੋ। ਯਾਦ ਰੱਖੋ ਕੋਈ ਜਿੰਨਾ ਤੋੜਦਾ ਹੈ, ਓਨਾ ਹੀ ਵੱਧ ਪ੍ਰੇਸ਼ਾਨ ਹੁੰਦਾ ਹੈ ਅਤੇ ਜਿੰਨਾ ਪ੍ਰੇਸ਼ਾਨ ਹੁੰਦਾ ਹੈ, ਓਨਾ ਹੀ ਵੱਧ ਤੋੜਦਾ ਹੈ। ਉਂਗਲੀਮਾਲ ਦੇ ਹੱਥ ਢਿੱਲੇ ਪੈ ਗਏ ਤੇ ਉਸ ਨੇ ਕਿਹਾ ਕਿ ਹਾਂ ਮੈਂ ਬਹੁਤ ਪ੍ਰੇਸ਼ਾਨ ਹਾਂ। ਇਸ ਦਾ ਇਲਾਜ ਕੀ ਹੈ ਮਹਾਰਾਜ?

ਬੁੱਧ ਨੇ ਜਵਾਬ ਦਿੱਤਾ ਕਿ ਜੋੜਨ ਦਾ ਵਿਗਿਆਨ ਸਿੱਖੋ।

ਹੱਥ 'ਚ ਫੜਿਆ ਹਥਿਆਰ ਥਾਏਂ ਸੁੱਟ ਕੇ ਉਂਗਲੀਮਾਲ ਝੱਲਿਆਂ ਵਾਂਗ ਬੁੱਧ ਦੇ ਮਗਰ ਹੋ ਤੁਰਿਆ।

ਸਹਿਜ, ਸਬਰ, ਸ਼ਾਂਤੀ ਸਾਡੇ ਅੰਦਰੋਂ ਉਤਰਦੀ ਹੈ ਤੇ ਕਿਸੇ ਨੂੰ ਪ੍ਰੇਸ਼ਾਨ ਕਰਨ ਨਾਲ ਅਸੀਂ ਹੋਰ ਪ੍ਰੇਸ਼ਾਨ ਹੁੰਦੇ ਹਾਂ।

ਅਨੰਦ ਅਤੇ ਖ਼ੁਸ਼ੀ ਲਈ ਇਹ ਬੜਾ ਜ਼ਰੂਰੀ ਹੈ ਕਿ ਅਸੀਂ ਦੂਜਿਆਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰੀਏ।

# ਜ਼ਿੰਦਗੀ ਦੇ ਅਸਲ ਨਾਇਕ



ਆਫ਼ਤ ਕੁਦਰਤੀ ਹੋਵੇ ਜਾਂ ਮਨੁੱਖ ਵੱਲੋਂ ਖ਼ੁਦ ਸਹੇੜੀ, ਉਹ ਦੁਖਦਾਈ ਹੀ ਹੁੰਦੀ ਹੈ। ਕੁਦਰਤੀ ਆਫ਼ਤ ਮੌਕੇ ਵੀ ਮਨੁੱਖ ਹੀ ਮਨੁੱਖ ਦਾ ਮਦਦਗਾਰ ਬਣਦਾ ਹੈ ਤੇ ਖ਼ੁਦ ਸਹੇੜੀ ਆਫ਼ਤ ਵਿੱਚ ਵੀ ਆਪ ਹੀ ਅੱਗੇ ਆਉਂਦਾ ਹੈ। ਵਰਤਮਾਨ ਵਿੱਚ ਹੜ੍ਹ ਦੇ ਰੂਪ ਵਿੱਚ ਆਈ ਆਫ਼ਤ ਨੇ ਪਿਛਲੀਆਂ ਆਫ਼ਤਾਂ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ। ਝਾਤ ਮਾਰ ਕੇ ਵੇਖਿਆ ਜਾਵੇ ਤਾਂ ਹਰੇਕ ਥਾਂ ਮਨੁੱਖ ਹੀ ਮਨੁੱਖ ਦਾ ਮਸੀਹਾ ਬਣ ਕੇ ਆਇਆ, ਮਨੁੱਖਤਾ ਦੀ ਵੱਢ-ਟੁੱਕ ਲਈ ਉਕਸਾਉਣ ਵਾਲਾ ਓਹੀ ਮਨੁੱਖ ਸ਼ਾਂਤੀ ਜਲੂਸਾਂ ਵਿੱਚ ਚਿੱਟੇ ਝੰਡੇ ਅਤੇ ਮਸ਼ਾਲਾਂ ਹੱਥਾਂ ਵਿੱਚ ਫੜੀ ਸ਼ਾਂਤੀ ਦੂਤ ਵੀ ਬਣਿਆ।

ਸਿਆਸਤਦਾਨ ਹਮੇਸ਼ਾਂ ਸਿਆਸੀ ਰੋਟੀਆਂ ਸੇਕ-ਸੇਕ ਕੇ ਅਗਾਮੀ ਚੋਣਾਂ ਲਈ ਵੋਟਾਂ ਹੀ ਪੱਕੀਆਂ ਕਰਦੇ ਹਨ। ਇਹ ਸਾਰਾ ਕੁਝ ਹਰੇਕ ਦੀ ਯਾਦ ਦਾ ਹਿੱਸਾ ਹੈ। ਵਕਤ ਦਾ ਪਹੀਆ ਆਪਣੀ ਰਫ਼ਤਾਰ ਨਾਲ ਚੱਲਦਾ ਰਹਿੰਦਾ ਹੈ। ਸਮੇਂ ਦੇ ਬੀਤਣ ਨਾਲ ਕੁਝ ਕੌੜੀਆਂ-ਮਿੱਠੀਆਂ ਯਾਦਾਂ ਛੱਡ ਕੇ ਜਨਜੀਵਨ ਆਮ ਵਾਂਗ ਚੱਲਣ ਲੱਗ ਜਾਂਦਾ ਹੈ। ਮਨੁੱਖੀ ਫਿਤਰਤ ਇਹ ਵੀ ਹੈ ਕਿ ਮਨੁੱਖ ਬੀਤ ਗਏ ਤੋਂ ਸਬਕ ਬਹੁਤ ਘੱਟ ਲੈਂਦਾ ਹੈ। ਅੱਜ ਬੇਤਹਾਸ਼ਾ ਡਿਜੀਟਲ ਤਰੱਕੀ ਦੁਨੀਆ ਦੇ ਕੋਨੇ-ਕੋਨੇ ਦੀ ਖ਼ਬਰ ਤਸਵੀਰਾਂ ਸਮੇਤ ਘਰ-ਘਰ ਤੱਕ ਪਹੁੰਚਾ ਰਹੀ ਹੈ। ਆਪਾਂ ਬੀਤੇ ਨੂੰ ਛੱਡ ਕੇ ਵਰਤਮਾਨ ਦੀ ਗੱਲ ਕਰੀਏ। ਵਰਤਮਾਨ ਦੇ ਹੜ੍ਹ ਦੀ ਗੱਲ ਕਰਨ ਤੋਂ ਪਹਿਲਾਂ ਮਨੁੱਖ ਦੁਆਰਾ ਸਹੇੜੀ ਕਰੋਨਾ ਮਹਾਮਾਰੀ ਵਰਗੀ ਆਫ਼ਤ ਨੂੰ ਵੀ ਇਸ ਆਫ਼ਤ ਨਾਲ ਜੋੜ ਕੇ ਵੇਖਣਾ ਬਣਦਾ ਹੈ। ਉਸ ਵਕਤ ਵੀ ਆਪਣੇ ਆਪ ਨੂੰ ਲੋਕਾਂ ਦੇ ਮਸੀਹਾ ਦੱਸਣ ਵਾਲੇ ਆਧੁਨਿਕ ਤਕਨੀਕ ਜ਼ਰੀਏ ਘਰਾਂ ਵਿੱਚ ਬੈਠੇ ਵੀ ਮੂੰਹਾਂ 'ਤੇ ਮਾਸਕ ਪਾਈ ਲੋਕਾਂ ਨੂੰ, 'ਆਹ ਕਰੋ, ਔਹ ਕਰੋ, ਤਾਲੀਆਂ-ਥਾਲੀਆਂ ਵਜਾਓ, ਮੋਮਬੱਤੀਆਂ ਜਗਾਓ, ਐਨੇ ਫੁੱਟ ਇੱਕ-ਦੂਜੇ ਤੋਂ ਦੂਰੀ ਬਣਾ ਕੇ ਰੱਖੋ' ਦੀਆਂ ਹਦਾਇਤਾਂ ਅਤੇ ਸੰਦੇਸ਼ ਦਿੰਦੇ ਆਮ ਜਨਤਾ ਤੋਂ ਦੂਰੀ ਬਣਾ ਕੇ ਬੈਠੇ ਰਹੇ ਸਨ।

ਉਸ ਵੇਲੇ ਵੀ ਅਸਲ ਮਸੀਹਾ ਮਨੁੱਖ, ਭੁੱਖੇ ਮਰਦੇ ਮਨੁੱਖ ਨੂੰ ਵੇਖ ਕੇ ਜ਼ਰ ਨਹੀਂ ਸਕਿਆ, ਉਹ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਬਾਹਰ ਨਿਕਲਿਆ। ਹਰੇਕ ਲੋੜਵੰਦ ਕੋਲ ਹਰ ਕਿਸਮ ਦੀ ਸਹਾਇਤਾ ਲੈ ਕੇ ਪਹੁੰਚਿਆ, ਪਰ ਕਰੋਨਾ ਕਾਲ ਨੇ ਖ਼ੂਨ ਦੇ ਰਿਸ਼ਤਿਆਂ ਉੱਪਰ ਵੀ ਪ੍ਰਸ਼ਨਚਿੰਨ੍ਹ ਲਾਇਆ ਸੀ। ਮਨੁੱਖੀ ਸੇਵਾ ਭਾਵਨਾ ਰੱਖਣ ਵਾਲਿਆਂ ਨੇ ਨਿਰਸਵਾਰਥ ਹੋ ਕੇ ਸੇਵਾ ਵੀ ਕੀਤੀ ਸੀ। ਉਸ ਵੇਲੇ ਸੋਸ਼ਲ ਮੀਡੀਆ ਨੇ ਘਰਾਂ ਵਿੱਚ ਮਾਸਕ ਪਾਈਂ ਬੈਠੇ ਉਪਦੇਸ਼ਕਾਂ ਨੂੰ ਫਿਕਰਮੰਦ ਕਰ ਦਿੱਤਾ ਕਿ 'ਅਸੀਂ ਪਿੱਛੇ ਰਹਿ ਗਏ ਬਾਜ਼ੀ ਤਾਂ ਕੋਈ ਹੋਰ ਈ ਮਾਰ ਗਿਆ।' ਉਹ ਵੀ ਮਾਸਕ ਪਾ ਕੇ ਖਾਣ-ਪੀਣ ਵਾਲੇ ਸਾਮਾਨ ਦੀਆਂ ਥੈਲੀਆਂ ਉੱਪਰ ਆਪਣੇ ਲੋਗੋ ਤੇ ਫੋਟੋਆਂ ਲਾ ਕੇ ਮੈਦਾਨ-ਏ ਕਰੋਨਾ ਜੰਗ ਵਿੱਚ ਕੁੱਦ ਪਏ ਸਨ। ਭੁਲੱਕੜ ਲੋਕ ਹੋਰ ਆਫ਼ਤਾਂ ਵਾਂਗ ਉਸ ਆਫ਼ਤ ਨੂੰ ਵੀ ਭੁੱਲ ਗਏ ਸਨ, ਪਰ ਬੀਤੇ ਤੋਂ ਸਿੱਖਿਆ ਕੁਝ ਨਹੀਂ। ਪਹਿਲਾਂ ਵਾਂਗ ਹੀ ਪਿਛਲੱਗੂ ਬਣ ਕੇ ਅੰਦਰੀਂ ਵੜ ਕੇ ਸਲਾਹਾਂ ਦੇਣ ਵਾਲਿਆਂ ਨੂੰ ਹੀ ਆਪਣੇ ਮਸੀਹੇ ਚੁਣ ਲਿਆ।

ਵਰਤਮਾਨ ਹੜ੍ਹ ਵਰਗੀ ਆਫ਼ਤ ਨੇ ਪੰਜਾਬ ਨੂੰ ਹੀ ਨਹੀਂ, ਹੋਰ ਸੂਬਿਆਂ ਨੂੰ ਵੀ ਕਈ ਵਾਰ ਘੇਰਿਆ ਹੈ। ਹਰੇਕ ਥਾਂ ਹਮੇਸ਼ਾਂ ਮਨੁੱਖ ਹੀ ਮਸੀਹਾ ਬਣ ਕੇ ਬਹੁੜਿਆ ਹੈ। ਇਸ ਵਾਰ ਇਸ ਆਫ਼ਤ ਨੇ ਪੰਜਾਬ ਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕੀਤਾ ਹੈ। ਇਹ ਵੀ ਸਿੱਧ ਹੋ ਗਿਆ ਕਿ ਦਰਿਆ ਆਪਣੇ ਰਸਤੇ ਵਿੱਚ ਰੁਕਾਵਟ ਨੂੰ ਬਰਦਾਸ਼ਤ ਨਹੀਂ ਕਰਦੇ। ਇਹ ਆਫ਼ਤ ਮਨੁੱਖ ਦੁਆਰਾ ਬਣਾਏ ਕੰਕਰੀਟ ਅਤੇ ਲੋਹੇ ਦੀਆਂ ਬਣਾਈਆਂ ਰੁਕਾਵਟਾਂ ਨੂੰ ਰੋੜ੍ਹ ਕੇ ਲੈ ਗਈ। ਰੀਝਾਂ ਨਾਲ ਬਣਾਈਆਂ ਕੰਕਰੀਟ ਦੀਆਂ ਅਲੀਸ਼ਾਨ ਕੋਠੀਆਂ ਰੇਤ ਦੇ ਘਰਾਂ ਵਾਂਗ ਵਹਿ ਗਈਆਂ। ਪਾਣੀ ਵਿੱਚ ਫਸੇ ਲੋਕਾਂ ਦੀ ਪੁਕਾਰ ਨੂੰ ਨਵੀਂ ਤਕਨੀਕ ਨੇ ਪਲਾਂ ਵਿੱਚ ਹੀ ਲੋਕਾਂ ਤੱਕ ਪਹੁੰਚਦੀ ਕਰ ਦਿੱਤਾ। ਮਸੀਹਾ ਮਨੁੱਖ ਕਿਸੇ ਦਾ ਦੁੱਖ ਵੇਖ ਹੀ ਨਹੀਂ ਸਕਦਾ। ਉਹ ਵੱਡੇ ਪੱਧਰ 'ਤੇ ਹਰੇਕ ਸਾਜੋ-ਸਾਮਾਨ ਨਾਲ ਲੈਸ ਹੋ ਕੇ ਹਮੇਸ਼ਾਂ ਵਾਂਗ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਕੁਦਰਤੀ ਆਫ਼ਤ ਨਾਲ ਦਸਤਪੰਜਾ ਲੈਣ ਲਈ ਨਿਕਲ ਪਿਆ। ਕਰੋਨਾ ਕਾਲ ਵਾਂਗ ਇਸ ਵਾਰ ਵੀ ਨਵੀਂ ਤਕਨੀਕ ਨੇ ਹੀ ਸੁੱਖ ਸਹੂਲਤਾਂ ਨਾਲ ਲੈਸ ਮਸੀਹਿਆਂ ਨੂੰ ਹਲੂਣਿਆ ਕਿ 'ਤੁਸੀਂ ਪਿੱਛੇ ਰਹਿ ਗਏ ਜੇ।'

ਕਈਆਂ ਨੇ ਜਲਦੀ ਮੌਕਾ ਸਾਂਭ ਕੇ ਬਿਨਾਂ ਵਿਤਕਰੇ ਆਪਣੇ ਆਪ ਨੂੰ ਸਹੀ ਮਸੀਹੇ ਸਾਬਤ ਵੀ ਕਰ ਲਿਆ। ਬਹੁਤੇ ਫਾਡੀ ਰਹਿ ਗਏ। ਕਈ ਲੋਕ ਤਾਂ ਹੱਲਾਸ਼ੇਰੀ ਵਾਲੇ ਦ੍ਰਿਸ਼ਾਂ ਦੀ ਥਾਂ ਏਆਈ ਨਾਲ ਬਣਾਏ ਖੌਫ਼ਨਾਕ ਦ੍ਰਿਸ਼ ਵਿਖਾਉਣ 'ਤੇ ਹੀ ਲੱਗੇ ਰਹੇ। ਹੜ੍ਹ ਰੋਕੂ ਪ੍ਰਬੰਧ ਕਰਨ ਵਾਲਿਆਂ ਦਾ ਉਤਸ਼ਾਹ ਅਤੇ ਪੰਜਾਬੀਆਂ ਦੀ ਚੜ੍ਹਦੀ ਕਲਾ ਦੇ ਜੈਕਾਰੇ ਛੱਡਦੇ, ਹੜ੍ਹ ਪੀੜਤਾਂ ਵੱਲ ਵਹੀਰਾਂ ਘੱਤ ਕੇ ਕਿਸ਼ਤੀਆਂ ਜ਼ਰੀਏ ਡੁੱਬੇ ਘਰਾਂ ਤੱਕ ਪਹੁੰਚ ਕੇ ਸੁਰੱਖਿਅਤ ਬਾਹਰ ਕੱਢ ਕੇ ਲਿਆਉਣ ਦੇ ਦ੍ਰਿਸ਼ ਵੀ ਹਰੇਕ ਨੇ ਵੇਖੇ।

ਹੁਣ ਆਪਣੇ ਆਪ ਨੂੰ ਲੋਕਾਂ ਦੇ ਮਸੀਹੇ ਹੋਣ ਦਾ ਭਰਮ ਪਾਲਣ ਵਾਲੇ ਫਾਡੀ ਰਹਿ ਗਏ। ਸਿਆਸਤਦਾਨਾਂ ਦੀ ਗੱਲ ਵੀ ਕਰ ਲਈ ਜਾਵੇ। ਇਹ ਲੋਕ ਪਹਿਲਾਂ ਤਾਂ ਮਹਿਲਾਂ ਵਿੱਚੋਂ ਹੀ ਦੇਰ ਨਾਲ ਨਿਕਲੇ, ਫਿਰ ਸਿਆਸਤ ਕਰਨਾ ਨਹੀਂ ਭੁੱਲੇ। ਇਸ ਮੌਕੇ ਕਈਆਂ ਨੇ ਚੋਣਾਂ ਜਿੱਤਣ ਲਈ ਕਹੀਆਂ ਬਹੁਤ ਸਾਰੀਆਂ ਗੱਲਾਂ ਦੀਆਂ ਪੁਰਾਣੀਆਂ ਵੀਡੀਓ ਵਿਖਾ ਕੇ ਸ਼ੀਸ਼ਾ ਵਿਖਾਉਣ ਦੀ ਕੋਸ਼ਿਸ਼ ਵੀ ਕੀਤੀ ਕਿ ਲੋਕ ਸਭ ਕੁਝ ਯਾਦ ਰੱਖਦੇ ਹਨ, ਤੁਸੀਂ ਹੀ ਭੁੱਲ ਜਾਂਦੇ ਹੋ। ਪਿੱਛੇ ਰਹਿ ਗਿਆ ਇੱਕ ਵਿਰੋਧੀ ਧਿਰ ਦਾ ਨੇਤਾ ਨਵੀਂ ਤਕਨੀਕ ਨਾਲ ਬਣੀ ਕਿਸ਼ਤੀ ਦਾ ਜੁਗਾੜ ਕਰਕੇ ਵਿੱਚ ਬੈਠਾ ਹੀ ਆਪਣੀ ਪਾਰਟੀ ਦੇ ਸੀਨੀਅਰ ਨੇਤਾ ਦੇ ਆਜ਼ਾਦ ਵਿਧਾਇਕ ਪੁੱਤਰ ਨਾਲ ਉੱਚਾ-ਨੀਵਾਂ ਬੋਲਦਾ ਸੁਣਿਆ ਗਿਆ। ਫਿਰ ਆਪਣੇ ਛੇ ਸਾਥੀਆਂ ਨਾਲ ਪਾਣੀ ਵਿੱਚ ਘਿਰਿਆਂ ਨੂੰ ਲੈਣ ਜਾਂਦਾ ਇੰਝ ਲੱਗ ਰਿਹਾ ਸੀ ਜਿਵੇਂ ਪਿਕਨਿਕ ਨੂੰ ਜਾ ਰਿਹਾ ਹੋਵੇ। ਇਸ ਭਲੇਮਾਣਸ ਨੂੰ ਪੁੱਛਣਾ ਬਣਦਾ ਹੈ ਕਿ ਤੁਸੀਂ ਹੜ੍ਹ ਪੀੜਤਾਂ ਨੂੰ ਕਿੱਥੇ ਬੈਠਾਅ ਕੇ ਲਿਆਓਗੇ? ਉਹ ਵੀ ਮੌਜੂਦਾ ਸਰਕਾਰ ਨੂੰ ਭੰਡਦਾ ਸਿਆਸਤ ਕਰਦਾ ਹੀ ਦਿਸਿਆ।

ਲੇਟ ਪਹੁੰਚੇ ਇੱਕ ਪਾਰਟੀ ਦੇ ਹਾਰੇ ਨੇਤਾ ਨੂੰ ਅੱਗੇ ਨਹੀਂ ਜਾਣ ਦਿੱਤਾ ਸਗੋਂ ਗਾਲ੍ਹਾਂ ਦੇ ਹਾਰ ਪਾ ਕੇ ਬੁਰਾ ਭਲਾ ਬੋਲਦਿਆਂ ਲੋਕਾਂ ਨੇ ਵਾਪਸ ਮੁੜਨ ਲਈ ਮਜਬੂਰ ਕਰ ਦਿੱਤਾ। ਹਰੇਕ ਸਿਆਸੀ ਬੰਦੇ ਦੀ ਸ਼ਕਲ ਲੋਕ ਜਾਣਦੇ ਹਨ, ਫਿਰ ਵੀ ਉਹ ਆਪਣੀ ਗੱਡੀ ਜਾਂ ਹੜ੍ਹ ਪੀੜਤਾਂ ਲਈ ਭੇਜੀ ਹੋਈ ਕੱਚੀ-ਪੱਕੀ ਰਸਦ ਵਾਲੀ ਟਰਾਲੀ ਉੱਤੇ ਆਪਣੀ ਫੋਟੋ ਵਾਲਾ ਬੈਨਰ ਅਤੇ ਪਾਰਟੀ ਦਾ ਝੰਡਾ ਲਾਉਣਾ ਨਹੀਂ ਭੁੱਲਿਆ। ਇੱਕ ਨੇਤਾ ਨੇ ਪਸ਼ੂਆਂ ਦਾ ਚਾਰਾ ਭੇਜਣ ਦਾ ਐਲਾਨ ਕਰਕੇ ਆਪਣੇ ਵੱਡੇ ਨੇਤਾ ਨੂੰ ਉਡੀਕਣਾ ਬਿਹਤਰ ਸਮਝਿਆ। ਚਾਰ ਦਿਨ ਬਾਅਦ ਪਹੁੰਚੇ ਉਸ ਨੇਤਾ ਜੀ ਨੇ ਆਪਣੇ ਭਾਸ਼ਣ ਵਿੱਚ ਕਿਹਾ, "ਐਨੇ ਚਾਰੇ ਦਾ ਬੰਦੋਬਸਤ ਕਰ ਲਿਆ ਹੈ। ਮੈਂ ਫਲਾਣਾ ਸਾਹਿਬ ਨੂੰ ਕਹਿ ਦਿੱਤਾ ਹੈ ਕਿ ਜੇ ਹੋਰ ਕਿਸੇ ਚੀਜ਼ ਦੀ ਲੋੜ ਹੋਵੇ ਤਾਂ ਦੱਸ ਦੇਣਾ, ਮੈਂ ਟਰੱਕ ਭੇਜ ਦਿਆਂਗਾ।"

ਉਸ ਦੇ ਜੁਆਬ ਵਿੱਚ ਕਿਸੇ ਸੋਸ਼ਲ ਮਸਖ਼ਰੇ ਦੀ ਪੋਸਟ ਵੀ ਆ ਗਈ, "ਇਹ ਤਾਂ ਚੋਣਾਂ ਜਿੱਤਣ ਵੇਲੇ ਵੀ ਆਖਦਾ ਸੀ, ਇਸ ਵਾਰ ਜਿਤਾ ਕੇ ਸਾਨੂੰ ਸੈਂਟਰ ਵਿੱਚ ਭੇਜ ਦਿਓ, ਫਿਰ ਮੈਂ ਓਥੋਂ ਨੋਟਾਂ ਦੇ ਟਰੱਕ ਭਰ ਕੇ ਭੇਜਾਂਗਾ। ਉਹ ਟਰੱਕ ਤਾਂ ਹਾਲੇ ਤੱਕ ਵੀ ਨਹੀਂ ਆਏ, ਹੁਣ ਵਾਲੇ ਟਰੱਕ ਕਦੋਂ ਪਹੁੰਚਣੇ ਨੇ! ਟਰੱਕ ਨਾਲ ਈ ਲਈ ਆਉਂਦਾ ਦਿੱਲੀਓਂ ਦੂਰ ਤਾਂ ਨਹੀਂ ਸੀ ਇਹ ਥਾਂ।"

ਇੱਕ ਸੱਜ-ਧੱਜ ਕੇ ਆਈ ਕਲਾਕਾਰ ਬੀਬੀ ਦਰਿਆਵਾਂ ਦੇ ਮੂੰਹ ਮੋੜਨ ਵਾਲਿਆਂ ਨੂੰ ਬੋਰੀ ਨਾਲ ਪਤਾ ਨਹੀਂ ਕਿਹੜੇ ਮਘੋਰੇ ਬੰਦ ਕਰਕੇ ਪਾਣੀ ਰੋਕਣ ਦੇ ਨੁਕਤੇ ਦੱਸ ਰਹੀ ਸੀ ਤੇ ਲੋਕ ਉਸ ਦਾ ਮੇਕਅੱਪ ਅਤੇ ਐਕਸ਼ਨ ਵੇਖ ਕੇ ਸੋਚੀਂ ਪਏ ਦਿਸ ਰਹੇ ਸਨ। ਬਹੁਤੇ ਨੇਤਾ ਵੀ ਇਕੱਠ ਵਿੱਚ ਖਲੋਅ ਕੇ ਬਿਆਨ ਦੇਣ, ਫੋਟੋ ਖਿਚਵਾਉਣ ਅਤੇ ਵੀਡੀਓ ਬਣਵਾਉਣ ਤੱਕ ਹੀ ਸੀਮਤ ਰਹੇ।

ਯੂ-ਟਿਊਬਰ, ਫੇਸਬੁੱਕੀਏ ਤੇ ਆਪੂੰ ਬਣਾਏ ਜਣੇ-ਖਣੇ ਚੈਨਲਾਂ ਵਾਲੇ ਹਰੇਕ ਦੇ ਮੂੰਹ ਅੱਗੇ ਮਾਈਕ ਕਰਦੇ ਵੇਖੇ ਸੁਣੇ ਗਏ, "ਸਰਕਾਰ ਦੀ ਕਾਰਗੁਜ਼ਾਰੀ ਨੂੰ ਕਿਵੇਂ ਵੇਖਦੇ ਹੋ? ਫਲਾਣੇ ਨੇ ਆਹ ਬਿਆਨ ਦਿੱਤਾ ਤੁਸੀਂ ਇਸ ਬਾਰੇ ਕੀ ਕਹੋਗੇ? ਇਸ ਆਫ਼ਤ ਵਾਸਤੇ ਕਿਸ ਨੂੰ ਜ਼ਿੰਮੇਵਾਰ ਮੰਨਦੇ ਹੋ?" ਆਦਿ। ਇੱਕ ਵੀਡੀਓ ਵਿੱਚ ਮੌਜੂਦਾ ਸਰਕਾਰ ਦੇ ਇੱਕ ਵਿਧਾਇਕ ਵੱਲੋਂ ਇਸ ਆਫ਼ਤ ਦੇ ਸਮੇਂ ਆਪਣੀ ਸਰਕਾਰ ਦੀ ਢਿੱਲੀ ਕਾਰਗੁਜ਼ਾਰੀ ਬਾਰੇ ਸੱਚ ਬੋਲਦਿਆਂ ਉਂਗਲ ਚੁੱਕਣ ਬਦਲੇ ਉਸ ਨੂੰ ਕੀ ਖਮਿਆਜ਼ਾ ਭੁਗਤਣਾ ਪਵੇ ਪਤਾ ਨਹੀਂ? ਮੀਡੀਆ ਨੇ ਇੱਕ ਅਫ਼ਸਰ ਬੀਬੀ ਨੂੰ ਬਹੁਤ ਹੀ ਹਾਈਲਾਈਟ ਕੀਤਾ। ਬੇਸ਼ੱਕ ਉਹ ਆਪਣੀ ਡਿਊਟੀ ਕਰਦੀ ਲੋਕਾਂ ਦੇ ਦਿਲ ਜਿੱਤ ਰਹੀ ਸੀ, ਪਰ ਹੋਰ ਛੋਟੇ ਸਹਿਯੋਗੀ ਅਫ਼ਸਰ ਮੀਡੀਆ ਦੇ ਨਜ਼ਰੀਂ ਨਹੀਂ ਪਏ, ਜਦ ਕਿ ਉਨ੍ਹਾਂ ਦਾ ਕੰਮ ਵੀ ਸ਼ਲਾਘਾਯੋਗ ਸੀ।

ਅਜਿਹੇ ਸਮੇਂ ਕਈ ਜ਼ਿੰਮੇਵਾਰ ਲੀਡਰਾਂ ਵੱਲੋਂ ਅਜੀਬੋ-ਗਰੀਬ ਢੰਗ ਨਾਲ ਦੂਜਿਆਂ ਉੱਤੇ ਦੋਸ਼ ਲਗਾਉਣਾ ਵਧੀਆ ਨਹੀਂ ਲੱਗਾ। ਇਸ ਮੁਲਕ ਵਾਸਤੇ ਪੰਜਾਬੀ ਹਰ ਮੁਹਾਜ਼ 'ਤੇ ਹਮੇਸ਼ਾਂ ਕੰਧ ਬਣ ਕੇ ਖਲੋਤੇ ਹਨ, ਪਰ ਮੁਲਕ ਦੇ ਸਾਂਝੇ ਲੀਡਰਾਂ ਨੇ ਹਾਅ ਦਾ ਨਾਅਰਾ ਤੱਕ ਨਹੀਂ ਮਾਰਿਆ। ਜੇ ਕੁਝ ਕਿਹਾ ਤਾਂ ਉਹ ਵੀ ਦੇਰ ਨਾਲ। ਪੰਜਾਬ ਦੇ ਇੱਕ ਨੇਤਾ ਦੇ ਪੁਰਖੇ ਚਿਰਾਂ ਤੋਂ ਪੰਜਾਬ ਦੇ ਮੋਹਰੀ ਰਹੇ, ਪਰ ਉਸ ਨੇ ਕੇਂਦਰ ਨਾਲ ਪਾਈ ਨਵੀਂ-ਨਵੀਂ ਯਾਰੀ ਨਿਭਾਉਂਦੇ ਹੋਏ ਏਨਾ ਹੀ ਕਿਹਾ, "ਜੇ ਪੰਜਾਬ ਨੂੰ ਮਦਦ ਚਾਹੀਦੀ ਹੈ ਤਾਂ ਉਹ ਕੇਂਦਰ ਸਰਕਾਰ ਤੋਂ ਮੰਗ ਕਰੇ।" ਇਹ ਆਖਦਾ ਉਹ ਭੁੱਲ ਗਿਆ ਕਿ ਪੰਜਾਬ ਹੱਥ ਅੱਡਣਾ ਨਹੀਂ ਜਾਣਦਾ, ਅੱਡੇ ਹੱਥਾਂ 'ਤੇ ਕੁਝ ਧਰਨਾ ਜਾਣਦਾ ਹੈ। ਸਦਕੇ ਜਾਈਏ ਪੰਜਾਬ ਦੇ ਜਾਏ ਕਲਾਕਾਰਾਂ ਅਤੇ ਹੋਰ ਵਿੱਤੀ ਮਦਦ ਦੇਣ ਵਾਲਿਆਂ ਦੇ ਜਿਨ੍ਹਾਂ ਨੇ ਇਹ ਸਿੱਧ ਕਰ ਦਿੱਤਾ ਕਿ ਪੰਜਾਬ ਦੇ ਜੰਮਿਆਂ ਨੂੰ ਆਫ਼ਤਾਂ ਨਾਲ ਮੱਥਾ ਲਾਉਣਾ ਤੇ ਮੂੰਹ ਮੋੜਨਾ ਵੀ ਆਉਂਦਾ ਹੈ। ਆਪਣੀ ਜਾਨ ਜੋਖ਼ਮ ਵਿੱਚ ਪਾ ਕੇ ਹੜ੍ਹ ਦੇ ਪਾਣੀ ਨੂੰ ਚੀਰਦਿਆਂ ਹੜ੍ਹ ਪੀੜਤਾਂ ਤੱਕ ਮਦਦ ਲੈ ਕੇ ਪਹੁੰਚਣ ਵਾਲੇ ਗੱਭਰੂਆਂ ਨੂੰ ਸਲੂਟ ਹੈ।

ਪਾਣੀ ਦਾ ਚੱਕਰ ਕੁਦਰਤੀ ਵਰਤਾਰਾ ਹੈ। ਇਹ ਰੁਕ ਨਹੀਂ ਸਕਦਾ। ਸਾਨੂੰ ਆਪਣੇ ਅੰਦਰ ਝਾਤੀ ਮਾਰ ਕੇ ਵੇਖਣਾ ਪਵੇਗਾ ਕਿ ਇਸ ਤਬਾਹੀ ਲਈ ਅਸੀਂ ਖ਼ੁਦ ਕਿੰਨੇ ਕੁ ਜ਼ਿੰਮੇਵਾਰ ਹਾਂ। ਅਖੀਰ ਵਿੱਚ ਇਹੀ ਕਹਿਣਾ ਬਣਦਾ ਹੈ ਕਿ ਇਸ ਮੌਕੇ ਸਿਆਸਤ ਤੋਂ ਉੱਪਰ ਉੱਠ ਕੇ ਮਨੁੱਖਤਾ ਦੀ ਸੇਵਾ ਨੂੰ ਪਹਿਲ ਦੇਣੀ ਬਣਦੀ ਹੈ। ਸਿਆਸਤ ਕਰਦਿਆਂ ਨੇਤਾ ਆਪਣੇ ਆਪ ਨੂੰ ਜਿੰਨਾ ਮਰਜ਼ੀ ਦਾਤੇ ਅਖਵਾਉਣ ਦੀ ਕੋਸ਼ਿਸ਼ ਕਰਨ, ਪਰ ਜ਼ਿੰਦਗੀ ਦੇ ਅਸਲ ਨਾਇਕਾਂ ਨੂੰ ਪਛਾਣੇ ਬਗੈਰ ਬੇੜਾ ਪਾਰ ਨਹੀਂ ਹੋਣ ਲੱਗਾ ਕਿਉਂਕਿ ਆਮ ਲੋਕ ਹੀ ਲੋਕਾਈ ਦੇ ਅਸਲ ਨਾਇਕ ਬਣ ਕੇ ਉੱਭਰਦੇ ਹਨ। ਜਿੰਨਾ ਚਿਰ ਪੰਜਾਬੀ ਆਪਣੀ ਸੂਰਬੀਰਾਂ ਵਾਲੀ ਵਿਰਾਸਤ ਸਾਂਭੀ ਰੱਖਣਗੇ, ਓਨਾ ਚਿਰ ਵੱਡੀ ਤੋਂ ਵੱਡੀ ਆਫ਼ਤ ਵੀ ਇਨ੍ਹਾਂ ਦਾ ਕੁਝ ਨਹੀਂ ਵਿਗਾੜ ਸਕਦੀ।


BHHS BERKSHIRE HATHAWAY HOMESERVICES
CJ Singh
License # 24012019
Real Estate Broker
NORTHWEST
REAL ESTATE

BERKSHIRE
HATHAWAY
HOMESERVICES
M. 206-401-4000
Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
cjsingh@bhhsnw.com I cjsingh.bhhsnw.com
11400 SE 8th Street Ste 100
Bellevue. WA. 98004
A member of the franchise system of BHHS Affiliates, LLC.



SINGH's TRAVELS
MONEY GRAM OFFICE
NRI PRESS
The Indian---News Paper of USA
Sade Lok---- News Paper of USA
Amritsar Times---News Paper of USA
News Paper
TOUR PACKAGE
Passport, Pan Card
Birth Certificate
ਨੋਟ:- ਚੰਡੀਗੜ੍ਹ ਅਤੇ ਪਟਿਆਲਾ ਹਾਊਸ ਦਿੱਲੀ ਦੇ ਪੇਪਰ ਤਸਦੀਕ ਕਰਵਾਉਣ ਦੀ ਸਲਾਹ ਲਈ ਮਿਲੋ
ਇੱਥੇ ਦੇਸ ਵਿਦੇਸ਼ ਤੋਂ ਪੈਸੇ ਮੰਗਵਾਏ ਜਾਂਦੇ ਹਨ
MoneyGram
WESTERN UNION MONEY TRANSFER
Trans-Fast
Ph:- 01886-502532
Mob:- 94634-04595

# ਲੋਕ ਉਮੀਦਾਂ ਦੀ ਅਣਦੇਖੀ ਦਾ ਅਸਰ



ਨੇਪਾਲ ਵਿਚ ਨੌਜਵਾਨਾਂ ਦੇ ਅੰਦੋਲਨ ਨੇ ਦੇਸ਼ ਵਿਚ ਸਰਕਾਰ ਦਾ ਤਖ਼ਤਾ ਪਲਟ ਦਿੱਤਾ ਹੈ। "ਜੈੱਨ-ਜੀ" ਕਹੇ ਜਾਣ ਵਾਲੇ ਇਨ੍ਹਾਂ ਨੌਜਵਾਨਾਂ ਦੀ ਮੁਹਿੰਮ ਨੇ ਨੇਪਾਲ ਸਰਕਾਰ ਦੁਆਰਾ ਇੰਟਰਨੈੱਟ ਮੀਡੀਆ ਨਾਲ ਜੁੜੇ ਕੁਝ ਐਪਸ ਅਤੇ ਵੈੱਬਸਾਈਟਾਂ 'ਤੇ ਪਾਬੰਦੀ ਲਗਾਉਣ ਦੇ ਨਾਲ ਹੀ ਜ਼ੋਰ ਫੜਿਆ। ਸਰਕਾਰ ਦੁਆਰਾ ਪ੍ਰਦਰਸ਼ਨਕਾਰੀਆਂ 'ਤੇ ਸਖ਼ਤੀ ਕਰਨ ਕਾਰਨ ਨੌਜਵਾਨਾਂ ਦੀ ਮੁਹਿੰਮ ਇੰਨੀ ਹਿੰਸਕ ਹੋ ਗਈ ਕਿ ਪ੍ਰਧਾਨ ਮੰਤਰੀ ਸਮੇਤ ਕਈ ਮੰਤਰੀਆਂ ਨੂੰ ਅਸਤੀਫ਼ੇ ਨਾਲ ਵੀ ਗੱਲ ਨਾ ਬਣੀ ਅਤੇ ਉਨ੍ਹਾਂ ਨੂੰ ਆਪਣੀ ਜਾਨ ਬਚਾ ਕੇ ਭੱਜਣਾ ਪਿਆ।

ਸਵਾਲ ਉੱਠਦਾ ਹੈ ਕਿ ਕੀ ਇੰਟਰਨੈੱਟ ਮੀਡੀਆ ਕੰਪਨੀਆਂ 'ਤੇ ਪਾਬੰਦੀ ਲਗਾਉਣ ਦਾ ਓਲੀ ਸਰਕਾਰ ਦਾ ਫ਼ੈਸਲਾ ਸਹੀ ਸੀ? ਸਰਕਾਰ ਦੇ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਕਿਉਂਕਿ ਇੰਟਰਨੈੱਟ ਮੀਡੀਆ ਕੰਪਨੀਆਂ ਨੇ ਦੇਸ਼ ਦੇ ਖ਼ੁਦਮੁਖਤਾਰ ਢਾਂਚੇ ਨੂੰ ਨਕਾਰਿਆ, ਇਸ ਲਈ ਦੇਸ਼ ਦੇ ਕਾਨੂੰਨ ਅਤੇ ਪ੍ਰਭੂਸੱਤਾ ਨੂੰ ਧਿਆਨ ਵਿਚ ਰੱਖਦੇ ਹੋਏ ਸਰਕਾਰ ਨੂੰ ਸਖ਼ਤ ਕਦਮ ਚੁੱਕਣੇ ਪਏ। ਇਸ ਸਿਲਸਿਲੇ ਵਿਚ ਸਵਾਲ ਇਹ ਵੀ ਹੈ ਕਿ ਨੇਪਾਲ ਨੇ ਹੁਣ ਤੱਕ ਕਿਉਂ ਇਨ੍ਹਾਂ ਪਲੇਟਫਾਰਮਾਂ ਨੂੰ ਚਲਾਉਣ ਦੀ ਆਗਿਆ ਦਿੱਤੀ ਅਤੇ ਕਿਉਂ ਸਰਕਾਰੀ ਦਫ਼ਤਰਾਂ, ਵਿਭਾਗਾਂ, ਮੰਤਰਾਲਿਆਂ ਅਤੇ ਮੰਤਰੀਆਂ ਨੂੰ ਇੰਟਰਨੈੱਟ ਮੀਡੀਆ ਅਕਾਊਂਟ ਬਣਾਉਣ ਅਤੇ ਚਲਾਉਣ ਦੀ ਆਗਿਆ ਦਿੱਤੀ ਗਈ? ਸਿੱਧਾ ਜਵਾਬ ਹੈ ਕਿ ਸਰਕਾਰ ਦੀ ਮਨਸ਼ਾ ਇੰਟਰਨੈੱਟ ਮੀਡੀਆ ਨੂੰ ਕੰਟਰੋਲ ਕਰਨ ਦੀ ਸੀ ਤਾਂ ਜੋ ਉਸ 'ਤੇ ਚੱਲ ਰਹੇ ਅੰਦੋਲਨ ਨੂੰ ਕਮਜ਼ੋਰ ਕੀਤਾ ਜਾ ਸਕੇ। ਅਜਿਹੀਆਂ ਸਥਿਤੀਆਂ ਕਿਵੇਂ ਬਣੀਆਂ? ਇਸ ਲਈ ਪਿਛਲੇ ਮਹੀਨੇ ਇੰਟਰਨੈੱਟ ਮੀਡੀਆ 'ਤੇ ਚੱਲੇ 'ਨੇਪੋ ਕਿਡਜ਼' ਯਾਨੀ ਰਾਜਨੀਤੀ ਅਤੇ ਵਪਾਰ ਵਿਚ ਭਾਈ-ਭਤੀਜਾਵਾਦ ਖ਼ਿਲਾਫ਼ ਅੰਦੋਲਨ ਦਾ ਜ਼ਿਕਰ ਜ਼ਰੂਰੀ ਹੈ।

ਨੇਪਾਲ ਦੀ ਜੈੱਨ-ਜੀ ਪੀੜ੍ਹੀ ਨੇ ਇਕ ਖੁੱਲ੍ਹਾ ਅੰਦੋਲਨ ਛੇੜ ਰੱਖਿਆ ਸੀ, ਜਿਸ ਵਿਚ ਸਿਆਸਤਦਾਨਾਂ, ਸਾਬਕਾ ਪ੍ਰਧਾਨ ਮੰਤਰੀਆਂ ਅਤੇ ਮੰਤਰੀਆਂ ਦੇ ਬੱਚਿਆਂ ਦੀ ਆਲੀਸ਼ਾਨ ਜੀਵਨਸ਼ੈਲੀ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਸੀ। ਆਮਦਨੀ ਤੋਂ ਵੱਧ ਆਮਦਨ ਵਰਗੇ ਮੁੱਦਿਆਂ 'ਤੇ ਵੀ ਉਹ ਹਮਲਾਵਰ ਰਹੇ। ਅਜਿਹੇ ਵਿਚ ਸਰਕਾਰ 'ਤੇ ਦਬਾਅ ਸੀ ਕਿ ਉਹ ਇੰਟਰਨੈੱਟ ਮੀਡੀਆ ਨੂੰ ਕੰਟਰੋਲ ਕਰੇ। ਇਸ ਦੌਰਾਨ ਇੰਟਰਨੈੱਟ ਮੀਡੀਆ ਕੰਪਨੀਆਂ ਨੇ ਰਜਿਸਟ੍ਰੇਸ਼ਨ ਨਹੀਂ ਕੀਤੀ ਅਤੇ ਉਨ੍ਹਾਂ 'ਤੇ ਪਾਬੰਦੀ ਲਗਾਉਣ ਦਾ ਮੌਕਾ ਮਿਲ ਗਿਆ।

ਇਸ ਅਚਾਨਕ ਕਾਰਵਾਈ ਕਾਰਨ ਸਕੂਲ-ਕਾਲਜ ਜਾਣ ਵਾਲੀ ਪੀੜ੍ਹੀ ਗੁੱਸੇ ਹੋ ਗਈ। ਇਕ ਅਜਿਹਾ ਵਿਰੋਧ-ਪ੍ਰਦਰਸ਼ਨ ਜੋ ਸ਼ਾਂਤੀਪੂਰਵਕ ਹੋਣਾ ਸੀ, ਉਹ ਇਸ ਕਾਰਨ ਹਿੰਸਕ ਹੋ ਗਿਆ ਕਿਉਂਕਿ ਸੁਰੱਖਿਆ ਬਲਾਂ ਨੇ ਇਸ ਨੂੰ ਦਬਾਉਣ ਲਈ ਪੂਰੀ ਤਾਕਤ ਲਗਾਈ ਅਤੇ ਇਸ ਤੋਂ ਬਾਅਦ ਹਿੰਸਾ ਦੀ ਅੱਗ ਲੱਗ ਗਈ ਜੋ ਅਜੇ ਤੱਕ ਵੀ ਸ਼ਾਂਤ ਹੁੰਦੀ ਨਹੀਂ ਦਿਸ ਰਹੀ ਹੈ।

ਜੇਕਰ ਪ੍ਰਧਾਨ ਮੰਤਰੀ ਓਲੀ ਨੇ ਗੱਲਬਾਤ ਦਾ ਰਸਤਾ ਅਪਣਾਇਆ ਹੁੰਦਾ ਤਾਂ ਮਾਮਲਾ ਸ਼ਾਂਤ ਹੋ ਸਕਦਾ ਸੀ। ਕੇਪੀ ਓਲੀ 'ਤੇ 'ਤਾਨਾਸ਼ਾਹੀ' ਢੰਗ ਨਾਲ ਸਰਕਾਰ ਚਲਾਉਣ ਦੇ ਦੋਸ਼ ਲੱਗਦੇ ਰਹੇ ਸਨ, ਅਜਿਹੇ 'ਚ ਇੰਟਰਨੈੱਟ ਦਾ ਬੰਦ ਕੀਤਾ ਜਾਣਾ ਪ੍ਰਗਟਾਵੇ ਅਤੇ ਵਿਚਾਰਾਂ ਦੀ ਆਜ਼ਾਦੀ 'ਤੇ ਇਕ ਵੱਡਾ ਹਮਲਾ ਸਮਝਿਆ ਗਿਆ।

ਇਸ ਤਰ੍ਹਾਂ ਦੋ ਦਿਨਾਂ ਤੋਂ ਘੱਟ ਸਮੇਂ ਵਿਚ ਨੇਪਾਲ ਇਕ ਅਜੀਬੋ-ਗ਼ਰੀਬ ਸਥਿਤੀ ਵਿਚ ਪਹੁੰਚ ਗਿਆ। ਫ਼ ?ਲਹਾਲ ਫ਼ੌਜ ਨੇ ਦੇਸ਼ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਲੈ ਲਈ ਹੈ ਪਰ ਸਰਕਾਰ ਚਲਾਉਣ ਲਈ ਕੋਈ ਤੰਤਰ ਮੌਜੂਦ ਨਹੀਂ ਹੈ। ਅਨੁਮਾਨ ਹੈ ਕਿ ਇੱਥੇ ਵੀ ਬੰਗਲਾਦੇਸ਼ ਦੀ ਤਰ੍ਹਾਂ ਇਕ ਅੰਤਰਿਮ ਸਰਕਾਰ ਬਣਾਈ ਜਾਵੇਗੀ ਅਤੇ ਇਸ ਵਿਚ ਨੌਜਵਾਨਾਂ ਨੂੰ ਵੀ ਪ੍ਰਤੀਨਿਧਤਾ ਮਿਲੇਗੀ। ਅਜਿਹੀ ਸੰਭਾਵੀ ਸਰਕਾਰ ਦੀ ਕਮਾਨ ਸੰਭਾਲਣ ਲਈ ਕੁਝ ਨਾਵਾਂ ਦੀ ਚਰਚਾ ਵੀ ਚੱਲ ਰਹੀ ਹੈ। ਨੇਪਾਲ ਦੇ ਰਾਜਨੀਤਕ ਇਤਿਹਾਸ ਵਿਚ ਇਹ ਪਹਿਲਾ ਮੌਕਾ ਹੈ ਜਦੋਂ 14 ਤੋਂ 25 ਸਾਲ ਉਮਰ ਵਰਗ ਵਾਲਿਆਂ ਦੀ ਅਗਵਾਈ ਵਿਚ ਅਜਿਹਾ ਅੰਦੋਲਨ ਹੋਇਆ। ਨੇਪਾਲ ਵਿਚ ਅੰਦੋਲਨ ਵੈਸੇ ਤਾਂ ਆਮ ਗੱਲ ਰਹੀ ਹੈ।

ਫਿਰ ਚਾਹੇ 1990 ਦਾ ਅੰਦੋਲਨ ਹੋਵੇ, ਜਦੋਂ ਰਾਜਨੀਤਕ ਪਾਰਟੀਆਂ ਨੇ ਰਾਜਸ਼ਾਹੀ ਤੋਂ ਉਨ੍ਹਾਂ 'ਤੇ ਲੱਗੀਆਂ ਪਾਬੰਦੀਆਂ ਨੂੰ ਹਟਾਉਣ ਦੀ ਮੰਗ ਕੀਤੀ ਹੋਵੇ ਜਾਂ 2006 ਦਾ ਜਨ ਅੰਦੋਲਨ ਜਿਸ ਕਾਰਨ ਨੇਪਾਲ ਵਿਚ ਰਾਜਸ਼ਾਹੀ ਹਟੀ ਅਤੇ ਪੂਰਨ ਲੋਕਤੰਤਰ ਦੀ ਸਥਾਪਨਾ ਹੋਈ।

ਇਸ ਸਭ ਦੇ ਵਿਚਕਾਰ ਇਹ ਮੰਨਣਾ ਸਹੀ ਨਹੀਂ ਹੋਵੇਗਾ ਕਿ ਇੰਟਰਨੈੱਟ ਮੀਡੀਆ 'ਤੇ ਪਾਬੰਦੀ ਹੀ ਇਸ ਰੋਹ ਦਾ ਇਕੱਲਾ ਕਾਰਨ ਬਣੀ। ਉੱਥੇ ਲੋਕ ਭ੍ਰਿਸ਼ਟਾਚਾਰ ਤੋਂ ਵੀ ਬਹੁਤ ਪੀੜਤ ਹੋ ਗਏ ਸਨ। ਜਦੋਂ ਸਰਕਾਰਾਂ ਤੇ ਪ੍ਰਸ਼ਾਸਨ ਲੋਕਾਂ ਦੀਆਂ ਉਮੀਦਾਂ 'ਤੇ ਖ਼ਰਾ ਨਹੀਂ ਉਤਰਦੇ, ਮਨਮਰਜ਼ੀਆਂ ਕਰਦੇ ਹਨ, ਲੋਕਾਂ ਦੇ ਹਿੱਤਾਂ ਦੇ ਉਲਟ ਕੰਮ ਕਰਨ ਲੱਗਦੇ ਹਨ, ਤਾਂ ਅੰਤ ਨੂੰ ਇਹੀ ਕੁਝ ਹੋਣਾ ਹੁੰਦਾ ਹੈ।

ਨੇਪਾਲ ਵਿਚ ਸਦੀਆਂ ਪੁਰਾਣੀ ਰਾਜਸ਼ਾਹੀ ਪ੍ਰਣਾਲੀ ਖ਼ਿਲਾਫ਼ ਚੱਲੇ ਦਸ ਸਾਲਾਂ ਦੇ ਲੰਬੇ ਅੰਦੋਲਨ ਤੋਂ ਬਾਅਦ 2006 ਵਿਚ ਲੋਕਤੰਤਰ ਦਾ ਨਗਾਰਾ ਵੱਜਿਆ ਅਤੇ 2008 ਵਿਚ ਪਹਿਲੀ ਲੋਕਤੰਤਰੀ ਚੋਣ ਹੋਈ ਪਰ ਜਿਸ ਭਰੋਸੇ

**-ਰਿਸ਼ੀ ਗੁਪਤਾ**

ਨਾਲ ਮਾਓਵਾਦੀ ਸਰਕਾਰ ਨੂੰ ਪੂਰਨ ਸਮਰਥਨ ਮਿਲਿਆ, ਉਹ ਉਸ 'ਤੇ ਖ਼ਰੀ ਨਹੀਂ ਉਤਰ ਸਕੀ। ਪਹਿਲੇ ਪ੍ਰਧਾਨ ਮੰਤਰੀ ਪੁਸ਼ਪ ਕਮਲ ਦਹਲ ਉਰਫ਼ ਪ੍ਰਚੰਡ ਨੂੰ ਸਾਲ ਭਰ ਦੇ ਅੰਦਰ ਹੀ ਅਸਤੀਫ਼ਾ ਦੇਣਾ ਪਿਆ ਸੀ।

ਤਦ ਤੋਂ ਲੈ ਕੇ ਅੱਜ ਤੱਕ ਨੇਪਾਲ ਵਿਚ ਇਕ ਦਰਜਨ ਤੋਂ ਵੀ ਵੱਧ ਪ੍ਰਧਾਨ ਮੰਤਰੀ ਬਣ ਚੁੱਕੇ ਹਨ ਅਤੇ ਕੋਈ ਵੀ ਪ੍ਰਧਾਨ ਮੰਤਰੀ ਆਪਣਾ ਕਾਰਜਕਾਲ ਪੂਰਾ ਨਹੀਂ ਕਰ ਸਕਿਆ। ਇਸ ਤੋਂ ਸਾਬਿਤ ਹੁੰਦਾ ਹੈ ਕਿ ਨੇਪਾਲ ਵਿਚ ਸਰਕਾਰਾਂ ਆਪਣੇ ਨਾਗਰਿਕਾਂ ਨੂੰ ਆਪਣੀ ਕਾਰਗੁਜ਼ਾਰੀ ਨਾਲ ਸੰਤੁਸ਼ਟ ਕਰਨ ਵਿਚ ਪੂਰੀ ਤਰ੍ਹਾਂ ਨਾਕਾਮ ਰਹੀਆਂ ਹਨ।

ਇਸ ਦੇ ਨਾਲ ਹੀ ਜਿਸ ਤਰ੍ਹਾਂ ਏਮਾਲੇ ਪਾਰਟੀ ਦੇ ਕੇਪੀ ਸ਼ਰਮਾ ਓਲੀ, ਮਾਓਵਾਦੀ ਆਗੂ ਪ੍ਰਚੰਡ ਅਤੇ ਨੇਪਾਲੀ ਕਾਂਗਰਸ ਦੇ ਸ਼ੇਰ ਬਹਾਦੁਰ ਦੇਉਬਾ ਨੇ ਗੱਠਜੋੜ ਜ਼ਰੀਏ ਕਿਸੇ ਵੀ ਸਥਿਤੀ ਵਿਚ ਸੱਤਾ ਨਾਲ ਚਿੰਬੜੇ ਰਹਿਣ ਨੂੰ ਤਰਜੀਹ ਦਿੱਤੀ, ਉਸ ਨੇ ਵੀ ਰਾਜਨੀਤਕ ਅਸਥਿਰਤਾ ਨੂੰ ਵਧਾਇਆ। ਰਾਜਨੀਤਕ ਅਸਥਿਰਤਾ ਦਾ ਨੀਤੀਆਂ 'ਤੇ ਵੀ ਵਿਆਪਕ ਅਸਰ ਪਿਆ ਜਿਸ ਤੋਂ ਵਿਦੇਸ਼ ਨੀਤੀ ਵੀ ਅਣਛੋਹੀ ਨਹੀਂ ਰਹੀ। ਕਿਸੇ ਸਰਕਾਰ ਨੇ 'ਇੰਡੀਆ-ਕਾਰਡ' ਦਾ ਇਸਤੇਮਾਲ ਕੀਤਾ ਤੇ ਦੂਜੀ ਨੇ 'ਚਾਈਨਾ-ਕਾਰਡ' ਦਾ। ਦੇਸ਼ ਵਿਚ ਰੁਜ਼ਗਾਰ ਦੇ ਮੌਕਿਆਂ ਦੀ ਕਮੀ ਤੋਂ ਲੈ ਕੇ ਚੰਗੀਆਂ ਸਿੱਖਿਆ ਸੰਸਥਾਵਾਂ ਦੀ ਘਾਟ ਵੀ ਲੋਕਾਂ ਨੂੰ ਚਿੰਤਤ ਕਰ ਰਹੀ ਸੀ। ਉੱਪਰੋਂ ਉਪਲਬਧ ਢਾਂਚੇ ਦਾ ਰਾਜਨੀਤੀਕਰਨ, ਦੁਰਉਪਯੋਗ ਅਤੇ ਭ੍ਰਿਸ਼ਟਾਚਾਰ ਦੇਖ ਕੇ ਉਨ੍ਹਾਂ ਦਾ ਸਬਰ ਖ਼ਤਮ ਹੁੰਦਾ ਗਿਆ।


ਇਸ ਕਾਰਨ ਹੀ ਬਿਹਤਰ ਮੌਕਿਆਂ ਦੀ ਤਲਾਸ਼ ਵਿਚ ਆਬਾਦੀ ਦਾ ਇਕ ਵੱਡਾ ਹਿੱਸਾ ਦੇਸ਼ ਛੱਡ ਕੇ ਪਲਾਇਨ ਕਰ ਗਿਆ। ਕੁਦਰਤੀ ਸੰਪਤੀ ਨਾਲ ਸੰਪੰਨ ਅਤੇ ਸੈਰ-ਸਪਾਟੇ ਦੀ ਦ੍ਰਿਸ਼ਟੀ ਨਾਲ ਅਪਾਰ ਸੰਭਾਵਨਾਵਾਂ ਵਾਲਾ ਦੇਸ਼ ਆਪਣੇ ਸਾਹਮਣੇ ਉਪਲਬਧ ਮੌਕਿਆਂ ਦਾ ਲਾਭ ਨਹੀਂ ਉਠਾ ਸਕਿਆ। ਸਿਆਸੀ ਪਾਰਟੀਆਂ ਅਤੇ ਸਰਕਾਰਾਂ ਦੇ ਖ਼ ?ਲਾਫ਼ ਭਾਵਨਾਵਾਂ ਉਬਾਲਾ ਲੈਣ ਲੱਗੀਆਂ ਹਨ ਅਤੇ ਹੁਣ ਉਸ ਦਾ ਹੀ ਪ੍ਰਗਟੀਕਰਨ ਹੋ ਰਿਹਾ ਹੈ। ਜਿਸ ਤਰ੍ਹਾਂ ਦੀਆਂ ਤਸਵੀਰਾਂ ਇਸ ਸਮੇਂ ਨੇਪਾਲ ਤੋਂ ਆ ਰਹੀਆਂ ਹਨ, ਉਨ੍ਹਾਂ ਨੂੰ ਦੇਖ ਕੇ ਇਹ ਮੰਨਣ ਦੇ ਚੰਗੇ-ਭਲੇ ਕਾਰਨ ਹਨ ਕਿ ਵਿਰੋਧ-ਪ੍ਰਦਰਸ਼ਨ ਵਿਚ ਕੁਝ ਗ਼ੈਰ-ਸਮਾਜੀ ਅਨਸਰ ਵੀ ਸ਼ਾਮਲ ਹੋ ਗਏ ਹਨ। ਦੇਸ਼ ਭਰ ਵਿਚ ਅੱਗਜ਼ਨੀ, ਜਨਤਕ-ਨਿੱਜੀ ਸੰਪਤੀ ਨੂੰ ਨੁਕਸਾਨ ਪਹੁੰਚਾਉਣ ਅਤੇ ਲੁੱਟ-ਖੋਹ ਦੀਆਂ ਖ਼ਬਰਾਂ ਆ ਰਹੀਆਂ ਹਨ। ਇਸ ਸਮੇਂ ਨੇਪਾਲ ਇਕ ਦੋਰਾਹੇ 'ਤੇ ਖੜ੍ਹਾ ਹੈ।

ਇਕ ਰਾਹ ਨਵੇਂ ਲੋਕਤੰਤਰੀ ਢਾਂਚੇ ਦਾ ਮੌਕਾ ਤਿਆਰ ਕਰਨ ਵਾਲਾ ਹੈ ਅਤੇ ਜੇਕਰ ਇਸ ਮੌਕੇ ਨੂੰ ਗੁਆਇਆ ਜਾਂਦਾ ਹੈ ਤਾਂ ਰਾਜਨੀਤਕ ਅਸਥਿਰਤਾ ਵਧਦੀ ਜਾਵੇਗੀ। ਇਸ ਕਾਰਨ ਇਹ ਮੁਲਕ ਤਰੱਕੀ ਦੀ ਪਟੜੀ ਤੋਂ ਲਹਿ ਜਾਵੇਗਾ ਤੇ ਇਸ ਦਾ ਅਰਥਚਾਰਾ ਵੀ ਬਿਮਾਰ ਹੋ ਸਕਦਾ ਹੈ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਨੇਪਾਲ ਵਿਚ ਜਲਦ ਤੋਂ ਜਲਦ ਹਾਲਾਤ ਆਮ ਵਰਗੇ ਬਣਨ ਤੇ ਸਿਆਸੀ ਅਸਥਿਰਤਾ ਦਾ ਦੌਰ ਸਮਾਪਤ ਹੋਵੇ। ਜੇ ਅਜਿਹਾ ਨਹੀਂ ਹੁੰਦਾ ਤਾਂ ਨੇਪਾਲ ਬਰਬਾਦੀ ਵੱਲ ਵਧਦਾ ਜਾਵੇਗਾ। ਇਹ ਘਟਨਾ ਹੋਰ ਦੇਸ਼ਾਂ ਲਈ ਵੀ ਸਬਕ ਹੈ ਕਿ ਲੋਕਤੰਤਰੀ ਕਦਰਾਂ-ਕੀਮਤਾਂ 'ਤੇ ਖ਼ਰਾ ਉਤਰਨਾ ਅਤੇ ਜਨਤਾ ਦੇ ਮੁੱਦਿਆਂ ਨਾਲ ਜੁੜੇ ਰਹਿਣਾ ਕਿੰਨਾ ਮਹੱਤਵਪੂਰਨ ਹੁੰਦਾ ਹੈ। ਇਨ੍ਹਾਂ ਦੀ ਅਣਦੇਖੀ ਦੇ ਨਤੀਜੇ ਨੇਪਾਲ ਤੋਂ ਪਹਿਲਾਂ ਸ੍ਰੀਲੰਕਾ ਅਤੇ ਬੰਗਲਾਦੇਸ਼ ਵਿਚ ਵੀ ਦੇਖਣ ਨੂੰ ਮਿਲ ਚੁੱਕੇ ਹਨ।









## ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ 'ਤੇ ਕਵਿਤਾ

ਦਿੱਲੀ ਨੇ ਕਹਿਰ ਕਮਾਇਆ ਏ॥
ਸਿੱਖੀ ਨਾਲ ਮੱਥਾ ਲਾਇਆ ਏ॥
ਸਤਿਗੁਰ ਨੂੰ ਆਖ ਸੁਣਾਇਆ ਏ॥
ਕਿਉਂ ਰਾਜੇ ਅੱਗੇ ਅੜਨਾ ਹੈ॥
ਜਿਉਣਾ ਹੈ ਜਾਂ ਮਰਨਾ ਹੈ॥
ਗੁਰ ਬੋਲੇ, ਸੱਚੀ ਗੱਲ ਕਰੀਏ॥
ਕਮਜ਼ੋਰਾਂ ਨਾਲ ਅਸੀਂ ਖੜੀਏ॥
ਜ਼ਾਲਮ ਰਾਜੇ ਤੋਂ ਕਿਉਂ ਡਰੀਏ॥
ਸਤਿਗੁਰ ਨਾਨਕ ਦਾ ਕਹਿਣਾ ਹੈ॥
ਭੈ ਦੇਣਾ ਨਾ ਭੈ ਸਹਿਣਾ ਹੈ॥
ਰਹੇ ਕਾਹਤੋਂ ਕਸ਼ਟ ਸਹਾਰ ਤੁਸੀਂ॥
ਕਰੋ ਦੀਨ ਤੋਂ ਕਿਉਂ ਇਨਕਾਰ ਤੁਸੀਂ॥
ਗੱਲ ਮੰਨ ਲਓ ਆਖਰੀ ਵਾਰ ਤੁਸੀਂ॥
ਹੁਣ ਪੈਣਾਂ ਮੋਮਨ ਬਣਨਾ ਹੈ॥
ਜਿਉਣਾ ਹੈ ਜਾਂ ਮਰਨਾ ਹੈ॥
ਮੋਮਨ ਹਿੰਦੂ ਨੇ ਤਾਂ ਚੰਗੇ॥
ਜੇ ਰਾਮ ਖ਼ੁਦਾ ਦੇ ਰੰਗ ਰੰਗੇ॥
ਅਮਲੋਂ ਪਰ ਜੇਕਰ ਬੇਢੰਗੇ॥
ਦੋਵਾਂ ਨੂੰ ਰੋਣਾ ਪੈਣਾ ਹੈ॥
ਭੈ ਦੇਣਾ ਨਾ ਭੈ ਸਹਿਣਾ ਹੈ॥
ਪੀਰਾਂ ਦੇ ਪੀਰ ਬਣਾ ਦਿਆਂਗੇ॥
ਪੁੱਤਰ ਨੂੰ ਰਾਜ ਦਿਵਾ ਦਿਆਂਗੇਂ॥
ਨਾਂ ਉੱਤੇ ਸਿੱਕਾ ਚਲਾ ਦਿਆਗੇਂ॥
ਬਸ ਪੈਣਾ ਕਲਮਾ ਪੜ੍ਹਨਾ ਹੈ॥
ਜਿਉਣਾ ਹੈ ਜਾਂ ਮਰਨਾ ਹੈ॥
ਰਾਜ ਨਾਨਕਸ਼ਾਹੀ ਸੋਹਣਾ ਹੈ॥
ਸੱਚਾ ਤਖਤ ਬੜਾ ਮਨ ਮੋਹਣਾ ਹੈ॥
ਸਿੱਖੀ ਦਾ ਰਾਹ ਰੁਸ਼ਨਾਉਣਾ ਹੈ॥
ਝੂਠਾ ਰਾਜ ਅਸਾਂ ਨਾ ਲੈਣਾ ਹੈ॥
ਭੈ ਦੇਣਾ ਨਾ ਭੈ ਸਹਿਣਾ ਹੈ॥
ਕੀਤੀ ਅਰਜ਼ ਅਸਾਂ ਹੱਥ ਬੰਨ ਕੇ ਤੇ॥
ਸੁੱਖ ਪਾਉਂਗੇ ਸਾਡੀ ਮੰਨ ਕੇ ਤੇ॥
ਨਹੀਂ ਚੌਕ ਚਾਂਦਨੀ ਬੰਨ੍ਹ ਕੇ ਤੇ॥
ਕਤਲ ਜਲਾਦਾਂ ਕਰਨਾ ਹੈ॥
ਜਿਉਣਾ ਹੈ ਜਾਂ ਮਰਨਾ ਹੈ॥
ਗੁਰੂ ਤੇਗ ਬਹਾਦਰ ਦਾ ਕਹਿਣਾ॥
ਜੋ ਮਰਜੀ ਕਸ਼ਟ ਪਚਾ ਲੈਣਾ॥
ਬੇੜਾ ਧਰਮ ਦਾ ਅਸਾਂ ਬਚਾ ਲੈਣਾ॥
ਅੱਜ ਮਹਿਲ ਪਾਪ ਦਾ ਢਹਿਣਾ ਹੈ॥
ਭੈ ਦੇਣਾ ਨਾ ਭੈ ਸਹਿਣਾ ਹੈ॥
ਸੁਣ ਜ਼ਾਲਮ ਕਾਜੀ ਸੜਿਆ ਹੈ॥
ਪਿੰਜਰੇ ਵਿੱਚ ਸਤਿਗੁਰ ਖੜਿਆ ਹੈ॥
ਫਿਰ ਝੂਠਾ ਫਤਵਾ ਪੜਿਆ ਹੈ॥
ਸਿਰ ਧੜ ਨਾਲੋਂ ਵੱਖ ਕਰਨਾ ਹੈ॥
ਜਿਉਣਾ ਹੈ ਜਾਂ ਮਰਨਾ ਹੈ॥
ਸਾਡੇ ਸਿਰ 'ਤੇ ਹੱਥ ਗੁਰ ਨਾਨਕ ਦਾ॥
ਕੋਈ ਡਰ ਨੀਂ ਸਮੇਂ ਭਿਆਨਕ ਦਾ॥
ਅਣਹੋਣੀ ਅਤੇ ਅਚਾਨਕ ਦਾ॥
ਮੁਗਲਾਂ ਦਾ ਝੰਡਾ ਲਹਿਣਾ ਹੈ॥
ਭੈ ਦੇਣਾ ਨਾ ਭੈ ਸਹਿਣਾ ਹੈ॥
ਜ਼ਾਲਮ ਹੁਣ ਅੱਤ ਵਰ੍ਹਾਵਣਗੇ॥
ਗੁਰੂ ਤੇਗ ਤੇ ਤੇਗ ਚਲਾਵਣਗੇ॥
ਜੱਗ ਨੂੰ ਭੈ-ਭੀਤ ਕਰਾਵਣਗੇ॥
ਪਾਪਾਂ ਦਾ ਬੇੜਾ ਭਰਨਾ ਹੈ॥
ਜਿਉਣਾ ਹੈ ਜਾਂ ਮਰਨਾ ਹੈ॥
ਗੁਰਾਂ ਜਪੁ ਜੀ ਸਾਹਿਬ ਪੜਿਆ ਹੈ॥
ਪੜ੍ਹ ਕੇ ਅਰਦਾਸਾ ਕਰਿਆ ਹੈ॥
ਐਸਾ ਰੰਗ ਮਜੀਠੀ ਦਾ ਚੜਿਆ ਹੈ॥
ਸੱਚਖੰਡ ਨੂੰ ਚਾਲਾ ਪੈਣਾ ਹੈ॥
ਭੈ ਦੇਣਾ ਨਾ ਭੈ ਸਹਿਣਾ ਹੈ॥
ਸ੍ਰਿਸ਼ਟੀ 'ਤੇ ਜਿਸ ਦੀ ਚਾਦਰ ਜੀ॥
ਹੱਕ ਸੱਚ ਦਾ ਕਰਦੇ ਆਦਰ ਜੀ॥
ਐਸੇ ਗੁਰੂ ਤੇਗ ਬਹਾਦਰ ਜੀ॥
ਬੇ-ਖੌਫ ਸ਼ਹੀਦੀ ਪਾਈ ਐ॥
ਜੋਤੀ ਵਿੱਚ ਜੋਤ ਰਲਾਈ ਐ॥



ਭਾਈ ਹਰਪਾਲ ਸਿੰਘ ਲੱਖਾ

## ਦੋ ਗ਼ਜ਼ਲਾਂ

ਫ਼ਨਾਂ ਦੇ ਬਾਦ ਵੀ ਕੈਸਾ ਹੈ ਇਹ ਮੁਕਾਮ ਆਇਆ
ਨਾ ਰੂਹ ਮੇਰੀ ਨੂੰ ਤੀਕ ਹੀ ਅਰਾਮ ਆਇਆ

ਭਟਕ ਰਹੀ ਏ ਅਜ਼ਾਬਾਂ ਦੇ ਥੱਲ 'ਚ ਹੋਂਦ ਮਿਰੀ
ਨਾ ਇਸ਼ਕ ਰੱਤਾ ਕੁਈ ਖ਼ਤ ਹੀ ਨਾ ਪਯਾਮ ਆਇਆ

ਬਿਖਰ ਗਿਆ ਏ ਕੁਝ ਇਸ ਵਿਚ ਕਰਮ ਦਾ ਸ਼ੀਰਾਜ਼ਾ
ਮਿਰੇ ਨਗਰ 'ਚ ਨਕਾਰਆਤਮਕ ਨਜ਼ਾਮ ਆਇਆ

ਮਿਰੇ ਸ਼ਊਰ ਤੇ ਉਸਦਾ ਮਲਾਲ ਹਾਵੀ ਹੈ
ਉਹ ਖੁਸ਼ਨਸੀਬ ਏ ਕਰ ਪੂਰਾ ਇੰਤਕਾਮ ਆਇਆ

ਜਨੂੰਨ ਮੇਰਾ ਜਦੋਂ ਤੱਕ ਨਸੂਰ ਬਣ ਨਾ ਸਕੇ
ਮੈਂ ਜਦ ਵੀ ਆਇਆ ਤਿਰੇ ਸਾਹਮਣੇ ਨਕਾਮ ਆਇਆ

ਨਾ ਕੋਲ ਮੇਰੇ ਹਵਾ ਉਸਦੀ ਨਾ ਕੁਈ ਖੁਸ਼ਬੂ
ਭਰਮ ਜਿਹਾ ਏ ਹਰ ਇਕ ਸ਼ਬਦ ਵਿਚ ਸਲਾਮ ਆਇਆ

ਨਿਗਾਹ 'ਚ ਬੰਦਗੀ ਲਬ ਤਿਸ਼ਨਗੀ 'ਚ ਰਹਿਣ ਉਦਾਸ
ਕਿਸੇ ਵੀ ਪਲ ਨਾ ਖ਼ੁਦਾ ਮੇਰੀ ਨੂੰ ਅਰਾਮ ਆਇਆ

ਸਫ਼ਰ 'ਚ ਅਨੇ ਵਿਸ਼ੇ ਵਸਤੂਆਂ ਨੂੰ ਲੈ ਤੁਰਿਆ
ਨ ਪੈਂਡਿਆਂ ਦੀ ਰਸਾਈ ਨ ਲੋਅ ਦਾ ਗਾਮ ਆਇਆ

ਬਸ਼ਰ ਬਸ਼ਰ 'ਚ ਇਕ ਅਲਗਾਵ ਦਾ ਏ ਖੌਫ਼ ਜਿਹਾ
ਖ਼ਤਾ ਕੋਈ ਤਾਂ ਐ 'ਸੀਰਤ' ਮੈਂ ਕਰ ਤਮਾਮ ਆਇਆ?

•••

ਕੁਈ ਚੰਗਾ, ਕੁਈ ਮੰਦਾ, ਕਿਸੇ ਦਾ ਮਨਚਲਾ ਹੋਣਾ
ਬੜਾ ਹੁੰਦੈ ਅਸਹਿ ਮਿੱਤਰ ਕਿਸੇ ਦਾ ਦੋਗਲਾ ਹੋਣਾ

ਜੇ ਜ਼ਖ਼ਮਾਂ ਨੂੰ ਕੁਰੇਦੋ ਗੇ, ਨਿਰੀ ਰੱਤ ਹੀ ਤਾਂ ਵੱਗੇ ਗੀ
ਨਹੀਂ ਵਾਜਬ ਕਿਸੇ ਸ਼ਾਹਰੱਗ 'ਚ ਐਸਾ ਸਿਲਸਿਲਾ ਹੋਣਾ

ਤੁਸੀਂ ਕਦ ਤੀਕ ਅਪਣੇ ਕਰਬ ਦਾ ਸੰਚਾਰ ਕਰਨਾ ਹੈ
ਕਦੋਂ ਇਹ ਯੁੱਗ ਪਰਤੋ ਗੇ, ਸਮੇਂ ਨੇ ਕਰਬਲਾ ਹੋਣਾ

ਜਦੋਂ ਸਚ ਝੂਠ ਬਣ ਜਾਵੇ, ਅਦਲ ਅੰਨਾ, ਸਿਆ ਸੂਰਜ
ਅਜੇਹੇ ਪੁਰਸਲਾਤ ਅੰਦਰ ਕਿਸੇ ਦਾ ਕੀ ਭਲਾ ਹੋਣਾ

ਅਵੱਸ਼ਕ ਹੈ ਜ਼ਮੀਂ ਨੂੰ ਸੂਰਜੇ ਦੇ ਗੇੜ ਵਿਚ ਰਹਿਣਾ
ਵਗਰਨਾ, ਇਹ ਤਾਂ ਨਿਸਚਿਤ ਹੈ ਗ੍ਰਹਿ ਦਾ ਖੋਖਲਾ ਹੋਣਾ

ਨਿਤਾਣੇ, ਬੇਸਿਰੇ, ਮਜ਼ਲੂਮ ਬਦਲਣ ਸਾਮਰਾਜ ਅਪਣਾ
ਸਮੇਂ ਦੀ ਮੰਗ ਦਾ ਹਾਸਿਲ ਏ ਐਸਾ ਵਲਵਲਾ ਹੋਣਾ

ਇਕਲਤਾ ਤਰਕ ਦੀ ਸੀਮਾ ਤੇ ਜਦ ਆ ਕੇ ਖਲੋਤੀ ਹੈ
ਨ ਹੁਣ ਤਕਰਾਰ, ਕੁਈ ਸ਼ਿਕਵਾ, ਨ ਮੁੜ ਕੇ ਦਿਲ ਜਲਾ ਹੋਣਾ

ਸੁਣਾਈ ਹੀ ਨਹੀਂ ਦੇਂਦੀ ਕੁਈ ਰੂਦਾਦ ਪੀੜਾਂ ਦੀ
ਬੜਾ ਅਦਭੁਤ ਲਗੇ ਸੀਰਤ ਤਿਰੇ ਅੰਦਰ ਖ਼ਲਾ ਹੋਣਾ

ਮਿਰੀ ਰੰਗਤ 'ਚ ਸ਼ਾਮਲ ਹੈ ਸਮੇਂ ਦੀ ਰਾਜ ਨੀਤੀ, ਇੰਜ,
ਜਿਵੇਂ ਅੱਗ ਯੁੱਗ ਦੀ ਸਹਿ ਕੇ ਹੈ 'ਸੀਰਤ' ਸਾਂਵਲਾ ਹੋਣਾ



ਸੁਰਿੰਦਰ ਸੀਰਤ
510-847-1698

## ਆਰਟੀਫਿਸ਼ਲ ਇੰਟੈਲੀਜੈਂਸ

ਪਿਆਰੇ ਬੱਚਿਓ ਆਓ ਏ ਆਈ ਬਾਰੇ ਜਾਣੀਏ
ਚੰਗੀ ਤਰ੍ਹਾਂ ਸਮਝ ਕੇ ਇਹਦੇ ਸੁੱਖ ਅਸੀਂ ਮਾਣੀਏ।

ਵਿਗਿਆਨ ਅਤੇ ਤਕਨੀਕ ਦੀ ਇਹ ਦੇਣ ਨਿਰਾਲੀ
ਹਰ ਔਖੇਂ ਸੌਖੇ ਕੰਮ ਨੂੰ ਏਆਈ ਕਰ ਦੇਵੇ ਸੁਖਾਲੀ।

ਸਿੱਖਿਆ, ਸਿਹਤ, ਰਾਜਨੀਤੀ ਵਿੱਚ ਪੈਰ ਪਸਾਰੇ
ਅੜੇ ਫੜੇ ਕਾਰਜ ਕਈ ਏ ਆਈ ਨੇ ਸਵਾਰੇ।

ਕਰੋਨਾ ਮਹਾਂਮਾਰੀ ਨੇ ਜਦ ਸੀ ਦੁਨੀਆਂ ਡਰਾਈ
ਏਆਈ ਨੇ ਉਸ ਸਮੇਂ ਵਿੱਚ ਵੀ ਕਰਵਾਈ ਪੜ੍ਹਾਈ।

ਏਆਈ ਕਰਦੀ ਹੈ ਮਨੁੱਖੀ ਬੁੱਧੀ ਦੀ ਨਕਲ
ਜੇ ਚੱਜ ਨਾਲ ਵਰਤੀਏ ਤੇ ਵਧਾ ਦਿੰਦੀ ਹੈ ਅਕਲ।

ਐਵੇਂ ਘੰਟਿਆਂਬੱਧੀ ਮੋਬਾਈਲਾਂ ਵਿੱਚ ਨਾ ਸਮਾਂ ਗਵਾਓ
ਵਰਤ ਕੇ ਏਆਈ ਨੂੰ ਵਿੱਚ ਪੜ੍ਹਾਈ ਤਰੱਕੀ ਪਾਓ।

ਸੁਰਿੰਦਰਪਾਲ ਸਿੰਘ

## ਗੁੜ ਗੁੜ ਗੋਤੇ ਖਾਵਾਂ

**ਆਵਾਜ਼-ਏ-ਖ਼ਲਕ**

ਪ੍ਰੀਤਮ! ਜੇ ਤੂੰ ਮੈਨੂੰ ਮਿਲਣਾ ਚਾਹਵੇਂ,
ਮੈਂ ਮੁੜ ਮੁੜ ਲੁਕ ਲੁਕ ਜਾਵਾਂ।
ਹਉਂ ਹੋਛੀ ਤੇ ਅਤਿ ਕਮੀਨੀ,
ਤੈਨੂੰ ਮੁਖੜਾ ਕਿਵ ਦਿਖਲਾਵਾਂ।
ਤੂੰ ਸੁੱਚਿਉਂ ਸੁੱਚਾ ਸਾਈਂ ਸੋਹਣਾ,
ਮੈਂ ਕੋਝੀਉਂ ਕੋਝੀ ਕਿਉਂ ਕਰ ਅੰਕ ਸਮਾਵਾਂ।
ਨੂਰ ਤੇਰਾ ਨਾ ਜਾਏ ਝਲਿਆ
ਮੈਂ ਨੇੜੇ ਕਿਤ ਬਿਧ ਆਵਾਂ।
ਦੂਰੋਂ ਹੀ ਮਿਲੀ ਦੇਹ ਅਸੀਸਾਂ,
ਮੈਂ ਤੁਧ ਵਿਚ ਜਾ ਸਮਾਵਾਂ।
ਇੱਛਾ ਕਾਈ ਰਹੇ ਨਾ ਬਾਕੀ,
ਬਸ ਘੋੜੀਆਂ ਨਿਤ ਨਿਤ ਗਾਵਾਂ।
ਯਾਦ ਤਿਰੀ ਵਿਚ ਗੁੜ ਗੁੜ ਗੋਤੇ ਖਾਵਾਂ।
ਪ੍ਰੀਤਮ ਗੁੜ ਗੁੜ ਗੋਤੇ ਖਾਵਾਂ।
ਸਾਈਆਂ ਗੁੜ ਗੁੜ ਗੋਤੇ ਖਾਵਾਂ।



ਗੁਰਚਰਨਜੀਤ ਸਿੰਘ ਲਾਂਬਾ
santsipahi@gmail.com

## ਪੱਗ

**ਨਾ ਖੁੱਲੀ ਆ ਨਾ ਢਿੱਲੀ ਆ**
**ਅੱਜ ਪੱਗ ਥੋੜੀ ਜਿਹੀ ਗਿੱਲੀ ਆ**
**ਕੁਦਰਤ ਨੇ ਕਹਿਰ ਕਮਾਇਆ ਏ**
**ਧਰਤੀ ਪੈਰਾਂ ਦੀ ਸਿੱਲੀ ਆ**
**ਘਰ ਡੁੱਬ ਗਏ ਖੇਤ ਉਜੜ ਗਏ ਨੀ**
**ਇਹ ਤਸਵੀਰ ਜ਼ਰਾ ਦਰਦੀਲੀ ਆ**
**ਆਪੇ ਹੀ ਕਾਜ ਸਵਾਰੂ ਗੀ**
**ਇਹ ਕੌਮ ਬੜੀ ਹੁੱਰ ਤੀਲੀ ਆ**
**ਕਦੇ ਨੇਜਿਆਂ ਤੇ ਕਦੇ ਤਵੀਆਂ ਤੇ**
**ਸਿੱਖੀ ਦੀ ਰਾਹ ਨੁਕੀਲੀ ਆ**
**ਸਰਬੱਤ ਦਾ ਭਲਾ ਤੇ ਚੜਦੀ ਕਲਾ**
**ਜੈਕਾਰੇ 'ਚ ਨਾ ਤਬਦੀਲੀ ਆ**

**ਪੱਗ ਥੋੜੀ ਜਿਹੀ ਗਿੱਲੀ ਆ**
**ਪਰ ਨਾ ਖੁੱਲੀ ਆ ਨਾ ਢਿੱਲੀ ਆ**

ਗਿੱਲੀ ਪੱਗ ਨੂੰ ਸਾਂਭਣ
ਵਾਲੇ ਕਿੰਨੇ ਨੇ

ਧੋ ਸਵਾਰ ਸੁਕਾ ਕੇ
ਬੰਨਣ ਵਾਲੇ ਕਿੰਨੇ ਨੇ

ਮਾਂ ਧਰਤ ਪੰਜਾਬ ਦੇ
ਰਖਵਾਲੇ ਕਿੰਨੇ ਨੇ

ਪੰਜਾਬੀਆਂ ਦਾ ਮਾਣ,
ਹੋਣਾ ਪੁੱਤ ਪੰਜਾਬ ਦੇ

ਨਾਦਰ ਸ਼ਾਹ ਆਵੇ ਚੜ੍ਹ ਕੇ
ਜਾਂ ਮਾਰ ਹੜ੍ਹਾਂ ਦੇ ਕਰਕੇ

ਪੱਗ ਢਿੱਲੀ ਜਾਂ ਗਿੱਲੀ
ਨਹੀਂ ਹੋਣ ਦੇਂਦੇ

ਕਰਨ ਮੁਕਾਬਲਾ
ਛਾਤੀ ਤਣ ਕੇ

ਰੱਬਾ ਮਿਹਰ ਕਰੀਂ , ਅਰਦਾਸ
ਕਰਾਂ ਹੱਥ ਜੁੜ ਕੇ

ਸ਼ਾਲਾ ਪੰਜਾਬ ਜੀਵੇ
ਪੁੱਤ ਅਤੇ ਪੱਗ ਜੀਵੇ
ਕੁੱਝ ਆਪਣੇ ਖ਼ਿਆਲਾਂ ਦੀ ਸਾਂਝ ਪਾਈ ਹੈ। ਸਭ ਲਈ ਸ਼ੁਭ ਇੱਛਾਵਾਂ ਅਤੇ ਸਭੇ ਖ਼ੈਰਾਂ
ਦਲਜੀਤ ਕੌਰ ਸੰਧੂ ਸ਼ੇਖੋਂ

## ਗ਼ਜ਼ਲ

ਰੌਸ਼ਨ-ਰੌਸ਼ਨ ਥਾਵਾਂ ਨੇ ਹਰਿਆਣੇਂ ਵਿਚ।
ਸੂਰਜ ਵਰਗੀਆਂ ਮਾਵਾਂ ਨੇ ਹਰਿਆਣੇਂ ਵਿਚ।
ਮੰਦਿਰ ਚਰਚ ਗੁਰਦੁਆਰੇ ਮਸਜਿਦ ਮਠਦੁਆਰੇ
ਜੰਨਤ ਦਾ ਸਿਰਨਾਵਾਂ ਨੇ ਹਰਿਆਣੇ ਵਿਚ।
ਨਿਰ ਧਨ ਦੀ ਝੁੱਗੀ ਤੋਂ ਉਚੇ ਮਹਿਲਾਂ ਤੱਕ,
ਘਰ-ਘਰ ਠੰਡੀਆਂ ਛਾਵਾਂ ਨੇ ਹਰਿਆਣੇਂ ਵਿਚ।
ਜਿੱਥੇ ਦੁਸ਼ਮਣ ਵੀ ਹੈ ਸੱਜਣਾਂ ਦੇ ਵਾਂਗੂ,
ਦੀਪ ਜਗਾਏ ਵਾਵਾਂ ਨੇ ਹਰਿਆਣੇਂ ਵਿਚ।
ਹਰ ਇਕ ਚਿਹਰੇ ਉਤੇ ਲਾਲੀ ਦਿਸਦੀ ਹੈ,
ਉਨਤੀ ਭਰੀਆਂ ਰਾਵਾਂ ਨੇ ਹਰਿਆਣੇਂ ਵਿਚ।
ਹਰ ਇਕ ਰਿਸ਼ਤੇ ਵਿਚ ਹੈ ਖ਼ੁਸ਼ਬੂ ਉਲਫ਼ਤ ਦੀ,
ਰਾਮ ਭਰਤ ਦੀਆਂ ਬਾਵਾਂ ਨੇ ਹਰਿਆਣੇ ਵਿਚ।
ਮੁੰਡੇ ਕਿਹੜੇ ਘੱਟ ਨੇ ਅਪਣੇ ਜੋਬਨ ਦੇ,
ਕੁੜੀਆਂ ਸ਼ੌਖ ਬਲਾਵਾਂ ਨੇ ਹਰਿਆਣੇਂ ਵਿਚ।
ਅਪਣੇ ਸਭਿਆਚਾਰ 'ਚ ਉਤਮ ਸਰਵੋਤਮ,
ਸੁੰਦਰ ਸਰਵ ਕਲਾਵਾਂ ਨੇ ਹਰਿਆਣੇ ਵਿਚ।
ਫੁੱਲਾਂ ਲੱਧੀ ਜਿਉਂ ਕੋਈ ਡਾਲੀ ਝੁਕ ਜਾਂਦੀ,
ਸਭਿਅਕ ਇੰਝ ਅਦਾਵਾਂ ਨੇ ਹਰਿਆਣੇਂ ਵਿਚ।
ਇਨਸਾਫ਼ ਬਰਾਬਰ ਜਿੰਦਾਂ ਚੜ੍ਹਦੀ ਗੁਡੀ,
ਤਾਂ ਸਮਤੋਲ ਤਨਾਵਾਂ ਨੇ ਹਰਿਆਣੇ ਵਿਚ
ਤਾਂ ਹੀ ਹਰ ਇਕ ਦੰਪਤੀ ਸੁਖ ਦਾ ਹਾਣੀ ਹੈ,
ਸੱਚਾਈ ਦੇ ਵਿਚ ਲਾਵਾਂ ਨੇ ਹਰਿਆਣੇਂ ਵਿਚ।
ਆਸਾਂ ਦੀ ਪੂਰਨਤਾ ਨੇ ਫੁੱਲ ਖਿੜ੍ਹਾਏ,
ਅੰਬਰ ਛੂਹਦੇ ਚਾਵਾਂ ਨੇ ਹਰਿਆਣੇਂ ਵਿਚ।
ਭਾਰਮ ਮਾਂ ਦੀ ਸ਼ਾਨ ਵਧਾਈ ਦੁਨੀਆਂ 'ਤੇ,
ਖੇਡਾਂ ਵਿਚ ਕੁਝ ਨਾਂਵਾਂ ਨੇ ਹਰਿਆਣੇਂ ਵਿਚ।
ਖੇਤੀ ਉਦਯੋਗ ਸਿਖਿਆ ਹਰ ਖੇਤਰ ਵਿਚ,
ਉਨਤੀ ਪੂਰਕ ਰਾਵ੍ਹਾਂ ਨੇ ਹਰਿਆਣੇ ਵਿਚ।
ਰਿਸ਼ੀਆਂ ਮੁਨੀਆਂ ਸੰਤਾਂ ਗੁਰੂਆਂ ਪੀਰਾਂ ਦੀਆਂ,
ਸਿੱਖਿਆ ਦਾਇਕ ਕਥਾਵਾਂ ਨੇ ਹਰਿਆਣੇ ਵਿਚ।
ਤਾਂ ਹੀ ਬਾਲਮ ਫਸਲਾਂ ਤੇ ਖ਼ੁਸ਼ਹਾਲੀ ਏ,
ਅੱੜਾਂ ਵਿਚ ਘਟਾਵਾਂ ਨੇ ਹਰਿਆਣੇਂ ਵਿਚ।

ਬਲਵਿੰਦਰ ਬਾਲਮ ਗੁਰਦਾਸਪੁਰ
98156-25409

## ਮੁਹੱਬਤੀ ਗੰਢ

ਖੁੱਲ੍ਹੇ ਦਿਲ ਨਾਲ ਦਿੱਤੇ ਹੜ੍ਹ ਪੀੜਤਾਂ ਨੂੰ,
ਜਿੰਨੇ ਜੋਗੇ ਸੀ ਲੋਕਾਂ ਨੇ ਫੰਡ ਬਾਬਾ।

ਹੁਣ ਪਹੁੰਚ ਜਾਣ ਲੋੜਵੰਦਾਂ ਤਾਂਈ,
ਸਹੀ ਢੰਗ ਨਾਲ ਹੋਵੇ ਵੰਡ ਬਾਬਾ।

ਬਹੁਤੇ ਜ਼ਿਲੇ ਨੇ ਪਾਣੀ ਦੀ ਮਾਰ ਥੱਲੇ,
ਜੋ ਪੈਂਦੇ ਸੀ ਇਲਾਕੇ ਵਿੱਚ ਮੰਡ ਬਾਬਾ।

ਪਸ਼ੂ, ਮਾਲ, ਧਨ, ਬੰਦੇ ਸਭ ਰੋੜ੍ਹ ਦਿੱਤੇ,
ਨਾ ਛੱਡਿਆ ਕਰੀਰ ਕੋਈ ਜੰਡ ਬਾਬਾ।

ਘਾਟੇ ਪੂਰੇ ਤਾਂ ਨਹੀਂ ਹੁਣ ਹੋ ਸਕਦੇ,
ਐਸੀ ਫੇਰੀ ਕੁਦਰਤ ਨੇ ਕੰਡ ਬਾਬਾ।

ਸ਼ਾਬਾਸ਼ ਉਹਨਾਂ ਦਾਨੀ ਸੱਜਣਾਂ ਦੇ,
ਜਿੰਨਾਂ ਦਿੱਤੀ ਰਾਹਤ ਦੀ ਪੰਡ ਬਾਬਾ।

ਨਾਲ ਭਰਾਵਾਂ ਦੁੱਖ ਨੇ ਘੱਟ ਜਾਂਦੇ,
ਨਾਲੇ ਪੈਂਦੀ ਮੁਹੱਬਤੀ ਗੰਢ ਬਾਬਾ।

ਪ੍ਰਮਾਤਮਾ ਕਰੇ ਆਬਾਦ ਹੋਣ ਇਲਾਕੇ,
'ਪੱਤੋ' ਹੋਵੇ ਖ਼ੁਸ਼ਹਾਲੀ ਦੀ ਠੰਡ ਬਾਬਾ।

- ਹਰਪ੍ਰੀਤ ਪੱਤੋ
94658-21417

## ਮੋਹਰੀ ਸੂਬਾ

ਹੜ੍ਹ ਦੇ ਪਾਣੀ ਨੇ ਕਰ ਦਿੱਤੀਆਂ ਫ਼ਸਲਾਂ ਤਬਾਹ ਨੇ,
ਘਰਾਂ ਨੂੰ ਜਾਣ ਵਾਲੇ ਸਭ ਟੁੱਟ ਗਏ ਰਾਹ ਨੇ।
ਪਸ਼ੂ ਤੇ ਬੰਦੇ ਪਾਣੀ ਦੇ ਵਿੱਚ ਰੁੜ੍ਹੀ ਜਾਂਦੇ ਨੇ,
ਮੋਟਰ ਸਾਈਕਲ ਤੇ ਸਕੂਟਰ ਆਪੇ ਖੜ੍ਹੀ ਜਾਂਦੇ ਨੇ।
ਜਿਨ੍ਹਾਂ ਦੀਆਂ ਫ਼ਸਲਾਂ, ਪਸ਼ੂ ਤੇ ਘਰ ਰਹੇ ਨਾ,
ਉਨ੍ਹਾਂ ਨੂੰ ਕਿਸੇ ਨੇ ਪੈਸੇ ਦੇਣੇ ਉਧਾਰੇ ਨਾ।
ਮਾੜੀ ਨੀਅਤ ਵਾਲੇ ਨੇਤਾ ਬਹਿਸ ਕਰੀ ਜਾਂਦੇ ਨੇ,
ਗੱਲੀਂ ਬਾਤੀਂ ਲੋਕਾਂ ਨੂੰ ਸਭ ਕੁਝ ਦਈ ਜਾਂਦੇ ਨੇ।
ਰੱਬ ਤੱਕ ਵੀ ਕਿਸੇ ਦੀ ਪੁੱਜੀ ਅਰਦਾਸ ਨਾ,
ਹੜ੍ਹ ਦੇ ਪਾਣੀ ਨੇ ਕਿਸੇ ਦੀ ਕੀਤੀ ਪ੍ਰਵਾਹ ਨਾ।
ਹੜ੍ਹ ਪੀੜਤ ਆਪਣੇ ਪੈਰਾਂ ਤੇ ਖੜ੍ਹੇ ਕਿਵੇਂ ਹੋਣਗੇ?
ਢੇਰੀ ਹੋਏ ਘਰਾਂ 'ਚ ਉਨ੍ਹਾਂ ਦੇ ਵਾਸੇ ਕਿਵੇਂ ਹੋਣਗੇ?
ਗੁਰੂ ਨਾਨਕ ਦੇ ਜਿਹੜੇ ਸੱਚੇ ਪੈਰੋਕਾਰ ਨੇ,
ਉਹ ਉਨ੍ਹਾਂ ਲਈ ਸਭ ਕੁਝ ਕਰਨ ਨੂੰ ਤਿਆਰ ਨੇ।
ਸਮਾਂ ਪੈ ਕੇ 'ਮਾਨ' ਸਭ ਕੁਝ ਠੀਕ ਹੋ ਜਾਣਾ ਏਂ,
ਉਜੜੇ ਪੰਜਾਬ ਨੇ ਫਿਰ ਮੋਹਰੀ ਸੂਬਾ ਬਣ ਜਾਣਾ ਏਂ।

ਮਹਿੰਦਰ ਸਿੰਘ ਮਾਨ
9915803554

# ਕੀ ਐਮਬੀਬੀਐਸ-ਆਯੁਰਵੈਦ ਦੀ ਸਾਂਝੀ ਡਿਗਰੀ ਯੋਗ ਡਾਕਟਰ ਪੈਦਾ ਕਰ ਸਕਦੀ ਹੈ ?

ਇੱਕ ਸੰਯੁਕਤ ਐਮਬੀਬੀਐਸ-ਆਯੁਰਵੈਦਿਕ ਡਿਗਰੀ ਸੰਭਾਵੀ ਤੌਰ 'ਤੇ ਯੋਗ ਡਾਕਟਰ ਪੈਦਾ ਕਰ ਸਕਦੀ ਹੈ, ਪਰ ਇਹ ਸੰਕਲਪ ਬਹੁਤ ਵਿਵਾਦਪੂਰਨ ਹੈ ਅਤੇ ਮਹੱਤਵਪੂਰਨ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਭਾਰਤ ਵਿੱਚ ਇਸ ਸਮੇਂ ਦੋਵੇਂ ਡਿਗਰੀਆਂ ਪ੍ਰਦਾਨ ਕਰਨ ਵਾਲਾ ਕੋਈ ਏਕੀਕ੍ਰਿਤ ਕੋਰਸ ਨਹੀਂ ਹੈ, ਹਾਲਾਂਕਿ ਇੱਕ ਪ੍ਰਸਤਾਵਿਤ ਕੀਤਾ ਗਿਆ ਹੈ। ਬਹਿਸ ਇਸ ਗੱਲ 'ਤੇ ਕੇਂਦਰਿਤ ਹੈ ਕਿ ਕੀ ਇੱਕ ਸਿੰਗਲ, ਏਕੀਕ੍ਰਿਤ ਪ੍ਰੋਗਰਾਮ ਇੱਕ ਡਾਕਟਰ ਨੂੰ ਦੋ ਵੱਖ-ਵੱਖ ਮੈਡੀਕਲ ਪ੍ਰਣਾਲੀਆਂ ਵਿੱਚ ਢੁਕਵੇਂ ਢੰਗ ਨਾਲ ਸਿਖਲਾਈ ਦੇ ਸਕਦਾ ਹੈ ਜਿਨ੍ਹਾਂ ਦੇ ਮੂਲ ਰੂਪ ਵਿੱਚ ਵੱਖ-ਵੱਖ ਦਰਸ਼ਨ, ਵਿਧੀਆਂ ਅਤੇ ਰੈਗੂਲੇਟਰੀ ਢਾਂਚੇ ਹਨ। ਪ੍ਰਸਤਾਵਿਤ ਸੰਯੁਕਤ ਡਿਗਰੀ ਜਦੋਂ ਕਿ ਅਜਿਹਾ ਕੋਈ ਪ੍ਰੋਗਰਾਮ ਮੌਜੂਦ ਨਹੀਂ ਹੈ, ਜਵਾਹਰ ਲਾਲ ਇੰਸਟੀਚਿਊਟ ਆਫ਼ ਪੋਸਟ ਗ੍ਰੈਜੂਏਟ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ ਨੇ ਇੱਕ ਏਕੀਕ੍ਰਿਤ ?ਐਮਬੀਬੀਐਸ- ਬੀਏਐਮਐਸ (ਬੈਚਲਰ ਆਫ਼ ਆਯੁਰਵੈਦਿਕ ਮੈਡੀਸਨ ਐਂਡ ਸਰਜਰੀ) ਪ੍ਰੋਗਰਾਮ ਦਾ ਪ੍ਰਸਤਾਵ ਰੱਖਿਆ ਹੈ। ਇਸਦਾ ਟੀਚਾ ਅਜਿਹੇ ਡਾਕਟਰ ਬਣਾਉਣਾ ਹੈ ਜੋ ਆਧੁਨਿਕ ਦਵਾਈ ਦੀ ਵਿਗਿਆਨਕ ਕਠੋਰਤਾ ਨੂੰ ਆਯੁਰਵੇਦ ਦੀ ਸੰਪੂਰਨ ਬੁੱਧੀ ਨਾਲ ਮਿਲਾ ਸਕਣ। ਇਸਨੂੰ ਡਾਕਟਰੀ ਬਹੁਲਵਾਦ ਨੂੰ ਉਤਸ਼ਾਹਿਤ ਕਰਨ ਅਤੇ ਸੰਭਾਵੀ ਤੌਰ 'ਤੇ ਏਕੀਕ੍ਰਿਤ ਸਿਹਤ ਸੰਭਾਲ ਦੀ ਵੱਧ ਰਹੀ ਲੋੜ ਨੂੰ ਪੂਰਾ ਕਰਨ ਦੇ ਇੱਕ ਤਰੀਕੇ ਵਜੋਂ ਦੇਖਿਆ ਜਾਂਦਾ ਹੈ। ਪ੍ਰਸਤਾਵਿਤ ਕੋਰਸ ਇੱਕ ਡਿਗਰੀ ਤੋਂ ਲੰਬਾ ਹੋਣ ਦੀ ਉਮੀਦ ਹੈ, ਸੰਭਾਵਤ ਤੌਰ 'ਤੇ ਪੰਜ ਸਾਲਾਂ ਤੋਂ ਵੱਧ ਅਤੇ ਇੱਕ ਸਾਲ ਦੀ ਇੰਟਰਨਸ਼ਿਪ। ਏਕੀਕਰਨ ਦੇ ਸੰਭਾਵੀ ਲਾਭ ਆਧੁਨਿਕ ਦਵਾਈ ਅਤੇ ਆਯੁਰਵੇਦ ਨੂੰ ਜੋੜਨ ਨਾਲ ਕਈ ਫਾਇਦੇ ਹੋ ਸਕਦੇ ਹਨ:

**ਸੰਪੂਰਨ ਮਰੀਜ਼ਾਂ ਦੀ ਦੇਖਭਾਲ:** ਇੱਕ ਸੰਯੁਕਤ ਪਹੁੰਚ ਵਧੇਰੇ ਵਿਆਪਕ ਮਰੀਜ਼ਾਂ ਦੀ ਦੇਖਭਾਲ ਵੱਲ ਲੈ ਜਾ ਸਕਦੀ ਹੈ, ਜਿਸ ਵਿੱਚ ਬਿਮਾਰੀਆਂ ਦੇ ਇਲਾਜ ਅਤੇ ਜੀਵਨਸ਼ੈਲੀ ਵਿੱਚ ਤਬਦੀਲੀਆਂ ਅਤੇ ਰੋਕਥਾਮ ਉਪਾਵਾਂ ਰਾਹੀਂ ਸਮੁੱਚੀ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ, ਜੋ ਕਿ ਆਯੁਰਵੇਦ ਦੇ ਮੁੱਖ ਸਿਧਾਂਤ ਹਨ।



**ਪੁਰਾਣੀ ਬਿਮਾਰੀ ਨੂੰ ਸੰਬੋਧਿਤ ਕਰਨਾ:** ਜੀਵਨ ਸ਼ੈਲੀ ਵਿੱਚ ਦਖਲਅੰਦਾਜ਼ੀ ਅਤੇ ਕੁਦਰਤੀ ਪਦਾਰਥਾਂ 'ਤੇ ਆਯੁਰਵੇਦ ਦਾ ਜ਼ੋਰ ਪੁਰਾਣੀਆਂ, ਗੈਰ-ਸੰਚਾਰੀ ਬਿਮਾਰੀਆਂ ਦੇ ਪ੍ਰਬੰਧਨ ਲਈ ਘੱਟ ਲਾਗਤ ਵਾਲੇ, ਲੰਬੇ ਸਮੇਂ ਦੇ ਵਿਕਲਪ ਪੇਸ਼ ਕਰ ਸਕਦਾ ਹੈ, ਜੋ ਕਿ ਇੱਕ ਵਧ ਰਹੀ ਵਿਸ਼ਵਵਿਆਪੀ ਸਿਹਤ ਚਿੰਤਾ ਹੈ।

**ਵਿਆਪਕ ਇਲਾਜ ਵਿਕਲਪ:** ਦੋਹਰੀ ਡਿਗਰੀ ਵਾਲੇ ਡਾਕਟਰ ਕੋਲ ਡਾਇਗਨੋਸਟਿਕ ਅਤੇ ਇਲਾਜ ਸੰਬੰਧੀ ਸਾਧਨਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਹੋਵੇਗੀ, ਜੋ ਸੰਭਾਵੀ ਤੌਰ 'ਤੇ ਕੁਝ ਮਰੀਜ਼ਾਂ ਲਈ ਬਿਹਤਰ ਨਤੀਜੇ ਲੈ ਸਕਦੀ ਹੈ। ਚੁਣੌਤੀਆਂ ਅਤੇ ਆਲੋਚਨਾਵਾਂ ਸੰਯੁਕਤ ਡਿਗਰੀ ਦੇ ਸੰਕਲਪ ਦਾ ਮੈਡੀਕਲ ਭਾਈਚਾਰੇ ਦੇ ਬਹੁਤ ਸਾਰੇ ਲੋਕਾਂ ਵੱਲੋਂ ਸਖ਼ਤ ਵਿਰੋਧ ਕੀਤਾ ਜਾ ਰਿਹਾ ਹੈ, ਜੋ ਮਰੀਜ਼ਾਂ ਦੀ ਸੁਰੱਖਿਆ ਅਤੇ ਪਾਠਕ੍ਰਮ ਦੀ ਵਿਗਿਆਨਕ ਵੈਧਤਾ ਬਾਰੇ ਚਿੰਤਾਵਾਂ ਉਠਾਉਂਦੇ ਹਨ।



ਵਿਜੈ ਗਰਗ
ਸਾਬਕਾ ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ
9465682110

**ਬੁਨਿਆਦੀ ਤੌਰ 'ਤੇ ਵੱਖ-ਵੱਖ ਪ੍ਰਣਾਲੀਆਂ:** ਆਧੁਨਿਕ ਦਵਾਈ ਸਬੂਤ-ਅਧਾਰਤ ਅਭਿਆਸ 'ਤੇ ਅਧਾਰਤ ਹੈ, ਜਿਸ ਵਿੱਚ ਕਲੀਨਿਕਲ ਅਜ਼ਮਾਇਸ਼ਾਂ, ਡਬਲ-ਬਲਾਈਂਡ ਅਧਿਐਨਾਂ, ਅਤੇ ਦਵਾਈਆਂ ਅਤੇ ਇਲਾਜਾਂ ਲਈ ਰੈਗੂਲੇਟਰੀ ਪ੍ਰਵਾਨਗੀ ਦੀ ਇੱਕ ਸਖ਼ਤ ਪ੍ਰਕਿਰਿਆ ਹੈ। ਦੂਜੇ ਪਾਸੇ, ਆਯੁਰਵੇਦ, ਪ੍ਰਾਚੀਨ ਗ੍ਰੰਥਾਂ ਅਤੇ ਦੋਸ਼ਾਂ (ਸਰੀਰ ਦੇ ਹਾਸੇ) ਅਤੇ ਪ੍ਰਕ੍ਰਿਤੀ (ਸੰਵਿਧਾਨ) ਵਰਗੇ ਸੰਕਲਪਾਂ 'ਤੇ ਅਧਾਰਤ ਦਵਾਈ ਦੀ ਇੱਕ ਰਵਾਇਤੀ ਪ੍ਰਣਾਲੀ ਹੈ, ਜੋ ਵਿਗਿਆਨਕ ਤੌਰ 'ਤੇ ਪ੍ਰਮਾਣਿਤ ਨਹੀਂ ਹਨ। ਆਲੋਚਕ ਦਲੀਲ ਦਿੰਦੇ ਹਨ ਕਿ ਇਹ ਦੋਵੇਂ ਪ੍ਰਣਾਲੀਆਂ ਅਸੰਗਤ ਹਨ।

**'ਮਿਕਸੋਪੈਥੀ' ਸੰਬੰਧੀ ਚਿੰਤਾਵਾਂ:** ਇੰਡੀਅਨ ਮੈਡੀਕਲ ਐਸੋਸੀਏਸ਼ਨ ਨੇ ਇਸ ਵਿਚਾਰ 'ਤੇ ਸਖ਼ਤ ਇਤਰਾਜ਼ ਜਤਾਇਆ ਹੈ, ਇਸਨੂੰ 'ਮਿਕਸੋਪੈਥੀ' ਕਿਹਾ ਹੈ। ਉਨ੍ਹਾਂ ਦਾ ਤਰਕ ਹੈ ਕਿ ਇੱਕ ਵਿਗਿਆਨਕ ਤੌਰ 'ਤੇ ਪ੍ਰਮਾਣਿਤ ਪ੍ਰਣਾਲੀ ਨੂੰ ਇੱਕ ਰਵਾਇਤੀ ਪ੍ਰਣਾਲੀ ਨਾਲ ਮਿਲਾਉਣ ਨਾਲ ਪ੍ਰੈਕਟੀਸ਼ਨਰਾਂ ਨੂੰ ਉਲਝਣ ਵਿੱਚ ਪੈ ਸਕਦਾ ਹੈ, ਮਰੀਜ਼ਾਂ ਦੀ ਸੁਰੱਖਿਆ ਨਾਲ ਸਮਝੌਤਾ ਹੋ ਸਕਦਾ ਹੈ, ਅਤੇ ਡਾਕਟਰੀ ਸਿੱਖਿਆ ਦੀ ਗੁਣਵੱਤਾ ਨੂੰ ਪਤਲਾ ਕਰ ਸਕਦਾ ਹੈ।

**ਰੈਗੂਲੇਟਰੀ ਰੁਕਾਵਟਾਂ:** ਆਧੁਨਿਕ ਦਵਾਈ ਲਈ ਰੈਗੂਲੇਟਰੀ ਸੰਸਥਾਵਾਂ (ਨੈਸ਼ਨਲ ਮੈਡੀਕਲ ਕਮਿਸ਼ਨ - ਅਤੇ ਭਾਰਤੀ ਦਵਾਈ ਪ੍ਰਣਾਲੀਆਂ (ਨੈਸ਼ਨਲ ਕਮਿਸ਼ਨ ਫਾਰ ਇੰਡੀਅਨ ਸਿਸਟਮ ਆਫ਼ ਮੈਡੀਸਨ ਵੱਖ-ਵੱਖ ਕਾਨੂੰਨਾਂ ਅਧੀਨ ਕੰਮ ਕਰਦੀਆਂ ਹਨ। ਇਸ ਵੇਲੇ ਸੰਯੁਕਤ ਡਿਗਰੀ ਲਈ ਕੋਈ ਕਾਨੂੰਨੀ ਪ੍ਰਬੰਧ ਨਹੀਂ ਹੈ। ਇਸ ਤੋਂ ਇਲਾਵਾ, ਬਹੁਤ ਸਾਰੇ ਆਯੁਰਵੈਦਿਕ ਇਲਾਜਾਂ ਅਤੇ ਫਾਰਮੂਲਿਆਂ ਲਈ ਮਿਆਰੀ ਗੁਣਵੱਤਾ ਨਿਯੰਤਰਣ ਦੀ ਘਾਟ ਬਾਰੇ ਚਿੰਤਾਵਾਂ ਹਨ। ਜੇਕਰ ਦੋ ਬਹੁਤ ਹੀ ਵੱਖ-ਵੱਖ ਡਾਕਟਰੀ ਦਰਸ਼ਨਾਂ ਨੂੰ ਇੱਕੋ ਸਮੇਂ ਵਿੱਚ ਜੋੜਿਆ ਜਾਂਦਾ ਹੈ ਤਾਂ ਅਕਾਦਮਿਕ ਮਿਆਰ ਅਤੇ ਮਰੀਜ਼ਾਂ ਦੀ ਸੁਰੱਖਿਆ ਖ਼ਤਰੇ ਵਿੱਚ ਪੈ ਸਕਦੀ ਹੈ, ਜਿਵੇਂ ਕਿ ਇੰਡੀਅਨ ਮੈਡੀਕਲ ਐਸੋਸੀਏਸ਼ਨ ਵਰਗੀਆਂ ਪੇਸ਼ੇਵਰ ਸੰਸਥਾਵਾਂ ਪਹਿਲਾਂ ਹੀ ਚੇਤਾਵਨੀ ਦੇ ਚੁੱਕੀਆਂ ਹਨ। ਅੰਤਰ-ਅਨੁਸ਼ਾਸਨੀ ਐਕਸਪੋਜ਼ਰ ਲਾਭਦਾਇਕ ਹੈ, ਪਰ ਮੇਰੀ ਰਾਏ ਵਿੱਚ, ਕਿਸੇ ਵੀ ਨਵੇਂ ਪਾਠਕ੍ਰਮ ਨੂੰ ਖੁੱਲ੍ਹੇਆਮ ਸਥਾਪਿਤ ਕਰਨ ਦੀ ਲੋੜ ਹੈ, ਰੈਗੂਲੇਟਰੀ ਸਹਾਇਤਾ ਅਤੇ ਸਪੱਸ਼ਟ ਕਰੀਅਰ ਨਤੀਜਿਆਂ ਦੇ ਨਾਲ। ਇਸ ਦੌਰਾਨ, ਉਮੀਦਵਾਰਾਂ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ ਅਤੇ ਇਹ ਮੰਨਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਕਿ ਇਹ ਦੋਹਰੀ ਡਿਗਰੀ ਵਧੇਰੇ ਰਵਾਇਤੀ ਸਟੈਂਡਅਲੋਨ ਪ੍ਰਮਾਣ ਪੱਤਰਾਂ ਵਾਂਗ ਮਾਨਤਾ ਪ੍ਰਾਪਤ ਹੋਵੇਗੀ।

**ਬਹੁਤ ਜ਼ਿਆਦਾ ਬੋਝ ਵਾਲਾ ਪਾਠਕ੍ਰਮ:** ਦੋਹਰੀ ਡਿਗਰੀ ਲਈ ਬਹੁਤ ਜ਼ਿਆਦਾ ਅਧਿਐਨ ਦੀ ਲੋੜ ਹੁੰਦੀ ਹੈ, ਜਿਸ ਨਾਲ ਇਹ ਸਵਾਲ ਉੱਠਦੇ ਹਨ ਕਿ ਕੀ ਵਿਦਿਆਰਥੀ ਬਿਨਾਂ ਕਿਸੇ ਲੰਬੇ ਅਤੇ ਤੀਬਰ ਅਧਿਐਨ ਦੇ ਦੋਵਾਂ ਖੇਤਰਾਂ ਵਿੱਚ ਸੱਚਮੁੱਚ ਯੋਗਤਾ ਪ੍ਰਾਪਤ ਕਰ ਸਕਦੇ ਹਨ। ਇੱਕ ਵਿਦਿਆਰਥੀ ਨੂੰ ਨਾ ਸਿਰਫ਼ ਸਰੀਰ ਵਿਗਿਆਨ ਅਤੇ ਫਾਰਮਾਕੋਲੋਜੀ ਵਰਗੇ ਗੁੰਝਲਦਾਰ ਡਾਕਟਰੀ ਵਿਗਿਆਨਾਂ ਵਿੱਚ ਮੁਹਾਰਤ ਹਾਸਲ ਕਰਨੀ ਪਵੇਗੀ, ਸਗੋਂ ਰਵਾਇਤੀ ਆਯੁਰਵੈਦਿਕ ਗ੍ਰੰਥਾਂ ਵਿੱਚ ਵੀ ਮੁਹਾਰਤ ਹਾਸਲ ਕਰਨੀ ਪਵੇਗੀ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਸੰਸਕ੍ਰਿਤ ਵਿੱਚ ਹਨ।

# ਰੂਹ ਦੀ ਖ਼ੁਰਾਕ ਵਰਗਾ ਕਹਾਣੀ ਸੰਗ੍ਰਹਿ - 'ਸਤਨਾਜਾ' ! !


ਚਰਨਜੀਤ ਸਿੰਘ ਪੰਨੂ ਨੇ ਭਾਵੇਂ ਖ਼ੁਦ ਨੂੰ ਅਜੇ ਤੱਕ ਵੀ ਇੱਕ 'ਪਾਠਕ ਦੀ ਉਪਾਧੀ' ਨਾਲ ਹੀ 'ਨਰੜਿਆ' ਹੋਇਆ ਹੈ, ਪਰ ਫਿਰ ਵੀ ਪੰਜਾਬੀ ਸਾਹਿਤ ਦੇ ਇਸ ਸਮਰੱਥ ਸਾਹਿਤਕਾਰ ਨੂੰ ਕਿਸੇ ਰਸਮੀ ਜਾਣ ਪਹਿਚਾਣ ਦੀ ਜ਼ਰੂਰਤ ਨਹੀਂ ਹੈ। ਇੱਕ ਬਹੁ-ਵਿਧਾਵੀ ਲੇਖਕ, ਜਿਸ ਨੇ ਹੁਣ ਤੱਕ 9 ਕਹਾਣੀ ਸੰਗ੍ਰਹਿ, 10 ਸਫ਼ਰਨਾਮੇ, 5 ਕਾਵਿ ਸੰਗ੍ਰਹਿ, 2 ਵਾਰਤਕ ਸੰਗ੍ਰਹਿ, ਇੱਕ ਇਕਾਂਗੀ ਸੰਗ੍ਰਹਿ ਅਤੇ ਇੱਕ ਨਾਵਲ ਨੂੰ ਪਾਠਕਾਂ ਅਤੇ ਪੰਜਾਬੀ ਸਾਹਿਤ ਦੇ ਨਾਮ ਕਰਦਿਆਂ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ ਹੈ!

ਚਰਨਜੀਤ ਪੰਨੂ ਦੀ ਲੇਖਣੀ ਬੜੀ ਸਧਾਰਨ, ਪਰ ਪ੍ਰਭਾਵਸ਼ਾਲੀ ਸ਼ੈਲੀ ਵਿੱਚ ਹੁੰਦੀ ਹੈ। ਆਪਣੇ ਡੂੰਘੇ ਸ਼ਬਦੀ ਜ਼ਖ਼ੀਰੇ ਵਿੱਚੋਂ ਚੋਣਵੇਂ ਸ਼ਬਦਾਂ ਨੂੰ ਭਾਲ ਕੇ ਦਿਲ ਟੁੰਬਦੀ ਤਰਤੀਬ ਵਿੱਚ ਪਰੋ ਦੇਂਦਾ ਹੈ। ਭੁੱਲੇ ਵਿੱਸਰੇ ਸ਼ਬਦ ਵੀ ਪਾਠਕਾਂ ਨਾਲ ਸਾਂਝੇ ਕਰ ਦਿੰਦਾ ਹੈ। ਉਸ ਦੀਆਂ ਰਚਨਾਵਾਂ ਦੇ ਪਾਤਰ ਅਕਸਰ ਜਾਣੇ-ਪਛਾਣੇ ਜਿਹੇ ਲੱਗਦੇ ਰਹਿੰਦੇ ਹਨ, ਜੋ ਪਾਠਕਾਂ ਨਾਲ ? ਕਿੱਕਲੀਆਂ ਪਾਉਂਦਿਆਂ ਉਨ੍ਹਾਂ ਨੂੰ ਆਪਣੇ ਨਾਲ ? ਹੀ ਤੋਰ ਲੈਂਦੇ ਹਨ। ਰਚਨਾਵਾਂ ਦੀ ਰੂਹ ਅੰਦਰਲੇ 'ਅਨੁਭਵ, ਅਹਿਸਾਸ ਅਤੇ ਸੁਨੇਹੇ' ਖ਼ੁਦ-ਬ-ਖ਼ੁਦ ਪਾਠਕਾਂ ਦੀ ਰੂਹ ਤੱਕ ਅੱਪੜ ਜਾਂਦੇ ਹਨ।

**ਰੂਹ ਦੀ ਖ਼ੁਰਾਕ ਵਰਗੀਆਂ ਕਹਾਣੀਆਂ ਦਾ ਸਤਨਾਜਾ :** ਸੱਤ ਖ਼ੂਬਸੂਰਤ ਰੰਗਾਂ ਦੇ ਸੁਮੇਲ ਤੋਂ ਬਣੀ ਸੂਰਜ ਦੀ ਕਿਰਨ ਵਾਂਗ ਹੀ 'ਸਤਨਾਜਾ' ਵੀ ਪਾਠਕ ਦੇ 'ਰੂਹ ਦੀ ਖ਼ੁਰਾਕ' ਵਰਗੀਆਂ ਸੱਤ ਵੰਨ-ਸੁਵੰਨੀਆਂ ਅਤੇ ਰੰਗ-ਬਰੰਗੀਆਂ ਕਹਾਣੀਆਂ ਦਾ ਸੁਮੇਲ ਹੈ। ਕਹਾਣੀਆਂ ਕਦੇ ਕਦੇ ਮਿੰਨੀ ਨਾਵਲਾਂ ਵਰਗੀਆਂ ਵੀ ਲਗਦੀਆਂ ਹਨ।

ਖੋਜੀ ਬਿਰਤੀ ਵਾਲੇ ਸੰਵੇਦਨਸ਼ੀਲ ਪੰਨੂ ਦੀਆਂ ਲਿਖਤਾਂ ਵਿੱਚ ਇੱਕ ਵਿਲੱਖਣਤਾ ਇਹ ਵੀ ਹੈ ਕਿ ਉਹ ਸਿਰਜਣਾ ਨਾਲ ਸਬੰਧਤ ਸਮਾਜਿਕ, ਧਾਰਮਿਕ, ਵਿਗਿਆਨਿਕ, ਇਤਿਹਾਸਿਕ, ਰਾਜਨੀਤਿਕ, ਸੱਭਿਆਚਾਰਿਕ ਅਤੇ ਆਰਥਿਕ ਪੱਖਾਂ ਅਤੇ ਤੱਥਾਂ ਨੂੰ ਪਹਿਲਾਂ ਆਪਣੀ ਪਾਰਖੂ ਅਤੇ ਤੁਲਨਾਤਮਿਕ ਅੱਖ ਨਾਲ ਵਾਚਦਾ ਹੈ, ਰਿੜਕਦਾ ਹੈ ਅਤੇ ਫੇਰ ਸੂਖ਼ਮਤਾ ਨਾਲ ਅਲ਼ਫ਼ਾਜ਼ਾਂ ਦੇ ਬਸਤਰ ਅਤੇ ਗਹਿਣੇ ਪਾ ਦਿੰਦਾ ਹੈ। ਲਿਖਤਾਂ ਵਿੱਚੋਂ ਸਹਿਜਤਾ ਝਲਕਦੀ ਹੈ ਅਤੇ ਕਥਾ-ਰਸ ਹੁੰਦਾ ਹੈ। 'ਸਤਨਾਜਾ' ਨੂੰ ਸਿਰਜਦਿਆਂ ਵੀ.. ਉਸ ਨੇ ਇਸ ਵਿਲੱਖਣ ਸਿਰਜਾਣਤਮਿਕਤਾ ਨੂੰ ਖ਼ੂਬ ਕਾਇਮ ਰੱਖਿਆ।

**ਆਖ਼ਰੀ ਚੀਕ :** ਲੇਖਕ ਨੇ ਇਸ ਸੰਗ੍ਰਹਿ ਦੀ ਸ਼ੁਰੂਆਤ 'ਆਖ਼ਰੀ ਚੀਕ' ਕਹਾਣੀ ਨਾਲ ਇੱਕ 'ਸਸਪੈਂਸ ਮੂਵੀ' ਵਾਂਗ ਕੀਤੀ ਹੈ। ਕਹਾਣੀ ਦਾ 'ਸੂਤਰਧਾਰ' ਇਸ ਕਹਾਣੀ ਦੇ ਕਿਰਦਾਰਾਂ - ਭਾਰਗੋ ਉਰਫ ਭਾਪਾ, ਇੰਦੂ, ਹਰਭਾਨ, ਕਾਲਾ ਸਿੰਘ ਅਤੇ ਨਿਹਾਲੇ ਗਾਰਡ ਦੇ ਤਾਣਿਆ-ਬਾਣਿਆਂ ਦੀਆਂ ਤੰਦਾਂ ਨੂੰ ਖ਼ੂਬਸੂਰਤੀ ਨਾਲ ਵਰਨਣ ਕਰਦਾ ਹੈ। ਕਹਾਣੀ ਦੀ ਰੂਹ ਅੰਦਰ ਨਿੱਘਰ ਰਹੀਆਂ ਸਮਾਜਿਕ ਕਦਰਾਂ ਕੀਮਤਾਂ, ਅਫ਼ਸਰਸ਼ਾਹੀ ਦੀ ਜ਼ਿੰਦਗੀ, ਚਰਿੱਤਰਹੀਣ ਤੇ ਅਨੈਤਿਕ ਵਰਤਾਰੇ, ਵਿਸ਼ਵਾਸਘਾਤ ਅਤੇ ਭ੍ਰਿਸ਼ਟ ਪ੍ਰਣਾਲੀ ਦਾ ਚਿਤਰਨ ਹੈ। ਕਹਾਣੀ ਅੰਦਰਲੇ ਸ਼ਬਦ-ਚਿੱਤਰਾਂ, ਦ੍ਰਿਸ਼ਾਂ ਅਤੇ ਮਹੌਲ ਦਾ ਵੀ ਖ਼ੂਬਸੂਰਤੀ ਨਾਲ ਵਰਨਣ ਕੀਤਾ ਹੈ। ਪਾਠਕ ਨੂੰ ਇੰਜ ਲੱਗਦਾ ਹੈ ਜਿਵੇਂ ਉਹ ਕਹਾਣੀ ਦੇ ਕਿਰਦਾਰਾਂ ਨੂੰ ਅੱਖੀਂ ਦੇਖ ਰਿਹਾ ਹੋਵੇ, ਮਹਿਸੂਸ ਕਰ ਰਿਹਾ ਹੋਵੇ ਅਤੇ ਉਨ੍ਹਾਂ ਦੇ ਨਾਲ-ਨਾਲ ਚੱਲ ਵੀ ਰਿਹਾ ਹੋਵੇ। ਕਹਾਣੀ ਭੂਗੋਲਿਕ ਖਿੱਤਿਆਂ ਦੀਆਂ ਸੀਮਾਵਾਂ ਨੂੰ ਪਾਰ ਕਰਦੀ ਹੋਈ ਸੱਤ ਸਮੁੰਦਰ ਦੂਰ ਜਾ ਕੇ .. 'ਆਖ਼ਰੀ ਚੀਕ' ਮਾਰਦੀ ਹੈ। ਭਾਰਗੋ ਅਤੇ ਇੰਦੂ ਇੱਕ ਦੂਸਰੇ ਦੇ ਨਜਾਇਜ਼ ਸੰਬੰਧ ਜਾਣਦੇ ਹੋਏ ਵੀ ਅਣਜਾਣ ਬਣੇ ਰਹਿੰਦੇ ਹਨ। ਭਾਰਗੋ ਇੱਕ ਸੋਹਣਾ, ਆਕਰਸ਼ਕ ਅਤੇ ਪ੍ਰਭਾਵਸ਼ਾਲੀ ਪਰ ਸੁਆਰਥੀ, ਭ੍ਰਿਸ਼ਟ ਅਤੇ ਚਰਿਤਰਹੀਣ ਅਧਿਕਾਰੀ ਹੈ ਜੋ ਆਪਣੇ ਮੁਲਾਜ਼ਮਾਂ ਅਤੇ ਹੋਰ ਲੋੜਵੰਦਾਂ ਦਾ ਰੱਜ ਕੇ ਸ਼ੋਸ਼ਣ ਕਰਦਾ ਹੈ। ਭਾਵੇਂ ਭਾਰਗੋ ਇੱਕ ਪ੍ਰਭਾਵਸ਼ਾਲੀ ਆਦਮੀ ਹੈ ਪਰ ਲੇਖਕ ਨੇ ਉਸ ਦੀ ਮਾਨਸਿਕ ਅਵਸਥਾ ਅਤੇ ਬੈਚੇਨੀ ਨੂੰ ਬਹੁਤ ਹੀ ਖ਼ੂਬਸੂਰਤ ਤਰੀਕੇ ਨਾਲ ਬਿਆਨ ਕੀਤਾ ਹੈ। ਖ਼ਾਸ ਕਰਕੇ ਜਿਸ ਵਕਤ ਉਹ ਆਪਣੀ ਪਤਨੀ ਨੂੰ ਸਹਾਰਨਪੁਰ ਜਾਣ ਲਈ ਉਸ ਰੇਲਵੇ ਗਾਰਡ ਨਿਹਾਲੇ ਦੇ ਹਵਾਲੇ ਕਰ ਆਉਂਦਾ ਹੈ ਜਿਸ ਨਾਲ ਰਲ ਕੇ ਉਹ ਖ਼ੁਦ ਰੰਗ-ਰਲੀਆਂ ਮਨਾਉਂਦਾ ਰਿਹਾ। ਉਸ ਦਾ ਅੰਦਰੂਨੀ ਖ਼ੌਫ਼ ਕਿ ਨਿਹਾਲਾ ਗਾਰਡ ਅਤੇ ਇੰਦੂ ਵੀ ਇਹੋ ਜਿਹੀਆਂ ਡੁਬਕੀਆਂ ਲਾਉਣਗੇ ਆਖ਼ਰ ਸੱਚ ਹੀ ਹੋ ਨਿਬੜਦਾ ਹੈ।




**ਕਿਸਮਤ ਪੁੜੀ :** ਇੱਕ ਗਜ਼ਬ ਦੀ ਕਹਾਣੀ ਹੈ ਜਿਸ ਵਿੱਚ ਪੰਨੂ ਸਾਹਿਬ ਨੇ ਰਿਸ਼ਤਿਆਂ ਦੀ ਖ਼ੂਬਸੂਰਤੀ, ਮਜਬੂਰੀ, ਰਹਿਤਲ ਅਤੇ ਦਲਦਲ ਦੇ ਗੁੰਝਲਦਾਰ 'ਸੰਗਮ' ਨੂੰ ਪਾਠਕਾਂ ਨਾਲ ਸਾਂਝਿਆਂ ਕੀਤਾ ਹੈ। ਕਹਾਣੀ ਇੱਕ ਬੈਕਫਲੈਸ਼ ਵਾਂਗ ਚੱਲਦੀ ਹੈ। ਲਾਡੀ ਨੂੰ ਅਮਰੀਕੀ ਬਾਸ਼ਿੰਦਾ ਰਾਬਰਟ ਭਾਵੇਂ ਕਿਸਮਤ ਦੀ ਪੁੜੀ ਵਾਂਗ ਹੀ ਜਾਪਿਆ ਸੀ, ਜਿਸ ਦੇ ਖੰਭਾਂ 'ਤੇ ਚੜ੍ਹ ਕੇ ਉਸ ਨੇ ਆਪਣੇ ਜੀਵਨ ਦੀ ਅਧੂਰੀ ਪਰਵਾਜ਼ ਪੂਰੀ ਕਰਨੀ ਸੀ ਪਰ ਫਿਰ ਵੀ ਉਹ ਆਪਣੇ ਮਾਂ-ਬਾਪ ਦੇ ਮੋਹਵੰਤੇ ਰਿਸ਼ਤੇ ਅਤੇ ਮਜਬੂਰੀ ਦੀਆਂ ਤੰਦਾਂ ਵਿੱਚ ਜਕੜੀ ਹੀ ਰਹਿ ਗਈ। ਰਿਸ਼ਤਿਆਂ ਦੇ ਦੋ ਪੁੜਾਂ ਵਿੱਚ ਪੀਸਦੀ ਹੋਈ ਉਹ ਰਾਬਰਟ ਦੇ ਮਾਪ ਦੰਡਾਂ 'ਤੇ ਖਰੀ ਨਾ ਉੱਤਰ ਪਾਈ। ਉਸ ਦੇ ਮਨ ਦੀਆਂ ਖਾਹਿਸ਼ਾਂ ਮਨ ਵਿੱਚ ਹੀ ਦੱਬੀਆਂ ਰਹਿ ਗਈਆਂ। ਇਸ ਵਰਤਾਰੇ ਵਿੱਚ ਉਹ 'ਸਿਰ-ਮੁੰਨੀ' ਵੀ ਬਣੀ, ਰਾਬਰਟ ਨੂੰ ਖ਼ੁਸ਼ ਕਰਨ ਲਈ 'ਕਈ ਕੁਛ' ਕਰ ਵੀ ਗਈ ਪਰ ਅਖ਼ੀਰ ਵਿੱਚ ਰਾਬਰਟ ਦੀਆਂ ਸੁਆਰਥੀ ਅਤੇ ਬੇ-ਲੱਜ ਨਜ਼ਰਾਂ ਵਿੱਚ 'ਮੇਰੀ-ਲਾਡੀ' ਤੋਂ 'ਭੈਣ-ਜੀ' ਬਣਦਿਆਂ ਤਲਾਕਸ਼ੁਦਾ ਦੀ ਤਲਾਕਸ਼ੁਦਾ ਹੀ ਰਹਿ ਗਈ..। ਚਰਨਜੀਤ ਪੰਨੂ ਕਿਉਂਕਿ ਖ਼ੁਦ ਕੈਲੀਫ਼ੋਰਨੀਆ ਦੇ ਵਾਸੀ ਹਨ, ਇਸ ਲਈ ਇਸ ਕਹਾਣੀ ਵਿੱਚ ਉਹ ਅਮਰੀਕਾ ਵਿਚਲੇ ਸਥਾਨਾਂ ਦਾ ਦਰੁਸਤ ਅਤੇ ਖ਼ੂਬਸੂਰਤ ਵਰਨਣ ਕਰਨੋਂ ਨਹੀਂ ਖੁੰਝੇ!

ਕੁਲਵਿੰਦਰ ਬਾਠ
ਕੈਲੀ.ਫੋਰਨੀਆ ਯੂ ਐਸ ਏ

**ਵਸੀਅਤਨਾਮਾ :** ਲੇਖਕ ਨੇ ਸਤਨਾਜਾ ਪੁਸਤਕ ਨੂੰ 'ਵਸੀਅਤਨਾਮਾ' ਕਹਾਣੀ ਦੇ ਮੁੱਖ ਪਾਤਰ (ਪਿਤਾ) ਨੂੰ ਸਮਰਪਿਤ ਕੀਤਾ ਹੈ। ਵਸੀਅਤਨਾਮਾ ਇੱਕ ਵਧੀਆ ਕਹਾਣੀ ਹੈ। ਵਸੀਅਤਨਾਮੇ ਦੀਆਂ ਕੁਝ ਕੁ ਲਾਈਨਾਂ"ਮੇਰਾ ਅੰਤਿਮ ਸਮਾਂ ਨੇੜੇ ਹੈ। ਤੁਸੀਂ ਵੇਖ ਲਿਆ ਹੈ! ਮੈਂ ਇਸ ਜਗਤ ਸਰਾਂ ਵਿੱਚ ਇੱਕ ਮੁਸਾਫ਼ਰ ਵਾਂਗ ਆਇਆ ਸੀ ਤੇ ਹੁਣ ਵਾਪਸ ਜਾ ਰਿਹਾ ਹਾਂ ਖ਼ਾਲਮ ਖ਼ਾਲੀ।" ਪਾਠਕ ਵਸੀਅਤਨਾਮਾ ਕਹਾਣੀ ਨੂੰ ਪੜ੍ਹਨ ਤੋਂ ਬਾਅਦ ਲੇਖਕ ਦੀ 'ਸਮਰਪਿਤ ਸੋਚਣੀ' ਨਾਲ ਜ਼ਰੂਰ ਸਹਿਮਤ ਹੋਣਗੇ!

**ਹੱਦ ਹੋ ਗੀ :** ਕਹਾਣੀ ਵਿੱਚ ਲੇਖਕ ਨੇ ਪਰਦੇਸ ਅਤੇ ਪਰਦੇਸੀਆਂ ਦੀ ਸੰਘਰਸ਼ ਭਰੀ ਦੂਹਰੀ ਜ਼ਿੰਦਗੀ ਹੰਡਾਉਣ ਦੇ ਸੰਤਾਪ ਅਤੇ ਤ੍ਰਾਸਦੀ ਨੂੰ ਬੜੀ ਬਰੀਕੀ ਨਾਲ ਕਲਮਬੱਧ ਕੀਤਾ ਹੈ। ਕਹਾਣੀ ਬਿੱਕਰ ਸਿੰਘ, ਉਸਦੀ ਬੇਟੀ ਸੋਨਮ ਅਤੇ ਨਿਕੰਮੇ ਜਵਾਈ ਸੁਨੀਲ ਦੁਆਲੇ ਘੁੰਮਦੀ ਹੈ। ਬਿੱਕਰ ਸਿੰਘ ਇੱਕ ਸਰਦਾ-ਪੁੱਜਦਾ ਅਤੇ ਧੜੱਲੇਦਾਰ ਵਿਅਕਤੀ ਹੈ ਜਿਸ ਨੂੰ ਮਜਬੂਰੀ ਵੱਸ ਆਪਣੀ ਅਮਰੀਕਾ ਵਸਦੀ ਲੜਕੀ ਦੇ ਪਾਸ ਜਾ ਕੇ ਰਹਿਣਾ ਪੈਂਦਾ ਹੈ। ਉਸ ਦੀ ਲੜਕੀ ਹਰ ਹਾਲਾਤ ਵਿੱਚ ਅਮਰੀਕਾ ਵਸਣਾ ਚਾਹੁੰਦੀ ਸੀ ਅਤੇ ਬਿੱਕਰ ਨੂੰ ਆਪਣੇ ਲੜਕੇ ਵਾਸਤੇ ਅਮਰੀਕਾ ਦਾ ਦੁਆਰ ਖੁੱਲਦਾ ਨਜ਼ਰ ਆ ਰਿਹਾ ਸੀ। ਧੀ-ਜਵਾਈ ਅਤੇ ਕੁੜਮਾਂ ਦੇ ਘਰ ਦਾ ਮਹੌਲ ਅਤੇ ਪਰਦੇਸ ਵੱਢ-ਵੱਢ ਖਾਂਦਾ ਹੈ। ਉਸ ਦਾ ਦਮ ਘੁਟਦਾ ਹੈ ਅਤੇ ਨਾ ਚਾਹੁੰਦਿਆਂ ਹੋਇਆ ਵੀ ਰਹਿਣਾ ਅਤੇ ਬੜਾ ਕੁਝ ਦੇਖਣਾ ਤੇ ਸਹਿਣਾ ਪੈ ਰਿਹਾ ਹੈ। ਜਵਾਈ ਅਤੇ ਧੀ ਕੁਰਾਹੇ ਪੈਂਦੇ ਨੇ ਅਤੇ ਪਿੱਛੇ ਪੰਜਾਬ ਵਿੱਚ ਛੱਡਿਆ ਜਵਾਨ ਲੜਕਾ ਵੀ। ਦੇਸ ਅਤੇ ਪਰਦੇਸ ਦੇ ਸੱਭਿਆਚਾਰਾਂ ਦੇ ਵਖਰੇਵੇਂ ਦਾ ਬਾਖ਼ੂਬੀ ਨਾਲ ਵਰਨਣ ਕੀਤਾ ਹੈ।

**ਚਮਤਕਾਰੀ ਫ਼ਰਿਸ਼ਤਾ :** ਮੁੱਢ ਕਦੀਮ ਤੋਂ ਹੀ ਕੁਝ ਚੁਸਤ-ਚਲਾਕ ਲੋਕ ਭੋਲੇ-ਭਾਲੇ ਲੋਕਾਂ ਨੂੰ ਭੰਬਲਭੂਸਿਆਂ ਵਿੱਚ ਪਾ ਕੇ ਸ਼ੋਸ਼ਣ ਕਰਦੇ ਆਏ ਹਨ। ਅੰਧਵਿਸ਼ਵਾਸ ਵਿੱਚ ਡੁੱਬੇ ਲੋਕ ਇੰਨ੍ਹਾਂ ਦੇ ਸ਼ੋਸ਼ਿਆਂ ਤੇ ਜੁਮਲਿਆਂ ਦੇ ਮੱਕੜ ਜਾਲ ਵਿੱਚ ਬੜੇ ਅਰਾਮ ਨਾਲ ਫਸਦਿਆਂ ਆਪਣਾ ਸਭ ਕੁੱਝ ਅਤੇ 'ਆਪਣਾ-ਆਪ' ਲੁਟਾ ਬਹਿੰਦੇ ਹਨ। ਇਹ ਛਾਤਰ ਮਗ਼ਜ਼ ਅਕਸਰ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਖੇਮਿਆਂ ਨਾਲ ਸਬੰਧਤ ਹੁੰਦੇ ਹਨ-ਭਾਵੇਂ ਉਹ ਰਾਜਸੀ ਲੀਡਰ, ਪਾਦਰੀ, ਡੇਰੇਦਾਰ, ਬਾਬੇ, ਜਾਂ ਫਿਰ ਚਰਨਜੀਤ ਪੰਨੂ ਦੀ ਕਹਾਣੀ ਚਮਤਕਾਰੀ ਫ਼ਰਿਸ਼ਤਾ" ਦੇ 'ਪਰਮ-ਪੁਰਖ' ਵਰਗੇ। ਦੂਸਰੀਆਂ ਕਈ ਕਹਾਣੀਆਂ ਵਾਂਗ ਇਹ ਕਹਾਣੀ ਵੀ ਅਮਰੀਕਾ ਤੋਂ ਸ਼ੁਰੂ ਹੁੰਦੀ ਹੋਈ, ਭੂਗੋਲਿਕ ਹੱਦਾਂ ਲੰਘਦੀ ਪੰਜਾਬ ਅਤੇ ਫੇਰ ਉਸ ਤੋਂ ਵੀ ਅਗਾਂਹ ਲੇਖਕ ਦੀ ਜਨਮ ਭੋਇੰ ਦੇ ਇਲਾਕੇ ਅਤੇ ਚੜ੍ਹਦੀ ਜਵਾਨੀ ਦੇ ਦਿਨਾਂ ਨੂੰ ਜਾ ਛੂਹਦੀ ਹੈ। ਬਹੁਤ ਖ਼ੂਬਸੂਰਤ ਅੰਦਾਜ਼ ਵਿੱਚ ਲੇਖਕ ਨੇ ਅੰਧਵਿਸ਼ਵਾਸ ਅਤੇ ਝੂਠੀਆਂ ਭਵਿੱਖਬਾਣੀਆਂ ਦਾ ਰੌਚਿਕ ਬਿਰਤਾਂਤ ਸਿਰਜਿਆ ਹੈ ਜਿਸ ਦਾ ਸ਼ਿਕਾਰ ਉਹ ਕਦੇ ਖ਼ੁਦ ਵੀ ਹੋਇਆ ਸੀ। ਇਹੋ ਜਿਹੀਆਂ ਭਵਿੱਖਬਾਣੀਆਂ ਲੋਕਾਂ ਦੇ ਜੀਵਨ ਪੰਧ ਹੀ ਬਦਲ ਦਿੰਦੀਆਂ ਹਨ। ਮਨੁੱਖ ਦੇ ਸ਼ੋਸ਼ਣ ਦਾ ਇਹ ਤਾਣਾ-ਬਾਣਾ ਚੱਲਦਾ ਆਇਆ ਹੈ ਅਤੇ ਚੱਲਦਾ ਵੀ ਰਹੇਗਾ, ਕਿਉਂਕਿ, ਇਸ ਨੂੰ ਬੁਣਨ ਅਤੇ ਫੈਲਾਉਣ ਦੇ ਕਰਤਾ ਧਰਤਾ ਅਤੇ ਸੂਤਰਧਾਰ ਮਨੱਖ ਦੀਆਂ ਕਮਜ਼ੋਰੀਆਂ ਨੂੰ ਜਾਣਦੇ ਹਨ ਅਤੇ ਉਸ ਦੀਆਂ ਦੁਖਦੀਆਂ ਰਗਾਂ ਨੂੰ ਟੋਂਹਦੇ ਹੋਏ.. ਕਈ ਕਦਮ ਅੱਗੇ ਹੀ ਚਲਦੇ ਹਨ। ਕਥਾ-ਰਸ ਨਾਲ ਭਰਪੂਰ ਇਹ ਕਹਾਣੀ ਵੀ ਪਾਠਕ ਨੂੰ ਆਪਣੇ ਨਾਲ-ਨਾਲ ਤੋਰੀ ਰੱਖਦੀ ਹੈ।

**ਜ਼ਾਬਤਾ :** ਕਹਾਣੀ ਵਿੱਚ ਲੇਖਕ ਨੇ ਬੜੇ ਨਿਵੇਕਲੇ ਅੰਦਾਜ਼ ਵਿੱਚ ਮਨੁੱਖੀ ਸਮਾਜ ਅਤੇ ਜੀਵਨ ਦੇ ਤਾਣੇ-ਬਾਣੇ ਦੀਆਂ ਤੰਦਾਂ ਨੂੰ ਜਾਨਵਰਾਂ ਨਾਲ ਜਾ ਗੰਢਿਆ ਹੈ। ਅਜੋਕੇ ਸਮੇਂ ਵਿੱਚ ਅਤੇ ਖ਼ਾਸ ਕਰਕੇ ਵਿਕਸਤ ਦੇਸ਼ਾਂ ਵਿੱਚ ਬਿੱਲੀਆਂ-ਕੁੱਤਿਆਂ ਵਰਗੇ ਪਾਲਤੂ ਜਾਨਵਰਾਂ ਨੂੰ ਪਰਿਵਾਰਕ ਮੈਂਬਰਾਂ ਵਾਂਗ ਹੀ ਸਮਝਿਆ ਜਾਂਦਾ ਹੈ। ਉਨ੍ਹਾਂ ਦੀ ਚੰਗੀ ਸਿਹਤ, ਖਾਣ-ਪੀਣ, ਦੇਖ-ਭਾਲ ਅਤੇ ਖ਼ੁਸ਼ੀ-ਗ਼ਮੀ ਵਗੈਰਾ ਤੋਂ ਇਲਾਵਾ ਇਹ ਡਰ ਅਤੇ ਖਿਆਲ ਵੀ ਰੱਖਿਆ ਜਾਂਦਾ ਹੈ ਕਿ ਉਹ ਕਿਤੇ "ਐਨੀਮਲ ਕਰੂਅਲਟੀ" ਦੇ ਸ਼ਿਕਾਰ ਨਾ ਹੋ ਜਾਣ..। ਦਿਲ ਨੂੰ ਟੁੰਬਦੀ ਇਹ ਕਹਾਣੀ ਅਮਰੀਕਨ ਪਾਲਤੂ ਕੁੱਤੇ 'ਮੈਕਸਲ' ਦੇ ਜਨਮ ਦਿਨ ਤੋਂ ਸ਼ੁਰੂ ਹੁੰਦਿਆਂ ਲੇਖਕ ਦੇ ਦੇਸੀ ਕੁੱਤੇ "ਡੱਬੂਤੱਕ ਦਾ ਲੰਮਾ ਚੌੜਾ ਬਿਰਤਾਂਤ ਹੈ। ਵਿੱਚ-ਵਿਚਾਲੇ ਕੈਲੀਫ਼ੋਰਨੀਆ ਪੁਲੀਸ ਦੀ ਹਲਕੀ ਜਿਹੀ ਝਲਕ ਲੇਖਕ ਦੇ ਮਨ ਦੀਆਂ ਤਾਰਾਂ ਨੂੰ ਪੰਜਾਬ ਦੇ ਚੌਰਾਸੀ ਵਾਲੇ ਦਿਲ-ਕੰਬਾਊ ਦੁਖਾਂਤ ਅਤੇ ਤ੍ਰਾਸਦੀ ਨਾਲ ਵੀ ਜੋੜ ਦਿੰਦੀ ਹੈ।

ਇਹ ਕਹਾਣੀ ਮੈਨੂੰ ਖ਼ੁਦ ਦੇ ਅਮਰੀਕਨ ਪਾਲਤੂ ਕੁੱਤੇ 'ਟੈਸਲਾ' ਅਤੇ ਬਚਪਨ ਦੇ ਪੰਜਾਬੀ ਕੁੱਤੇ "ਰਾਜੂ' ਨਾਲ ਮਿਲਦੀ-ਜੁਲਦੀ ਵੀ ਜਾਪੀ। ਕਹਾਣੀ ਪੜ੍ਹਦਿਆਂ ਮੈਂ ਲੇਖਕ ਦੀ ਪ੍ਰਤਿਭਾ ਨੂੰ ਸਲਾਮ ਕੀਤਿਆਂ ਬਿਨਾ ਨਾ ਰਹਿ ਸਕਿਆ!!

**ਕੈਂਸਰ ਦੇ ਛਿੱਟੇ :** ਸਤਨਾਜੇ ਸੰਗ੍ਰਹਿ ਦੀ ਆਖਰੀ ਕਥਾ-ਕਹਾਣੀ 'ਕੈਂਸਰ ਦੇ ਛਿੱਟੇ' ਇੱਕ ਸਕਾਰਾਤਮਿਕ ਰਚਨਾ ਹੈ ਜਿਸ ਵਿੱਚ ਇੱਕ ਅਗਾਂਹਵਧੂ ਸੋਚ ਦੀ ਚੰਗਿਆੜੀ ਇੱਕ ਮਰ ਰਹੀ ਜਾਨ ਅਤੇ ਸੋਚ ਨੂੰ ਨਵਾਂ ਜਨਮ ਦੇ ਦਿੰਦੀ ਹੈ ਇੱਕ ਮਰ ਰਹੀ ਬੈਟਰੀ ਨੂੰ ਚਾਰਜ ਦੇ ਜੰਪ-ਸਟਾਰਟ ਵਾਂਗ। ਲੇਖਕ ਦੀਆਂ ਹੋਰ ਕਹਾਣੀਆਂ ਵਾਂਗ ਇਸ ਵਿੱਚੋਂ ਵੀ ਜੀਵਨ ਜਿਉਣ ਲਈ ਕੁਝ ਸਿੱਖਿਆ ਜਾ ਸਕਦਾ ਹੈ। ਮਨੁੱਖ ਦੇ ਜੀਵਨ ਨੂੰ ਸਮਾਜ ਦੀਆ 'ਕੈਂਸਰ ਰੂਪੀ ਕੁਰੀਤੀਆਂ' ਦੇ ਖਾਤਮੇ ਲਈ ਉਤਸ਼ਾਹਿਤ ਕੀਤਾ ਜਾ ਸਕਦਾ ਹੈ ਅਤੇ ਵੰਗਾਰਿਆ ਜਾ ਸਕਦਾ ਹੈ। ਸਮਾਜ ਵਿੱਚ ਫੈਲ ਰਹੀ ਕੈਂਸਰ ਸਰੀਰਕ ਕੈਂਸਰ ਨਾਲੋਂ ਬਹੁਤ ਜ਼ਿਆਦਾ ਘਾਤਕ ਹੈ ਜਿਸ ਦੇ ਛਿੱਟੇ ਅਜੋਕੇ ਸਮੇਂ ਦੀ ਜਵਾਨੀ ਅਤੇ ਆਉਣ ਵਾਲੀਆਂ ਨਸਲਾਂ 'ਤੇ ਸਾਫ਼ ਨਜ਼ਰੀਂ ਪੈ ਰਹੇ ਹਨ।

ਸੂਝਵਾਨ ਪਾਠਕ ਦੋਸਤੋ, ਲੇਖਕ ਵਿਭਿੰਨ ਪਾਠਕਾਂ ਦੀ ਵਿਭਿੰਨਤਾ ਨੂੰ ਮਨ ਵਿੱਚ ਰੱਖਦਿਆਂ ਵਿਭਿੰਨ ਰਚਨਾਵਾਂ ਰਚਦਾ ਹੈ। 'ਸਤਨਾਜਾ' ਇੱਕ ਸ਼ਾਹਕਾਰ ਰਚਨਾ ਹੈ ਜੋ ਆਪ ਜਿਹੇ ਸੁਹਿਰਦ ਪਾਠਕਾਂ ਨੂੰ ਜ਼ਰੂਰ ਪੜ੍ਹਨੀ ਚਾਹੀਦੀ ਹੈ। ਮੇਰੀ ਵੱਲੋਂ ਚਰਨਜੀਤ ਪੰਨੂ ਨੂੰ ਮੁਬਾਰਕਬਾਦ ਅਤੇ ਸ਼ੁਭ ਕਾਮਨਾਵਾਂ।

ਜ਼ਿੰਦਗੀ ਜ਼ਿੰਦਾਬਾਦ।

# Dosanjh Family AUTO GROUP

Cadillac CHEVROLET INFINITI KIA NISSAN BUICK

GMC LIVERMORE TOYOTA HYUNDAI Fremont Hyundai TOYOTA Ford ACURA

DUBLIN CHEVOLET

FREMONT CHEVROLET

CONCORD CHEVROLET

DUBLIN CADILLAC

FREMONT CADILLAC

ACURA OF CONCORD

DUBLIN BUICK GMC

FREMONT BUICK GMC

CONCORD NISSAN

DUBLIN KIA

STEVENS CREEK CHEVROLET

LIVERMORE TOYOTA

DUBLIN NISSAN

STEVENS CREEK CADILLAC

FREMONT FORD

DUBLIN INFINITI

FREMONT HYUNDAI